# PUNJAB VIDHAN SABHA
## DEBATES

*Friday, the 26th September, 2025*

# SIXTEENTH VIDHAN SABHA

**(NINTH SESSION)**

**(Sitting No. 6)**

# OFFICIAL REPORT



## PUNJAB VIDHAN SABHA SECRETARIAT
## CHANDIGARH -160001

Price: Rs…………

## ਪੰਜਾਬ ਵਿਧਾਨ ਸਭਾ

**ਸਰਦਾਰ ਕੁਲਤਾਰ ਸਿੰਘ ਸੰਧਵਾਂ, ਮਾਣਯੋਗ ਸਪੀਕਰ**

**ਸਰਦਾਰ ਜੈ ਕ੍ਰਿਸ਼ਨ ਸਿੰਘ, ਮਾਣਯੋਗ ਡਿਪਟੀ ਸਪੀਕਰ**

**ਸ਼੍ਰੀ ਰਾਮ ਲੋਕ ਖਟਾਣਾ, ਸਕੱਤਰ**

## PUNJAB VIDHAN SABHA

**Sardar Kultar Singh Sandhwan, Hon'ble Speaker**

**Sardar Jai Krishan Singh, Hon'ble Deputy Speaker**

**Shri Ram Lok Khatana, Secretary**

# ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | Department | ਵਿਭਾਗ |
|---|---|---|---|
| 1. | ਸ੍ਰੀ ਭਗਵੰਤ ਮਾਨ, ਮੁੱਖ ਮੰਤਰੀ<br>Shri Bhagwant Mann, Chief Minister | General Administration,<br>Home Affairs & Justice,<br>Personnel,<br>Vigilance,<br>Co-operation,<br>Legal & Legislative Affairs,<br>Civil Aviation,<br>Science, Technology & Environment, Sports & Youth Services | ਆਮ ਪ੍ਰਸ਼ਾਸਨ,<br>ਗ੍ਰਹਿ ਮਾਮਲੇ ਅਤੇ ਨਿਆਂ,<br>ਪ੍ਰਸੋਨਲ,<br>ਚੌਕਸੀ,<br>ਸਹਿਕਾਰਤਾ,<br>ਕਾਨੂੰਨੀ ਤੇ ਵਿਧਾਨਕ ਮਾਮਲੇ,<br>ਸ਼ਹਿਰੀ ਹਵਾਬਾਜ਼ੀ,<br>ਸਾਇੰਸ, ਤਕਨਾਲੋਜੀ ਤੇ ਵਾਤਾਵਰਨ<br>ਖੇਡਾਂ ਤੇ ਯੁਵਕ ਸੇਵਾਵਾਂ |
| 2. | ਸਰਦਾਰ ਹਰਪਾਲ ਸਿੰਘ ਚੀਮਾ<br>Sardar Harpal Singh Cheema | Finance, Planning<br>Programme Implementation<br>Excise & Taxation Minister | ਵਿੱਤ, ਯੋਜਨਾ ਪ੍ਰੋਗਰਾਮ ਲਾਗੂਕਰਨ,<br>ਕਰ ਤੇ ਆਬਕਾਰੀ ਮੰਤਰੀ |
| 3. | ਸ੍ਰੀ ਅਮਨ ਅਰੋੜਾ<br>Shri Aman Arora | New & Renewable Energy Resources, Printing & Stationery, Good Governance and Information Technology, Removal of Grievances & Employment Generation and Training Minister | ਨਵ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ, ਸ਼ਿਕਾਇਤ ਨਿਵਾਰਣ ਅਤੇ ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ |
| 4. | ਡਾਕਟਰ ਬਲਜੀਤ ਕੌਰ<br>Doctor Baljit Kaur | Social Justice, Empowerment & Minorities, Social Security Women & Child Development Minister | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 5. | ਸ੍ਰੀ ਸੰਜੀਵ ਅਰੋੜਾ<br>Shri Sanjeev Arora | Industry and Commerce, Investment Promotion, NRI Affairs & Power Minister | ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਪ੍ਰਵਾਸੀ ਭਾਰਤੀ ਮਾਮਲੇ ਤੇ ਊਰਜਾ ਮੰਤਰੀ |
| 6. | ਡਾਕਟਰ ਬਲਬੀਰ ਸਿੰਘ<br>Doctor Balbir Singh | Health & Family Welfare, Medical Education & Research and Elections Minister | ਸਿਹਤ ਅਤੇ ਪਰਿਵਾਰ ਭਲਾਈ, ਡਾਕਟਰੀ ਸਿੱਖਿਆ ਤੇ ਖੋਜ ਅਤੇ ਚੋਣਾਂ ਮੰਤਰੀ |
| 7. | ਸ੍ਰੀ ਲਾਲ ਚੰਦ<br>Shri Lal Chand | Food, Civil Supplies and Consumer Affairs, Forests, Wildlife preservation Minister | ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਜੰਗਲਾਤ, ਜੰਗਲੀ ਜੀਵ ਸੁਰੱਖਿਆ ਮੰਤਰੀ |

| ਕ੍ਰਮ ਨੰ: | ਨਾਮ | Department | ਵਿਭਾਗ |
|---|---|---|---|
| 8. | ਸਰਦਾਰ ਲਾਲਜੀਤ ਸਿੰਘ ਭੁੱਲਰ<br>Sardar Laljit Singh Bhullar | Transport, Jails Minister | ਟਰਾਂਸਪੋਰਟ, ਜੇਲ੍ਹਾਂ ਮੰਤਰੀ |
| 9. | ਸਰਦਾਰ ਹਰਜੋਤ ਸਿੰਘ ਬੈਂਸ<br>Sardar Harjot Singh Bains | Technical Education & Industrial Training,<br>Higher Education, School Education, Information & Public Relations Minister | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਸਕੂਲ ਸਿੱਖਿਆ, ਸੂਚਨਾ ਅਤੇ ਲੋਕ ਸੰਪਰਕ ਮੰਤਰੀ |
| 10. | ਸਰਦਾਰ ਹਰਭਜਨ ਸਿੰਘ<br>Sardar Harbhajan Singh | Public Works (B&R) Minister | ਲੋਕ ਨਿਰਮਾਣ (ਭ ਤੇ ਮ) ਮੰਤਰੀ |
| 11. | ਸਰਦਾਰ ਗੁਰਮੀਤ ਸਿੰਘ ਖੁੱਡੀਆਂ<br>Sardar Gurmeet Singh Khudian | Agriculture & Farmers Welfare, Animal Husbandry, Fisheries and Dairy Development, Food Processing Minister | ਖੇਤੀਬਾੜੀ ਅਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਫੂਡ ਪ੍ਰਾਸੈਸਿੰਗ ਮੰਤਰੀ |
| 12. | ਡਾਕਟਰ ਰਵਜੋਤ ਸਿੰਘ<br>Dr. Ravjot Singh | Local Government, Parliamentary Affairs Minister | ਸਥਾਨਕ ਸਰਕਾਰ, ਸੰਸਦੀ ਮਾਮਲੇ ਮੰਤਰੀ |
| 13. | ਸ਼੍ਰੀ ਬਰਿੰਦਰ ਕੁਮਾਰ ਗੋਇਲ<br>Shri Barinder Kumar Goyal | Mines & Geology, Water Resources, Conservation of Land & Water Minister | ਖਣਨ ਤੇ ਭੂ ਵਿਗਿਆਨ, ਜਲ ਸਰੋਤ, ਭੂਮੀ ਤੇ ਜਲ ਸੰਭਾਲ ਮੰਤਰੀ |
| 14. | ਸਰਦਾਰ ਹਰਦੀਪ ਸਿੰਘ ਮੁੰਡੀਆਂ<br>Sardar Hardeep Singh Mundian | Revenue, Rehabilitation and Disaster Management, Water Supply & Sanitation, Housing and Urban Development Minister | ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ |
| 15. | ਸਰਦਾਰ ਤਰੁਨਪ੍ਰੀਤ ਸਿੰਘ ਸੌਂਦ<br>Sardar Tarunpreet Singh Sond | Tourism & Cultural Affairs, Labour & Hospitality, Rural Development & Panchayats Minister | ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਾਚਾਰੀ, ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ |
| 16 | ਸ਼੍ਰੀ ਮੋਹਿੰਦਰ ਭਗਤ<br>Shri Mohinder Bhagat | Defence Services Welfare, Freedom Fighters, Horticulture Minister | ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ, ਬਾਗਬਾਨੀ ਮੰਤਰੀ |

**CONTENTS**


| Sr. No. | SUBJECT | Page No. |
|---|---|---|
| 1. | Obituary References | 1 |
| 2. | Short Adjournment of the House | 3 |
| 3. | Papers laid on the Table of the House | 4 |
| 4. | Discussion on Rehabilitation of Punjab | 5 |
| 5. | Official Resolution regarding condemning Union Government on the insufficient, belated and undisbursed flood relief package of Rs. 1600 crores and its immediate and full transfer in wake of Punjab's worst deluge since 1988 and urging the Union Government to sanction a substantially enhanced package of not less than Rs. 20,000 crores for the rehabilitation of the State of Punjab | 15 |
| 6. | Welcome announcement by Hon'ble Speaker | 41 |
| 7. | Official Resolution regarding condemning Union Government on the insufficient, belated and undisbursed flood relief package of Rs. 1600 crores and its immediate and full transfer in wake of Punjab's worst deluge since 1988 and urging the Union Government to sanction a substantially enhanced package of not less than Rs. 20,000 crores for the rehabilitation of the State of Punjab *(Resumption)* | 41 |
| 8. | Adjournment of the House for a short period | 50 |
| 9. | Official Resolution regarding condemning Union Government on the insufficient, belated and undisbursed flood relief package of Rs. 1600 crores and its immediate and full transfer in wake of Punjab's worst deluge since 1988 and urging the Union Government to sanction a substantially enhanced package of not less than Rs. 20,000 crores for the rehabilitation of the State of Punjab *(Resumption)* | 50 |
| 10. | Extension of time of the sitting of the House | 56 |
| 11. | Official Resolution regarding condemning Union Government on the insufficient, belated and undisbursed flood relief package of Rs. 1600 crores and its immediate and full transfer in wake of Punjab's worst deluge since 1988 and urging the Union Government to sanction a substantially enhanced package of not less than Rs. 20,000 crores for the rehabilitation of the State of Punjab *(Resumption)* | 56 |
| 12. | Adjournment of the House again after the members of the Treasury Benches and Ministers stormed in the Well of the House and raised slogans in protest against the meagre financial assistance announced by the Central Government for the flood victims of Punjab | 59 |
| 13. | Official Resolution regarding condemning Union Government on the insufficient, belated and undisbursed flood relief package of Rs. 1600 crores and its immediate and full transfer in wake of Punjab's worst deluge since 1988 and urging the Union Government to sanction a substantially enhanced package of not | 60 |

| | | |
|---|---|---|
| | less than Rs. 20,000 crores for the rehabilitation of the State of Punjab *(Resumption)* | |
| 14. | Welcome announcement by Hon'ble Speaker | 69 |
| 15. | Official Resolution regarding condemning Union Government on the insufficient, belated and undisbursed flood relief package of Rs. 1600 crores and its immediate and full transfer in wake of Punjab's worst deluge since 1988 and urging the Union Government to sanction a substantially enhanced package of not less than Rs. 20,000 crores for the rehabilitation of the State of Punjab *(Resumption)* | 69 |
| 16. | Appendix<br>Bulletins (Punjabi & English) | 112 |

# PUNJAB VIDHAN SABHA

*Friday, the 26th September, 2025*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 11.00 A.M. Mr. Speaker (Sardar Kultar Singh Sandhwan) in the Chair.*

---

## OBITUARY REFERENCES

**ਮਾਣਯੋਗ ਸਪੀਕਰ** : ਅਕਾਲ ਚਲਾਣਿਆਂ ਦਾ ਵਰਣਨ। ਪੰਜਾਬ ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਹੁਣ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖ਼ਸੀਅਤਾਂ ਸਾਡੇ ਤੋਂ ਵਿੱਛੜ ਗਈਆਂ ਹਨ। ਅਸੀਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਇਕੱਤਰ ਹੋਏ ਹਾਂ। ਕੁਝ ਅਜਿਹੀਆਂ ਸ਼ਖ਼ਸੀਅਤਾਂ, ਜੋ ਆਪਣੇ ਜੀਵਨ ਨੂੰ ਕੌਮ ਦੇ ਲੇਖੇ ਲਗਾ ਕੇ ਸਮਾਜ ਅਤੇ ਦੇਸ਼ ਦੀ ਸੇਵਾ ਵਿੱਚ ਵੱਡਮੁੱਲਾ ਯੋਗਦਾਨ ਪਾਉਂਦੇ ਹੋਏ ਸਾਨੂੰ ਹਮੇਸ਼ਾ ਲਈ ਸਦੀਵੀ ਵਿਛੋੜਾ ਦੇ ਗਈਆਂ ਹਨ। ਆਓ, ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾਂਜਲੀ ਭੇਂਟ ਕਰੀਏ।

ਸਰਦਾਰ ਹਰਮੇਲ ਸਿੰਘ ਟੌਹੜਾ, ਸਾਬਕਾ ਮੰਤਰੀ ਸਾਨੂੰ ਮਿਤੀ 21 ਸਤੰਬਰ, 2025 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 9 ਅਗਸਤ, 1948 ਨੂੰ ਪਿੰਡ ਥੂਹੀ, ਜ਼ਿਲ੍ਹਾ ਪਟਿਆਲਾ ਵਿਖੇ ਹੋਇਆ। ਉਹ ਸਾਲ 1997 ਵਿੱਚ ਡਕਾਲਾ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਉਨ੍ਹਾਂ ਵੱਲੋਂ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਵਜੋਂ ਵੀ ਸੇਵਾਵਾਂ ਨਿਭਾਈਆਂ ਗਈਆਂ।

ਸ੍ਰੀ ਰਘੁਬੀਰ ਸਿੰਘ, ਸਾਬਕਾ ਵਿਧਾਇਕ ਮਿਤੀ 22 ਸਤੰਬਰ, 2025 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 4 ਅਗਸਤ, 1944 ਨੂੰ ਗਿੱਦੜਬਾਹਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਇਆ। ਉਹ ਸਾਲ 1992 ਵਿੱਚ ਹਲਕਾ ਗਿੱਦੜਬਾਹਾ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ।

ਸ਼ਹੀਦ ਭਾਨੂੰ ਪ੍ਰਤਾਪ ਸਿੰਘ ਮਨਕੋਟੀਆ, ਲੈਫਟੀਨੈਂਟ ਕਰਨਲ, ਉਹ ਵੀ ਸਾਨੂੰ ਮਿਤੀ 30 ਜੁਲਾਈ, 2025 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 16 ਸਤੰਬਰ, 1991 ਨੂੰ ਪਠਾਨਕੋਟ ਵਿਖੇ ਹੋਇਆ। ਉਹ ਭਾਰਤੀ ਸੈਨਾ ਵਿੱਚ ਆਪਣੀਆਂ ਵੱਡਮੁੱਲੀਆਂ ਸੇਵਾਵਾਂ ਨਿਭਾ ਰਹੇ ਸਨ। ਉਹ ਇੰਡੋ-ਚਾਈਨਾ ਬਾਰਡਰ ਵਿਖੇ ਲੈਂਡ ਸਲਾਈਡਿੰਗ ਦੌਰਾਨ ਸ਼ਹੀਦ ਹੋ ਗਏ।

ਸ਼ਹੀਦ ਦਲਜੀਤ ਸਿੰਘ, ਏ.ਐਲ.ਡੀ. ਮਿਤੀ 30 ਜੁਲਾਈ, 2025 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 2 ਜੁਲਾਈ, 1997 ਨੂੰ ਪਿੰਡ ਸ਼ਮਸ਼ੇਰਪੁਰ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਉਹ ਭਾਰਤੀ ਸੈਨਾ ਵਿੱਚ ਆਪਣੀਆਂ ਵੱਡਮੁੱਲੀਆਂ ਸੇਵਾਵਾਂ ਨਿਭਾ ਰਹੇ ਸਨ। ਉਹ ਇੰਡੋ-ਚਾਈਨਾ ਬਾਰਡਰ ਵਿਖੇ ਲੈਂਡ ਸਲਾਈਡਿੰਗ ਦੌਰਾਨ ਸ਼ਹੀਦ ਹੋ ਗਏ।

ਸ਼ਹੀਦ ਰਿੰਕੂ ਸਿੰਘ, ਲਾਂਸ ਨਾਇਕ ਸਾਨੂੰ ਮਿਤੀ 5 ਅਗਸਤ, 2025 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 3 ਅਕਤੂਬਰ, 1995 ਨੂੰ ਪਿੰਡ ਨਮੋਲ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਉਹ ਭਾਰਤੀ ਸੈਨਾ ਵਿੱਚ ਆਪਣੀਆਂ ਵਡਮੁੱਲੀਆਂ ਸੇਵਾਵਾਂ ਨਿਭਾ ਰਹੇ ਸਨ। ਉਹ ਇੰਡੋ-ਚਾਈਨਾ ਬਾਰਡਰ ਵਿੱਚ ਆਪਰੇਸ਼ਨਲ ਟਰੈਕ ਦਾ ਨਿਰਮਾਣ ਕਰਦੇ ਸਮੇਂ ਸ਼ਹੀਦ ਹੋ ਗਏ।

ਸ਼ਹੀਦ ਪ੍ਰਿਤਪਾਲ ਸਿੰਘ, ਲਾਂਸ ਨਾਇਕ ਮਿਤੀ 8 ਅਗਸਤ, 2025 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 21 ਦਸੰਬਰ, 1997 ਨੂੰ ਪਿੰਡ ਮਾਨੂਪੁਰ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਹ ਭਾਰਤੀ ਸੈਨਾ ਵਿੱਚ ਆਪਣੀਆਂ ਵਡਮੁੱਲੀਆਂ ਸੇਵਾਵਾਂ ਨਿਭਾ ਰਹੇ ਸਨ। ਉਹ ਜੰਮੂ ਕਸ਼ਮੀਰ ਦੇ ਆਪਰੇਸ਼ਨਲ ਏਰੀਏ ਵਿੱਚ ਅੱਤਵਾਦੀਆਂ ਨਾਲ ਲੜਾਈ ਦੌਰਾਨ ਸ਼ਹੀਦ ਹੋ ਗਏ।

ਸ਼ਹੀਦ ਹਰਮਿੰਦਰ ਸਿੰਘ, ਸਿਪਾਹੀ ਮਿਤੀ 9 ਅਗਸਤ, 2025 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਮਿਤੀ 31 ਅਕਤੂਬਰ, 1997 ਨੂੰ ਪਿੰਡ ਬਦੀਨਪੁਰ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਹੋਇਆ। ਉਹ ਭਾਰਤੀ ਸੈਨਾ ਵਿੱਚ ਆਪਣੀਆਂ ਵਡਮੁੱਲੀਆਂ ਸੇਵਾਵਾਂ ਨਿਭਾ ਰਹੇ ਸਨ। ਉਹ ਜੰਮੂ ਕਸ਼ਮੀਰ ਦੇ ਆਪਰੇਸ਼ਨਲ ਏਰੀਏ ਵਿੱਚ ਅੱਤਵਾਦੀਆਂ ਨਾਲ ਲੜਾਈ ਦੌਰਾਨ ਸ਼ਹੀਦ ਹੋ ਗਏ।

ਸ਼੍ਰੀ ਜਸਵਿੰਦਰ ਸਿੰਘ ਭੱਲਾ, ਅਦਾਕਾਰ ਅਤੇ ਕਾਮੇਡੀਅਨ ਸਾਨੂੰ ਮਿਤੀ 22 ਅਗਸਤ, 2025 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 4 ਮਈ, 1960 ਨੂੰ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਹ ਇੱਕ ਮਸ਼ਹੂਰ ਅਦਾਕਾਰ ਅਤੇ ਕਾਮੇਡੀਅਨ ਸਨ। ਉਨ੍ਹਾਂ ਨੂੰ ਆਪਣੀ ਪਹਿਲੀ ਕੈਸਟ ਛਣਕਾਟਾ ਅਤੇ ਚਾਚਾ ਚਤਰਾ ਦੇ ਕਿਰਦਾਰ ਨੇ ਪੰਜਾਬੀ ਕਲਾ ਜਗਤ ਵਿੱਚ ਇੱਕ ਵੱਖਰੀ ਪਹਿਚਾਣ ਨਾਲ ਨਿਵਾਜਿਆ। ਉਨ੍ਹਾਂ ਨੂੰ ਕੈਰੀ ਔਨ ਜੱਟਾ, ਮਾਹੌਲ ਠੀਕ ਹੈ, ਜੱਟ ਏਅਰਵੇਜ਼ ਆਦਿ ਜਿਹੀਆਂ ਪ੍ਰਸਿੱਧ ਪੰਜਾਬੀ ਫਿਲਮਾਂ ਵਿੱਚ ਆਪਣੀ ਭੂਮਿਕਾ ਨਿਭਾਉਣ ਲਈ ਅੱਜ ਵੀ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਵੱਲੋਂ ਜਨਤਕ ਜੀਵਨ ਅਤੇ ਕਲਾ ਜਗਤ ਵਿੱਚ ਨਿਭਾਏ ਵੱਡਮੁੱਲੇ ਯੋਗਦਾਨਾਂ ਸਦਕਾ ਉਨ੍ਹਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ। ਇਸ ਤੋਂ ਇਲਾਵਾ ਉਹ ਸਾਲ 2020 ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚੋਂ ਪ੍ਰੋਫੈਸਰ ਅਤੇ ਹੈੱਡ ਆਫ ਡਿਪਾਰਟਮੈਂਟ ਆਫ ਐਕਸਟੈਨਸ਼ਨ ਐਜੂਕੇਸ਼ਨ ਵਜੋਂ ਸੇਵਾ ਮੁਕਤ ਹੋਏ ਸਨ।

ਸ਼੍ਰੀ ਚਰਨਜੀਤ ਅਹੂਜਾ, ਸੰਗੀਤਕਾਰ ਵੀ ਸਾਨੂੰ ਮਿਤੀ 21 ਸਤੰਬਰ, 2025 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 29 ਨਵੰਬਰ, 1953 ਨੂੰ ਰੋਹਤਕ ਵਿਖੇ ਹੋਇਆ। ਉਹ ਇੱਕ ਮਸ਼ਹੂਰ ਪੰਜਾਬੀ ਸੰਗੀਤਕਾਰ ਸਨ। ਉਨ੍ਹਾਂ ਨੂੰ ਪੀ.ਟੀ.ਸੀ. ਲਾਈਫਟਾਈਮ ਅਚੀਵਮੈਂਟ ਅਵਾਰਡ ਨਾਲ ਵੀ ਸਨਮਾਨਤ ਕੀਤਾ ਗਿਆ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ। ਅਸੀਂ ਉਨ੍ਹਾਂ ਦੀਆਂ ਵਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਦ-ਚਿੰਨ੍ਹਾਂ ’ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਇਨ੍ਹਾਂ ਤੋਂ ਇਲਾਵਾ ਹਾਲ ਹੀ ਵਿੱਚ ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ 59 ਆਮ ਨਾਗਰਿਕ ਵੀ ਅਕਾਲ ਚਲਾਣਾ ਕਰ ਗਏ ਹਨ। ਇਸ ਸਦਨ ਨੂੰ ਉਨ੍ਹਾਂ ਦੇ ਚਲੇ ਜਾਣ ਦਾ ਗਹਿਰਾ ਅਫ਼ਸੋਸ ਹੈ।

ਇਸ ਸਦਨ ਦੇ ਮੌਜੂਦਾ ਮੈਂਬਰ, ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਦੇ ਭਰਾਤਾ ਸ਼੍ਰੀ ਰਾਮ ਪ੍ਰਸ਼ਾਦ ਸ਼ਰਮਾ ਵੀ ਸਾਨੂੰ ਮਿਤੀ 28 ਅਗਸਤ, 2025 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਹ ਸਦਨ ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਅਤੇ ਪਰਿਵਾਰ ਨਾਲ ਦੁੱਖ ਦੀ ਘੜੀ ਵਿੱਚ ਸ਼ਰੀਕ ਹੁੰਦਾ ਹੈ।

ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ। ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀਕਲਾ ਵਿੱਚ ਰੱਖਣ ਅਤੇ ਭਾਣਾ ਮੰਨਣ ਦਾ ਬਲ ਬਖ਼ਸ਼ਣ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ?

(**ਅਵਾਜ਼ਾਂ**: ਹਾਂ ਜੀ, ਹਾਂ ਜੀ)

**ਮਾਣਯੋਗ ਸਪੀਕਰ**: ਹੁਣ, ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਮੌਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਦਨ ਵਿੱਚ ਸਮੂਹ ਹਾਜ਼ਰ ਮੈਂਬਰ ਸਾਹਿਬਾਨ ਨੇ ਵਿਛੜੀਆਂ ਸ਼ਖ਼ਸੀਅਤਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕੀਤਾ।)

---

## SHORT ADJOURNMENT OF THE HOUSE

**ਮਾਣਯੋਗ ਸਪੀਕਰ:** ਧੰਨਵਾਦ ਜੀ। ਹੁਣ, ਸਦਨ ਅੱਜ 12.00 ਵਜੇ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*11.09 ਵਜੇ ਪੂਰਵ ਦੁਪਹਿਰ) (ਇਸ *ਸਮੇਂ ਸਦਨ 12.00 ਵਜੇ ਦੁਪਹਿਰ ਤੱਕ ਸਥਗਿਤ ਹੋ ਗਿਆ।)

*12.00 ਵਜੇ ਦੁਪਹਿਰ) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

---

## PAPERS LAID ON THE TABLE OF THE HOUSE

**ਮਾਣਯੋਗ ਸਪੀਕਰ:** ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਦੇ ਲੜੀ ਨੰ: 2 ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 12 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

1. ਸਾਲ 2022-23 ਲਈ ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਿਡ ਦੀ 21ਵੀਂ ਸਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 (1) ਅਧੀਨ ਲੋੜੀਂਦਾ ਹੈ।

2. ਸਾਲ 2020-21 ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਗ੍ਰਾਂਟਾਂ ਦੀ ਵਰਤੋਂ ਤੇ ਆਡਿਟ ਨਿਰੀਖਣ, ਜਿਵੇਂ ਕਿ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀਜ਼ ਐਕਟ, 1970 ਦੀ ਧਾਰਾ 34(5) ਅਧੀਨ ਲੋੜੀਂਦਾ ਹੈ।

3. ਸਾਲ 2011-12 ਤੋਂ 2023-24 ਲਈ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਸਲਾਨਾ ਪ੍ਰਬੰਧਕੀ ਰਿਪੋਰਟਾਂ, ਜਿਵੇਂ ਕਿ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਐਕਟ, 1950 ਦੀ ਧਾਰਾ 35(3) ਅਧੀਨ ਲੋੜੀਂਦਾ ਹੈ।

4. ਸਾਲ 2016-17 ਲਈ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਸਲਾਨਾ ਲੇਖੇ ਅਤੇ ਆਡਿਟ ਰਿਪੋਰਟ, ਜਿਵੇਂ ਕਿ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਐਕਟ 1950 ਦੀ ਧਾਰਾ 33(4) ਅਧੀਨ ਲੋੜੀਂਦਾ ਹੈ।

5. ਸਾਲ 2023-24 ਲਈ ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ ਦੀ ਸਲਾਨਾ ਰਿਪੋਰਟ, ਜਿਵੇਂ ਕਿ ਰੀਅਲ ਅਸਟੇਟ (ਵਿਨਿਯਮਨ ਅਤੇ ਵਿਕਾਸ), ਐਕਟ 2016 ਦੀ ਧਾਰਾ 78(2) ਅਧੀਨ ਲੋੜੀਂਦਾ ਹੈ।

6. ਸਾਲ 2023-24 ਲਈ ਅੰਮ੍ਰਿਤਸਰ ਵਿਕਾਸ ਅਥਾਰਟੀ ਦੀ ਸਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54(2) ਅਧੀਨ ਲੋੜੀਂਦਾ ਹੈ।

7. ਸਾਲ 2020-21 ਲਈ ਪੰਜਾਬ ਸੂਚਨਾ ਅਤੇ ਸੰਚਾਰ ਟੈਕਨਾਲੋਜੀ ਕਾਰਪੋਰੇਸ਼ਨ ਲਿਮਟਿਡ ਦੀ ਸਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 ਅਧੀਨ ਲੋੜੀਂਦਾ ਹੈ।

8. ਸਾਲ 2021-22 ਤੋਂ 2023-24 ਲਈ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਦੇ ਲੇਖਿਆਂ ਦਾ ਸਲਾਨਾ ਵਿਵਰਣ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, **1995** ਦੀ ਧਾਰਾ **53(5)** ਅਧੀਨ ਲੋੜੀਂਦਾ ਹੈ।

9. ਸਾਲ 2022-23 ਲਈ ਪੰਜਾਬ ਜਲ ਵਿਨਿਯਮਨ ਅਤੇ ਵਿਕਾਸ ਅਥਾਰਿਟੀ ਦੀ ਸਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਜਲ ਸਰੋਤ (ਪ੍ਰਬੰਧਨ ਅਤੇ ਵਿਨਿਯਮਨ), ਐਕਟ 2020 ਦੀ ਧਾਰਾ 37 ਅਧੀਨ ਲੋੜੀਂਦਾ ਹੈ।

10. ਸਾਲ 2023-24 ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਲਾਨਾ ਰਿਪੋਰਟ, ਜਿਵੇਂ ਕਿ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀਜ਼ ਐਕਟ, 1970 ਦੀ ਧਾਰਾ 39(3) ਅਧੀਨ ਲੋੜੀਂਦਾ ਹੈ।

11. ਸਾਲ 2016-17 ਤੋਂ 2019-20 ਲਈ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ ਦੀਆਂ 34ਵੀਂ ਤੋਂ 37ਵੀਂ ਸਲਾਨਾ ਲੇਖੇ ਰਿਪੋਰਟਾਂ, ਜਿਵੇਂ ਕਿ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ ਐਕਟ, 1955 ਦੀ ਧਾਰਾ 28 ਅਧੀਨ ਲੋੜੀਂਦਾ ਹੈ।

12. ਸਾਲ 2020-21 ਅਤੇ 2022-23 ਲਈ ਪੰਜਾਬ ਜਲ ਸਰੋਤ ਪ੍ਰਬੰਧ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀਆਂ **50**ਵੀਂ ਅਤੇ 52ਵੀਂ ਸਲਾਨਾ ਰਿਪੋਰਟਾਂ, ਜਿਵੇਂ ਕਿ ਕੰਪਨੀਜ਼ ਐਕਟ**,** 2013 ਦੀ ਧਾਰਾ 395 (1) (ਅ**)** ਅਧੀਨ ਲੋੜੀਂਦਾ ਹੈ।

---

## DISCUSSION ON REHABILITATION OF PUNJAB

**ਮਾਣਯੋਗ ਸਪੀਕਰ**: "ਪੰਜਾਬ ਦਾ ਪੁਨਰਵਾਸ" ਤੇ ਬਹਿਸ ਆਰੰਭ ਕਰਨ ਤੋਂ ਪਹਿਲਾਂ ਮੈਂ ਆਪ ਜੀ ਨਾਲ ਕੁਝ ਨਿੱਜੀ ਵਿਚਾਰ ਸਾਂਝੇ ਕਰਨਾ ਚਾਹਾਂਗਾ।

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥

ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥

ਪਿਛਲੇ ਦਿਨਾਂ ਦੇ ਵਿੱਚ ਪੰਜਾਬ ਨੂੰ ਇੱਕ ਇਤਿਹਾਸਕ ਤ੍ਰਾਸਦੀ ਵਿੱਚੋਂ ਲੰਘਣਾ ਪਿਆ। ਮੈਂ ਐਸਾ ਕਸ਼ਟ ਆਪਣੀ ਉਮਰ ਦੇ ਵਿੱਚ ਨਹੀਂ ਦੇਖਿਆ, ਇਹ ਬਹੁਤ ਭਿਆਨਕ ਮੰਜ਼ਰ ਸੀ। ਮੈਂ ਉਨ੍ਹਾਂ ਦਿਨਾਂ ਦੇ ਵਿੱਚ ਪੰਜਾਬ ਤੋਂ ਬਾਹਰ ਸੀ ਲੇਕਿਨ ਜਦੋਂ ਦੇਖਦੇ ਹੁੰਦੇ ਸੀ ਤਾਂ ਮਨ ਵਿਚਲਿਤ ਹੋ ਜਾਂਦਾ ਸੀ, ਰਾਤ ਨੂੰ ਨੀਂਦ ਨਹੀਂ ਆਉਂਦੀ ਸੀ। ਸਬੰਧਤ ਡੀ.ਸੀਜ਼. ਨਾਲ ਗੱਲ ਕਰਨੀ, ਉਨ੍ਹਾਂ ਨੂੰ ਹਾਲਾਤ ਬਾਰੇ ਪੁੱਛਣਾ। ਇਹ ਬਹੁਤ ਵੱਡੀ ਤ੍ਰਾਸਦੀ ਸੀ। ਜਦੋਂ ਸਾਲ 1988 ਵਿੱਚ ਹੜ੍ਹ ਆਏ ਸੀ, ਉਦੋਂ ਮੈਂ ਛੋਟਾ ਸੀ, ਲੋਕ ਦੱਸਦੇ ਹਨ ਕਿ ਉਹ ਦੋ-ਤਿੰਨ ਦਿਨਾਂ ਵਿੱਚ ਸਬਸਾਈਡ ਕਰ ਗਿਆ ਸੀ ਲੇਕਿਨ ਹੁਣ ਕਿੰਨੇ ਹੀ ਦਿਨ ਹੜ੍ਹਾਂ ਦੀ ਸਥਿਤੀ ਬਣੀ ਰਹੀ। ਕਿਸਾਨੀ ਦਾ ਨੁਕਸਾਨ ਹੋਇਆ, ਇਕੱਲੀਆਂ ਫਸਲਾਂ ਦਾ ਹੀ ਨੁਕਸਾਨ ਨਹੀਂ ਹੋਇਆ ਸਗੋਂ ਜ਼ਮੀਨਾਂ ਦਾ ਨੁਕਸਾਨ ਹੋ ਗਿਆ। ਸਾਡੀਆਂ ਸੜਕਾਂ ਟੁੱਟ ਗਈਆਂ। ਮਜ਼ਦੂਰ ਜਿਹੜੇ ਵਿਚਾਰੇ ਜੋ ਕਮਾਉਂਦੇ ਹਨ, ਉਹੀ ਖਾਂਦੇ ਹਨ, ਜਿਨ੍ਹਾਂ ਨੇ ਡੇਅਲੀ ਕਮਾ ਕੇ ਆਪਣੇ ਬੱਚਿਆਂ ਦਾ ਪੇਟ ਪਾਲਣਾ ਹੁੰਦਾ ਹੈ, ਉਨ੍ਹਾਂ ਦੀ ਲਾਈਵਲੀਹੁੱਡ ਤਬਾਹ ਹੋ ਗਈ। ਨਵੀਆਂ ਬਿਮਾਰੀਆਂ ਆ ਗਈਆਂ, ਪੁਰਾਣੀਆਂ ਬਿਮਾਰੀਆਂ ਦਾ ਇਲਾਜ ਕਰਨ ਵਾਲੇ ਡਾਕਟਰਾਂ ਦਾ ਖਾਸ ਕਰਕੇ ਪਿੰਡਾਂ ਵਿੱਚ ਇਨਫਰਾਸਟ੍ਰਕਚਰ ਖਰਾਬ ਹੋ ਗਿਆ। ਵਪਾਰ ਤਾਂ ਸਾਰਾ ਬੰਦ ਹੋਣਾ ਹੀ ਸੀ। ਇਹ ਬਹੁਤ ਭਿਆਨਕ ਤ੍ਰਾਸਦੀ ਸੀ, ਇਸ ਦੇ ਪਿੱਛੇ ਕਾਰਨ ਭਾਵੇਂ ਕੁਝ ਵੀ ਹੋਣ, ਗਲੋਬਲ ਵਾਰਮਿੰਗ ਵੀ ਇੱਕ ਕਾਰਨ ਹੈ। ਸਾਨੂੰ ਜੋ ਗੁਰੂ ਸਾਹਿਬ ਜੀ ਨੇ ਕੁਦਰਤ ਪ੍ਰਤੀ ਸੁਨੇਹਾ ਦਿੱਤਾ ਹੈ, ਉਸ ਤੋਂ ਅਵੇਸਲਾ ਹੋਣਾ ਵੀ ਇੱਕ ਕਾਰਨ ਹੈ। ਅਸੀਂ ਕੁਦਰਤ ਨਾਲ ਖਿਲਵਾੜ ਕਰਨ ਲੱਗ ਪੈਂਦੇ ਹਾਂ। ਮਿਸ-ਮੈਨੇਜਮੈਂਟ ਵੀ ਇੱਕ ਕਾਰਨ ਹੈ, ਮਿਸ-ਮੈਨੇਜਮੈਂਟ ਕਿਸੇ ਦੀ ਨਿੱਜੀ ਜਾਂ ਸੰਸਥਾਗਤ ਹੋ ਸਕਦੀ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਉੱਤੇ, ਜਿਨ੍ਹਾਂ ਲੋਕਾਂ ਨੂੰ ਵੱਧ ਨੁਕਸਾਨ ਹੋਣਾ ਹੈ, ਉੱਥੇ ਸਾਡੇ ਪੰਜਾਬ ਦੀ ਰਿਪ੍ਰਜ਼ੈਂਟੇਸ਼ਨ ਤਾਂ ਚਾਹੀਦੀ ਹੈ, ਸਾਡਾ ਕੰਟਰੋਲ ਪੂਰਾ ਚਾਹੀਦਾ ਹੈ। ਉੱਥੋਂ ਕਈ ਤਰ੍ਹਾਂ ਦੀਆਂ ਗੱਲਾਂ-ਬਾਤਾਂ ਆਈਆਂ। ਮਾਹਿਰਾਂ ਨੇ ਕਿਹਾ ਕਿ ਝੀਲ ਅੰਦਰ ਸਿਲਟ ਜ਼ਿਆਦਾ ਵੱਧ ਗਈ, ਹਰ ਤਰ੍ਹਾਂ ਦੀ ਗੱਲ ਉੱਥੋਂ ਆਈ ਲੇਕਿਨ ਪੰਜਾਬ ਦਾ ਇਤਿਹਾਸ ਰਿਹਾ ਹੈ ਕਿ ਅਸੀਂ ਸਿੱਖ ਮਿਸਲਾਂ ਦੇ ਸਮੇਂ ਤੋਂ ਆਪਸ ਵਿੱਚ ਭਾਵੇਂ ਲੱਖ ਲੜਦੇ ਰਹੀਏ ਪਰ ਜਦੋਂ ਧਾੜਵੀ ਗੈਂਗ ਪੰਜਾਬ ਨੂੰ ਲੁੱਟਣ ਵਾਸਤੇ ਆਉਂਦੇ ਸੀ ਜਾਂ ਦੇਸ਼ ਨੂੰ ਲੁੱਟਣ ਆਉਂਦੇ ਸੀ ਤਾਂ ਪੰਜਾਬੀਆਂ ਅਤੇ ਸਿੱਖਾਂ ਨੇ ਇਕੱਠੇ ਹੋ ਕੇ ਉਨ੍ਹਾਂ ਦਾ ਮੁਕਾਬਲਾ ਕੀਤਾ। ਪੰਜਾਬ ਨੂੰ ਤਾਂ ਬਚਾਉਣਾ ਹੀ ਬਚਾਉਣਾ ਸੀ, ਸਗੋਂ ਦੇਸ਼ ਦੀ ਜਿਹੜੀ ਅਜ਼ਮਤ ਲੁੱਟ ਕੇ ਲੈ ਕੇ ਜਾਂਦੇ ਸੀ, ਉਸ ਨੂੰ ਵੀ ਬਚਾਉਂਦੇ ਸੀ। ਉਹੀ ਕਰੈਕਟਰ ਬਾਬੇ

ਨਾਨਕ ਜੀ ਦੀ ਧਰਤੀ ਤੋਂ ਹੁਣ ਪੰਜਾਬੀਆਂ ਨੇ ਦਿਖਾਇਆ ਹੈ। ਮੈਨੂੰ ਨਹੀਂ ਲੱਗਦਾ ਕਿ ਕੋਈ ਪੰਜਾਬੀ ਘਰ ਬੈਠਾ ਹੋਵੇਗਾ, ਭਾਵੇਂ ਉਹ ਕਿਸੇ ਵੀ ਜਾਤ ਜਾਂ ਧਰਮ ਦੇ ਨਾਲ ਸਬੰਧਤ ਹੋਵੇ। ਖਾਲਸਾ ਏਡ ਸੰਸਥਾ ਨੇ ਅੱਗੇ ਹੋ ਕੇ ਮਦਦ ਕੀਤੀ। ਸਾਰੇ ਧਰਮਾਂ ਦੇ ਨੁਮਾਇੰਦਿਆਂ ਨੇ ਅੱਗੇ ਹੋ ਕੇ ਮਦਦ ਕੀਤੀ। ਪੰਜਾਬੀਆਂ ਦਾ ਪੰਜਾਬੀ ਕਰੈਕਟਰ ਉੱਭਰ ਕੇ ਸਾਹਮਣੇ ਆਇਆ। ਪੰਜਾਬ ਸਰਕਾਰ ਦੇ ਅਫਸਰਾਂ, ਮੰਤਰੀਆਂ ਅਤੇ ਸਾਡੇ ਐਮ.ਐਲ.ਏ. ਸਾਹਿਬਾਨਾਂ ਨੇ ਪੰਜਾਬੀ ਹੋਣ ਦਾ ਸਬੂਤ ਦਿੱਤਾ, ਉਨ੍ਹਾਂ ਨੇ ਇਹ ਨਹੀਂ ਸੋਚਿਆ ਕਿ ਇੱਥੇ ਕਿਹੜੀ ਪਾਰਟੀ ਹੈ, ਸਾਰੇ ਮੌਕੇ ਤੇ ਖੜ੍ਹੇ ਦਿਖਾਈ ਦਿੱਤੇ। ਮੈਂ, ਜੇ ਬਾਬਾ ਸੀਚੇਵਾਲ ਜੀ ਦੀ ਗੱਲ ਕਰਾਂ, ਸਾਡੇ ਮੰਤਰੀ ਸਾਹਿਬਾਨਾਂ ਦੀ ਗੱਲ ਕਰਾਂ, ਮੰਤਰੀ ਦਾ ਕੰਮ ਨਹੀਂ ਕਿ ਉਹ ਬੋਰੀ ਚੁੱਕ ਕੇ ਬੰਨ੍ਹ ਉਤੇ ਖੜ੍ਹੇ ਲੇਕਿਨ ਇਨ੍ਹਾਂ ਸਾਰਿਆਂ ਦੇ ਮਨਾਂ ਵਿੱਚ ਦਰਦ ਸੀ। ਸੋ, ਇੱਕ ਬੜਾ ਵਧੀਆ ਕਰੈਕਟਰ ਦਿਖਾਇਆ ਗਿਆ। ਇਹ ਹੜ੍ਹ ਇੱਕ ਬਹੁਤ ਵੱਡੀ ਤ੍ਰਾਸਦੀ ਹੈ। ਹੁਣ ਉਸੇ ਤਰ੍ਹਾਂ ਦਾ ਕਰੈਕਟਰ ਦਿਖਾ ਕੇ ਮੇਰੀ ਬੇਨਤੀ ਹੈ ਕਿ ਆਪਾਂ ਸਾਰੇ ਇੱਕਜੁਟਤਾ ਦਾ ਮੁਜ਼ਾਹਰਾ ਕਰੀਏ। ਮੇਰੀ ਸਾਰਿਆਂ ਨੂੰ ਗੁਜ਼ਾਰਿਸ਼ ਹੈ ਕਿ ਇਸ ਦੇ ਵਿੱਚੋਂ ਰਾਜਨੀਤੀ ਨਾ ਝਲਕੇ। ਅਸੀਂ ਪੰਜਾਬ ਦਾ ਦਰਦ ਬਿਆਨ ਕਰੀਏ, ਪੰਜਾਬ ਲਈ ਹੱਲ ਅਤੇ ਜੋ ਅਸੀਂ ਚਾਹੁੰਦੇ ਹਾਂ, ਉਹ ਬਿਆਨ ਕਰੀਏ। ਪੰਜਾਬ ਉਹ ਹੈ ਜਿਸ ਨੇ ਅਜ਼ਾਦੀ ਲੈ ਕੇ ਦਿੱਤੀ। ਪੰਜਾਬੀ ਉਹ ਹਨ ਜਿਹੜੇ ਰੋਜ਼ ਤਿਰੰਗੇ ਵਿੱਚ ਲਿਪਟ ਕੇ ਆਉਂਦੇ ਹਨ ਤਾਂ ਕਿ ਦੇਸ਼ ਦੀ ਅਜ਼ਾਦੀ ਬਰਕਰਾਰ ਰਹੇ। ਪੰਜਾਬ ਉਹ ਹੈ ਜਿਹੜਾ ਅੰਨ ਭੰਡਾਰ ਭਰਦਾ ਹੈ। ਅਸੀਂ ਮੰਗਦੇ ਨਹੀਂ ਹਾਂ ਪਰ ਸਾਡਾ ਹੱਕ ਤਾਂ ਹੈ ਕਿ ਫੰਡਜ਼ ਮਿਲਣ। ਭਾਵੇਂ ਤਾਮਿਲਨਾਡੂ ਵਿੱਚ ਸੁਨਾਮੀ ਆ ਜਾਏ, ਕੇਰਲਾ ਵਿੱਚ ਸੁਨਾਮੀ ਆ ਜਾਏ, ਭੁੱਜ ਦੇ ਵਿੱਚ ਭੂਚਾਲ ਆ ਜਾਏ, ਅਸੀਂ ਉੱਥੇ ਮਦਦ ਲਈ ਜਾਂਦੇ ਹਾਂ, ਅਸੀਂ ਕੋਈ ਅਹਿਸਾਨ ਨਹੀਂ ਕਰਦੇ ਹਾਂ। ਸਾਨੂੰ ਬਾਬੇ ਨਾਨਕ ਜੀ ਦਾ ਹੁਕਮ ਹੈ। ਅਸੀਂ ਜਾ ਕੇ ਸੇਵਾ ਕਰਦੇ ਹਾਂ ਲੇਕਿਨ ਸਾਡਾ ਹੱਕ ਤਾਂ ਸਾਨੂੰ ਦਿਉ। ਅੱਜ ਮੈਂ ਇੱਥੇ ਟਰੇਜ਼ਰੀ ਬੈਂਚਿਜ਼ ਦੇ ਮਾਣਯੋਗ ਮੈਂਬਰ ਸਾਹਿਬਾਨਾਂ ਨੂੰ ਬੇਨਤੀ ਕਰਦਾ ਹਾਂ, ਉੱਥੇ ਆਪੋਜ਼ੀਸ਼ਨ ਪਾਰਟੀ ਦੇ ਮੈਂਬਰ ਸਾਹਿਬਾਨ ਨੂੰ ਵੀ ਬੇਨਤੀ ਕਰਦਾ ਹਾਂ ਅਤੇ ਸਾਰਿਆਂ ਦੀ ਸ਼ਲਾਘਾ ਵੀ ਕਰਦਾ ਹਾਂ ਕਿ ਸਾਰਿਆਂ ਨੇ ਪੂਰੇ ਦਰਦ ਦੇ ਨਾਲ ਪੰਜਾਬੀਆਂ ਦਾ ਦਰਦ ਵੰਡਾਇਆ। ਉੱਥੇ ਜਾ ਕੇ ਮਿਹਨਤ ਕੀਤੀ ਹੈ ਪਰ ਹੁਣ ਪੰਜਾਬ ਨੂੰ rebuild ਕਰਨਾ ਹੈ। Rebuild ਕਰਨ ਵਾਸਤੇ ਅੱਜ ਹਾਊਸ ਵਿੱਚ ਬਹਿਸ ਦੀ ਸ਼ੁਰੂਆਤ ਕਰਨੀ ਹੈ। ਨੁਕਸਾਨ ਦਾ ਇੱਕ ਕਾਰਨ ਗਲੋਬਲ ਵਾਰਮਿੰਗ ਵੀ ਹੈ ਲੇਕਿਨ ਜੋ ਆਪਣੇ ਹੱਥ ਦੇ ਵਿੱਚ ਹੈ, ਆਪਾਂ ਇਕੱਠੇ ਹੋ ਕੇ ਜਿਹੜੀ ਚੀਜ਼ ਦੀ ਮੰਗ ਕਰਨੀ ਹੈ, ਉਹ ਵੀ ਇੱਕ ਯੂਨਾਈਟਿਡ ਤਰੀਕੇ ਨਾਲ ਕਰਨੀ ਹੈ। ਸੋ, ਇਸ ਅਣਚਾਹੀ ਸਥਿਤੀ ਵਿੱਚੋਂ ਨੁਕਸਾਨ ਝੱਲ ਰਹੇ ਪੰਜਾਬ ਦੇ ਲੋਕਾਂ ਨੂੰ ਉਭਾਰਨ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਪੰਜਾਬ ਸਰਕਾਰ ਵੱਲੋਂ ਸੱਦੇ ਗਏ ਇਸ ਵਿਸ਼ੇਸ਼ ਇਜਲਾਸ ਵਿੱਚ "ਪੰਜਾਬ ਦੇ ਪੁਨਰਵਾਸ" ਮੁੱਦੇ ’ਤੇ ਸਮੂਹ ਮੈਂਬਰ ਸਾਹਿਬਾਨ ਦੇ ਅਨਮੋਲ ਵਿਚਾਰਾਂ ਨੂੰ ਸੰਬੋਧਿਤ ਕਰਨ ਲਈ ਇਹ ਬਹਿਸ ਰੱਖੀ ਗਈ ਹੈ। ਇਸੇ ਕਰਕੇ ਇੱਸ ਵਿੱਚ ਹੋਰ ਕੋਈ ਕੰਮ-ਕਾਰ ਨਹੀਂ ਰੱਖਿਆ ਗਿਆ, ਨਾ ਕੋਈ ਕੁਐਸਚਨ ਆਵਰ, ਨਾ ਕੋਈ ਜ਼ੀਰੋ ਆਵਰ ਰੱਖਿਆ ਹੈ ਕਿਉਂਕਿ ਸਭ ਤੋਂ ਵੱਡਾ ਮੁੱਦਾ ਇਹੀ ਹੈ ਕਿ ਪੰਜਾਬ ਨੂੰ ਇਹ ਜਿਹੜੀ ਤ੍ਰਾਸਦੀ ਦਰਪੇਸ਼ ਹੋਈ ਹੈ, ਉਸ ਦਾ ਹੱਲ ਲੱਭਣਾ, ਉਸ ਦੇ ਕਾਰਨ ਲੱਭਣੇ ਕਿ ਅੱਗੇ ਤੋਂ ਅਜਿਹਾ ਨਾ ਹੋਵੇ, ਉਸ ਦੇ ਲਈ ਇਨਸ਼ਿਓਰ ਕਰਨਾ ਹੈ। ਇਹੀ ਡਿਊਟੀ ਪੰਜਾਬੀਆਂ ਨੇ ਸਾਡੀ ਇੱਥੇ ਲਗਾਈ ਹੈ। ਸਾਨੂੰ ਇਸ ਅਜ਼ੀਮ ਸਦਨ ਵਿੱਚ ਇਸੇ ਕਰਕੇ ਭੇਜਿਆ ਹੈ। ਇਹ ਵਿਚਾਰਾਂਗੇ ਕਿ ਜਿਹੜਾ ਇਤਿਹਾਸ ਹੈ, ਉਸ ਤੋਂ ਸਿੱਖ ਕੇ ਫਿਊਚਰ ਦੇ ਵਿੱਚ ਤ੍ਰਾਸਦੀ ਨੂੰ ਇਕੱਠੇ ਹੋ ਕੇ ਕਿਵੇਂ ਨਜਿੱਠਣਾ ਹੈ। ਸੋ, ਮੈਂ ਸਮੂਹ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਅਸੀਂ ਆਪਣੇ ਸੂਬੇ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਸਾਰੇ ਰਲ਼ ਕੇ ਹੰਭਲਾ ਮਾਰੀਏ ਅਤੇ ਮੈਂ ਬੇਨਤੀ ਕਰਦਾ ਹਾਂ ਕਿ ਇੱਥੋਂ ਇੱਕ ਪੰਜਾਬੀਅਤ ਦਾ ਮੈਸੇਜ ਜਾਣਾ ਚਾਹੀਦਾ ਹੈ। ਰਾਜਨੀਤੀ ਕਰਨ ਦੇ ਹੋਰ ਬੜੇ ਮੌਕੇ ਮਿਲਣਗੇ। ਆਪਾਂ ਰਾਜਨੀਤੀ ਕਰਾਂਗੇ, ਰਾਜਨੀਤੀ ਕਰਨੀ ਹੁੰਦੀ ਹੈ ਲੇਕਿਨ ਇਸ ਇਸ਼ੂ ਉੱਤੇ ਆਪਾਂ ਰਾਜਨੀਤੀ ਨਾ ਕਰੀਏ। ਸਗੋਂ ਇਕੱਠੇ ਬੈਠ ਕੇ,

ਸਿਰ ਜੋੜ ਕੇ ਇਸ ਦਾ ਹੱਲ ਕੱਢੀਏ। ਹੁਣ ਮੈਂ, ਸ਼੍ਰੀ ਬਰਿੰਦਰ ਕੁਮਾਰ ਗੋਇਲ, ਜਲ ਸਰੋਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਬਹਿਸ ਦੀ ਆਰੰਭਤਾ ਕਰਨ। ਵਾਹਿਗੁਰੂ।

**ਜਲ ਸਰੋਤ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ)**: ਧੰਨਵਾਦ ਸਪੀਕਰ ਸਾਹਿਬ। ਸਭ ਤੋਂ ਪਹਿਲਾਂ ਮੈਂ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ ਅਤੇ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਕਿ ਅੱਜ ਇਹ ਸਦਨ ਬੁਲਾਇਆ ਹੈ। ਜੋ ਪੰਜਾਬ ਵਿੱਚ ਬਹੁਤ ਵੱਡੀ ਤ੍ਰਾਸਦੀ ਆਈ ਹੈ, ਹੜ੍ਹਾਂ ਦੀ ਸਥਿਤੀ ਬਣੀ ਹੈ, ਸਾਰੇ ਪੰਜਾਬ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਆਪਣੀ ਗੱਲ ਰੱਖਣ ਦਾ, ਹੜ੍ਹਾਂ ਬਾਰੇ ਆਪਣੇ ਵਿਚਾਰ ਦੱਸਣ ਦਾ, ਹੜ੍ਹਾਂ ਦੀ ਰੋਕਥਾਮ ਕਰਨ ਬਾਰੇ ਗੱਲ ਕਰਨ ਦਾ ਮੌਕਾ ਦਿੱਤਾ ਹੈ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰ, ਮੈਂ ਕਹਿ ਸਕਦਾ ਹਾਂ ਕਿ ਅਸੀਂ ਇਸ ਵਿਧਾਨ ਸਭਾ ਵਿੱਚ ਜਿੰਨੇ ਵੀ ਲੋਕ ਬੈਠੇ ਹਾਂ, ਅਸੀਂ ਸਾਰੇ ਮਹਿਸੂਸ ਕਰਦੇ ਹਾਂ ਕਿ ਆਪਣੇ ਜੀਵਨ ਵਿੱਚ ਐਸੀ ਕੁਦਰਤੀ ਆਫ਼ਤ ਕਿਸੇ ਨੇ ਨਹੀਂ ਦੇਖੀ ਹੈ, ਕਿਸੇ ਨੇ ਨਹੀਂ ਦੇਖਿਆ ਹੋਵੇਗਾ ਕਿ ਇਸ ਤਰ੍ਹਾਂ ਦੀ ਤ੍ਰਾਸਦੀ ਆਈ ਹੋਵੇ, ਇਸ ਤਰ੍ਹਾਂ ਦੀਆਂ ਬਰਸਾਤਾਂ ਹੋਈਆਂ ਹੋਣ, ਇਸ ਤਰ੍ਹਾਂ ਦੇ ਹੜ੍ਹ ਆਏ ਹੋਣ। ਜਦੋਂ ਪੰਜਾਬ ਵਿੱਚ ਹੜ੍ਹਾਂ ਦੀ ਗੱਲ ਚੱਲਦੀ ਹੈ ਜਾਂ ਪਾਣੀਆਂ ਦੀ ਗੱਲ ਚੱਲਦੀ ਹੈ ਤਾਂ ਸਾਲ 1988 ਦਾ ਜ਼ਿਕਰ ਹੁੰਦਾ ਹੈ। ਸਾਲ 1988 ਵਿੱਚ ਵੱਡੀ ਗਿਣਤੀ ਵਿੱਚ ਹੜ੍ਹ ਆਏ ਸਨ ਪਰ ਜਿਹੜੇ ਹੁਣ ਹੜ੍ਹ ਆਏ ਹਨ, ਇਨ੍ਹਾਂ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। 1988 ਵਿੱਚ ਵੱਧ ਤੋਂ ਵੱਧ 11 ਲੱਖ 20 ਹਜ਼ਾਰ ਕਿਊਸਿਕ ਪਾਣੀ ਆਇਆ ਸੀ ਪਰ ਹੁਣ 14 ਲੱਖ 11 ਹਜ਼ਾਰ ਕਿਊਸਿਕ ਪਾਣੀ ਆਇਆ ਹੈ ਜੋ ਕਿ 1988 ਵਿੱਚ ਆਏ ਪਾਣੀ ਤੋਂ 20 ਪ੍ਰਤੀਸ਼ਤ ਜ਼ਿਆਦਾ ਹੈ। ਸੋ, ਇਸ ਤਰ੍ਹਾਂ ਦੇ ਜਿਹੜੇ ਹੜ੍ਹ ਆਏ ਹਨ, ਇਸ ਵਿੱਚ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਪਾਕਿਸਤਾਨ ਦਾ ਜਿੰਨਾ ਪਾਣੀ ਸੀ, ਖੱਡਾਂ, ਨਾਲਿਆਂ ਅਤੇ ਚੋਆਂ ਰਾਹੀਂ ਪੰਜਾਬ ਦੇ ਦਰਿਆਵਾਂ ਵਿੱਚ ਆ ਗਿਆ ਸੀ। ਜਿਹੜੇ ਨਾਲੇ ਤੇ ਚੋਅ ਡਾਊਨ ਸਟਰੀਮ 'ਤੇ ਸਨ, ਉਨ੍ਹਾਂ ਨੇ ਪੰਜਾਬ ਵਿੱਚ ਵੱਡੀ ਤਬਾਹੀ ਮਚਾਈ ਅਤੇ ਕਰੀਬ 10 ਲੱਖ ਕਿਊਸਿਕ ਪਾਣੀ ਖੱਡਾਂ ਤੇ ਨਾਲਿਆਂ ਰਾਹੀਂ ਆਇਆ ਹੈ। ਇਹ ਸਾਡੇ ਪੰਜਾਬ ਦੀ ਬਰਬਾਦੀ ਦਾ ਕਾਰਨ ਬਣਿਆ ਹੈ। ਜਿੰਨੀਆਂ ਫੋਰਕਾਸਟ ਸਨ, ਜਿਨ੍ਹਾਂ 'ਤੇ ਅਸੀਂ ਡਿਪੈਂਡ ਕਰਦੇ ਹਾਂ ਕਿ ਕਦੋਂ ਡੈਮਾਂ ਵਿੱਚ ਪਾਣੀ ਸਟੋਰ ਕਰਨਾ ਹੈ, ਕਦੋਂ ਡੈਮਾਂ ਤੋਂ ਪਾਣੀ ਛੱਡਣਾ ਹੈ। ਇਹ ਸਭ ਮੌਸਮ ਵਿਭਾਗ ਦੀ ਭਵਿੱਖਬਾਣੀ ਉੱਤੇ ਡਿਪੈਂਡ ਕਰਦਾ ਹੈ ਕਿ ਕਿੰਨੀ ਕੁ ਬਰਸਾਤ ਹੋਣੀ ਹੈ, ਡੈਮ ਨੂੰ ਕਿੰਨਾ ਖਾਲੀ ਰੱਖਿਆ ਜਾ ਸਕਦਾ ਹੈ। ਸੋ, ਇਹ ਸਭ ਸੈਂਟਰ ਸਰਕਾਰ ਦੀ ਮਨਿਸਟਰੀ ਆਈ.ਐਮ.ਡੀ. ਦੀ ਫੋਰਕਾਸਟ ਉਤੇ ਡਿਪੈਂਡ ਕਰਦਾ ਹੈ। ਬਦਕਿਸਮਤੀ ਨਾਲ ਜਿੰਨੀਆਂ ਵੀ ਫੋਰਕਾਸਟ ਹੋਈਆਂ ਸਨ, ਉਹ ਸਾਰੀਆਂ ਗਲਤ ਸਾਬਤ ਹੋ ਗਈਆਂ ਸਨ। ਜਿਵੇਂ 24 ਅਗਸਤ ਨੂੰ ਫੋਰਕਾਸਟ ਹੋਈ ਸੀ ਕਿ 21mm ਬਰਸਾਤ ਹੋਵੇਗੀ ਪਰ ਬਰਸਾਤ 163mm ਹੋਈ। 25 ਅਗਸਤ ਦੀ ਫੋਰਕਾਸਟ ਸੀ ਕਿ 18mm ਬਰਸਾਤ ਹੋਵੇਗੀ ਤਾਂ 147mm ਬਰਸਾਤ ਹੋਈ। ਜਿੰਨੀ ਬਰਸਾਤ ਦੀ ਫੋਰਕਾਸਟ ਕੀਤੀ ਗਈ ਸੀ ਅਤੇ ਕਿਹਾ ਗਿਆ ਸੀ ਕਿ ਇੰਨਾ ਅੰਦਾਜ਼ਾ ਹੈ ਕਿ ਬਰਸਾਤ ਹੋਵੇਗੀ, ਉਸ ਤੋਂ 20-25 ਪ੍ਰਤੀਸ਼ਤ ਜ਼ਿਆਦਾ ਜਾਂ ਘੱਟ ਹੋਵੇ ਤਾਂ ਸਮਝ ਆ ਸਕਦੀ ਹੈ ਪਰ ਉਸ ਸਮੇਂ 717 ਪ੍ਰਤੀਸ਼ਤ ਜ਼ਿਆਦਾ ਬਰਸਾਤ ਹੋਈ ਹੈ। ਇਸੇ ਤਰ੍ਹਾਂ 26 ਅਗਸਤ ਨੂੰ 13mm ਬਰਸਾਤ ਦੀ ਫੋਰਕਾਸਟ ਸੀ ਪਰ ਹੋਈ 90.5mm, ਜਿਹੜੀ ਕਿ 596 ਪ੍ਰਤੀਸ਼ਤ ਜ਼ਿਆਦਾ ਹੋਈ ਹੈ। ਸੋ, ਇਸ ਤਰ੍ਹਾਂ ਬੇਹਿਸਾਬ ਬਰਸਾਤਾਂ ਹੋਈਆਂ ਹਨ, ਜਿਨ੍ਹਾਂ ਨੇ ਸਾਰੀਆਂ ਕਿਆਸ-ਅਰਾਈਆਂ, ਸਾਰੇ ਫੋਰਕਾਸਟਾਂ ਨੂੰ ਪਿੱਛੇ ਛੱਡ ਦਿੱਤਾ। ਇੰਨੀਆਂ ਬਰਸਾਤਾਂ ਹੋ ਗਈਆਂ ਜੋ ਕਿ ਸੰਭਾਲੀਆਂ ਨਹੀਂ ਜਾ ਸਕਦੀਆਂ ਸਨ ਪਰ ਪੰਜਾਬ ਸਰਕਾਰ ਨੇ ਉਸ ਸਬੰਧ ਵਿੱਚ ਜੋ ਕੁਝ ਵੀ ਹੋ ਸਕਦਾ ਸੀ, ਉਹ ਕੀਤਾ। ਜਿਹੜਾ ਪਾਣੀ ਦਰਿਆਵਾਂ ਵਿੱਚ ਆਇਆ ਅਤੇ ਦਰਿਆਵਾਂ ਰਾਹੀਂ ਡੈਮਾਂ ਵਿੱਚ ਆਇਆ, ਉਸ ਨੂੰ ਬਹੁਤ ਬਾਖ਼ੂਬੀ ਨਾਲ ਕੰਟਰੋਲ

ਕੀਤਾ ਕਿ ਕਿਸ ਸਮੇਂ ਕਿੰਨਾ ਪਾਣੀ ਛੱਡਿਆ ਜਾ ਸਕਦਾ ਹੈ ਅਤੇ ਇਸ ਵਾਸਤੇ ਮਿੰਟ ਮਿੰਟ ਦਾ ਧਿਆਨ ਰੱਖਿਆ ਗਿਆ ਕਿ ਜਿੱਥੇ ਕਿਤੇ ਨੀਚਲੇ ਪਾਸੇ ਹੋਰ ਪਾਣੀ ਆਉਣਾ ਹੈ ਤਾਂ ਡੈਮ ਤੋਂ ਕਿੰਨਾ ਪਾਣੀ ਛੱਡਿਆ ਜਾ ਸਕਦਾ ਹੈ। ਉਸ ਦਾ ਪੂਰਾ ਧਿਆਨ ਰੱਖਿਆ ਗਿਆ ਤਾਂ ਜੋ ਲੋਕਾਂ ਦਾ ਘੱਟ ਤੋਂ ਘੱਟ ਨੁਕਸਾਨ ਹੋਵੇ। ਉਦਾਹਰਣ ਦੇ ਤੌਰ ਤੇ ਮਿਤੀ 24.08.2025 ਨੂੰ ਰਣਜੀਤ ਸਾਗਰ ਡੈਮ ਦੀ ਸਥਿੱਤੀ 524 ਮੀਟਰ 901 ਸੈਂਟੀਮੀਟਰ ਸੀ ਤੇ 80,383 ਕਿਊਸਿਕ ਪਾਣੀ ਇਨਫਲੋਅ ਸੀ ਪਰ ਉਸ ਸਮੇਂ ਉਝ ਦਰਿਆ ਵਿੱਚੋਂ 1,06,000 ਕਿਊਸਿਕ ਪਾਣੀ ਆ ਰਿਹਾ ਸੀ। ਸੋ, ਸਥਿੱਤੀ ਨੂੰ ਦੇਖਦੇ ਹੋਏ ਕਿ ਉਝ ਦਰਿਆ ਵਿੱਚੋਂ ਜ਼ਿਆਦਾ ਪਾਣੀ ਆ ਰਿਹਾ ਹੈ ਤਾਂ ਰਾਤ ਨੂੰ 9.00 ਵਜੇ ਰਣਜੀਤ ਸਾਗਰ ਡੈਮ ਵਿੱਚੋਂ ਸਿਰਫ 125 ਕਿਊਸਿਕ ਪਾਣੀ ਛੱਡਿਆ ਗਿਆ ਤਾਂ ਜੋ ਅੱਗੇ ਬਰਬਾਦੀ ਨਾ ਹੋਵੇ। ਇਸੇ ਤਰ੍ਹਾਂ 10.00 ਵਜੇ 500 ਕਿਊਸਿਕ ਪਾਣੀ ਛੱਡਿਆ ਗਿਆ ਕਿਉਂਕਿ ਉਝ ਦਰਿਆ ਵਿੱਚ ਪਾਣੀ ਉਸ ਤੋਂ ਵੀ ਵੱਧ ਗਿਆ ਸੀ। 11.00 ਵਜੇ 500 ਕਿਊਸਿਕ ਪਾਣੀ ਛੱਡਿਆ ਗਿਆ, 12.00 ਵਜੇ ਵੀ 500 ਕਿਊਸਿਕ ਪਾਣੀ ਛੱਡਿਆ ਗਿਆ, 1.00 ਵਜੇ 550 ਕਿਊਸਿਕ ਪਾਣੀ ਛੱਡਿਆ ਗਿਆ। ਮੇਰੇ ਕਹਿਣ ਤੋਂ ਭਾਵ ਇਹ ਹੈ ਕਿ ਕੰਪੈਰੀਜ਼ਨ ਦੇਖ ਕੇ ਪਾਣੀ ਛੱਡਿਆ ਜਾਂਦਾ ਸੀ ਕਿ ਉਸ ਸਮੇਂ ਉਝ ਦਰਿਆ ਵਿੱਚੋਂ ਕਿੰਨਾ ਪਾਣੀ ਆ ਰਿਹਾ ਹੈ ਤੇ ਰਣਜੀਤ ਸਾਗਰ ਡੈਮ ਵਿੱਚੋਂ ਕਿੰਨਾ ਪਾਣੀ ਛੱਡਿਆ ਜਾ ਸਕਦਾ ਹੈ, ਇਸ ਦਾ ਬੈਲੈਂਸ ਬਣਾ ਕੇ ਪਾਣੀ ਛੱਡਿਆ ਜਾਂਦਾ ਰਿਹਾ। ਉਸ ਤੋਂ ਬਾਅਦ ਮਿਤੀ 24.08.2025 ਨੂੰ ਸਾਰਾ ਦਿਨ ਇਹ ਸਿਸਟਮ ਚਲਦਾ ਰਿਹਾ ਅਤੇ ਮਿਤੀ 26.08.2025 ਨੂੰ ਰਣਜੀਤ ਸਾਗਰ ਡੈਮ ਦਾ ਲੈਵਲ 527 ਮੀਟਰ 904 ਸੈਂਟੀਮੀਟਰ ਹੋ ਗਿਆ । ਉਸ ਸਮੇਂ ਵੀ ਉਝ ਦਰਿਆ ਵਿੱਚੋਂ 1,57,920 ਕਿਊਸਿਕ ਪਾਣੀ ਆ ਰਿਹਾ ਸੀ। ਰਣਜੀਤ ਸਾਗਰ ਡੈਮ ਦੀ 527 ਮੀਟਰ ਦੀ ਕੈਪੇਸਿਟੀ ਹੈ ਅਤੇ ਉਤਨਾ ਪਾਣੀ ਜਮ੍ਹਾਂ ਹੋ ਗਿਆ ਸੀ ਤਾਂ ਉਸ ਸਮੇਂ ਕੋਈ ਆਲਟਰਨੇਟਿਵ ਹੀ ਨਹੀਂ ਸੀ। ਇਹ ਡੈਮ ਦਾ ਹੀ ਨਿਯਮ ਬਣਿਆ ਹੋਇਆ ਹੈ ਕਿ ਜਿੰਨਾ ਇਨਫਲੋਅ ਹੈ ਤਾਂ ਉਤਨਾ ਹੀ ਆਊਟ-ਫਲੋਅ ਹੋ ਜਾਵੇਗਾ। ਉਸ ਸਮੇਂ 2,29,042 ਕਿਊਸਿਕ ਪਾਣੀ ਇਨਫਲੋਅ ਸੀ ਅਤੇ 1,70,000 ਕਿਊਸਿਕ ਪਾਣੀ ਆਊਟ ਫਲੋਅ ਕੀਤਾ ਗਿਆ। ਉਸ ਸਮੇਂ ਡੈਮ ਨੂੰ ਬਚਾਉਣ ਦੀ ਗੱਲ ਸੀ ਕਿ ਜਿੰਨਾ ਪਾਣੀ ਦਾ ਇਨਫਲੋਅ ਹੈ ਤਾਂ ਉਤਨਾ ਆਊਟ ਫਲੋਅ ਹੋ ਜਾਵੇ। ਜਿਸ ਨਾਲ ਡੈਮ ਵਿੱਚ ਤਾਂ 2,15,000 ਕਿਊਸਿਕ ਪਾਣੀ ਦੀ ਐਵਰੇਜ ਰਹੀ ਪਰ ਖੱਡਾਂ, ਨਾਲਿਆਂ ਵਿੱਚੋਂ ਵੀ 10 ਲੱਖ ਕਿਊਸਿਕ ਪਾਣੀ ਗਿਆ ਸੀ। ਉਸ ਸਮੇਂ ਡੈਮ ਨੂੰ ਬਚਾਉਣ ਦੀ ਗੱਲ ਸਾਰਿਆਂ ਤੋਂ ਜ਼ਰੂਰੀ ਸੀ ਅਤੇ ਜੇ ਕਿਤੇ ਕੋਈ ਇਸ ਤਰ੍ਹਾਂ ਦੀ ਗੱਲ ਹੁੰਦੀ ਹੈ ਤਾਂ 50 ਲੱਖ ਕਿਊਸਿਕ ਪਾਣੀ 36 ਘੰਟਿਆਂ ਤੱਕ ਚੱਲਣਾ ਸੀ ਅਤੇ ਵੱਡੀਆਂ ਬਿਲਡਿੰਗਾਂ ਦੇ ਲੈਵਲ ਤੱਕ ਪਾਣੀ ਚੱਲਣਾ ਸੀ। ਸਾਡੇ ਵਾਟਰ ਰਿਸੋਰਸਿਜ਼ ਡਿਪਾਰਟਮੈਂਟ ਦੇ ਸਾਰੇ ਅਧਿਕਾਰੀ ਉੱਥੇ ਹਾਜ਼ਰ ਰਹੇ, ਉਨ੍ਹਾਂ ਨੇ ਸਥਿੱਤੀ ਨੂੰ ਦੇਖਦੇ ਹੋਏ ਕਿ ਲੋਕਾਂ ਦਾ ਨੁਕਸਾਨ ਘੱਟ ਤੋਂ ਘੱਟ ਹੋਵੇ, ਪੂਰਾ ਧਿਆਨ ਰੱਖਦੇ ਹੋਏ ਇਸ ਸਥਿੱਤੀ ਨੂੰ ਕੰਟਰੋਲ ਕੀਤਾ।

ਇਸ ਤਰ੍ਹਾਂ ਇਸ calamity ਵਿੱਚ ਇਸ ਵੱਡੀ ਤ੍ਰਾਸਦੀ ਦੇ ਸਮੇਂ ਵਿੱਚ ਸਾਡੇ ਸਾਰੇ ਹੀ ਪਾਰਟੀ ਦੇ ਆਗੂ ਸਾਹਿਬਾਨ ਗਰਾਊਂਡ 'ਤੇ ਗਏ, ਉੱਥੇ ਜਾ ਕੇ ਪਹਿਰਾ ਦਿੱਤਾ ਅਤੇ ਲੋਕਾਂ ਦਾ ਹਾਲ ਚਾਲ ਪੁੱਛਿਆ। ਸਾਡੇ ਮੁੱਖ ਮੰਤਰੀ ਸਾਹਿਬ, ਸਰਦਾਰ ਭਗਵੰਤ ਸਿੰਘ ਮਾਨ, ਸਾਰੇ ਮੰਤਰੀ, ਸਾਰੇ ਐਮ.ਐਲ.ਏ. ਸਾਹਿਬਾਨ ਗਰਾਊਂਡ ਲੈਵਲ 'ਤੇ ਗਏ ਅਤੇ ਸਾਡੀ ਪਾਰਟੀ ਦੇ ਨੈਸ਼ਨਲ ਕਨਵੀਨਰ, ਸ਼੍ਰੀ ਅਰਵਿੰਦ ਕੇਜਰੀਵਾਲ ਤੋਂ ਲੈ ਕੇ ਸਾਡੇ ਬਲਾਕ ਪ੍ਰਧਾਨ ਤੱਕ ਪਾਰਟੀ ਦਾ ਸਾਰਾ ਸਿਸਟਮ ਉੱਥੇ ਗਿਆ, ਐਨ.ਜੀ.ਓਜ਼. ਗਏ ਤੇ ਸਮਾਜ ਸੇਵੀ ਸੰਸਥਾਵਾਂ ਗਈਆਂ ਤੇ ਬਹੁਤ ਸੰਤ ਮਹਾਂਪੁਰਸ਼ ਵੀ ਗਏ। ਅਸੀਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਦੇ ਹਾਂ ਕਿ ਉਨ੍ਹਾਂ ਨੇ ਉੱਥੇ ਜਾ ਕੇ ਲੋਕਾਂ ਦੀ ਬਾਂਹ ਫੜੀ। ਉਹ ਲੋਕਾਂ ਵਿੱਚ ਜਾ ਕੇ ਵਿਚਰੇ, ਭਾਵੇਂ ਕਿਸੇ ਵੀ ਸੰਸਥਾ ਨਾਲ ਸਬੰਧਤ ਸੀ, ਭਾਵੇਂ ਧਾਰਮਿਕ ਜਾਂ ਰਾਜਨੀਤਿਕ ਪਾਰਟੀਆਂ ਦੇ

ਸਨ, ਅਸੀਂ ਸਾਰਿਆਂ ਦਾ ਧੰਨਵਾਦ ਵੀ ਕਰਦੇ ਹਾਂ ਜਿਨ੍ਹਾਂ ਨੇ ਉੱਥੇ ਪਹੁੰਚ ਕੇ ਸਥਿੱਤੀ ਦਾ ਜਾਇਜ਼ਾ ਵੀ ਲਿਆ ਅਤੇ ਮੌਕੇ ਉੱਤੇ ਮਦਦ ਵੀ ਕੀਤੀ।

ਸੋ, ਇਸ ਦੇ ਨਾਲ ਹੀ ਜੋ ਬਹੁਤ ਵੱਡੇ ਨੁਕਸਾਨ ਹੋਏ ਹਨ, ਮੈਂ ਇਨ੍ਹਾਂ ਦੇ ਵੇਰਵੇ ਦੀ ਗੱਲ ਕਰਦਾ ਹਾਂ ਕਿ 2300 ਪਿੰਡ ਪ੍ਰਭਾਵਿਤ ਹੋਏ ਹਨ, 20 ਲੱਖ ਲੋਕ ਪ੍ਰਭਾਵਿਤ ਹੋਏ ਹਨ, 5 ਲੱਖ ਏਕੜ ਫਸਲ ਪ੍ਰਭਾਵਿਤ ਹੋਈ ਹੈ। ਅਨਫਾਰਚੂਨੇਟਲੀ ਹੜ੍ਹਾਂ ਕਾਰਨ ਵਿਚਾਰੇ 59 ਬੰਦੇ ਇਸ ਦੁਨੀਆ ਤੋਂ ਚਲੇ ਗਏ ਹਨ, 7 ਲੱਖ ਲੋਕ ਬੇਘਰ ਹੋ ਗਏ, 3200 ਸਕੂਲ ਡੈਮੇਜ ਹੋ ਗਏ, 19 ਕਾਲਜ ਡੈਮੇਜ ਹੋ ਗਏ, 1400 ਹਸਪਤਾਲ ਅਤੇ ਕਲੀਨਿਕਜ਼ ਡੈਮੇਜ ਹੋ ਗਏ ਅਤੇ 8500 ਕਿਲੋਮੀਟਰ ਸੜਕਾਂ ਡੈਮੇਜ ਹੋਈਆਂ, ਜਿਹੜੀਆਂ ਕਿਸੇ ਸੂਬੇ ਜਾਂ ਦੇਸ਼ ਦਾ ਮੇਨ ਧੁਰਾ ਹੁੰਦੀਆਂ ਹਨ। ਇਹ ਬਹੁਤ ਇੰਪਾਰਟੈਂਟ ਸੜਕਾਂ ਸਨ ਜਿਵੇਂ ਰਮਦਾਸ-ਕਮਲਪੁਰ ਰੋਡ ਸ੍ਰੀ ਅੰਮ੍ਰਿਤਸਰ, ਬੁੱਧ-ਚੱਕੀਧਰ ਰੋਡ ਪਠਾਨਕੋਟ, ਮਾਹਲਪੁਰ ਤੋਂ ਜੈਜੋਂ ਰੋਡ ਹੁਸ਼ਿਆਰਪੁਰ, ਅਮਰਪੁਰ ਰੋਡ ਫਿਰੋਜ਼ਪੁਰ ਅਤੇ ਨੈਸ਼ਨਲ ਹਾਈਵੇਅ ਪਠਾਨਕੋਟ, ਇਸੇ ਤਰ੍ਹਾਂ 2500 ਪੁਲ ਵੀ ਵਹਿ ਗਏ। ਸੋ, ਇਹ ਵੱਡੀਆਂ ਸੜਕਾਂ ਸਨ, ਜਿਨ੍ਹਾਂ ਦੇ ਵਹਿਣ ਨਾਲ ਅਤੇ ਨੁਕਸਾਨ ਪਹੁੰਚਣ ਨਾਲ ਬਹੁਤ ਵੱਡਾ ਨੁਕਸਾਨ ਪੰਜਾਬ ਨੂੰ ਹੋਇਆ ਹੈ। ਉੱਥੇ ਕਈ ਦਿਨਾਂ ਤੱਕ ਟ੍ਰੈਫਿਕ ਨਹੀਂ ਚੱਲ ਸਕੀ। ਉੱਥੇ ਸਾਰਾ ਕੁਝ ਜਾਮ ਰਿਹਾ ਹੈ। ਸੋ, ਇਸ ਤਰ੍ਹਾਂ ਦੇ ਇਹ ਨੁਕਸਾਨ ਹੜ੍ਹਾਂ ਵਿੱਚ ਹੋਏ ਹਨ।

ਸਪੀਕਰ ਸਾਹਿਬ, ਮੈਂ ਇੱਕ ਇਹ ਬੇਨਤੀ ਵੀ ਕਰਨੀ ਚਾਹੁੰਦਾ ਹਾਂ ਕਿ ਇਸ ਲਈ ਕਈ ਗੱਲਾਂ ਜ਼ਿੰਮੇਵਾਰ ਸਨ ਜਿਸ ਤਰ੍ਹਾਂ ਜੇਕਰ ਮੈਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀ ਗੱਲ ਕਰਾਂ ਤਾਂ ਜਿਹੜੇ ਡੈਮਾਂ ਦੇ ਪ੍ਰਬੰਧ ਹਨ, ਇਹ ਪੰਜਾਬ ਸਰਕਾਰ ਕੋਲ ਹੋਣੇ ਚਾਹੀਦੇ ਹਨ ਕਿਉਂਕਿ ਜਦੋਂ ਪਾਣੀ ਛੱਡਣਾ ਹੁੰਦਾ ਹੈ, ਕਦੋਂ ਕਦੋਂ ਕਿੰਨਾ ਕਿੰਨਾ ਪਾਣੀ ਛੱਡਣਾ ਹੈ, ਫਲੋਅ ਘੱਟ ਜਾਂ ਵੱਧ ਕਰਨਾ ਹੁੰਦਾ ਹੈ, ਕਿਸ ਤਰੀਕੇ ਨਾਲ ਕਰਨਾ ਸਹੀ ਹੈ, ਉਹ ਅਸੀਂ ਕਰ ਸਕੀਏ। ਜਦੋਂ ਇਹੋ ਜਿਹੀ ਐਮਰਜੈਂਸੀ ਦੀ ਸਥਿਤੀ ਹੋਵੇ ਤਾਂ ਜਦੋਂ ਅਸੀਂ ਚੇਅਰਮੈਨ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ ਐਪਲੀਕੇਸ਼ਨ ਦਿੰਦੇ ਹਾਂ ਤਾਂ ਉਹ ਮੀਟਿੰਗ ਬੁਲਾਉਂਦੇ ਹਨ। ਉਸ ਮੀਟਿੰਗ ਲਈ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੇ ਸਾਰੇ ਨੁਮਾਇੰਦਿਆਂ ਨੂੰ ਬੁਲਾਉਂਦੇ ਹਨ, ਜਿਨ੍ਹਾਂ ਵਿੱਚੋਂ ਕੋਈ ਨਾ ਕੋਈ ਐਬਸੈਂਟ ਹੋ ਜਾਂਦਾ ਹੈ, ਉੱਥੇ ਪੂਰੇ ਲੋਕ ਨਹੀਂ ਪਹੁੰਚਦੇ। ਕਈ ਵਾਰੀ ਮੀਟਿੰਗ ਵਿੱਚ ਜੋ ਜ਼ਰੂਰੀ ਫੈਸਲਾ ਕਰਨ ਦੀ ਗੱਲ ਆਉਂਦੀ ਹੈ ਤਾਂ ਉਸ ਲਈ ਅਸੀਂ ਸਾਰੇ ਵਾਂਝੇ ਰਹਿ ਜਾਂਦੇ ਹਾਂ। ਅਸੀਂ ਬੀ.ਬੀ.ਐੱਮ.ਬੀ. ਦਾ ਸਾਰਾ ਪਿਛਲਾ ਇਤਿਹਾਸ ਵੀ ਜਾਣਦੇ ਹਾਂ ਕਿ ਕਿਸ ਤਰੀਕੇ ਨਾਲ ਉਨ੍ਹਾਂ ਨੇ ਪੰਜਾਬ ਨਾਲ ਜ਼ਿਆਦਤੀਆਂ ਦੀ ਗੱਲ ਕੀਤੀ ਹੈ, ਪੰਜਾਬ ਦੇ ਨਾਲ ਧੱਕੇ ਦੀ ਗੱਲ ਕੀਤੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬੀ.ਬੀ.ਐੱਮ.ਬੀ. ਦਾ ਸਾਰਾ ਪ੍ਰਬੰਧ ਪੰਜਾਬ ਸਰਕਾਰ ਕੋਲ ਹੋਣਾ ਚਾਹੀਦਾ ਹੈ। ਅਸੀਂ ਗੱਲ ਕੀਤੀ ਸੀ, ਜਦੋਂ ਭਾਖੜਾ ਡੈਮ ਦੇ ਪਾਣੀ ਦੀ ਗੱਲ ਸੀ, ਜਦੋਂ ਭਾਖੜਾ ਡੈਮ ਦਾ ਪਾਣੀ 1660 ਫੁੱਟ ’ਤੇ ਆਇਆ ਤਾਂ ਅਸੀਂ ਇਨ੍ਹਾਂ ਨੂੰ ਬੇਨਤੀ ਕੀਤੀ ਕਿ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਜਾਵੇ ਪਰ ਇਨ੍ਹਾਂ ਨੇ ਕਿਹਾ ਕਿ ਨਹੀਂ ਜੀ, ਅਸੀਂ ਤਾਂ 1665 ਫੁੱਟ ’ਤੇ ਛੱਡਣਾ ਹੈ। ਸੋ, ਇਸ ਤਰ੍ਹਾਂ ਦੇ ਹਾਲਾਤ ਸਨ ਜਿਨ੍ਹਾਂ ਦਾ ਮੌਕੇ ਮੁਤਾਬਿਕ ਫੈਸਲਾ ਲੈਣਾ ਪੈਂਦਾ ਹੈ ਪਰ ਇਨ੍ਹਾਂ ਨੇ ਕੋਈ ਫੈਸਲਾ ਇਸ ਤਰੀਕੇ ਨਾਲ ਨਹੀਂ ਲੈਣ ਦਿੱਤਾ ਕਿ ਅਸੀਂ ਪੰਜਾਬ ਅਤੇ ਲੋਕਾਂ ਨੂੰ ਬਚਾਉਣ ਲਈ ਇਮੀਜੀਏਟ ਫੈਸਲੇ ਕਰ ਸਕੀਏ, ਉਹ ਮੈਂ ਕਹਿ ਸਕਦਾ ਹਾਂ ਕਿ ਬੀ.ਬੀ.ਐੱਮ.ਬੀ. ਦੀ ਜ਼ਿੱਦ ਕਰਕੇ ਜਾਂ ਬੀ.ਬੀ.ਐੱਮ.ਬੀ. ਦੀਆਂ ਮੀਟਿੰਗਾਂ ਨਾ ਹੋਣ ਕਰਕੇ ਸਾਨੂੰ ਕਿਸੇ ਪਾਸੇ ਕੁਝ ਨਹੀਂ ਕਰਨ ਦਿੱਤਾ ਗਿਆ।

ਦੂਜੀ ਗੱਲ, ਜਿਹੜਾ ਬਿਆਸ ਦਰਿਆ ਹੈ, ਹੁਣ ਡੀ-ਸਿਲਟਿੰਗ ਦੀ ਗੱਲ ਵੀ ਚੱਲਦੀ ਹੈ ਕਿ ਉੱਥੇ ਡੀ-ਸਿਲਟਿੰਗ ਨਹੀਂ ਹੋਈ, ਉੱਥੇ ਇਸ ਤਰੀਕੇ ਨਾਲ ਨਹੀਂ ਹੋਇਆ। ਸਰ, ਜਿਹੜੀ ਬਿਆਸ ਦਰਿਆ ਦੀ ਰਾਮਸਰ ਸਾਈਟ ਹੈ, ਉਸ ਨੂੰ ਸਾਲ 2017 ਵਿੱਚ ਵਾਈਲਡਲਾਈਫ ਡਿਕਲੇਅਰ ਕਰ ਦਿੱਤਾ ਗਿਆ ਸੀ। ਹਾਲੇ ਤੱਕ ਇਹ ਸਮਝ ਨਹੀਂ ਆਈ ਕਿ ਇਸ ਨੂੰ ਵਾਈਲਡਲਾਈਫ ਡਿਕਲੇਅਰ ਕਰਨ ਦੀ ਕੀ ਜ਼ਰੂਰਤ ਪੈ ਗਈ ਸੀ? ਇਸ ਲਈ ਮਤਾ ਕਿਉਂ ਲਿਆਂਦਾ ਗਿਆ? ਪਤਾ ਨਹੀਂ ਕੀ ਮਜਬੂਰੀ ਸੀ? ਇਹ ਤਾਂ ਪਿਛਲੀਆਂ ਸਰਕਾਰਾਂ ਹੀ ਦੱਸ ਸਕਦੀਆਂ ਹਨ ਜਾਂ ਪਿਛਲੀਆਂ ਸਰਕਾਰਾਂ ਦੇ ਨੁਮਾਇੰਦੇ ਦੱਸ ਸਕਦੇ ਹਨ। ਸਰ, ਜੇਕਰ ਬਿਆਸ ਦਰਿਆ ਵਿੱਚੋਂ ਇੱਕ ਚਮਚਾ ਰੇਤਾ ਵੀ ਚੁੱਕਣਾ ਹੈ ਤਾਂ ਉਸ ਦੀ ਪਰਮਿਸ਼ਨ ਦਿੱਲੀ ਤੋਂ ਲੈਣੀ ਪੈਂਦੀ ਹੈ। ਅਸੀਂ ਬਿਆਸ ਦਰਿਆ ਵਿੱਚ ਕੁਝ ਨਹੀਂ ਕਰ ਸਕਦੇ। ਜਿੱਥੋਂ ਬਿਆਸ ਦਰਿਆ ਚੱਲਦਾ ਹੈ, ਉੱਥੇ ਤੋਂ ਲੈ ਕੇ ਹਰੀਕੇ ਪੱਤਣ ਤੱਕ ਸਾਰੇ ਦਾ ਸਾਰਾ ਰਾਮਸਰ ਸਾਈਟ ਨੂੰ ਵਾਈਲਡਲਾਈਫ ਡਿਕਲੇਅਰ ਕੀਤਾ ਹੋਇਆ ਹੈ। ਇਹ ਡਿਕਲੇਅਰ ਕਰਨੀ ਨਹੀਂ ਬਣਦੀ ਸੀ। ਸਭ ਤੋਂ ਵੱਡੀ ਗੱਲ ਇਹ ਹੋਈ ਕਿ ਇਰੀਗੇਸ਼ਨ ਵਿਭਾਗ ਦੀ ਇਸ ਵਿੱਚ ਕੋਈ ਸਲਾਹ ਨਹੀਂ ਲਈ ਗਈ। ਸਰ, ਕੋਈ ਕੰਸੈਂਟ ਨਹੀਂ ਲਈ ਗਈ ਅਤੇ ਚੁੱਕ ਕੇ ਸਿੱਧੇ ਦਾ ਸਿੱਧਾ ਰਾਮਸਰ ਸਾਈਟ ਨੂੰ ਵਾਈਲਡਲਾਈਫ ਡਿਕਲੇਅਰ ਕਰਵਾ ਦਿੱਤਾ ਗਿਆ। ਸੋ, ਇਸ ਕਰਕੇ ਅਸੀਂ ਨਾ ਉੱਥੇ ਡੀ-ਸਿਲਟਿੰਗ ਕਰ ਸਕਦੇ ਹਾਂ ਅਤੇ ਨਾ ਹੀ ਮਾਈਨਿੰਗ ਕਰ ਸਕਦੇ ਹਾਂ। ਉਥੇ ਕਿਸੇ ਕਿਸਮ ਦੀ ਕਾਰਵਾਈ ਕਰਨੀ ਪੰਜਾਬ ਸਰਕਾਰ ਦੇ ਅਧੀਨ ਨਹੀਂ ਹੈ।

ਸਪੀਕਰ ਸਾਹਿਬ, ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਲਈ ਜਿਹੜੇ ਕੰਮ ਕਰਨੇ ਸਨ, ਉਹ ਸਭ ਪਹਿਲਾਂ ਹੀ ਕੀਤੇ ਗਏ ਸਨ, ਜਿਸ ਕਾਰਨ ਧੁੱਸੀ ਬੰਨ੍ਹ ਕਿਤੇ ਵੀ ਨਹੀਂ ਟੁੱਟੇ। ਹੁਣ ਜਦੋਂ ਪਾਣੀ ਓਵਰ ਫਲੋਅ ਹੋ ਗਿਆ ਸੀ ਤਾਂ ਸਿਰਫ ਅੰਦਰੂਨੀ ਬੰਨ੍ਹ ਹੀ ਟੁੱਟੇ ਸਨ। ਸਤਲੁਜ ਅਤੇ ਬਿਆਸ ਦੇ ਕੋਈ ਬੰਨ੍ਹ ਨਹੀਂ ਟੁੱਟੇ। ਜੇਕਰ ਘੱਗਰ ਦਰਿਆ ਦੀ ਗੱਲ ਕਰਾਂ ਤਾਂ ਘੱਗਰ ਦਰਿਆ ਦਾ ਇਸ ਵੇਲੇ ਕੋਈ ਨੁਕਸਾਨ ਨਹੀਂ ਹੋਇਆ ਕਿਉਂਕਿ ਸਾਲ 2023 ਤੋਂ ਬਾਅਦ ਕਾਫੀ ਕੰਮ ਕਰਵਾਏ ਗਏ ਸਨ। ਘੱਗਰ ਦਰਿਆ ਜਿਹੜਾ ਪੰਜਾਬ ਦਾ ਚੌਥਾ ਦਰਿਆ ਹੈ, ਉਸ ਦਾ ਐਤਕੀਂ ਕੋਈ ਨੁਕਸਾਨ ਨਹੀਂ ਹੋਇਆ ਹੈ। ਸਾਨੂੰ ਇਸ ਚੀਜ਼ ਦੀ ਵੀ ਹੈਰਾਨੀ ਹੈ ਕਿ ਜਿਹੜੀ ਹਾਂਸੀ ਬੁਟਾਣਾ ਨਹਿਰ ਬਣਾਈ ਗਈ ਸੀ, ਉਹ ਇੱਕ ਦਿਨ ਵਿੱਚ ਤਾਂ ਨਹੀਂ ਬਣਾਈ ਗਈ ਸੀ। ਹਾਂਸੀ ਬੁਟਾਣਾ ਨਹਿਰ ਕਰਕੇ ਪਟਿਆਲਾ ਜ਼ਿਲ੍ਹੇ ਦੇ 40 ਪਿੰਡ ਘੱਗਰ ਦਰਿਆ ਦੀ ਮਾਰ ਹੇਠ ਆ ਜਾਂਦੇ ਸਨ। ਉਸ ਹਾਂਸੀ ਬੁਟਾਣਾ ਨਹਿਰ ਦੀ ਇਜਾਜ਼ਤ ਕਿਵੇਂ ਦਿੱਤੀ ਗਈ ? ਉਸ ਤੇ ਹੁਣ ਸਟੇਅ ਹੋਈ ਹੈ ਪਰ ਕੇਸ ਦੁਬਾਰਾ ਚੱਲ ਗਿਆ ਹੈ। ਸੋ, ਉਸ ਕਰਕੇ ਸਾਡੀ ਵੱਡੀ ਬਰਬਾਦੀ ਹੁੰਦੀ ਸੀ ਪਰੰਤੂ ਹੁਣ 2023 ਤੋਂ ਸਬਕ ਲੈ ਕੇ ਪੰਜਾਬ ਸਰਕਾਰ ਨੇ ਕਾਫ਼ੀ ਕੰਮ ਕੀਤੇ ਹਨ, ਜਿਸ ਦੀ ਵੱਡੀ ਉਦਾਹਰਣ ਸਾਡੇ ਹਲਕੇ ਲਹਿਰਾ ਦੀ ਹੈ। ਸਾਡੇ ਹਲਕੇ ਲਹਿਰੇ ਵਿਖੇ ਘੱਗਰ ਦਰਿਆ ਪਿੱਛੋਂ 598 ਫੁੱਟ ਚੌੜਾ ਹੋ ਗਿਆ ਹੈ। ਸਾਰਾ ਚੈਨੇਲਾਈਜ਼ ਕਰ ਦਿੱਤਾ ਹੈ। ਖਨੌਰੀ ਤੋਂ ਮਕਰੌੜ ਤੱਕ 598 ਫੁੱਟ ਘੱਗਰ ਦਰਿਆ ਚੌੜਾ ਹੋਇਆ ਪਿਆ ਹੈ ਪਰ ਮਕਰੌੜ ਤੋਂ ਕੜੈਲ ਤੱਕ 198 ਫੁੱਟ ਚੌੜਾ ਹੈ, 598 ਫੁੱਟ ਦਾ ਪਾਣੀ 198 ਫੁੱਟ ਵਿੱਚ ਜਾਂਦਾ ਹੈ। ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਪੰਜਾਬ ਸਰਕਾਰ ਨੇ ਸਾਲ 2023 ਤੋਂ ਸਬਕ ਲੈ ਕੇ ਪਹਿਲਾਂ ਹੀ ਕੰਮ ਮੁਕੰਮਲ ਕਰ ਲਏ ਸਨ। ਮਕਰੌੜ ਤੋਂ ਕੜੈਲ ਤੱਕ 16-16 ਫੁੱਟ ਦੇ ਦੋਨੋਂ ਪਾਸੇ ਬੰਨ੍ਹ ਲਾਏ ਗਏ ਸਨ, ਜਿਸ ਕਰਕੇ ਪਾਣੀ ਦੀ ਮਾਰ ਤੋਂ ਬਚਾਅ ਹੋਇਆ ਹੈ। ਸਰ, 750 ਫੁੱਟ 3 ਇੰਚ ਜਿਹੜਾ ਖਨੌਰੀ ਦਾ ਗੇਜ਼ ਹੈ, ਜਦੋਂ ਸਾਲ 2023 ਵਿੱਚ ਪਾਣੀ ਆਇਆ ਸੀ ਤਾਂ 53 ਜਗ੍ਹਾ ਤੋਂ ਪਾੜ ਪੈ ਗਏ ਸਨ ਪਰ ਇਸ ਦਫਾ 750 ਫੁੱਟ 7 ਇੰਚ ਜਿਹੜਾ ਪਿਛਲੇ 50 ਸਾਲ ਦਾ ਇਤਿਹਾਸ ਹੈ, 750 ਫੁੱਟ 7 ਇੰਚ ਤੇ 9 ਦਿਨ ਘੱਗਰ ਦਾ ਪਾਣੀ stable ਰਿਹਾ ਹੈ ਫਿਰ ਵੀ ਕਿਤੇ ਵੀ ਕੋਈ ਬ੍ਰੀਚ ਨਹੀਂ ਹੋਈ। ਇੱਥੇ ਸਾਡੇ

ਵਿਭਾਗ ਦੇ ਸਾਰੇ ਬੰਦਿਆਂ ਨੇ 24 ਘੰਟੇ ਪਹਿਰਾ ਦਿੱਤਾ, ਲੋਕਾਂ ਨੇ ਵੀ ਬਹੁਤ ਸਾਥ ਦਿੱਤਾ। ਬੰਨ੍ਹ ਬੰਨੇ ਹੋਣ ਕਰਕੇ ਉੱਥੇ ਕੋਈ ਬਰਬਾਦੀ ਨਹੀਂ ਹੋਈ। ਸਿਰਫ ਘੱਗਰ ਤੋਂ ਹੀ 400 ਕਰੋੜ ਰੁਪਏ ਦਾ ਨੁਕਸਾਨ ਹੋਣ ਤੋਂ ਬਚ ਗਿਆ। ਇਹ ਸਰਕਾਰ ਨੇ ਉੱਥੇ ਉਪਰਾਲਾ ਕਰਕੇ ਦਿੱਤਾ ਹੈ। ਸੋ, ਹੜ੍ਹ ਕਾਰਨ ਇਹ ਬਹੁਤ ਵੱਡੀ ਤ੍ਰਾਸਦੀ ਰਹੀ ਹੈ ਅਤੇ ਪੰਜਾਬ ਨੂੰ ਪਹਿਲੀ ਦਫਾ ਇੰਨੀ ਵੱਡੀ ਤ੍ਰਾਸਦੀ ਦਾ ਸਾਹਮਣਾ ਕਰਨਾ ਪਿਆ ਹੈ। ਜਦੋਂ ਏਨੀ ਵੱਡੀ ਤ੍ਰਾਸਦੀ ਹੁੰਦੀ ਹੈ ਤਾਂ ਸਾਰੀਆਂ ਨਿਗਾਹਾਂ ਸੈਂਟਰ ਗੌਰਮਿੰਟ ਉਤੇ ਹੁੰਦੀਆਂ ਹਨ ਕਿਉਂਕਿ ਉਥੇ ਸਾਡਾ ਫੈਡਰਲ ਸਿਸਟਮ, ਸੰਘੀ ਢਾਂਚਾ ਅਤੇ ਕੰਸਟੀਚਿਊਸ਼ਨਲ ਪ੍ਰੋਵੀਜ਼ਨਾਂ ਹਨ ਕਿ ਕੇਂਦਰ ਸਰਕਾਰ ਹਮੇਸ਼ਾ ਮਦਦ ਕਰਦੀ ਆਈ ਹੈ। ਕੇਂਦਰ ਸਰਕਾਰ ਨੇ ਜੋ ਮਦਦ ਕੀਤੀ, ਕੇਂਦਰ ਸਰਕਾਰ ਨੇ ਜੋ ਕੁਝ ਵੀ ਕੀਤਾ, ਉਹ ਵੀ ਸਭ ਦੇ ਸਾਹਮਣੇ ਹੈ। ਇਹ ਬਹੁਤ ਹੈਰਾਨੀ ਦੀ ਗੱਲ ਹੈ ਕਿ 25-26 ਤਾਰੀਖ ਨੂੰ ਹੜ੍ਹ ਆ ਗਏ ਸਨ ਅਤੇ ਉਸ ਤੋਂ ਬਾਅਦ ਸੈਂਟਰ ਦੇ ਆਗੂ ਸਾਹਿਬਾਨ ਵੀ ਇੱਥੇ ਆਉਂਦੇ ਰਹੇ। ਇਸ ਗੱਲ ਦੀ ਬਹੁਤ ਹੈਰਾਨੀ ਹੋਈ ਕਿ ਅੱਜ ਸਾਡੇ ਜ਼ਖਮ ਹੋਏ ਹਨ, ਅੱਜ ਜ਼ਖਮਾਂ ਤੇ ਮੱਲ੍ਹਮ ਲਗਾਉਣ ਦੀ ਲੋੜ ਹੈ ਅਤੇ ਜਿਹੜੇ ਆਗੂ ਸਾਹਿਬਾਨ ਆਏ, ਉਹ ਇੱਥੇ ਆ ਕੇ ਨਵੀਂ ਹੀ ਕਹਾਣੀ ਦੱਸ ਗਏ। ਉਹ ਕਹਿ ਗਏ ਕਿ ਮਾਈਨਿੰਗ ਜ਼ਿਆਦਾ ਹੋਣ ਕਰਕੇ ਫਲੱਡ ਆ ਗਏ। ਅਸੀਂ ਤਾਂ ਇਹ ਕਿਸੇ ਵੀ ਕਿਤਾਬ ਵਿੱਚ ਨਹੀਂ ਪੜ੍ਹਿਆ ਕਿ ਮਾਈਨਿੰਗ ਨਾਲ ਫਲੱਡ ਵੀ ਆ ਜਾਂਦੇ ਹਨ। ਕਿਤੇ ਕਿਹਾ ਗਿਆ ਕਿ ਇਹ ਮੈਨ-ਮੇਡ ਫਲੱਡ ਹਨ। ਅਸੀਂ ਅੱਜ ਤੱਕ ਇਹ ਵੀ ਕਿਸੇ ਕਿਤਾਬ ਵਿੱਚ ਨਹੀਂ ਪੜ੍ਹਿਆ ਕਿ ਲੋਕ ਵੀ ਫਲੱਡ ਲਿਆ ਸਕਦੇ ਹਨ, ਲੋਕ ਬਰਸਾਤ ਕਰਵਾ ਸਕਦੇ ਹਨ, ਲੋਕ ਹੜ੍ਹ ਲਿਆ ਸਕਦੇ ਹਨ, ਮਾਈਨਿੰਗ ਨਾਲ ਹੜ੍ਹ ਵੀ ਆ ਸਕਦੇ ਹਨ। ਇਨ੍ਹਾਂ ਆਗੂਆਂ ਨੇ ਪਤਾ ਨਹੀਂ ਕਿਹੜੀ ਡਿਕਸ਼ਨਰੀ ਵਿੱਚੋਂ ਸ਼ਬਦ ਕੱਢ ਕੇ ਲਿਆਂਦੇ ਹਨ। ਉਹ ਸਾਡੀ ਕੋਈ ਮਦਦ ਦੀ ਗੱਲ ਕਰਦੇ, ਸਾਡੇ ਜ਼ਖਮਾਂ ਤੇ ਮੱਲ੍ਹਮ ਲਗਾਉਣ ਦੀ ਗੱਲ ਕਰਦੇ, ਉਹ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਚਲੇ ਗਏ। ਜੇਕਰ ਉਨ੍ਹਾਂ ਨੇ ਕਿਤੇ ਮੈਨ-ਮੇਡ ਦਾ ਸ਼ਬਦ ਪੜ੍ਹਿਆ ਹੈ ਤਾਂ ਉਨ੍ਹਾਂ ਨੇ ਮੈਨ-ਸੇਵ ਦਾ ਵੀ ਸ਼ਬਦ ਪੜ੍ਹਿਆ ਹੋਣਾ। ਜੇਕਰ ਕੋਈ ਬੰਦਾ ਹੜ੍ਹ ਲਿਆ ਸਕਦਾ ਹੈ ਤਾਂ ਕੋਈ ਬੰਦਾ ਹੜ੍ਹ ਬਚਾ ਵੀ ਸਕਦਾ ਹੈ ਜਾਂ ਫਿਰ ਉਨ੍ਹਾਂ ਦੀ ਡਿਕਸ਼ਨਰੀ ਵਿੱਚ ਇਹ ਸਭ ਹੋਵੇਗਾ ਕਿ ਅਸੀਂ ਮੈਨ-ਮੇਡ ਫਲੱਡ ਵਾਲੇ ਹੋ ਗਏ ਅਤੇ ਉਹ ਬਚਾਉਣ ਵਾਲੇ ਹੋ ਗਏ। ਉਸ ਦਾ ਵੀ ਉਹ ਕੋਈ ਜ਼ਿਕਰ ਕਰ ਲੈਂਦੇ। ਉਨ੍ਹਾਂ ਨੇ ਅਜਿਹਾ ਕੋਈ ਵੀ ਜ਼ਿਕਰ ਨਹੀਂ ਕੀਤਾ। ਸੋ, ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਗਈਆਂ, ਜਿਨ੍ਹਾਂ ਗੱਲਾਂ ਦੀ ਸਾਨੂੰ ਤਕਲੀਫ ਹੈ। ਮੈਂ ਇੱਥੇ ਅੱਜ ਕੋਈ ਵੀ ਅਜਿਹੀ ਗੱਲ ਨਹੀਂ ਕਰਨੀ ਚਾਹੁੰਦਾ। ਇਹ ਸਭ ਦਾ ਸਾਂਝਾ ਮਸਲਾ ਹੈ ਅਤੇ ਇਹ ਪੰਜਾਬ ਦਾ ਮਸਲਾ ਹੈ। ਅਸੀਂ ਸਾਰੇ ਪਹਿਲਾਂ ਪੰਜਾਬੀ ਹਾਂ। ਇਹ ਬਹੁਤ ਦੁੱਖ ਦੀ ਗੱਲ ਹੈ ਕਿ ਉਹ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਚਲੇ ਗਏ। ਇੱਥੇ ਬਹੁਤ ਮੰਤਰੀ ਆਏ, ਜੀ ਸਦਕੇ ਆਉਣ, ਸਾਡੇ ਦੁੱਖ ਵੰਡਾਉਣ ਆਉਣ ਪਰ ਜਦੋਂ ਉਨ੍ਹਾਂ ਵੱਲੋਂ ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਗਈਆਂ ਤਾਂ ਬਹੁਤ ਦੁੱਖ ਲੱਗਾ। ਮੋਦੀ ਸਾਹਿਬ 9 ਤਾਰੀਖ, ਭਾਵ 9 ਸਤੰਬਰ ਨੂੰ ਆਏ। ਹੜ੍ਹ ਤਾਂ 25 ਅਗਸਤ ਨੂੰ ਆਏ ਸਨ। ਚਲੋ, ਪ੍ਰਧਾਨ ਮੰਤਰੀ ਜੀ ਹਨ, ਬਹੁਤ ਮਜਬੂਰੀਆਂ ਹੋਣਗੀਆਂ, ਕੰਮ-ਕਾਰ ਹੋਰ ਬਹੁਤ ਹਨ। ਪੰਜਾਬ ਵਿੱਚ ਉਹ ਬਹੁਤ ਲੇਟ ਆਏ ਪਰ ਉਨ੍ਹਾਂ ਵੱਲੋਂ ਕੋਈ ਵੀ ਟਵੀਟ ਨਹੀਂ ਕੀਤਾ ਗਿਆ। ਪੰਜਾਬ ਲਈ ਹਮਦਰਦੀ ਦੇ ਕੋਈ ਦੋ ਸ਼ਬਦ ਨਹੀਂ ਹਨ। ਅੱਜ ਪੂਰਾ ਪੰਜਾਬ ਡੁੱਬਿਆ ਹੋਇਆ ਸੀ। ਪੂਰੇ ਪੰਜਾਬ ਨੂੰ ਮਦਦ ਦੀ ਲੋੜ ਸੀ ਪਰ ਕੀ ਕਿਹਾ ਗਿਆ ਕਿ ਪੰਜਾਬ ਵਿੱਚ ਸੈਂਟਰ ਦੀਆਂ ਟੀਮਾਂ ਜਾਣਗੀਆਂ। ਸੈਂਟਰ ਦੀਆਂ ਟੀਮਾਂ ਸਰਵੇ ਕਰਨਗੀਆਂ। ਹੁਣ ਪਤਾ ਨਹੀਂ ਸੈਂਟਰ ਦੀਆਂ ਟੀਮਾਂ ਕੋਲ ਕਿਹੜੇ ਬੈਰੋਮੀਟਰ ਜਾਂ ਥਰਮਾਮੀਟਰ ਹਨ, ਜਿਨ੍ਹਾਂ ਨਾਲ ਉਨ੍ਹਾਂ ਨੇ ਸਰਵੇ ਕਰਨਾ ਸੀ। ਦੁਨੀਆ ਨੂੰ ਪਤਾ ਸੀ, ਪੂਰੇ ਦੇਸ਼ ਨੂੰ ਪਤਾ ਸੀ, ਸਾਰੇ ਚੈਨਲਾਂ ਨੇ ਸਾਰੀ ਮੀਡੀਆ ਨੇ ਦਿਖਾ ਦਿੱਤਾ ਕਿ ਸਾਰਾ ਪੰਜਾਬ ਡੁੱਬਿਆ ਪਿਆ ਹੈ ਪਰ ਸੈਂਟਰ ਵਾਲੇ ਕਹਿੰਦੇ ਕਿ ਸਾਡੀਆਂ ਟੀਮਾਂ ਆਉਣਗੀਆਂ। ਉਨ੍ਹਾਂ ਦਾ ਪਤਾ ਨਹੀਂ ਕੀ ਸਿਸਟਮ ਹੈ। ਚਲੋ, ਅਸੀਂ ਉਹ ਵੀ ਮੰਨ ਲਿਆ ਕਿ ਠੀਕ ਹੈ, ਜੋ ਕੁਝ ਉਹ ਕਹੀ ਜਾਂਦੇ ਹਨ। ਫਿਰ ਮੋਦੀ ਸਾਹਿਬ ਆਪਣੀਆਂ

ਟੀਮਾਂ ਤੋਂ ਬਾਅਦ ਆਏ। ਉਨ੍ਹਾਂ ਟੀਮਾਂ ਨੇ ਸਾਡੇ ਪੰਜਾਬ ਦੀਆਂ ਟੀਮਾਂ ਨਾਲ ਸਰਵੇ ਕੀਤਾ ਕਿ 13,900 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਪੰਜਾਬ ਨੇ 20,000 ਕਰੋੜ ਰੁਪਏ ਦੀ ਮੰਗ ਰੱਖੀ ਕਿਉਂਕਿ ਪੰਜਾਬ ਨੂੰ ਪਹਿਲੀ ਵਾਰ ਲੋੜ ਪਈ ਸੀ। ਪੰਜਾਬ ਦੀ ਕਿਸਾਨੀ ਨੂੰ ਪਹਿਲੀ ਵਾਰ ਲੋੜ ਪਈ ਸੀ, ਨਹੀਂ ਤਾਂ ਪੰਜਾਬ ਦੀ ਕਿਸਾਨੀ ਨੇ ਪੂਰੇ ਦੇਸ਼ ਨੂੰ ਹਮੇਸ਼ਾ ਦਿੱਤਾ ਹੀ ਹੈ। ਪੰਜਾਬ ਦੀ ਕਿਸਾਨੀ ਨੇ, ਪੰਜਾਬ ਦੇ ਮਜ਼ਦੂਰ ਨੇ ਪੂਰੇ ਦੇਸ਼ ਦਾ ਢਿੱਡ ਭਰਿਆ ਹੈ। ਉਨ੍ਹਾਂ ਨੇ ਆਪਣਾ ਸਾਰਾ ਕੁਝ ਗਵਾ ਲਿਆ। ਭਾਵੇਂ ਦੇਸ਼ ਦੀ ਅਜ਼ਾਦੀ ਦੀ ਗੱਲ ਹੋਵੇ, ਭਾਵੇਂ ਦੇਸ਼ ਦੀ ਅਜ਼ਾਦੀ ਤੋਂ ਬਾਅਦ ਦੇਸ਼ ਦਾ ਢਿੱਡ ਭਰਨ ਦੀ ਗੱਲ ਹੋਵੇ, ਭਾਵੇਂ ਹਿੰਦੁਸਤਾਨ ਅਤੇ ਪਾਕਿਸਤਾਨ ਦੀਆਂ ਜੰਗਾਂ ਦੀ ਗੱਲ ਹੋਵੇ, ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਇਆ ਹੈ ਲੇਕਿਨ ਪੰਜਾਬ ਹਿੱਕ ਡਾਹ ਕੇ ਖੜ੍ਹਦਾ ਰਿਹਾ ਹੈ। ਜਦੋਂ 30,000 ਕਰੋੜ ਰੁਪਏ ਦੀ ਗੱਲ ਸੀ, ਪੰਜਾਬ ਤੇ ਅੱਤਵਾਦ ਦਾ ਸਮਾਂ ਆਇਆ ਸੀ, ਸਾਡੇ ਪੰਜਾਬ ਦਾ 25,000 ਬੰਦਾ ਸ਼ਹੀਦ ਹੋ ਗਿਆ, ਅੱਤਵਾਦ ਦੀ ਭੇਟ ਚੜ੍ਹ ਗਿਆ ਸੀ ਪਰ ਜਿਹੜਾ ਇਹ 30,000 ਕਰੋੜ ਰੁਪਿਆ ਸੀ, ਉਹ ਵੀ ਸੈਂਟਰ ਨੇ ਸਾਡੇ ਪੰਜਾਬ ਦੇ ਉੱਤੇ ਹੀ ਪਾ ਦਿੱਤਾ। ਅਸੀਂ ਉਹ ਵੀ ਝੱਲ ਲਿਆ ਕਿਉਂਕਿ ਪੰਜਾਬ ਦੇ ਲੋਕ ਤਾਂ ਸੀ ਨਹੀਂ ਕਰਦੇ, ਅਸੀਂ ਤਾਂ ਝੱਲਣ ਵਾਲੇ ਹਾਂ। ਅੱਜ ਪਹਿਲੀ ਵਾਰ ਪੰਜਾਬ ਦੇ ਲੋਕਾਂ ਨੂੰ, ਪੰਜਾਬ ਦੀ ਕਿਸਾਨੀ ਨੂੰ, ਪੰਜਾਬ ਦੇ ਮਜ਼ਦੂਰ ਨੂੰ ਲੋੜ ਪਈ ਸੀ ਕਿ ਉਨ੍ਹਾਂ ਦੀ ਬਾਂਹ ਫੜੀ ਜਾਂਦੀ ਪਰ ਹੋਇਆ ਕੀ ਕਿ 20,000 ਕਰੋੜ ਰੁਪਏ ਦੀ ਡਿਮਾਂਡ ਤੇ 1600 ਕਰੋੜ ਰੁਪਏ ਦੇ ਗਏ ਹਨ। ਇਸ ਗੱਲ ਦਾ ਦੁੱਖ ਹੈ ਕਿ 1600 ਕਰੋੜ ਰੁਪਏ ਦੇ ਗਏ, ਉਹ ਤਾਂ ਵੈਸੇ ਵੀ ਆਉਣਾ ਸੀ, ਇਸ ਬਾਰੇ ਸਾਡੇ ਵਿੱਤ ਮੰਤਰੀ ਸਾਹਿਬ ਸਾਰੀ ਗੱਲ ਦੱਸਣਗੇ। ਇਹ ਪੈਸੇ ਸਾਨੂੰ ਵੈਸੇ ਵੀ ਆਉਂਦੇ ਹਨ ਪਰ ਪਤਾ ਨਹੀਂ ਉਹ ਕੀ ਗੱਲ ਕਰਕੇ ਗਏ ਹਨ। ਜੇ ਕਿਤੇ ਅਸੀਂ ਗੱਲ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸਾਡੇ ਮੰਤਰੀ ਸਾਹਿਬ ਨੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੇ ਗੱਲ ਹੀ ਨਹੀਂ ਕੀਤੀ, ਉਹ ਬਸ ਕਹਿ ਕੇ ਤੁਰ ਗਏ। ਇਸ ਤੋਂ ਵੱਧ ਦੁੱਖ ਦੀ ਗੱਲ ਇਹ ਹੈ ਕਿ ਸਾਡੇ ਲੋਕਲ ਆਗੂ ਸਾਹਿਬਾਨ ਉਸ ਦਿਨ ਤੋਂ ਬਾਅਦ ਜਦੋਂ ਤੋਂ ਪ੍ਰਧਾਨ ਮੰਤਰੀ ਸਾਹਿਬ ਇੱਥੋਂ ਹੋ ਕੇ ਗਏ ਹਨ, ਕਿਸੇ ਨੇ ਕੋਈ ਹੜ੍ਹਾਂ ਦੀ ਗੱਲ ਨਹੀਂ ਕੀਤੀ। ਹੜ੍ਹਾਂ ਦਾ ਜ਼ਿਕਰ ਹੀ ਭੁੱਲ ਗਏ, ਉਹ ਸਿਰਫ ਤੇ ਸਿਰਫ ਉਸ ਗੱਲ ਨੂੰ ਹੀ ਜਸਟੀਫਾਈ ਕਰਨ ਤੇ ਲੱਗੇ ਰਹੇ ਕਿ ਪ੍ਰਧਾਨ ਮੰਤਰੀ ਜੀ ਜੋ ਕਹਿ ਗਏ ਹਨ, ਉਹ ਠੀਕ ਕਹਿ ਗਏ ਹਨ। ਹਰੇਕ ਇੰਜੀਨੀਅਰ ਬਣ ਕੇ ਖੜ੍ਹ ਗਿਆ, ਕੋਈ ਕਿਸੇ ਡੈਮ ਦੀ ਗੱਲ ਕਰਦਾ ਹੈ, ਉੱਥੇ ਆਹ ਨੁਕਸਾਨ ਹੋ ਗਿਆ, ਉੱਥੇ ਆਹ ਨੁਕਸਾਨ ਹੋ ਗਿਆ। ਜੇ ਜੰਮੂ ਕਸ਼ਮੀਰ ਦੇ ਵਿੱਚ ਨੁਕਸਾਨ ਹੋਇਆ ਹੈ, ਉੱਤਰਾਖੰਡ ਵਿੱਚ ਨੁਕਸਾਨ ਹੋਇਆ, ਦੂਜੇ ਸੂਬਿਆਂ ਵਿੱਚ ਹੜ੍ਹ ਆਏ, ਉੱਥੇ ਤਾਂ ਸਰਦਾਰ ਭਗਵੰਤ ਮਾਨ ਜੀ ਦੀ ਸਰਕਾਰ ਨਹੀਂ ਸੀ। ਉੱਥੇ ਤਾਂ ਸਰਕਾਰਾਂ ਇਨ੍ਹਾਂ ਦੀਆਂ ਸਨ, ਉੱਥੇ ਹੜ੍ਹ ਕਿਉਂ ਆ ਗਏ? ਸੋ, ਹੜ੍ਹਾਂ ਤੇ ਕਿਸੇ ਦਾ ਕੋਈ ਜ਼ੋਰ ਨਹੀਂ ਹੈ। ਇਹ ਇੱਕ ਨੈਚੂਰਲ ਕੈਲੇਮਿਟੀ ਸੀ ਪਰ ਇਹ ਸਾਰੇ ਇਸ ਗੱਲ ਨੂੰ ਜਸਟੀਫਾਈ ਕਰਨ ਤੇ ਹੀ ਲੱਗੇ ਰਹੇ ਕਿ ਨਹੀਂ, ਇਹ ਠੀਕ ਹੈ। ਕਿਸੇ ਵੀ ਲੀਡਰ ਦਾ ਬਿਆਨ ਸੁਣ ਲਵੋ, ਚਾਹੇ ਵੱਡੇ ਤੋਂ ਵੱਡੇ ਦਾ ਬਿਆਨ ਸੁਣ ਲਵੋ ਤੇ ਚਾਹੇ ਛੋਟੇ ਤੋਂ ਛੋਟੇ ਦਾ ਬਿਆਨ ਸੁਣ ਲਵੋ। ਇਹ ਮਾਨਨੀਯ ਪ੍ਰਧਾਨ ਜੀ, ਜਿਹੜੇ ਕਿ ਦੋ ਦੋ ਪਾਰਟੀਆਂ ਦੇ ਪ੍ਰਧਾਨ ਰਹੇ, ਉਨ੍ਹਾਂ ਦੇ ਹਲਕੇ ਦੀ ਗੱਲ ਸੁਣ ਰਿਹਾ ਸੀ, ਮੈਂ ਉਨ੍ਹਾਂ ਦੀ ਪ੍ਰੈੱਸ ਕਾਨਫਰੰਸ ਸੁਣ ਰਿਹਾ ਸੀ। ਉੱਥੇ ਉਨ੍ਹਾਂ ਨੇ ਕਿਹਾ ਜਿਹੜੇ ਹਲਕੇ ਦੀ ਇਨ੍ਹਾਂ ਨੇ ਪ੍ਰਤੀਨਿਧਤਾ ਕੀਤੀ ਕਿ ਰਣਜੀਤ ਸਾਗਰ ਡੈਮ ਤੋਂ ਸ਼ਾਹਪੁਰ ਕੰਡੀ ਡੈਮ 15 ਕਿਲੋਮੀਟਰ ਹੈ ਤੇ ਸ਼ਾਹਪੁਰ ਕੰਡੀ ਤੋਂ ਮਾਧੋਪੁਰ 2 ਕਿਲੋਮੀਟਰ ਹੈ। ਉਨ੍ਹਾਂ ਨੂੰ ਲੰਬਾਈ ਦਾ ਹੀ ਨਹੀਂ ਪਤਾ ਕਿ ਕਿੰਨੀ ਹੈ, 8 ਕਿਲੋਮੀਟਰ ਉੱਥੇ ਤੇ 8 ਕਿਲੋਮੀਟਰ ਉੱਥੇ ਹੈ। ਉਹ ਸਾਰਾ ਦੋਸ਼ ਸਾਡੇ ਤੇ ਦਿੰਦੇ ਰਹੇ ਹਨ। ਉਨ੍ਹਾਂ ਦੇ ਨਾਲ ਸੈਂਟਰ ਦੇ ਵਜ਼ੀਰ ਸਾਹਿਬ, ਸਰਦਾਰ ਰਵਨੀਤ ਸਿੰਘ ਬਿੱਟੂ ਜੀ ਵੀ ਸਨ, ਬਿੱਟੂ ਸਾਹਿਬ ਦੀ ਗੱਲ ਮੈਂ ਤਾਂ ਨਹੀਂ ਕਰਦਾ ਕਿਉਂਕਿ ਉਨ੍ਹਾਂ ਨੇ ਤਾਂ ਰਾਜਸਥਾਨ ਦੀ ਗੱਲ ਵੀ ਕਰਨੀ ਹੈ, ਉਨ੍ਹਾਂ ਨੇ ਪੰਜਾਬ ਦੀ ਗੱਲ ਵੀ ਕਰਨੀ ਹੈ। ਹੁਣ ਪਤਾ ਨਹੀਂ ਵਿੱਚ-ਵਿਚਾਲਾ ਜਿਹਾ ਕਿਵੇਂ ਕਰ ਗਏ? ਉਹ ਤਾਂ ਚਲੋ ਆਪਣੀਆਂ ਗੱਲਾਂ ਕਰਦੇ ਹਨ ਪਰ ਹਰ ਕੋਈ ਨੇਤਾ

ਇਹੀ ਗੱਲ ਕਹਿੰਦਾ ਰਿਹਾ ਕਿ ਨਹੀਂ ਜੀ, ਇਹ 1600 ਕਰੋੜ ਰੁਪਿਆ ਬਹੁਤ ਹੈ। ਕੋਈ ਕਹੀ ਜਾਂਦਾ ਹੈ ਕਿ ਜਿਹੜਾ ਇਹ 1600 ਕਰੋੜ ਰੁਪਿਆ ਹੈ, ਇਹ ਤਾਂ ਫੌਰੀ ਰਾਹਤ ਹੈ। ਹੁਣ ਫੌਰੀ ਰਾਹਤ ਤਾਂ ਕਿਸੇ ਨੇ ਸੁਣੀ ਨਹੀਂ। ਜੇ ਕਿਸੇ ਬੰਦੇ ਨੂੰ 20,000 ਰੁਪਏ ਦੀ ਦਵਾਈ ਦੀ ਲੋੜ ਹੈ ਤੇ ਬੰਦਾ ਮਰਨ ਲੱਗਿਆ ਹੋਇਆ ਹੈ ਅਤੇ ਅਸੀਂ 1600 ਰੁਪਏ ਉਸ ਦੇ ਹੱਥ ਵਿੱਚ ਫੜਾ ਦੇਈਏ ਤਾਂ ਕੀ ਬੰਦਾ ਜਿਊਂਦਾ ਰਹੇਗਾ? ਇਹ 1600 ਕਰੋੜ ਰੁਪਏ ਦੀ ਗੱਲ ਕਰਕੇ ਗਏ ਤੇ ਸਾਡੇ ਲੋਕ ਇਸ ਨੂੰ ਜਸਟੀਫਾਈ ਹੀ ਕਰੀ ਜਾਂਦੇ ਹਨ ਕਿ ਨਹੀਂ ਜੀ, ਠੀਕ ਹੋ ਗਿਆ, ਠੀਕ ਹੋ ਗਿਆ। ਸੋ, ਇਹ ਬੜੇ ਦੁੱਖ ਦੀ ਗੱਲ ਹੈ। ਮੈਂ ਅੱਜ ਇਹ ਵੀ ਕਹਿ ਸਕਦਾ ਹਾਂ ਕਿ ਅੱਜ ਕੇਂਦਰ ਸਰਕਾਰ ਕੋਲ ਆਪਣੀਆਂ ਗਲਤੀਆਂ ਨੂੰ ਸੁਧਾਰਨ ਦਾ ਸਮਾਂ ਹੈ। ਚਾਹੇ ਕੇਂਦਰ ਵਿੱਚ ਸਰਕਾਰਾਂ ਕਿਸੇ ਦੀਆਂ ਵੀ ਰਹੀਆਂ ਹੋਣ ਪਰ ਪੰਜਾਬ ਨਾਲ ਹਮੇਸ਼ਾ ਹੀ ਧੱਕਾ ਹੋਇਆ ਹੈ। ਪੰਜਾਬ ਦੇ ਨਾਲ ਬੇਇਨਸਾਫੀ ਹੋਈ ਹੈ। ਇਹੀ ਦਰਿਆ ਜਿਨ੍ਹਾਂ ਦਾ ਪਾਣੀ ਨਾਨ ਰਿਪੇਰੀਅਨ ਸਟੇਟਾਂ ਨੂੰ ਦਿੱਤਾ ਗਿਆ, ਬਿਨਾਂ ਕਿਸੇ ਮਤਲਬ ਤੋਂ ਦਿੱਤਾ ਗਿਆ। ਉੱਥੇ ਜਦੋਂ ਨਾਨ ਰਿਪੇਰੀਅਨ ਸਟੇਟਸ ਨੂੰ ਪਾਣੀ ਦਿੱਤਾ ਹੈ ਤਾਂ ਇਹ ਕਲਾਜ਼ ਤਾਂ ਘੱਟੋ ਘੱਟ ਪਾ ਦਿੰਦੇ ਕਿ ਜੇ ਦਰਿਆਵਾਂ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਉਹ ਸਟੇਟਾਂ ਵੀ ਹਿੱਸੇਦਾਰ ਹੋਣਗੀਆਂ। ਉਨ੍ਹਾਂ ਦੀ ਕੋਈ ਗੱਲ ਹੀ ਨਹੀਂ ਕੀਤੀ। ਹਰਿਆਣਾ ਰਾਜ ਨੇ ਵੀ ਲਿਖ ਕੇ ਦੇ ਦਿੱਤਾ, ਰਾਜਸਥਾਨ ਨੇ ਵੀ ਲਿਖ ਕੇ ਦੇ ਦਿੱਤਾ ਕਿ ਸਾਨੂੰ ਕੋਈ ਪਾਣੀ ਦੀ ਲੋੜ ਨਹੀਂ। ਸੋ, ਮਰਨ ਨੂੰ ਤਾਂ ਅਸੀਂ ਹੋ ਗਏ ਤੇ ਜਦੋਂ ਪਾਣੀ ਦੀ ਵੰਡ ਦੀ ਗੱਲ ਆਉਂਦੀ ਹੈ, ਉਦੋਂ ਸਾਰੇ ਹੀ ਆਉਣਗੇ। ਜਿਵੇਂ ਕਹਿੰਦੇ ਹਨ ਕਿ 'ਖਾਣ ਪੀਣ ਨੂੰ ਡੂਮਣੀ ਤੇ ਡੰਡੇ ਖਾਣ ਨੂੰ ਰਿੱਛ' ਇਹ ਤਾਂ ਸਾਡੇ ਪੰਜਾਬ ਦਾ ਹਾਲ ਹੋਇਆ ਪਿਆ ਹੈ। ਸੋ, ਇਨ੍ਹਾਂ ਕੋਲ ਅੱਜ ਉਸ ਗਲਤੀ ਨੂੰ ਸੁਧਾਰਨ ਦਾ ਮੌਕਾ ਹੈ। ਅੱਜ ਉਸ ਗਲਤੀ ਨੂੰ ਕੇਂਦਰ ਸਰਕਾਰ ਸੁਧਾਰੇ। ਜਿਹੜੀਆਂ ਸਾਡੇ ਪੰਜਾਬ ਨਾਲ ਬੇਇਨਸਾਫੀਆਂ ਹੋਈਆਂ ਹਨ, ਕਿਉਂਕਿ ਪੰਜਾਬ ਨੇ ਕਦੇ ਵੀ ਮੰਗ ਨਹੀਂ ਕੀਤੀ, ਪੰਜਾਬ ਨੂੰ ਕਦੇ ਜ਼ਰੂਰਤ ਨਹੀਂ ਪਈ। ਅੱਜ ਉਸ ਗਲਤੀ ਨੂੰ ਸੁਧਾਰ ਕੇ ਜੋ ਪੰਜਾਬ ਦਾ ਪੂਰਾ ਨੁਕਸਾਨ ਹੋਇਆ ਹੈ, ਉਸ ਲਈ ਖੁੱਲ੍ਹੇ ਦਿਲ ਨਾਲ ਅੱਗੇ ਆਉਣਾ ਚਾਹੀਦਾ ਹੈ। ਜਿਹੜਾ ਪੈਸਾ ਦੂਜੀਆਂ ਕੰਟਰੀਜ਼ ਨੂੰ ਦੇ ਰਹੇ ਹਨ, ਉਸ ਤੇ ਸਾਨੂੰ ਕੋਈ ਇਤਰਾਜ਼ ਨਹੀਂ ਹੈ ਪਰ ਸਾਨੂੰ ਦੁੱਖ ਜ਼ਰੂਰ ਹੁੰਦਾ ਹੈ ਕਿ ਦੂਜੇ ਦੇਸ਼ਾਂ ਨੂੰ ਤਾਂ ਅਸੀਂ ਫੰਡ ਦੇ ਰਹੇ ਹਾਂ। ਉਸ ਤੋਂ ਦੋ ਦਿਨਾਂ ਬਾਅਦ ਪ੍ਰਧਾਨ ਮੰਤਰੀ ਜੀ ਕਿਸੇ ਛੋਟੀ ਜਿਹੀ ਸਟੇਟ ਵਿੱਚ ਗਏ ਤੇ ਉੱਥੇ 7000 ਕਰੋੜ ਰੁਪਏ ਦਾ ਤੋਹਫਾ ਦੇ ਆਏ। ਇਹ ਤੋਹਫੇ ਦੇਣ ਪਰ ਮੈਂ ਸਮਝਦਾ ਹਾਂ ਕਿ ਤੋਹਫਾ ਕੋਈ ਚੀਜ਼ ਨਹੀਂ ਹੈ। ਇਹ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਹੈ। ਇਹ ਲੋਕਾਂ ਦਾ ਪੈਸਾ ਹੈ। ਲੋਕਾਂ ਦਾ ਪੈਸਾ ਲੋਕਾਂ ਉੱਤੇ ਖਰਚ ਹੋਣਾ ਚਾਹੀਦਾ ਹੈ। ਇਹ ਗਲਤੀ ਕੇਂਦਰ ਸਰਕਾਰ ਨੂੰ ਸੁਧਾਰਨੀ ਚਾਹੀਦੀ ਹੈ। ਇਸ ਗੱਲ ਦੀ ਹੈਰਾਨੀ ਹੈ ਕਿ ਪੀ.ਐਮ. ਸਾਹਿਬ ਸਾਡੇ ਮੁੱਖ ਮੰਤਰੀ ਸਾਹਿਬ ਨੂੰ ਮਿਲਣ ਦਾ ਸਮਾਂ ਨਹੀਂ ਦੇ ਰਹੇ। ਅੱਜ ਜਦੋਂ ਪੰਜਾਬ ਸਭ ਤੋਂ ਵੱਧ ਇਫੈਕਟਿਵ ਹੈ, ਪੰਜਾਬ ਵਿੱਚ ਸਭ ਤੋਂ ਵੱਡੀ ਤ੍ਰਾਸਦੀ ਆਈ ਹੋਈ ਹੈ ਤਾਂ ਮੁੱਖ ਮੰਤਰੀ ਸਾਹਿਬ ਨੂੰ ਮਿਲਣ ਦਾ ਸਮਾਂ ਨਹੀਂ ਦੇ ਰਹੇ। ਉਹ ਦੂਜੀਆਂ ਸਟੇਟਾਂ ਵਿੱਚ ਜਾ ਰਹੇ ਹਨ। ਸੋ, ਇਸ ਤੋਂ ਵੱਡਾ ਮਜ਼ਾਕ ਪੰਜਾਬ ਨਾਲ ਕੀ ਹੋ ਸਕਦਾ ਹੈ? ਸਾਨੂੰ ਬੇਗਾਨਗੀ ਦਾ ਅਹਿਸਾਸ ਕਰਵਾ ਰਹੇ ਹਨ। ਬਾਕੀ ਕੰਮਾਂ ਦੇ ਪੈਸੇ ਰੋਕ ਲਵੋ, ਉਹ ਗੱਲ ਤਾਂ ਅਲੱਗ ਹੋ ਗਈ। ਸਾਨੂੰ ਉਹ ਪੈਸੇ ਹੀ ਦੇ ਜਾਂਦੇ ਜਿਹੜੇ ਅਨਾਊਂਸ ਕੀਤੇ ਸਨ। ਸੋ, ਇਹ ਬਹੁਤ ਵੱਡੇ ਦੁੱਖ ਦੀ ਗੱਲ ਹੈ ਕਿ ਸਾਡੇ ਪੰਜਾਬ ਨੂੰ ਇਨ੍ਹਾਂ ਨੇ ਬੇਗਾਨਾ ਸਮਝ ਕੇ ਇਸ ਦੇ ਉੱਤੇ ਸਾਡੇ ਨਾਲ ਜ਼ਿਆਦਤੀ ਕੀਤੀ ਹੈ। ਫੈਡਰਲ ਸਿਸਟਮ ਨੂੰ ਨੁਕਸਾਨ ਪਹੁੰਚਾਇਆ ਹੈ ਅਤੇ ਜਿਹੜਾ ਕੰਸਟੀਚਿਊਸ਼ਨ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਬਣਾਇਆ ਹੋਇਆ ਸੀ, ਮੈਂ ਸਮਝਦਾ ਹਾਂ ਕਿ ਉਹ ਕੰਸਟੀਚਿਊਸ਼ਨ ਦਾ ਵੀ ਅਪਮਾਨ ਕਰ ਰਹੇ ਹਨ। ਹਰ ਗੱਲ ਦੀ ਵਾਹ-ਵਾਹ ਖੱਟ ਰਹੇ ਹਨ।

ਮੈਂ ਜਿਵੇਂ ਜ਼ਿਕਰ ਕਰ ਰਿਹਾ ਸੀ, ਆਪਰੇਸ਼ਨ ਸਿੰਧੂਰ ਦੀ ਗੱਲ ਸੀ। ਆਪਰੇਸ਼ਨ ਸਿੰਧੂਰ ਦੀ ਵਾਹ-ਵਾਹ ਖੱਟੀ ਜਾ ਰਹੀ ਹੈ ਪਰ ਜੰਗ ਦੌਰਾਨ ਡਰੋਨ ਕਿੱਥੇ ਡਿੱਗੇ ਸੀ? ਡਰੋਨ ਪੰਜਾਬ ਵਿੱਚ ਡਿੱਗੇ ਸੀ। ਜੇ ਕਿਤੇ ਲੜਾਈਆਂ ਹੁੰਦੀਆਂ ਹਨ ਤਾਂ ਪੰਜਾਬ ਮਰਦਾ ਹੈ। ਸੋ, ਇਸ ਕਰਕੇ ਇਹ ਪੰਜਾਬ ਦੇ ਨਾਲ ਬਹੁਤ ਵੱਡਾ ਧੱਕਾ ਹੈ। ਪੰਜਾਬ ਦੇ ਨਾਲ ਬਹੁਤ ਵੱਡੀ ਨਾ-ਇਨਸਾਫੀ ਹੈ। ਕੇਂਦਰ ਦੀ ਸਰਕਾਰ ਵੱਲੋਂ ਸਾਡੇ ਮੁੱਖ ਮੰਤਰੀ ਸਾਹਿਬ ਨੂੰ ਤੁਰੰਤ ਸਮਾਂ ਦੇਣਾ ਚਾਹੀਦਾ ਹੈ। ਇਹ ਵੱਡੀ ਤ੍ਰਾਸਦੀ ਜਿਹੜੀ ਦੁਨੀਆ ਵਿੱਚ ਕਿਤੇ ਨਹੀਂ ਦੇਖੀ ਗਈ। ਪੰਜਾਬ ਵਿੱਚ ਹੜ੍ਹਾਂ ਕਾਰਨ ਐਨੀ ਵੱਡੀ ਤ੍ਰਾਸਦੀ ਹੋਈ ਹੈ। ਇਸ ਤ੍ਰਾਸਦੀ ਵਿੱਚ ਆਪਣਾ ਰੋਲ ਜ਼ਿੰਮੇਵਾਰੀ ਨਾਲ ਨਿਭਾਉਣਾ ਚਾਹੀਦਾ ਹੈ। ਪੰਜਾਬ ਨੂੰ ਲੋੜੀਂਦੀ ਰਾਹਤ ਦੇਣੀ ਚਾਹੀਦੀ ਹੈ। ਮੈਂ ਇਹ ਵੀ ਕਹਿ ਸਕਦਾ ਹਾਂ ਕਿ ਰਾਹਤ ਨਹੀਂ ਇਹ ਪੰਜਾਬ ਦਾ ਹੱਕ ਹੈ। ਪੰਜਾਬ ਦਾ ਰਾਈਟ ਹੈ। ਪੰਜਾਬ ਇਹ ਗੱਲ ਕਹਿ ਸਕਦਾ ਹੈ ਕਿਉਂਕਿ ਜਿਵੇਂ ਮੈਂ ਜ਼ਿਕਰ ਕੀਤਾ ਹੈ ਕਿ ਪੰਜਾਬ ਨੇ ਸਭ ਤੋਂ ਵੱਡੀਆਂ ਕੁਰਬਾਨੀਆਂ ਕੀਤੀਆਂ ਹੋਈਆਂ ਹਨ। ਅਸੀਂ ਸਾਰਾ ਕੁਝ ਗਵਾ ਲਿਆ ਹੈ। ਸੋ, ਅੱਜ ਕੇਂਦਰ ਦੀ ਸਰਕਾਰ ਨੂੰ ਅੱਗੇ ਆਉਣਾ ਚਾਹੀਦਾ ਹੈ। ਸਰ, ਇਹ ਜਿਹੜੀਆਂ ਸਾਰੀਆਂ ਗੱਲਾਂ ਹਨ ਕਿ ਇਹ ਕਿਵੇਂ ਹੋਇਆ, ਕਿਸ ਤਰੀਕੇ ਨਾਲ ਹੋਇਆ, ਮੈਂ ਕਿਸੇ ਨੂੰ ਕੋਈ ਦੋਸ਼ ਨਹੀਂ ਦਿੰਦਾ। ਇਹ ਸਿਰਫ ਸੱਚਾਈ ਹੀ ਦੱਸੀ ਹੈ ਕਿ ਆਹ ਕੁਝ ਹੋਇਆ ਹੈ ਕਿਉਂਕਿ ਇਸ ਦੁੱਖ ਦੀ ਘੜੀ ਵਿੱਚ ਅੱਜ ਅਸੀਂ ਸਾਰੇ ਇੱਕ ਹਾਂ। ਹਰ ਇੱਕ ਨੂੰ ਇਸ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਪਰ ਦੁੱਖ ਦੀਆਂ ਗੱਲਾਂ ਬੜੀਆਂ ਹੁੰਦੀਆਂ ਹਨ, ਹੁਣ ਕਿਤੇ ਕਹੀ ਜਾਂਦੇ ਹਨ ਕਿ ਚੜ੍ਹਦੀਕਲਾ ਨਾਲ ਸਭ ਕੁਝ ਕੀਤਾ ਹੈ। ਲੋਕ ਹੀ ਤਾਂ ਸੇਵਾ ਕਰਦੇ ਹੁੰਦੇ ਹਨ। ਲੋਕ ਹੀ ਇਸ ਵਿੱਚ ਮਦਦਗਾਰ ਹੁੰਦੇ ਹਨ ਅਤੇ ਪੰਜਾਬ ਦਾ ਕਲਚਰ ਹੈ, ਬੜੇ ਲੋਕ ਅੱਗੇ ਆ ਰਹੇ ਹਨ। ਸੋ, ਸਾਰੇ ਆਪਣਾ ਯੋਗਦਾਨ ਵੀ ਪਾਉਣ। ਇਸ ਗੱਲ ਤੇ ਕੋਈ ਕਿੰਤੂ-ਪ੍ਰੰਤੂ ਦਾ ਸਮਾਂ ਨਾ ਹੋਵੇ। ਸਿਰਫ ਤੇ ਸਿਰਫ ਇਹ ਹੋਵੇ ਕਿ ਅੱਜ ਪੰਜਾਬ ਦੇ ਵਿੱਚ ਸੰਕਟ ਆਇਆ ਹੋਇਆ ਹੈ। ਅੱਜ ਇਸ ਪੰਜਾਬ ਵਿੱਚ ਸੰਕਟ ਦੀ ਘੜੀ ਵਿੱਚ ਅਸੀਂ ਸਾਰੇ ਇੱਕਮੁੱਠ ਹਾਂ। ਜਦੋਂ ਅੱਜ ਸਦਨ ਤੋਂ ਜਾਵਾਂਗੇ ਤਾਂ ਅਸੀਂ ਮਤਾ ਵੀ ਲੈ ਕੇ ਆਵਾਂਗੇ। ਸਾਰੇ ਇਕੱਠੇ ਹੋ ਕੇ ਇੱਕ ਅਵਾਜ਼ ਦੇ ਨਾਲ ਕਹੀਏ ਕਿ ਅਸੀਂ ਪਹਿਲਾਂ ਪੰਜਾਬੀ ਹਾਂ। ਇਸ ਪੰਜਾਬ ਨੇ ਹੀ ਸਾਨੂੰ ਇੰਨੇ ਵੱਡੇ ਅਹੁਦੇ ਦਿੱਤੇ ਹਨ। ਕਿਸੇ ਨੂੰ ਪਹਿਲਾਂ ਦਿੱਤੇ ਹਨ, ਕਿਸੇ ਨੂੰ ਹੁਣ ਦਿੱਤੇ ਹਨ ਅਤੇ ਕੋਈ ਮੌਜੂਦਾ ਚੱਲ ਰਹੇ ਹਨ। ਬਹੁਤ ਵੱਡੀਆਂ ਤਾਕਤਾਂ ਪੰਜਾਬ ਨੇ ਦਿੱਤੀਆਂ ਹਨ। ਸੋ, ਜੇ ਅੱਜ ਅਸੀਂ ਪੰਜਾਬ ਦੇ ਨਾਲ ਨਹੀਂ ਖੜ੍ਹਾਂਗੇ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੇ ਹੋਵਾਂਗੇ। ਬਹੁਤ ਬਹੁਤ ਧੰਨਵਾਦ, ਸਰ। (ਥੰਪਿੰਗ)

---

**OFFICIAL RESOLUTION REGARDING CONDEMNING UNION GOVERNMENT ON THE INSUFFICIENT, BELATED AND UNDISBURSED FLOOD RELIEF PACKAGE OF RS. 1600 CRORES AND ITS IMMEDIATE AND FULL TRANSFER IN WAKE OF PUNJAB'S WORST DELUGE SINCE 1988 AND URGING THE UNION GOVERNMENT TO SANCTION A SUBSTANTIALLY ENHANCED PACKAGE OF NOT LESS THAN RS. 20,000 CRORES FOR THE REHABILITATION OF THE STATE OF PUNJAB**

**ਮਾਣਯੋਗ ਸਪੀਕਰ:** ਸ਼੍ਰੀ ਬਰਿੰਦਰ ਗੋਇਲ ਜੀ, ਤੁਸੀਂ ਮਤਾ ਪੇਸ਼ ਕਰੋ।

**ਜਲ ਸਰੋਤ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ)** : ਸਰ, ਮੈਂ ਇਸ ਸਬੰਧ ਦੇ ਵਿੱਚ ਹੀ ਮਤਾ ਪੇਸ਼ ਕਰਨ ਦੀ ਇਜਾਜ਼ਤ ਚਾਹੁੰਦਾ ਹਾਂ। ਤੁਸੀਂ ਇਜਾਜ਼ਤ ਦੇ ਦਿੱਤੀ ਹੈ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਜੀ।

**ਜਲ ਸਰੋਤ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ)** : ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

"ਜਦੋਂ ਕਿ, ਪੰਜਾਬ ਰਾਜ ਭਿਆਨਕ ਹੜ੍ਹਾਂ ਨਾਲ ਤਬਾਹ ਹੋ ਗਿਆ ਹੈ, ਜਿਸ ਨੂੰ 1988 ਦੇ ਹੜ੍ਹਾਂ ਤੋਂ ਬਾਅਦ ਸਭ ਤੋਂ ਭਿਆਨਕ ਅਤੇ ਸਭ ਤੋਂ ਵਿਨਾਸ਼ਕਾਰੀ ਹੜ੍ਹ ਮੰਨਿਆ ਜਾਂਦਾ ਹੈ, ਜਿਸ ਨੇ ਇਤਿਹਾਸਕ ਤੌਰ ਤੇ 34 ਲੱਖ ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਕੀਤਾ ਸੀ;

ਅਤੇ ਜਿੱਥੇ, ਮੌਜੂਦਾ ਆਫਤ ਨੇ ਸੁਤੰਤਰ ਭਾਰਤ ਵਿੱਚ ਪਿਛਲੀਆਂ ਵੱਡੀਆਂ ਹੜ੍ਹਾਂ ਦੀਆਂ ਘਟਨਾਵਾਂ, ਜਿਵੇਂ ਕਿ 1955 ਅਤੇ 1978 ਵਿੱਚ ਹੋਈਆਂ, ਨੂੰ ਵੱਡੇ ਪੈਮਾਨੇ ਅਤੇ ਤਬਾਹੀ ਦੇ ਮਾਮਲੇ ਵਿੱਚ ਪਛਾੜ ਦਿੱਤਾ ਹੈ, ਜਿਸ ਨਾਲ 20 ਲੱਖ ਤੋਂ ਵੱਧ ਲੋਕਾਂ ਦਾ ਕਈ ਤਰ੍ਹਾਂ ਨਾਲ ਨੁਕਸਾਨ ਹੋਇਆ, ਲਗਭਗ 5 ਲੱਖ ਏਕੜ ਵਿੱਚ ਫਸਲਾਂ ਤਬਾਹ ਹੋ ਗਈਆਂ, ਪਸ਼ੂਧਨ ਨੂੰ ਬਹੁਤ ਨੁਕਸਾਨ ਹੋਇਆ ਅਤੇ ਨਿੱਜੀ ਤੇ ਜਨਤਕ ਬੁਨਿਆਦੀ ਢਾਂਚੇ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਿਆ;

ਅਤੇ ਜਿੱਥੇ, ਪੰਜਾਬ ਦੇ ਮੁੱਖ ਮੰਤਰੀ ਨੇ ਇੱਕ ਵਿਆਪਕ ਮੁਲਾਂਕਣ ਤੋਂ ਬਾਅਦ, ਇਸ ਬੇਮਿਸਾਲ ਸੰਕਟ ਦਾ ਸਾਹਮਣਾ ਕਰਨ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੋਂ ਰਸਮੀ ਤੌਰ 'ਤੇ ਘੱਟੋ-ਘੱਟ 20,000 ਕਰੋੜ ਰੁਪਏ ਦੇ ਇੱਕ ਵਿਸ਼ੇਸ਼ ਅਤੇ ਮਹੱਤਵਪੂਰਨ ਵਿੱਤੀ ਰਾਹਤ ਪੈਕੇਜ ਦੀ ਮੰਗ ਕੀਤੀ;

ਅਤੇ ਜਿੱਥੇ, ਰਾਜ ਸਰਕਾਰ ਨੇ ਡੂੰਘੇ ਦੁੱਖ ਨਾਲ, ਇਸ ਸਦਨ ਅਤੇ ਪੰਜਾਬ ਦੇ ਲੋਕਾਂ ਨੂੰ ਸੂਚਿਤ ਕਰਨਾ ਚਾਹਿਆ ਹੈ ਕਿ 1600 ਕਰੋੜ ਰੁਪਏ ਦੇ ਐਲਾਨੇ ਗਏ ਮਾਮੂਲੀ ਪੈਕੇਜ ਦਾ ਇੱਕ ਹਿੱਸਾ ਤੱਕ ਵੀ ਅਜੇ ਤੱਕ ਰਾਜ ਦੇ ਖਜ਼ਾਨੇ ਵਿੱਚ ਤਬਦੀਲ ਨਹੀਂ ਕੀਤਾ ਗਿਆ ਹੈ, ਜਿਸ ਨਾਲ ਰਾਜ ਨੂੰ, ਇਸ ਦੇ ਤੁਰੰਤ ਅਤੇ ਵਿਆਪਕ ਯਤਨਾਂ ਦੇ ਬਾਵਜੂਦ, ਮੁੱਖ ਤੌਰ 'ਤੇ ਆਪਣੇ ਹੀ ਸੀਮਤ ਸਰੋਤਾਂ ਨਾਲ ਇਸ ਆਫ਼ਤ ਨਾਲ ਲੜਨ ਲਈ ਛੱਡ ਦਿੱਤਾ ਗਿਆ ਹੈ;

ਅਤੇ ਜਿੱਥੇ, ਪ੍ਰਧਾਨ ਮੰਤਰੀ ਦਫ਼ਤਰ ਨੇ ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀ ਵੱਲੋਂ ਮੀਟਿੰਗ ਲਈ ਵਾਰ-ਵਾਰ ਕੀਤੀ ਗਈ ਬੇਨਤੀ ਦਾ ਜਵਾਬ ਨਹੀਂ ਦਿੱਤਾ ਅਤੇ ਚੁਣਿੰਦੇ ਵਿਅਕਤੀਆਂ ਤੱਕ ਗੱਲਬਾਤ ਸੀਮਤ ਕਰਕੇ, ਪੰਜਾਬ ਨੂੰ ਆਪਣੇ ਮੁੱਖ ਮੰਤਰੀ ਰਾਹੀਂ ਸਹੀ ਅਤੇ ਵਿਆਪਕ ਪ੍ਰਤੀਨਿਧਤਾ ਕਰਨ ਤੋਂ ਰੋਕਿਆ;

ਹੁਣ, ਇਸ ਲਈ, ਇਹ ਸਦਨ ਮਤਾ ਪਕਾਉਂਦਾ ਹੈ ਕਿ

1. ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਦਹਾਕਿਆਂ ਵਿੱਚ ਪੰਜਾਬ ਨੂੰ ਦਰਪੇਸ਼ ਸਭ ਤੋਂ ਭਿਆਨਕ ਹੜ੍ਹਾਂ ਦੇ ਪੈਮਾਨੇ ਦੇ ਅਨੁਸਾਰ ਇੱਕ ਵਿਸ਼ੇਸ਼ ਵਿੱਤੀ ਪੈਕੇਜ ਨੂੰ ਮਨਜ਼ੂਰੀ ਦੇਣ ਵਿੱਚ ਪ੍ਰਤੀਕਿਰਿਆ ਦੀ ਘਾਟ ਅਤੇ ਅਸਫਲਤਾ ਦੀ ਸਪੱਸ਼ਟ ਤੌਰ 'ਤੇ ਨਿੰਦਾ ਕਰਦਾ ਹੈ।
2. ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀ ਵੱਲੋਂ ਮੀਟਿੰਗ ਲਈ ਵਾਰ-ਵਾਰ ਕੀਤੀ ਗਈ ਬੇਨਤੀ ਦਾ ਜਵਾਬ ਨਾ ਦੇਣ, ਜਿਸ ਨਾਲ ਰਾਜ ਦੇ ਲੋਕਾਂ ਦਾ ਅਪਮਾਨ ਹੋਇਆ ਹੈ ਅਤੇ ਰਾਜ ਨੂੰ ਆਫ਼ਤ ਦੇ ਪੂਰੇ ਪੈਮਾਨੇ ਦੀ ਸਹੀ ਅਤੇ ਵਿਆਪਕ ਪ੍ਰਤੀਨਿਧਤਾ ਕਰਨ ਤੋਂ ਰੋਕਿਆ ਗਿਆ, ਲਈ ਪ੍ਰਧਾਨ ਮੰਤਰੀ ਦਫ਼ਤਰ ਦੀ ਸਖ਼ਤ ਨਿੰਦਾ ਦਰਜ ਕਰਦਾ ਹੈ।

3. 1600 ਕਰੋੜ ਰੁਪਏ ਦੇ ਟੋਕਨ ਰਾਹਤ ਪੈਕੇਜ ਦੇ ਐਲਾਨ 'ਤੇ ਆਪਣੀ ਡੂੰਘੀ ਨਿਰਾਸ਼ਾ ਪ੍ਰਗਟ ਕਰਦਾ ਹੈ, ਜੋ ਕਿ ਪੂਰੀ ਰਿਕਵਰੀ ਲਈ 20,000 ਕਰੋੜ ਰੁਪਏ ਤੋਂ ਵੱਧ ਦੀ ਰਾਜ ਦੀ ਅਸਲ ਮੰਗ ਦਾ ਇੱਕ ਬੇਰਹਿਮ ਮਜ਼ਾਕ ਹੈ।
4. ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਉਦਾਸੀਨਤਾ ਵਿਰੁੱਧ ਆਪਣਾ ਸਖ਼ਤ ਵਿਰੋਧ ਦਰਜ ਕਰਦਾ ਹੈ ਜਿਸ ਦੇ ਨਤੀਜੇ ਵਜੋਂ ਐਲਾਨੇ ਗਏ ਟੋਕਨ ਫੰਡ ਵੀ ਪ੍ਰਾਪਤ ਨਹੀਂ ਹੋਏ, ਜਿਸ ਨਾਲ ਰਾਜ ਸਰਕਾਰ ਦੇ ਚੱਲ ਰਹੇ ਰਾਹਤ ਅਤੇ ਪੁਨਰਵਾਸ ਕਾਰਜਾਂ ਦੀ ਗਤੀ ਗੰਭੀਰ ਤੌਰ 'ਤੇ ਪ੍ਰਭਾਵਤ ਹੋਈ ਹੈ।
5. ਕੇਂਦਰ ਸਰਕਾਰ ਨੂੰ ਇਸ ਆਫ਼ਤ ਦੀ ਗੰਭੀਰਤਾ ਨੂੰ ਸਵੀਕਾਰ ਕਰਨ, ਮੁਲਾਂਕਣ ਕੀਤੇ ਗਏ ਨੁਕਸਾਨਾਂ 'ਤੇ ਮੁੜ ਵਿਚਾਰ ਕਰਨ ਅਤੇ ਕਿਸਾਨਾਂ ਦੀ ਸਹਾਇਤਾ, ਤਬਾਹ ਹੋਏ ਬੁਨਿਆਦੀ ਢਾਂਚੇ ਦੇ ਮੁੜ ਨਿਰਮਾਣ ਅਤੇ ਪੰਜਾਬ ਦੇ ਲੋਕਾਂ ਦੀ ਰੋਜ਼ੀ-ਰੋਟੀ ਨੂੰ ਬਹਾਲ ਕਰਨ ਲਈ ਘੱਟੋ-ਘੱਟ 20,000 ਕਰੋੜ ਰੁਪਏ ਦੇ ਇੱਕ ਵਿਆਪਕ ਅਤੇ ਮਹੱਤਵਪੂਰਨ ਤੌਰ 'ਤੇ ਵਧੇ ਹੋਏ ਵਿਸ਼ੇਸ਼ ਵਿੱਤੀ ਪੈਕੇਜ ਨੂੰ ਤੁਰੰਤ ਮਨਜ਼ੂਰੀ ਦੇਣ ਦੀ ਮੰਗ ਕਰਦਾ ਹੈ ਅਤੇ ਪੰਜਾਬ ਰਾਜ ਨੂੰ ਐਲਾਨੀ ਗਈ 1600 ਕਰੋੜ ਰੁਪਏ ਦੀ ਪੂਰੀ ਵਿੱਤੀ ਸਹਾਇਤਾ ਤੁਰੰਤ ਅਤੇ ਪੂਰੀ ਤਰ੍ਹਾਂ ਰਾਜ ਦੇ ਖਜ਼ਾਨੇ ਵਿੱਚ ਭੇਜਣ ਦੀ ਮੰਗ ਕਰਦਾ ਹੈ।

ਇਹ ਵੀ ਫੈਸਲਾ ਕਰਦਾ ਹੈ ਕਿ ਇਸ ਮਤੇ ਦੀ ਇੱਕ ਕਾਪੀ, ਪੰਜਾਬ ਵਿਧਾਨ ਸਭਾ ਦੁਆਰਾ ਅਪਣਾਏ ਜਾਣ ਤੋਂ ਬਾਅਦ, ਅਧਿਕਾਰਤ ਤੌਰ 'ਤੇ ਮਾਣਯੋਗ ਪ੍ਰਧਾਨ ਮੰਤਰੀ, ਮਾਣਯੋਗ ਕੇਂਦਰੀ ਗ੍ਰਹਿ ਮੰਤਰੀ ਅਤੇ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਨੂੰ ਉਨ੍ਹਾਂ ਦੀ ਤੁਰੰਤ ਅਤੇ ਫੈਸਲਾਕੁੰਨ ਕਾਰਵਾਈ ਲਈ ਭੇਜੀ ਜਾਵੇਗੀ।''

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

"ਜਦੋਂ ਕਿ, ਪੰਜਾਬ ਰਾਜ ਭਿਆਨਕ ਹੜ੍ਹਾਂ ਨਾਲ ਤਬਾਹ ਹੋ ਗਿਆ ਹੈ, ਜਿਸ ਨੂੰ 1988 ਦੇ ਹੜ੍ਹਾਂ ਤੋਂ ਬਾਅਦ ਸਭ ਤੋਂ ਭਿਆਨਕ ਅਤੇ ਸਭ ਤੋਂ ਵਿਨਾਸ਼ਕਾਰੀ ਹੜ੍ਹ ਮੰਨਿਆ ਜਾਂਦਾ ਹੈ, ਜਿਸ ਨੇ ਇਤਿਹਾਸਕ ਤੌਰ ਤੇ 34 ਲੱਖ ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਕੀਤਾ ਸੀ;

ਅਤੇ ਜਿੱਥੇ, ਮੌਜੂਦਾ ਆਫਤ ਨੇ ਸੁਤੰਤਰ ਭਾਰਤ ਵਿੱਚ ਪਿਛਲੀਆਂ ਵੱਡੀਆਂ ਹੜ੍ਹਾਂ ਦੀਆਂ ਘਟਨਾਵਾਂ, ਜਿਵੇਂ ਕਿ 1955 ਅਤੇ 1978 ਵਿੱਚ ਹੋਈਆਂ, ਨੂੰ ਵੱਡੇ ਪੈਮਾਨੇ ਅਤੇ ਤਬਾਹੀ ਦੇ ਮਾਮਲੇ ਵਿੱਚ ਪਛਾੜ ਦਿੱਤਾ ਹੈ, ਜਿਸ ਨਾਲ 20 ਲੱਖ ਤੋਂ ਵੱਧ ਲੋਕਾਂ ਦਾ ਕਈ ਤਰ੍ਹਾਂ ਨਾਲ ਨੁਕਸਾਨ ਹੋਇਆ, ਲਗਭਗ 5 ਲੱਖ ਏਕੜ ਵਿੱਚ ਫਸਲਾਂ ਤਬਾਹ ਹੋ ਗਈਆਂ, ਪਸ਼ੂਧਨ ਨੂੰ ਬਹੁਤ ਨੁਕਸਾਨ ਹੋਇਆ ਅਤੇ ਨਿੱਜੀ ਤੇ ਜਨਤਕ ਬੁਨਿਆਦੀ ਢਾਂਚੇ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਿਆ;

ਅਤੇ ਜਿੱਥੇ, ਪੰਜਾਬ ਦੇ ਮੁੱਖ ਮੰਤਰੀ ਨੇ ਇੱਕ ਵਿਆਪਕ ਮੁਲਾਂਕਣ ਤੋਂ ਬਾਅਦ, ਇਸ ਬੇਮਿਸਾਲ ਸੰਕਟ ਦਾ ਸਾਹਮਣਾ ਕਰਨ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੋਂ ਰਸਮੀ ਤੌਰ 'ਤੇ ਘੱਟੋ-ਘੱਟ 20,000 ਕਰੋੜ ਰੁਪਏ ਦੇ ਇੱਕ ਵਿਸ਼ੇਸ਼ ਅਤੇ ਮਹੱਤਵਪੂਰਨ ਵਿੱਤੀ ਰਾਹਤ ਪੈਕੇਜ ਦੀ ਮੰਗ ਕੀਤੀ;

ਅਤੇ ਜਿੱਥੇ, ਰਾਜ ਸਰਕਾਰ ਨੇ ਡੂੰਘੇ ਦੁੱਖ ਨਾਲ, ਇਸ ਸਦਨ ਅਤੇ ਪੰਜਾਬ ਦੇ ਲੋਕਾਂ ਨੂੰ ਸੂਚਿਤ ਕਰਨਾ ਚਾਹਿਆ ਹੈ ਕਿ 1600 ਕਰੋੜ ਰੁਪਏ ਦੇ ਐਲਾਨੇ ਗਏ ਮਾਮੂਲੀ ਪੈਕੇਜ ਦਾ ਇੱਕ ਹਿੱਸਾ ਤੱਕ ਵੀ ਅਜੇ ਤੱਕ ਰਾਜ ਦੇ ਖਜ਼ਾਨੇ ਵਿੱਚ

ਤਬਦੀਲ ਨਹੀਂ ਕੀਤਾ ਗਿਆ ਹੈ, ਜਿਸ ਨਾਲ ਰਾਜ ਨੂੰ, ਇਸ ਦੇ ਤੁਰੰਤ ਅਤੇ ਵਿਆਪਕ ਯਤਨਾਂ ਦੇ ਬਾਵਜੂਦ, ਮੁੱਖ ਤੌਰ 'ਤੇ ਆਪਣੇ ਹੀ ਸੀਮਤ ਸਰੋਤਾਂ ਨਾਲ ਇਸ ਆਫ਼ਤ ਨਾਲ ਲੜਨ ਲਈ ਛੱਡ ਦਿੱਤਾ ਗਿਆ ਹੈ;

ਅਤੇ ਜਿੱਥੇ, ਪ੍ਰਧਾਨ ਮੰਤਰੀ ਦਫ਼ਤਰ ਨੇ ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀ ਵੱਲੋਂ ਮੀਟਿੰਗ ਲਈ ਵਾਰ-ਵਾਰ ਕੀਤੀ ਗਈ ਬੇਨਤੀ ਦਾ ਜਵਾਬ ਨਹੀਂ ਦਿੱਤਾ ਅਤੇ ਚੁਣਿੰਦੇ ਵਿਅਕਤੀਆਂ ਤੱਕ ਗੱਲਬਾਤ ਸੀਮਤ ਕਰਕੇ, ਪੰਜਾਬ ਨੂੰ ਆਪਣੇ ਮੁੱਖ ਮੰਤਰੀ ਰਾਹੀਂ ਸਹੀ ਅਤੇ ਵਿਆਪਕ ਪ੍ਰਤੀਨਿਧਤਾ ਕਰਨ ਤੋਂ ਰੋਕਿਆ;

ਹੁਣ, ਇਸ ਲਈ, ਇਹ ਸਦਨ ਮਤਾ ਪਕਾਉਂਦਾ ਹੈ ਕਿ

6. ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਦਹਾਕਿਆਂ ਵਿੱਚ ਪੰਜਾਬ ਨੂੰ ਦਰਪੇਸ਼ ਸਭ ਤੋਂ ਭਿਆਨਕ ਹੜ੍ਹਾਂ ਦੇ ਪੈਮਾਨੇ ਦੇ ਅਨੁਸਾਰ ਇੱਕ ਵਿਸ਼ੇਸ਼ ਵਿੱਤੀ ਪੈਕੇਜ ਨੂੰ ਮਨਜ਼ੂਰੀ ਦੇਣ ਵਿੱਚ ਪ੍ਰਤੀਕਿਰਿਆ ਦੀ ਘਾਟ ਅਤੇ ਅਸਫਲਤਾ ਦੀ ਸਪੱਸ਼ਟ ਤੌਰ 'ਤੇ ਨਿੰਦਾ ਕਰਦਾ ਹੈ।
7. ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀ ਵੱਲੋਂ ਮੀਟਿੰਗ ਲਈ ਵਾਰ-ਵਾਰ ਕੀਤੀ ਗਈ ਬੇਨਤੀ ਦਾ ਜਵਾਬ ਨਾ ਦੇਣ, ਜਿਸ ਨਾਲ ਰਾਜ ਦੇ ਲੋਕਾਂ ਦਾ ਅਪਮਾਨ ਹੋਇਆ ਹੈ ਅਤੇ ਰਾਜ ਨੂੰ ਆਫ਼ਤ ਦੇ ਪੂਰੇ ਪੈਮਾਨੇ ਦੀ ਸਹੀ ਅਤੇ ਵਿਆਪਕ ਪ੍ਰਤੀਨਿਧਤਾ ਕਰਨ ਤੋਂ ਰੋਕਿਆ ਗਿਆ, ਲਈ ਪ੍ਰਧਾਨ ਮੰਤਰੀ ਦਫ਼ਤਰ ਦੀ ਸਖ਼ਤ ਨਿੰਦਾ ਦਰਜ ਕਰਦਾ ਹੈ।
8. 1600 ਕਰੋੜ ਰੁਪਏ ਦੇ ਟੋਕਨ ਰਾਹਤ ਪੈਕੇਜ ਦੇ ਐਲਾਨ 'ਤੇ ਆਪਣੀ ਡੂੰਘੀ ਨਿਰਾਸ਼ਾ ਪ੍ਰਗਟ ਕਰਦਾ ਹੈ, ਜੋ ਕਿ ਪੂਰੀ ਰਿਕਵਰੀ ਲਈ 20,000 ਕਰੋੜ ਰੁਪਏ ਤੋਂ ਵੱਧ ਦੀ ਰਾਜ ਦੀ ਅਸਲ ਮੰਗ ਦਾ ਇੱਕ ਬੇਰਹਿਮ ਮਜ਼ਾਕ ਹੈ।
9. ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਉਦਾਸੀਨਤਾ ਵਿਰੁੱਧ ਆਪਣਾ ਸਖ਼ਤ ਵਿਰੋਧ ਦਰਜ ਕਰਦਾ ਹੈ ਜਿਸ ਦੇ ਨਤੀਜੇ ਵਜੋਂ ਐਲਾਨੇ ਗਏ ਟੋਕਨ ਫੰਡ ਵੀ ਪ੍ਰਾਪਤ ਨਹੀਂ ਹੋਏ, ਜਿਸ ਨਾਲ ਰਾਜ ਸਰਕਾਰ ਦੇ ਚੱਲ ਰਹੇ ਰਾਹਤ ਅਤੇ ਪੁਨਰਵਾਸ ਕਾਰਜਾਂ ਦੀ ਗਤੀ ਗੰਭੀਰ ਤੌਰ 'ਤੇ ਪ੍ਰਭਾਵਤ ਹੋਈ ਹੈ।
10. ਕੇਂਦਰ ਸਰਕਾਰ ਨੂੰ ਇਸ ਆਫ਼ਤ ਦੀ ਗੰਭੀਰਤਾ ਨੂੰ ਸਵੀਕਾਰ ਕਰਨ, ਮੁਲਾਂਕਣ ਕੀਤੇ ਗਏ ਨੁਕਸਾਨਾਂ 'ਤੇ ਮੁੜ ਵਿਚਾਰ ਕਰਨ ਅਤੇ ਕਿਸਾਨਾਂ ਦੀ ਸਹਾਇਤਾ, ਤਬਾਹ ਹੋਏ ਬੁਨਿਆਦੀ ਢਾਂਚੇ ਦੇ ਮੁੜ ਨਿਰਮਾਣ ਅਤੇ ਪੰਜਾਬ ਦੇ ਲੋਕਾਂ ਦੀ ਰੋਜ਼ੀ-ਰੋਟੀ ਨੂੰ ਬਹਾਲ ਕਰਨ ਲਈ ਘੱਟੋ-ਘੱਟ 20,000 ਕਰੋੜ ਰੁਪਏ ਦੇ ਇੱਕ ਵਿਆਪਕ ਅਤੇ ਮਹੱਤਵਪੂਰਨ ਤੌਰ 'ਤੇ ਵਧੇ ਹੋਏ ਵਿਸ਼ੇਸ਼ ਵਿੱਤੀ ਪੈਕੇਜ ਨੂੰ ਤੁਰੰਤ ਮਨਜ਼ੂਰੀ ਦੇਣ ਦੀ ਮੰਗ ਕਰਦਾ ਹੈ ਅਤੇ ਪੰਜਾਬ ਰਾਜ ਨੂੰ ਐਲਾਨੀ ਗਈ 1600 ਕਰੋੜ ਰੁਪਏ ਦੀ ਪੂਰੀ ਵਿੱਤੀ ਸਹਾਇਤਾ ਤੁਰੰਤ ਅਤੇ ਪੂਰੀ ਤਰ੍ਹਾਂ ਰਾਜ ਦੇ ਖਜ਼ਾਨੇ ਵਿੱਚ ਭੇਜਣ ਦੀ ਮੰਗ ਕਰਦਾ ਹੈ।

ਇਹ ਵੀ ਫੈਸਲਾ ਕਰਦਾ ਹੈ ਕਿ ਇਸ ਮਤੇ ਦੀ ਇੱਕ ਕਾਪੀ, ਪੰਜਾਬ ਵਿਧਾਨ ਸਭਾ ਦੁਆਰਾ ਅਪਣਾਏ ਜਾਣ ਤੋਂ ਬਾਅਦ, ਅਧਿਕਾਰਤ ਤੌਰ 'ਤੇ ਮਾਣਯੋਗ ਪ੍ਰਧਾਨ ਮੰਤਰੀ, ਮਾਣਯੋਗ ਕੇਂਦਰੀ ਗ੍ਰਿਹਿ ਮੰਤਰੀ ਅਤੇ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਨੂੰ ਉਨ੍ਹਾਂ ਦੀ ਤੁਰੰਤ ਅਤੇ ਫੈਸਲਾਕੁੰਨ ਕਾਰਵਾਈ ਲਈ ਭੇਜੀ ਜਾਵੇਗੀ।''

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਪਿਛਲੀ ਦਫ਼ਾ ਵੀ ਤੁਸੀਂ ਸਪੈਸ਼ਲ ਸੈਸ਼ਨ ਸੱਦੇ ਸਨ, ਸਾਰੇ ਬੇਸਿੱਟਾ ਹੀ ਨਿਕਲੇ ਹਨ। ਤੁਸੀਂ ਫਿਰ ਸੈਸ਼ਨ ਸੱਦਿਆ ਹੈ। ਅਸੀਂ ਤੁਹਾਨੂੰ ਪਹਿਲਾਂ ਵੀ ਸਪੋਰਟ ਕੀਤੀ ਹੈ ਅਤੇ ਹੁਣ ਵੀ ਕਰਾਂਗੇ। ਹੁਣ ਵੀ ਤੁਹਾਡੀ 100 ਫੀਸਦੀ ਸਪੋਰਟ ਕਰਾਂਗੇ। ਮੈਂ ਬੋਲਣ ਤੋਂ ਪਹਿਲਾਂ

ਸਾਰੇ ਪੰਜਾਬ ਨੂੰ ਕੁਝ ਪੜ੍ਹ ਕੇ ਦੱਸਣਾ ਚਾਹੁੰਦਾ ਹਾਂ। ਜਦੋਂ ਤੁਹਾਡੀ ਸਰਕਾਰ ਮਾਰਚ ਵਿੱਚ ਬਣੀ ਸੀ, ਉਦੋਂ ਤੁਸੀਂ ਸੈਸ਼ਨ ਪਹਿਲੀ ਅਪ੍ਰੈਲ ਨੂੰ ਸੱਦਿਆ ਸੀ। ਪਹਿਲੀ ਗੱਲ, ਤੁਹਾਨੂੰ ਪਤਾ ਹੀ ਹੈ ਕਿ ਦੁਨੀਆ ਭਰ ਵਿੱਚ ਪਹਿਲੀ ਅਪ੍ਰੈਲ ਨਾਨ ਸੀਰੀਅਸਨੈੱਸ ਕਾਰਨ ਜਾਣੀ ਜਾਂਦੀ ਹੈ।

**ਮਾਣਯੋਗ ਸਪੀਕਰ**: ਬਾਜਵਾ ਜੀ, ਮੈਂ ਤੁਹਾਡੀਆਂ ਸਾਰੀਆਂ ਗੱਲਾਂ ਨਾਲ ਤੁਹਾਡੇ ਨਾਲ ਸਹਿਮਤ ਹਾਂ ਪਰ ਤੁਹਾਡੇ ਵਰਗਾ ਰਾਜਨੀਤਿਕ, ਤੁਹਾਡੇ ਵਰਗਾ ਤਜਰਬੇਕਾਰ ਕੋਈ ਨਹੀਂ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇੱਥੇ ਆਪਾਂ ਫਲੱਡਜ਼ ਦੀ ਗੱਲ ਕਰਨੀ ਹੈ। ਮੈਂ ਤੁਹਾਡੇ ਹਲਕੇ ਵਿੱਚ ਜਾ ਕੇ ਆਇਆ ਹਾਂ। ਉਥੇ ਇੰਨਾ ਨੁਕਸਾਨ ਹੋਇਆ ਹੈ। ਸੋ, ਆਪਾਂ ਡਿਸਕਸ਼ਨ ਨੂੰ ਪਾਜ਼ੇਟਿਵ ਰੱਖੀਏ, ਨਹੀਂ ਤਾਂ ਇਸੇ ਕੁੱਕੜ ਖੇਹ ਵਿੱਚ ਸਾਰਾ ਟਾਈਮ ਨਿਕਲ ਜਾਣਾ ਹੈ। ਇਸ ਦਾ ਕੀ ਫਾਇਦਾ ਹੈ, ਆਪਣੇ ਪੰਜਾਬ ਦੇ ਤਿੰਨ ਕਰੋੜ ਲੋਕ ਆਪਾਂ ਨੂੰ ਦੇਖ ਰਹੇ ਹਨ। ਸੋ, ਇਹ ਚੀਜ਼ ਨਹੀਂ ਬਲਕਿ ਪਾਜ਼ੇਟਿਵ ਚੀਜ਼ ਲੈ ਕੇ ਆਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਮੈਂ ਤਾਂ ਹਮੇਸ਼ਾ ਪਾਜ਼ੇਟਿਵ ਰੱਖਿਆ ਹੈ ਪਰ ਮੈਂ ਤੁਹਾਨੂੰ ਬੇਨਤੀ ਕਰ ਰਿਹਾ ਸੀ ਕਿ ਜਦੋਂ ਵੀ ਪੰਜਾਬ ਦੇ ਹੱਕ ਵਿੱਚ ਜਾਂ ਦੇਸ਼ ਦੇ ਹੱਕ ਵਿੱਚ ਗੱਲ ਆਈ ਹੈ, ਜਿੰਨੇ ਇਸ ਵਾਸਤੇ ਮਤੇ ਆਏ ਹਨ, ਅਸੀਂ ਹਮੇਸ਼ਾ ਤੁਹਾਨੂੰ ਸਪੋਰਟ ਕੀਤੀ ਹੈ। ਮੇਰਾ ਮਕਸਦ ਇਹ ਹੈ ਕਿ ਹੁਣ ਵੀ ਅਸੀਂ ਤੁਹਾਨੂੰ ਸਪੋਰਟ ਕਰਾਂਗੇ। ਤੁਸੀਂ ਜਿਹੜਾ ਪੰਜਾਬ ਵਾਸਤੇ 20,000 ਕਰੋੜ ਰੁਪਿਆ ਮੰਗਿਆ ਹੈ, ਇਹ ਜੈਨੂਅਨ ਬਣਦਾ ਹੈ। ਦੂਸਰੀ ਗੱਲ, ਜਿਹੜਾ ਪ੍ਰਧਾਨ ਮੰਤਰੀ ਜੀ ਦੇ ਕੇ ਗਏ ਹਨ, ਇਸ ਗੱਲ ਨਾਲ ਮੈਂ ਸਹਿਮਤ ਹਾਂ ਪਰ ਸਪੀਕਰ ਸਾਹਿਬ, ਇੱਕ ਵੱਡੀ ਗੱਲ ਤੁਹਾਡੀ ਸਰਕਾਰ ਨੂੰ ਵੀ ਕਲੀਅਰ ਕਰਨੀ ਪਵੇਗੀ, ਉਹ ਇਹ ਹੈ ਕਿ ਮੋਦੀ ਸਾਹਿਬ ਕਹਿ ਕੇ ਗਏ ਹਨ ਕਿ ਤੁਹਾਡੇ ਕੋਲ 12,000 ਕਰੋੜ ਰੁਪਿਆ ਆਇਆ ਹੈ ਲੇਕਿਨ ਤੁਹਾਡੇ ਚੀਫ ਮਨਿਸਟਰ ਸਾਹਿਬ ਅਤੇ ਐਫ.ਐਮ. ਸਾਹਿਬ ਕਹਿੰਦੇ ਹਨ ਕਿ ਸਾਡੇ ਕੋਲ 1500 ਕਰੋੜ ਰੁਪਿਆ ਆਇਆ ਹੈ। ਹੁਣ ਤੁਸੀਂ ਮੈਨੂੰ ਇਹ ਦੱਸੋ ਕਿ ਅਸੀਂ ਸਾਰੇ ਪੰਜਾਬ ਨੂੰ ਸਜ਼ਾ ਦੇ ਰਹੇ ਹਾਂ? ਅਸੀਂ ਇਸ ਨੂੰ ਫੁੱਟਬਾਲ ਬਣਾ ਲਿਆ ਹੈ। ਮੋਦੀ ਸਾਹਿਬ 12,000 ਕਰੋੜ ਰੁਪਿਆ ਦੱਸੀ ਜਾ ਰਹੇ ਹਨ ਅਤੇ ਤੁਸੀਂ 1500 ਕਰੋੜ ਰੁਪਿਆ ਦੱਸੀ ਜਾਂਦੇ ਹੋ। ਮੇਰੇ ਕੋਲ ਕੈਗ ਦੀ ਰਿਪੋਰਟ ਹੈ, ਜਿਸ ਮੁਤਾਬਿਕ 31 ਮਾਰਚ, 2023 ਨੂੰ ਜਦੋਂ ਤੁਹਾਡੀ ਸਰਕਾਰ ਨੂੰ ਇੱਕ ਸਾਲ ਹੋ ਚੁੱਕਿਆ ਸੀ, ਉਦੋਂ 9,041 ਕਰੋੜ ਰੁਪਿਆ ਤੁਹਾਡੇ ਕੋਲ ਸੀ। ਕਿਰਪਾ ਕਰਕੇ ਸਾਨੂੰ ਇਹ ਦੱਸੋ ਤਾਂ ਸਹੀ ਕਿ ਇਹ ਪੈਸੇ ਕਿੱਥੇ ਗਏ ਹਨ?

**ਮਾਣਯੋਗ ਸਪੀਕਰ**: ਤੁਹਾਡਾ ਪੁਆਇੰਟ ਆ ਗਿਆ ਹੈ। ਮੈਨੂੰ ਇੱਕ ਗੱਲ ਦੱਸੋ ਕਿ ਤੁਸੀਂ ਪੰਜਾਬ ਦੇ ਨੁਮਾਇੰਦੇ ਹੋ। ਜਿਹੜਾ ਤੁਹਾਡੇ ਹਲਕੇ ਵਿੱਚ ਨੁਕਸਾਨ ਹੋਇਆ ਹੈ, ਆਪਾਂ ਉਸ ਦੀ ਗੱਲ ਕਰੀਏ। ਆਪਾਂ ਰੀਹੈਬਲੀਟੇਸ਼ਨ ਦਾ ਪਲਾਨ ਬਣਾਈਏ, ਉਹ ਮੰਗੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਤੁਸੀਂ ਪੰਜਾਬ ਨੂੰ ਰੀਹੈਬਲੀਟੇਟ ਕਰਨਾ ਹੈ। ਕੇਂਦਰ ਸਰਕਾਰ ਕਹਿ ਰਹੀ ਹੈ ਕਿ ਤੁਹਾਡੇ ਕੋਲ 12,000 ਕਰੋੜ ਰੁਪਿਆ ਦਿੱਤਾ ਹੋਇਆ ਹੈ ਤੇ ਤੁਸੀਂ ਕੁੜਤਾ ਝਾੜ ਕੇ ਕਹਿੰਦੇ ਹੋ ਕਿ ਸਾਡੇ ਪੱਲੇ ਕੁਝ ਨਹੀਂ ਹੈ। ਰੀਹੈਬਲੀਟੇਟ ਕਿੱਥੋਂ ਕਰੋਗੇ? ਅਸੀਂ ਇਹ ਕਹਿ ਰਹੇ ਹਾਂ ਕਿ ਪ੍ਰਧਾਨ ਮੰਤਰੀ ਕਹਿੰਦਾ ਹੈ ਕਿ 12,000 ਕਰੋੜ ਰੁਪਿਆ ਦਿੱਤਾ ਹੈ ਤੇ ਤੁਸੀਂ ਕਹਿੰਦੇ ਹੋ ਕਿ ਸਾਨੂੰ 1500 ਕਰੋੜ ਰੁਪਿਆ ਦਿੱਤਾ ਹੈ। ਫੇਰ ਇਸ ਤਰ੍ਹਾਂ ਤੁਹਾਡੀ ਰੀਹੈਬਲੀਟੇਸ਼ਨ ਕਿੱਥੋਂ ਹੋਣੀ ਹੈ? ਕੀ ਪੰਜਾਬ ਦੇ ਲੋਕ ਤੁਹਾਡੀ ਇਸ ਅਸੈਂਬਲੀ ਦੇ ਜ਼ਰੀਏ ਇਹ ਸੱਚਾਈ ਨਹੀਂ

ਜਾਣਨਾ ਚਾਹੁੰਦੇ ਕਿ ਪੈਸੇ ਕਿੱਥੇ ਗਏ ਹਨ? ਕੀ ਪ੍ਰਧਾਨ ਮੰਤਰੀ ਝੂਠ ਬੋਲ ਰਿਹਾ ਹੈ ਜਾਂ ਤੁਹਾਡਾ ਮੁੱਖ ਮੰਤਰੀ ਝੂਠ ਬੋਲ ਰਿਹਾ ਹੈ? ਇੱਥੇ ਇਹ ਕਲੀਅਰ ਕੀਤਾ ਜਾਵੇ ਅਤੇ ਸਾਨੂੰ ਦੱਸਿਆ ਜਾਵੇ ਕਿ ਜੇਕਰ 31 ਮਾਰਚ, 2023 ਤੱਕ 9,000 ਕਰੋੜ ਰੁਪਿਆ ਤੁਹਾਡੇ ਕੋਲ ਸੀ, ਜਿਸ ਵਿੱਚ 75 ਫੀਸਦੀ ਸੈਂਟਰ ਅਤੇ 25 ਫੀਸਦੀ ਤੁਸੀਂ ਪਾਉਣਾ ਸੀ, ਉਹ ਪੈਸਾ ਦੱਸੋ ਕਿੱਥੇ ਹੈ? ਦੂਜੀ ਗੋਇਲ ਸਾਹਿਬ ਨੇ ਬਹੁਤ ਅੱਛੀ ਗੱਲ ਕੀਤੀ ਹੈ ਪਰ ਤੁਹਾਡੇ ਪਠਾਨਮਾਜਰੇ ਨੇ ਕਹਿ ਦਿੱਤਾ ਹੈ ਕਿ ਤੁਸੀਂ ਜ਼ਿੰਮੇਵਾਰ ਹੋ।

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈੱਸ ਕਰੋ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਤੁਹਾਨੂੰ ਐਡਰੈੱਸ ਕਰ ਲੈਂਦਾ ਹਾਂ। ਫੁੱਫੜ ਜੀ ਨੇ ਸਾਰੇ ਪੰਜਾਬ ਵਿੱਚ ਰੌਲ਼ਾ ਪਾ ਕੇ ਗੱਲ ਕਹੀ ਹੈ ਕਿ ਕ੍ਰਿਸ਼ਨ ਕੁਮਾਰ ਰਿਸਪਾਂਸੀਬਲ ਹੈ, ਕ੍ਰਿਸ਼ਨ ਕੁਮਾਰ ਨੂੰ ਕੱਢੋ, ਜੇਕਰ ਪੰਜਾਬ ਬਚਾਉਣਾ ਹੈ। ਸਾਰਾ ਪੰਜਾਬ ਇਹ ਮੰਨਦਾ ਹੈ ਕਿ ਇਹ ਨੈਚੂਰਲ ਡਿਜਾਸਟਰ ਤਾਂ ਹੈ ਪਰ ਬਚਾਇਆ ਜਾ ਸਕਦਾ ਸੀ। ਇਸ ਵਾਸਤੇ ਬਹੁਤ ਹੱਦ ਤੱਕ ਰਿਸਪਾਂਸੇਬਿਲਟੀ ਮਿਸਟਰ ਗੋਇਲ ਅਤੇ ਕ੍ਰਿਸ਼ਨ ਕੁਮਾਰ ਦੀ ਹੈ, ਇਸ ਇਰੀਗੇਸ਼ਨ ਮਹਿਕਮੇ ਦੀ ਹੈ। ਕੀ ਇਹ ਸੁੱਤੇ ਪਏ ਸੀ? ਇਨ੍ਹਾਂ ਨੇ 270 ਕਰੋੜ ਰੁਪਿਆ ਦੱਸਿਆ ਹੈ ਅਤੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ, ਮੇਰੇ ਏਰੀਏ ਦੀ ਗੱਲ ਲੈ ਲਵੋ। ਮੈਂ ਪਾਹੜਾ ਸਾਹਿਬ ਦੇ ਏਰੀਏ ਵਿੱਚ ਜਾ ਕੇ ਆਇਆ ਹਾਂ, ਸ਼੍ਰੀਮਤੀ ਅਰੁਨਾ ਚੌਧਰੀ ਜੀ ਦੇ ਏਰੀਏ ਵਿੱਚ ਵੀ ਗਿਆ, ਰੰਧਾਵਾ ਸਾਹਿਬ ਦੇ ਏਰੀਏ ਵਿੱਚ ਵੀ ਗਿਆ, ਕਪੂਰਥਲੇ ਵੀ ਜਾ ਕੇ ਆਇਆ ਹਾਂ, ਅਜਨਾਲੇ ਵੀ ਜਾ ਕੇ ਆਇਆ ਹਾਂ, ਫਾਜ਼ਿਲਕਾ ਅਤੇ ਹੋਰ ਸਾਰੀਆਂ ਜਗ੍ਹਾ ਉਤੇ ਵੀ ਜਾ ਕੇ ਆਇਆ ਹਾਂ। ਇਨ੍ਹਾਂ ਨੇ ਇੱਥੇ ਹਾਊਸ ਵਿੱਚ ਜਵਾਬ ਦਿੰਦੇ ਹੋਏ ਕਿਹਾ ਸੀ ਕਿ 74 ਸਾਲਾਂ ਵਿੱਚ ਕਿਸੇ ਸਰਕਾਰ ਨੇ ਕੰਮ ਨਹੀਂ ਕੀਤਾ ਪਰ ਸਾਡੇ ਮਹਿਕਮੇ ਨੇ 8000 ਕਿਲੋਮੀਟਰ ਦੀਆਂ ਇੰਟਰਨਲ ਡ੍ਰੇਨੇਜ਼ ਸਾਫ ਕੀਤੀਆਂ ਹਨ। ਸਪੀਕਰ ਸਾਹਿਬ, ਮੈਂ ਬਤੌਰ ਲੀਡਰ ਆਫ ਦਿ ਆਪੋਜ਼ੀਸ਼ਨ ਦਾਅਵੇ ਨਾਲ ਕਹਿੰਦਾ ਹਾਂ ਕਿ ਇਹ ਟੋਟਲ ਬੇਬੁਨਿਆਦ, ਟੋਟਲ ਝੂਠਾ ਬਿਆਨ ਸੀ। ਜਿੰਨੇ ਵੀ ਬੰਨ੍ਹ ਬਣੇ ਹਨ, ਕਿਸੇ ਦੀ ਮਜ਼ਬੂਤੀ ਵਾਸਤੇ ਇੱਕ ਰੁਪਿਆ ਨਹੀਂ ਲਗਾਇਆ ਗਿਆ। ਸਾਰਾ ਪੈਸਾ ਇਨ੍ਹਾਂ ਦਾ ਮਹਿਕਮਾ ਡਕਾਰ ਗਿਆ ਹੈ। ਜੇ ਅੱਜ ਪੰਜਾਬ ਦਾ ਬੇੜਾ ਗਰਕ ਹੋਇਆ ਹੈ ਤਾਂ ਵੱਡੇ ਪੈਮਾਨੇ ਤੇ ਤੁਹਾਡੀ ਸਰਕਾਰ ਰਿਸਪਾਂਸੀਬਲ ਹੈ ਕਿਉਂਕਿ ਤੁਸੀਂ ਸੋਚਿਆ ਕਿ ਮਾੜੀ ਜਿਹੀ ਬਰਸਾਤ ਪੈਣੀ ਹੈ ਤੇ ਨਿਕਲ ਜਾਣੀ ਹੈ। (ਟਰੇਜ਼ਰੀ ਬੈਂਚਿਜ਼ ਦੁਆਰਾ ਵਿਘਨ) ਇੱਕ ਮਿੰਟ ਜੀ, ਗੱਲ ਕਰਨ ਦਿਓ।

**ਮਾਣਯੋਗ ਸਪੀਕਰ**: ਬਾਜਵਾ ਜੀ, ਚੇਅਰ ਨੂੰ ਐਡਰੈੱਸ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਗੋਇਲ ਸਾਹਿਬ ਬੋਲੇ ਸੀ, ਅਸੀਂ ਕੁਝ ਨਹੀਂ ਕਿਹਾ। ਜੇ ਚੂੰ-ਚਾਂ ਕਰੋਗੇ ਤਾਂ ਇਵੇਂ ਹੀ ਰੌਲ਼ਾ ਪਵੇਗਾ। ਮੇਰੀ ਅਗਲੀ ਬੇਨਤੀ ਸੁਣ ਲਓ ਜੀ। ਮੈਂ ਰਣਜੀਤ ਸਾਗਰ ਡੈਮ ’ਤੇ ਆਉਣ ਲੱਗਾ ਹਾਂ which is controlled by Punjab. ਤੁਸੀਂ ਅਜੇ ਭਾਖੜਾ ਬਿਆਸ ਤੇ ਪੌਂਗ ਡੈਮ ਦੀ ਗੱਲ ਛੱਡ ਦਿਉ ਜਿਹੜੇ ਕਿ ਉਨ੍ਹਾਂ ਦੇ (ਸੈਂਟਰ ਸਰਕਾਰ) ਕੰਟਰੋਲ ਥੱਲੇ ਹਨ। ਸਰ, ਬਕਾਇਦਾ ਤੌਰ ਤੇ last moment ਤੱਕ ਡੈਮ ਭਰੇ ਹੋਏ ਹਨ। ਇਹ ਮੈਨੂੰ ਪਰੂਵ ਕਰਕੇ ਦੇਣ ਕਿ ਇਨ੍ਹਾਂ ਨੇ ਕਦੋਂ ਕਿਹਾ ਹੈ ਕਿ ਪਾਣੀ ਹੌਲ਼ੀ ਹੌਲ਼ੀ ਛੱਡੋ। ਇਹ ਚੁੱਪ ਹੋ ਗਏ, ਕੀ ਕ੍ਰਿਸ਼ਨ ਕੁਮਾਰ ਸੁੱਤੇ ਹੋਏ ਸੀ? ਇਸ ਕ੍ਰਿਸ਼ਨ ਕੁਮਾਰ ਨੇ ਇਰੀਗੇਸ਼ਨ ਮਹਿਕਮੇ ਵਿੱਚ 8000 ਬੰਦਿਆਂ ਨੂੰ ਨੋਟਿਸ ਕੱਢ ਦਿੱਤੇ, ਪਹਿਲਾਂ ਸਾਰਿਆਂ ਦੀਆਂ ਡਿਪਾਰਟਮੈਂਟਲ ਇਨਕੁਆਰੀਜ਼ ਖੋਲ੍ਹੀਆਂ ਗਈਆਂ ਸੀ।

**ਰਾਣਾ ਗੁਰਜੀਤ ਸਿੰਘ (ਬੈਠੇ-ਬੈਠੇ):** ਉਹ ਹੁਣ ਇੱਥੇ ਆਪਣੀ ਸੀਟ ’ਤੇ ਵੀ ਨਹੀਂ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਹੁਣ ਇੱਥੇ ਸੈਕਟਰੀ ਇਰੀਗੇਸ਼ਨ ਬੈਠੇ ਨਹੀਂ ਹਨ, is he there? He is not there on his seat. ਅੱਜ ਸਦਨ ਵਿੱਚ ਰਿਹੈਬਲੀਟੇਸ਼ਨ ਤੇ ਇਰੀਗੇਸ਼ਨ ’ਤੇ ਅਤੇ ਫਲੱਡਜ਼ ’ਤੇ ਬਹਿਸ ਚੱਲ ਰਹੀ ਹੈ। Where is Sh. Krishan Kumar? He is not here.

**ਰਾਣਾ ਗੁਰਜੀਤ ਸਿੰਘ (ਬੈਠੇ-ਬੈਠੇ):** ਸੀਰੀਅਸਨੈੱਸ ਨਹੀਂ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਕੀ ਇਹ ਸੀਰੀਅਸਨੈੱਸ ਹੈ? Seriousness of government is before you. ਇਹ ਵੀ ਮਜਬੂਰੀ ਹੁੰਦੀ, ਜੇ ਅੱਜ ਇਨ੍ਹਾਂ ਨੂੰ ਮਤਾ ਪੇਸ਼ ਨਾ ਕਰਨਾ ਪੈਂਦਾ ਤਾਂ ਅੱਜ ਗੋਇਲ ਸਾਹਿਬ ਵੀ ਨਹੀਂ ਲੱਭਣੇ ਸੀ। ਸਰ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ, ਮੈਂ ਮਿਤੀ 24 ਅਗਸਤ, 2025 ਦੀ ਗੱਲ ਕਰ ਰਿਹਾ ਹਾਂ, ਉਦੋਂ ਰਣਜੀਤ ਸਾਗਰ ਦਾ ਪਾਣੀ 524.79 ਮੀਟਰਜ਼ ’ਤੇ ਸੀ, ਤਕਰੀਬਨ 527 ਜਾਂ 528 ਮੀਟਰਜ਼ ’ਤੇ ਰਣਜੀਤ ਸਾਗਰ ਡੈਮ ਦਾ top end ਹੈ, ਜਿੱਥੇ ਖਤਰਾ ਸ਼ੁਰੂ ਹੋ ਜਾਂਦਾ ਹੈ। ਉੱਥੋਂ ਤੱਕ ਤਾਂ ਪਾਣੀ ਚੜ੍ਹ ਚੁੱਕਿਆ ਸੀ ਜੀ। ਇਨ੍ਹਾਂ ਨੂੰ ਬਕਾਇਦਾ ਤੌਰ ਤੇ ਐਡਵਾਈਜ਼ਰੀ ਦਿੱਤੀ ਗਈ ਸੀ ਕਿ ਥੋੜ੍ਹਾ ਥੋੜ੍ਹਾ ਕਰਕੇ ਪਾਣੀ ਛੱਡੀ ਚੱਲੋ ਕਿਉਂਕਿ ਇੰਡੀਅਨ ਮੈਟਰੋਲੋਜੀਕਲ ਆਫਿਸ ਨੇ ਮਈ ਦੇ ਮਹੀਨੇ ਵਿੱਚ ਹੀ ਵਾਰਨਿੰਗ ਦੇ ਦਿੱਤੀ ਸੀ। ਇਹ ਠੀਕ ਹੈ, ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਜਿੰਨੀ ਬਰਸਾਤ ਹੋਣ ਬਾਰੇ ਕਿਹਾ ਗਿਆ ਸੀ, ਬਰਸਾਤ ਉਸ ਨਾਲੋਂ ਕਿਤੇ ਵੱਧ ਹੋਈ ਹੈ। But they were never prepared. ਇਹ ਗੱਲ ਬਿਲਕੁਲ ਠੀਕ ਨਹੀਂ। ਸਪੀਕਰ ਸਾਹਿਬ, ਪਲੀਜ਼ ਇੱਧਰ ਧਿਆਨ ਕਰੋ।

**ਮਾਣਯੋਗ ਸਪੀਕਰ:** ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਕੋਈ ਜ਼ਿੰਮੇਵਾਰ ਲੀਡਰ ਹੋਵੇ, ਇਸ ਦੇ ਵਾਸਤੇ ਮੈਂ ਤੁਹਾਡੇ ਚੀਫ਼ ਮਨਿਸਟਰ ਅਤੇ ਚੀਫ਼ ਸੈਕਟਰੀ ਨੂੰ ਵੀ ਰਿਸਪਾਂਸੀਬਲ ਸਮਝਦਾ ਹਾਂ। ਇਹ ਸਾਨੂੰ ਇੰਡੀਅਨ ਮੈਟਰੋਲੋਜੀਕਲ ਆਫਿਸ, ਹਿੰਦੁਸਤਾਨ ਦਾ ਇਰੀਗੇਸ਼ਨ ਡਿਪਾਰਟਮੈਂਟ, ਜਿਸ ਨੂੰ ਸੈਂਟਰਲ ਵਾਟਰਜ਼ ਕਮਿਸ਼ਨ ਕਿਹਾ ਜਾਂਦਾ ਹੈ, ਉਨ੍ਹਾਂ ਨਾਲ ਸਾਡੇ ਇਰੀਗੇਸ਼ਨ ਡਿਪਾਰਟਮੈਂਟ ਨੂੰ ਇਸ ਸਬੰਧੀ ਜਨਵਰੀ ਦੇ ਮਹੀਨੇ ਵਿੱਚ ਮੀਟਿੰਗਾਂ ਕਰਨੀਆਂ ਚਾਹੀਦੀਆਂ ਸੀ। ਇਹ ਤਾਂ ਪਹਿਲੀ ਮੀਟਿੰਗ ਤੁਹਾਡੇ ਚੀਫ਼ ਮਨਿਸਟਰ ਨੇ 6 ਜੂਨ ਨੂੰ ਕਨਵੀਨ ਕੀਤੀ ਹੈ ਅਤੇ 24 ਜੂਨ ਤੋਂ ਤਾਂ ਬਰਸਾਤਾਂ ਸ਼ੁਰੂ ਹੋ ਗਈਆਂ ਸਨ। ਫਿਰ ਉਦੋਂ ਇਨ੍ਹਾਂ ਨੇ ਕੀ ਕੰਟਰੋਲ ਕਰਨਾ ਸੀ? ਬੇੜਾ ਤਾਂ ਇਨ੍ਹਾਂ ਦਾ ਆਪਣਾ ਬੈਠਾ ਹੈ। They were never prepared. ਤੁਸੀਂ ਕੋਈ ਤਿਆਰੀ ਨਹੀਂ ਕੀਤੀ, ਇਸ ਸਬੰਧ ਵਿੱਚ ਤੁਸੀਂ ਕੋਈ ਮੀਟਿੰਗਜ਼ ਨਹੀਂ ਸੱਦੀਆਂ। ਤੁਹਾਡੇ ਵਿੱਚ ਕੋਈ ਗੰਭੀਰਤਾ ਵੀ ਨਹੀਂ । ਤੁਸੀਂ ਬੀ.ਬੀ.ਐਮ.ਬੀ. ’ਤੇ ਫਿਰਦੇ ਰਹੇ ਹੋ, ਕਹਿਣ ਲੱਗੇ ਕਿ ਪਾਣੀਆਂ ਦਾ ਰਖਵਾਲਾ ਆ ਗਿਆ ਜੀ, ਕਹਿੰਦੇ ਮੈਂ ਇੱਥੇ ਸੈਂਟਰ ਦੀਆਂ ਪੈਰਾ ਮਿਲਟਰੀ ਫੋਰਸਿਜ਼ ਨਹੀਂ ਆਉਣ ਦੇਣੀਆਂ, ਮੈਂ ਇੱਥੇ ਪੰਜਾਬ ਪੁਲਿਸ ਰੱਖਾਂਗਾ।

**ਮਾਣਯੋਗ ਸਪੀਕਰ:** ਪਲੀਜ਼ ਵਾਈਂਡ ਅੱਪ ਕਰੋ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਪ੍ਰੰਤੂ ਸੈਂਟਰ ਵੀ ਆਪਣੀਆਂ ਫੋਰਸਿਜ਼ (ਵਿਘਨ..ਸ਼ੋਰ), ਪੰਜਾਬ ਪੁਲਿਸ ਵੀ ਵਾਪਸ ਆ ਗਈ। ਕੰਟਰੋਲ ਤਾਂ ਕੀ ਕਰਨਾ ਸੀ।

**ਮਾਣਯੋਗ ਸਪੀਕਰ**: ਪਲੀਜ਼ ਵਾਈਂਡ ਅੱਪ ਕਰੋ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਨਹੀਂ ਸਰ। ਇਸ ਦਾ ਮਤਲਬ ਤੁਸੀਂ ਪੰਜਾਬ ਦੀ ਕੋਈ ਅਸਲੀਅਤ ਸੁਣਨਾ ਨਹੀਂ ਚਾਹੁੰਦੇ ਜੀ? ਤੁਸੀਂ ਇਹ ਦੱਸੋ ਕਿ ਸਾਡੀ ਪਾਰਟੀ ਨੂੰ ਕਿੰਨਾ ਟਾਈਮ ਦਿੱਤਾ ਹੈ?

**ਮਾਣਯੋਗ ਸਪੀਕਰ**: ਮੈਂ ਸਮੇਂ ਬਾਰੇ ਤੁਹਾਨੂੰ ਹੁਣੇ ਦੱਸ ਦਿੰਦਾ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਤੁਸੀਂ ਦੱਸੋ। ਆਹ ਵੀ ਕੋਈ ਗੱਲ ਹੈ ਜੀ? ਪੰਜਾਬ ਦੀ ਅਸਲੀਅਤ ਦੇਸ਼ ਦੇ ਸਾਹਮਣੇ ਤੁਸੀਂ ਰੱਖਣਾ ਨਹੀਂ ਚਾਹੁੰਦੇ ਜੀ।

**ਮਾਣਯੋਗ ਸਪੀਕਰ**: ਇੱਕ ਮਿੰਟ ਰੁਕੋ ਜੀ। ਮੈਂ ਤੁਹਾਨੂੰ ਹੁਣੇ ਦੱਸ ਦਿੰਦਾ ਹਾਂ। (ਵਿਘਨ) ਸਿਰਫ ਇੱਕ ਮਿੰਟ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਮੇਰੀ ਬੇਨਤੀ ਸੁਣੋ ਜੀ। ਮੇਰਾ ਇਹ ਦਾਅਵਾ ਹੈ, ਜਿਹੜੀਆਂ ਮੇਰੀਆਂ ਰਿਪੋਰਟਸ ਹਨ, ਮੈਂ ਦੱਸਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਤੁਸੀਂ ਜਿਹੜੀ ਗੱਲ ਮੈਨੂੰ ਪੁੱਛੀ ਹੈ, ਉਹ ਤਾਂ ਮੈਨੂੰ ਦੱਸ ਲੈਣ ਦਿਉ। ਦੋ ਘੰਟੇ ਦੀ ਡਿਸਕਸ਼ਨ ਹੈ। ਆਮ ਆਦਮੀ ਪਾਰਟੀ ਦੇ 93 ਮੈਂਬਰਜ਼ ਹਨ, ਜਿਸ ਵਾਸਤੇ ਇੱਕ ਘੰਟਾ ਤੇ ਪੈਂਤੀ ਮਿੰਟ ਬਣਦੇ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਕੀ ਫਿਰ ਅਸੀਂ ਵਾਪਸ ਚਲੇ ਜਾਈਏ? ਫਿਰ ਸਪੈਸ਼ਲ ਸੈਸ਼ਨ ਬੁਲਾਇਆ ਹੀ ਨਾ ਕਰੋ, ਜੇਕਰ ਅਸਲੀਅਤ ਹੀ ਨਹੀਂ ਸੁਣਨਾ ਚਾਹੁੰਦੇ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ**: ਨਹੀਂ, ਨਹੀਂ। ਤੁਸੀਂ ਆਪਣੀ ਗੱਲ ਕਰੋ। ਤੁਸੀਂ ਸਭ ਤੋਂ ਵੱਧ ਤਜਰਬੇਕਾਰ ਮਾਣਯੋਗ ਮੈਂਬਰ ਹੋ। ਤੁਸੀਂ ਗਾਗਰ ਦੇ ਵਿੱਚ ਸਾਗਰ ਵੀ ਭਰ ਸਕਦੇ ਹੋ। ਤੁਸੀਂ ਗੱਲ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਾਡਾ ਤਜਰਬਾ ਤਾਂ ਹੈ Government is now shifting the blame (Interruptions) ਇੱਕ ਮਿੰਟ ਜੀ। Now the Irrigation Minister is trying to shift the blame to the Centre ਕਿ ਇਹ ਰਿਸਪਾਂਸੀਬਿਲਟੀ ਸੈਂਟਰ ਦੀ ਹੈ। ਤੁਸੀਂ ਮੈਨੇਜਮੈਂਟ ਤਾਂ ਭਾਖੜਾ ਅਤੇ ਪੌਂਗ ਡੈਮ ਦੀ ਮੰਗਦੇ ਹੋ ਪ੍ਰੰਤੂ ਤੁਸੀਂ ਆਪਣੇ ਰਣਜੀਤ ਸਾਗਰ ਡੈਮ ਨੂੰ ਵੀ ਨਹੀਂ ਸੰਭਾਲ ਸਕੇ। 7 ਤੋਂ 8 ਲੱਖ ਕਿਊਸਕ ਪਾਣੀ ਉਸ ਦਿਨ ਇਕੱਠਾ ਛੱਡਿਆ ਗਿਆ। ਸਾਰੇ ਮਾਧੋਪੁਰ ਦੇ ਫਲੱਡ ਗੇਟ ਟੁੱਟ ਗਏ ਹਨ, ਇਸ ਤੋਂ ਪਹਿਲਾਂ ਕਿੰਨੀ ਵਾਰ ਪਾਣੀ ਛੱਡਿਆ ਗਿਆ ਸੀ? ਅੱਛਾ, ਇੱਕ ਐਸ.ਡੀ.ਓ. ਸਮੇਤ ਦੋ ਤਿੰਨ ਜਣੇ ਇਸ ਮਾਮਲੇ ਵਿੱਚ ਸਸਪੈਂਡ ਕਰ ਦਿੱਤੇ ਗਏ, ਜਦੋਂ ਕਿ ਸਸਪੈਂਡ ਤਾਂ ਗੋਇਲ ਸਾਹਿਬ ਨੂੰ ਕਰਨਾ ਚਾਹੀਦਾ ਸੀ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਇੱਥੇ ਸਸਪੈਂਡ ਕਰਨ ਦੀ ਲੋੜ ਤਾਂ ਕ੍ਰਿਸ਼ਨ ਕੁਮਾਰ ਨੂੰ ਸੀ, ਇੱਥੇ ਸਸਪੈਂਡ ਕਰਨ ਦੀ ਲੋੜ ਤਾਂ ਸ਼ੇਰ ਸਿੰਘ, ਚੀਫ਼ ਇੰਜੀਨੀਅਰ ਨੂੰ ਸੀ। ਉਨ੍ਹਾਂ 8000 ਬੰਦਿਆਂ ਨੂੰ ਕ੍ਰਿਸ਼ਨ ਕੁਮਾਰ ਨੇ ਨੋਟਿਸਿਜ਼ ਭੇਜ ਦਿੱਤੇ। ਕੋਈ ਵੀ ਮੁਲਾਜ਼ਮ ਡਰਦਾ ਮਾਰਾ ਇਨ੍ਹਾਂ ਨਾਲ ਕੰਮ ਕਰਨ ਨੂੰ

ਤਿਆਰ ਨਹੀਂ ਹੈ। ਕੋਈ ਅਸਲੀਅਤ ਦੱਸਣ ਨੂੰ ਤਿਆਰ ਨਹੀਂ ਹੈ। ਜੋ ਅੱਜ ਸ੍ਰੀ ਅੰਮ੍ਰਿਤਸਰ ਸਾਹਿਬ, ਗੁਰਦਾਸਪੁਰ, ਅਜਨਾਲੇ ਵਿੱਚ ਹੋਇਆ, ਇਸ ਸਾਰੇ ਦੇ ਸਾਰੇ ਨੁਕਸਾਨ ਦੀ ਡਾਇਰੈਕਟ ਰਿਸਪਾਂਸੀਬਿਲਟੀ ਮਿਸਟਰ ਗੋਇਲ ਅਤੇ ਤੁਹਾਡੇ ਚੀਫ਼ ਇੰਜੀਨੀਅਰ ਨੂੰ ਜਾਂਦੀ ਹੈ। He is the biggest authority of the State. ਜਿਹੜਾ ਉਝ ਦਰਿਆ ਦਾ ਪਾਣੀ 26 ਤਰੀਕ ਨੂੰ ਛੱਡਿਆ ਗਿਆ, ਇਹ ਬਹਾਨਾ ਲਗਾਉਂਦੇ ਹਨ, ਉਝ ਤਾਂ 25 ਕਿਲੋਮੀਟਰ ਥੱਲੇ ਜਾ ਕੇ ਮਕੌੜੇ ਨੂੰ ਮਿਲਦਾ ਹੈ।

**ਮਾਣਯੋਗ ਸਪੀਕਰ**: ਇੱਕ ਮਿੰਟ ਜੀ। ਹੁਣ ਤੁਸੀਂ ਵਾਈਂਡ ਅੱਪ ਕਰ ਲਵੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਹਾਡੇ ਫਲੱਡ ਗੇਟ ਟੁੱਟ ਗਏ, ਉਹ ਕਿਸ ਦੀ ਜ਼ਿੰਮੇਵਾਰੀ ਸੀ? ਤੁਸੀਂ ਬਿਲਕੁਲ ਕੰਟਰੋਲ ਨਹੀਂ ਕੀਤਾ। ਤੁਹਾਡਾ ਨਿਕੰਮਾ ਮੰਤਰੀ ਮੰਡਲ ਹੈ। ਕਿਸੇ ਦਾ ਧਿਆਨ ਕੋਈ ਨਹੀਂ ਹੈ। ਤੁਹਾਡੇ ਮੁੱਖ ਮੰਤਰੀ ਦਾ ਕੋਈ ਧਿਆਨ ਨਹੀਂ ਹੈ। ਜਦੋਂ ਪ੍ਰਧਾਨ ਮੰਤਰੀ ਜੀ ਇੱਥੇ ਆਏ, ਉਸ ਦਿਨ ਮੁੱਖ ਮੰਤਰੀ ਨੂੰ ਉੱਥੇ ਹੋਣਾ ਚਾਹੀਦਾ ਸੀ ਪਰ ਉਹ ਹਸਪਤਾਲ ਦਾਖਲ ਹੋ ਗਏ। He just wanted to run away from the ground.

**ਮਾਣਯੋਗ ਸਪੀਕਰ:** ਠੀਕ ਹੈ ਜੀ। ਮੰਤਰੀ ਜੀ, ਤੁਹਾਡੀ ਗੱਲ ਦਾ ਜਵਾਬ ਦੇਣਾ ਚਾਹੁੰਦੇ ਹਨ। ਤੁਹਾਡਾ ਟਾਈਮ ਵੀ ਹੋ ਗਿਆ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਪਹਿਲਾਂ ਮੇਰੀ ਗੱਲ ਪੂਰੀ ਹੋ ਲੈਣ ਦਿਓ ਜੀ। ਜੋ ਤੁਹਾਡਾ ਮੁੱਖ ਮੰਤਰੀ ਬਣਿਆ ਹੈ, he did not have the moral courge.

**ਜਲ ਸਰੋਤ ਮੰਤਰੀ**: ਸਪੀਕਰ ਸਾਹਿਬ, ਇਹ ਜਿਹੜੀਆਂ ਵੀ ਗੱਲਾਂ ਕਰਦੇ ਹਨ, ਮੈਂ ਵਿਰੋਧੀ ਧਿਰ ਦੇ ਨੇਤਾ ਨੂੰ ਦੱਸਣਾ ਚਾਹੁੰਦਾ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੈਨੂੰ ਦੱਸਣ ਦੀ ਲੋੜ ਨਹੀਂ ਹੈ।

**ਮਾਣਯੋਗ ਸਪੀਕਰ:** ਤੁਹਾਡਾ ਟਾਈਮ ਹੋ ਗਿਆ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਾਡਾ ਟਾਈਮ ਓਵਰ ਹੋ ਗਿਆ ਜੀ? This is unfair.

**ਮਾਣਯੋਗ ਸਪੀਕਰ:** ਤੁਹਾਡੇ ਸਾਥੀਆਂ ਦਾ ਟਾਈਮ ਵੀ ਤੁਹਾਨੂੰ ਹੀ ਦੇ ਦੇਈਏ। ਤੁਸੀਂ ਸਾਰੀ ਪਾਰਟੀ ਦਾ ਟਾਈਮ ਲੈ ਲਓਗੇ?

**ਜਲ ਸਰੋਤ ਮੰਤਰੀ :** ਸਪੀਕਰ ਸਾਹਿਬ।

**ਮਾਣਯੋਗ ਸਪੀਕਰ:** ਮੰਤਰੀ ਜੀ, ਬੈਠੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਨੂੰ ਬੋਲਣ ਲਈ ਹੋਰ ਸਮਾਂ ਦੇਣ ਬਾਰੇ ਮਾਣਯੋਗ ਸਪੀਕਰ ਸਾਹਿਬ ਨੂੰ ਕਹਿ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਸਪੀਕਰ ਸਾਹਿਬ, ਜਿਹੜੀ ਕਾਂਗਰਸ ਪਾਰਟੀ ਹੈ। ਮੈਂ ਸਮਝਦਾ ਹਾਂ ਕਿ ਅੱਜ ਪੰਜਾਬ ਦੇ ਅੰਦਰ ਸਭ ਤੋਂ ਵੱਡੀ ਤ੍ਰਾਸਦੀ ਹੋਈ ਹੈ। ਸਦੀ ਦੇ ਸਭ ਤੋਂ ਭਿਆਨਕ ਹੜ੍ਹ ਆਏ ਹਨ। ਉਸ ਨੂੰ ਲੈ ਕੇ ਵੀ ਕਾਂਗਰਸ ਪਾਰਟੀ ਸੰਜੀਦਾ ਨਹੀਂ ਹੈ। ਇਹ ਉਸ ਨੂੰ ਲੈ ਕੇ ਵੀ ਸਿਆਸਤ ਕਰ ਰਹੇ ਹਨ। ਮੈਨੂੰ ਸਮਝ ਨਹੀਂ ਆਉਂਦਾ ਕਿ ਜਿਹੜੀ 15-15 ਫੁੱਟ ਸਿਲਟ ਆ ਗਈ, ਉਹ ਕਿਸ ਕਰਕੇ ਆ ਗਈ? ਉਹ ਹੜ੍ਹਾਂ ਕਰਕੇ ਆਈ ਹੈ। ਕੀ ਵਿਰੋਧੀ ਧਿਰ ਦੇ ਨੇਤਾ ਇਹ ਦੱਸਣਗੇ ਕਿ ਕੀ ਹਿਮਾਚਲ ਪ੍ਰਦੇਸ਼ ਦੇ ਅੰਦਰ ਮੀਂਹ ਨਹੀਂ ਪਿਆ, ਉੱਤਰਾਖੰਡ ਦੇ ਅੰਦਰ ਮੀਂਹ ਨਹੀਂ ਪਿਆ। ਇਹ ਇਨ੍ਹਾਂ ਦਾ ਵਾਕ ਆਊਟ ਕਰਨ ਦਾ ਬਹਾਨਾ ਹੈ। ਪੰਜਾਬ ਦੇ ਲੋਕ ਦੇਖ ਰਹੇ ਹਨ ਕਿ ਹਮੇਸ਼ਾ ਹੀ ਆਪੋਜ਼ੀਸ਼ਨ ਪਾਰਟੀ ਨੈਗੇਟਿਵ ਭੂਮਿਕਾ ਨਿਭਾਉਂਦੀ ਹੈ।

**ਮਾਣਯੋਗ ਸਪੀਕਰ:** ਠੀਕ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** **

**ਵਿੱਤ ਮੰਤਰੀ:** **

**ਮਾਣਯੋਗ ਸਪੀਕਰ:** ਮੈਂ ਟਾਈਮ ਦੱਸ ਰਿਹਾ ਹਾਂ ਜੀ। ਜੋ ਵੀ ਕੁਝ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਮੰਤਰੀ ਜੀ, ਤੁਸੀਂ ਬੈਠੋ। ਅੱਜ ਚਾਰ ਘੰਟੇ ਟੋਟਲ ਟਾਈਮ ਹੈ। ਇਹ ਸਮਾਂ ਮੈਂਬਰਜ਼ ਦੀ ਗਿਣਤੀ ਦੇ ਹਿਸਾਬ ਨਾਲ ਪ੍ਰੋਪੋਸ਼ਨੇਟਲੀ ਮਿਲਣਾ ਹੈ। ਆਮ ਆਦਮੀ ਪਾਰਟੀ ਦੇ 93 ਮੈਂਬਰ ਹਨ, ਉਨ੍ਹਾਂ ਦੇ 3 ਘੰਟੇ। ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ 16 ਮੈਂਬਰ ਹਨ, ਉਨ੍ਹਾਂ ਦੇ 32 ਮਿੰਟ। (ਵਿਘਨ)(ਸ਼ੋਰ) ਸ਼੍ਰੋਮਣੀ ਅਕਾਲੀ ਦਲ ਦੇ 3 ਮੈਂਬਰ ਹਨ, ਉਨ੍ਹਾਂ ਨੂੰ 6 ਮਿੰਟ। ਭਾਰਤੀ ਜਨਤਾ ਪਾਰਟੀ ਦੇ 2 ਮੈਂਬਰ ਹਨ, ਉਨ੍ਹਾਂ ਨੂੰ 4 ਮਿੰਟ। ਬਹੁਜਨ ਸਮਾਜ ਪਾਰਟੀ ਦਾ ਇੱਕ ਮੈਂਬਰ ਹੈ, ਉਨ੍ਹਾਂ ਦੇ 4 ਮਿੰਟ। ਅਜ਼ਾਦ ਇੱਕ ਮੈਂਬਰ ਹੈ, ਉਨ੍ਹਾਂ ਦੇ 4 ਮਿੰਟ ਹਨ। ਜੀ, ਬਾਜਵਾ ਜੀ, ਤੁਹਾਡਾ ਸਮਾਂ ਸ਼ੁਰੂ ਹੁੰਦਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੈਂ ਅਗਲੀ ਗੱਲ ਕਰਦਾ ਹਾਂ। ਤੁਹਾਡੀ ਪਾਰਟੀ ਦੇ ਸੁਪਰੀਮੋ ਨੇ ਚੋਣਾਂ ਤੋਂ ਪਹਿਲਾਂ ਕਿਹਾ ਸੀ ਕਿ ਮੈਂ 50,000 ਰੁਪਿਆ ਕਿੱਲੇ ਦਾ ਮੁਆਵਜ਼ਾ ਦਿਆ ਕਰਾਂਗਾ। ਸਾਡੀ 5 ਲੱਖ ਏਕੜ ਫਸਲ ਤਬਾਹ ਹੋ ਗਈ ਹੈ। ਮੈਂ, ਮੁੱਖ ਮੰਤਰੀ, ਸਰਦਾਰ ਭਗਵੰਤ ਮਾਨ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਤਾਂ ਕਹਿੰਦੇ ਸੀ ਕਿ ਕਿਸਾਨਾਂ ਨੂੰ 20,000 ਰੁਪਿਆ ਤਾਂ ਫੌਰੀ ਤੌਰ ਉਤੇ ਆ ਜਾਵੇਗਾ, ਗਿਰਦਾਵਰੀਆਂ ਬਾਅਦ ਵਿੱਚ ਹੁੰਦੀਆਂ ਰਹਿਣਗੀਆਂ, 30,000 ਰੁਪਿਆ ਅਸੀਂ ਬਾਅਦ ਵਿੱਚ ਘੱਲਾਂਗੇ। ਹਾਲੇ ਤੱਕ ਇੱਕ ਆਨਾ ਵੀ ਕਿਸੇ ਕਿਸਾਨ ਨੂੰ ਨਹੀਂ ਆਇਆ। ਕਿਸੇ ਡੰਗਰ ਦਾ

---

** Not recorded as ordered by the Chair.

ਮੁਆਵਜ਼ਾ ਨਹੀਂ ਆਇਆ। ਮੱਝਾਂ, ਗਾਵਾਂ, ਘੋੜਿਆਂ, ਤੁਸੀਂ ਤਾਂ ਬੱਕਰੀਆਂ ਤੱਕ ਦਾ ਕਹਿ ਦਿੱਤਾ ਸੀ, ਮੁਰਗੀਆਂ ਦਾ ਕਹਿ ਦਿੱਤਾ ਸੀ। ਇਵੇਂ ਕਿਹਾ ਸੀ ਕਿ ਮੈਂ ਛੋਨੇ ਦੇ ਕੱਦੂ ਦਾ ਮੁਆਵਜ਼ਾ ਦਿਆਂਗਾ, ਛੱਤ ਪਾਟਣ ਦਾ ਦਿਆਂਗਾ। ਛੱਤ ਨੂੰ ਛੱਡੋ ਇੱਥੇ ਪੰਜਾਬ ਦੋ ਹਿੱਸਿਆਂ ਵਿੱਚ ਪਾਟ ਗਿਆ। ਕੋਈ ਪੰਜਾਬ ਦੀ ਗੱਲ ਨਹੀਂ ਕਰਦੇ। ਹੁਣ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਜੀ ਸਾਨੂੰ ਵਖਤ ਨਹੀਂ ਦਿੰਦੇ। ਪ੍ਰਧਾਨ ਮੰਤਰੀ ਜੀ ਨੂੰ ਪਤਾ ਹੈ ਕਿ ਤੁਸੀਂ ਗੰਭੀਰ ਹੀ ਨਹੀਂ ਹੋ। ਜਦੋਂ ਪ੍ਰਧਾਨ ਮੰਤਰੀ ਦੇ ਸਾਹਮਣੇ ਹੋਣ ਦਾ ਵਖਤ ਸੀ, ਉਦੋਂ ਇਹ ਹਸਪਤਾਲ ਤੁਰ ਗਏ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਬਹਿ ਜਾ ਯਾਰ। (ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਵੱਲ ਇਸ਼ਾਰਾ) (ਵਿਘਨ) ਸਪੀਕਰ ਸਾਹਿਬ, ਇਹ ਮੇਰਾ ਟਾਈਮ ਇੰਟਰਪਟ ਕਰ ਰਹੇ ਹਨ।

**ਮਾਣਯੋਗ ਸਪੀਕਰ:** ਇਹ ਸਮਾਂ ਕੱਢ ਦਿਆਂਗੇ, ਤੁਹਾਨੂੰ ਤੁਹਾਡਾ ਪੂਰਾ ਸਮਾਂ ਮਿਲੇਗਾ। (ਵਿਘਨ)(ਸ਼ੋਰ)

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਸਪੀਕਰ ਸਾਹਿਬ, ਮੈਂ ਮਾਣਯੋਗ ਵਿਰੋਧੀ ਧਿਰ ਦੇ ਨੇਤਾ ਨੂੰ ਦੱਸਣਾ ਚਾਹੁੰਦਾ ਹਾਂ ਕਿ 8 ਸਤੰਬਰ ਨੂੰ ਸਾਡੇ ਹਲਕੇ ਵਿੱਚ, ਇਸੇ ਹੜ੍ਹਾਂ ਤੇ ਮੀਂਹ ਦੇ ਦੌਰਾਨ ਇੱਕ ਟਰੈਜਡੀ ਹੋਈ ਹੈ, ਜਿਸ ਦੌਰਾਨ ਇੱਕ ਮਾਤਾ ਜਸਪਾਲ ਕੌਰ ਮਾਰੇ ਗਏ ਹਨ। ਮੈਂ, ਸਾਡੇ ਵਿਰੋਧੀ ਧਿਰ ਦੇ ਨੇਤਾ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੇ ਘਰ ਜਾ ਕੇ ਆਉਣ ਅਤੇ ਪਤਾ ਕਰਕੇ ਆਉਣ, ਉਨ੍ਹਾਂ ਨੂੰ 5,20,000 ਰੁਪਿਆ ਮੁੱਖ ਮੰਤਰੀ ਸਾਹਿਬ ਨੇ ਦੇ ਦਿੱਤਾ ਹੈ। 8 ਤਰੀਕ ਨੂੰ ਟਰੈਜਡੀ ਹੋਈ ਹੈ ਅਤੇ 12 ਤਰੀਕ ਨੂੰ ਪੈਸੇ ਉਨ੍ਹਾਂ ਦੇ ਖਾਤੇ ਵਿੱਚ ਪੈ ਗਏ। (ਥੰਪਿੰਗ) ਤੁਸੀਂ ਚੈੱਕ ਕਰਕੇ ਆਇਆ ਕਰੋ, ਤੁਸੀਂ ਫਿੱਗਰਾਂ ਨਹੀਂ ਚੈੱਕ ਕਰਦੇ। ਤੁਸੀਂ ਸਿਰਫ਼ ਤੇ ਸਿਰਫ਼ ਕੇਂਦਰ ਦਾ ਪੱਖ ਪੂਰਦੇ ਹੋ, ਕੇਂਦਰ ਦੀ ਪਿੱਠ ਥਪਥਪਾਉਂਦੇ ਹੋ।

**ਮਾਣਯੋਗ ਸਪੀਕਰ:** ਠੀਕ ਹੈ ਜੀ, ਤੁਹਾਡੀ ਗੱਲ ਆ ਗਈ। ਹਾਂ ਜੀ, ਬਾਜਵਾ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਸਾਨੂੰ ਇਹ ਦੱਸੋ ਕਿ ਤੁਹਾਡੀ ਸਰਕਾਰ ਮੁਆਵਜ਼ਾ ਕਦੋਂ ਘੱਲੇਗੀ? ਤੁਸੀਂ ਵਿੱਤ ਮੰਤਰੀ ਜੀ ਪਹਿਲਾਂ ਇਹ ਮੰਨਿਆ ਸੀ ਕਿ 20,000 ਰੁਪਏ ਪਹਿਲਾਂ ਘੱਲਾਂਗੇ, ਗਿਰਦਾਵਰੀਆਂ ਅਸੀਂ ਬਾਅਦ ਵਿੱਚ ਕਰਵਾਵਾਂਗੇ। ਹੁਣ ਟੋਟਲ 20,000 ਰੁਪਏ ਹੀ ਹੋ ਗਿਆ। ਤੁਹਾਡੇ ਕੋਲ 10-11 ਹਜ਼ਾਰ ਕਰੋੜ ਰੁਪਿਆ ਪਿਆ ਹੈ। ਇਹ ਦੱਸੋ ਕਿ ਪੈਸੇ ਦੀ ਡਾਇਵਰਸ਼ਨ ਕਿੱਥੇ ਕੀਤੀ ਹੈ? ਸਾਨੂੰ ਖਦਸ਼ਾ ਹੈ ਕਿ ਤੁਸੀਂ ਪੈਸਾ ਕਿਤੇ ਖੱਬੇ-ਸੱਜੇ ਕਰ ਦਿੱਤਾ ਹੈ। ਸਾਨੂੰ ਦੱਸਿਆ ਜਾਵੇ ਕਿ ਇਹ ਪੈਸਾ ਕਿੱਥੇ ਹੈ? ਬਾਕੀ ਮੈਂ ਗੋਇਲ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਡੀ-ਸਿਲਟਿੰਗ ਦੀ ਗੱਲ ਕਰ ਰਹੇ ਹੋ, ਤੁਸੀਂ ਸੈਂਟਰਲ ਗੋਰਮਿੰਟ ਨੂੰ ਲਿਖੀ ਇੱਕ ਚਿੱਠੀ ਇੱਥੇ ਪ੍ਰੋਡਿਊਸ ਕਰੋ ਕਿ ਤੁਸੀਂ ਉਨ੍ਹਾਂ ਤੋਂ ਕਦੋਂ ਇਜਾਜ਼ਤ ਮੰਗੀ ਹੈ ਕਿ ਅਸੀਂ ਦਰਿਆਵਾਂ ਦੀ ਡੀ-ਸਿਲਟਿੰਗ ਕਰਨਾ ਚਾਹੁੰਦੇ ਹਾਂ ਤੇ ਤੁਹਾਨੂੰ ਇਜਾਜ਼ਤ ਨਹੀਂ ਮਿਲੀ ਹੈ। ਕਿਸ ਦਿਨ ਗਏ ਹੋ? ਕੀ ਕਦੇ ਇਸ ਸਬੰਧੀ ਆਲ ਪਾਰਟੀ ਮੀਟਿੰਗ ਸੱਦੀ ਹੈ? ਕੀ

ਸਾਡੀ ਮਦਦ ਲੈਣ ਦੀ ਕਦੇ ਕੋਸ਼ਿਸ਼ ਕੀਤੀ ਹੈ? ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਕਿਸੇ ਨੂੰ ਨਹੀਂ ਸੱਦਿਆ, ਤੁਹਾਡੇ ਵਿੱਚ ਕੋਈ ਗੰਭੀਰਤਾ ਨਹੀਂ ਹੈ। ਸਾਰੇ ਲੋਕਾਂ ਨੂੰ ਝੂਠ ਬੋਲੀ ਜਾਂਦੇ ਹੋ। ਹਰ ਕੰਮ ਵਿੱਚ ਤੁਸੀਂ ਮੋਦੀ ਦੇ ਹਿਸਾਬ ਨਾਲ ਚੱਲਦੇ ਹੋ। ਜਿਹੜਾ ਪ੍ਰਾਈਮ ਮਨਿਸਟਰ ਰਿਲੀਫ ਫੰਡ ਸੀ, ਮੋਦੀ ਸਾਹਿਬ ਨੇ ਸੋਚਿਆ ਸੌਖਾ ਤਰੀਕਾ ਹੈ, ਇਨ੍ਹਾਂ ਨੇ ਆਰ.ਟੀ.ਆਈ. ਤੋਂ ਬਚਣ ਦਾ ਅਤੇ ਸਕਰੂਟਿਨੀ ਤੋਂ ਬਚਣ ਦਾ ਸੌਖਾ ਤਰੀਕਾ ਅਪਣਾਉਂਦੇ ਹੋਏ ਪੀ.ਐਮ. ਕੇਅਰ ਸਕੀਮ ਸੈਕਸ਼ਨ-8 ਦੇ ਅਧੀਨ ਲੈ ਆਏ ਤੇ ਆਰ.ਟੀ.ਆਈ.ਤੋਂ ਬਾਹਰ ਹੋ ਗਏ, ਹੁਣ ਨਾ ਦੇਣ ਵਾਲਾ ਪੁੱਛ ਸਕਦੇ ਹਾਂ ਕਿ ਕੌਣ ਹੈ ਤੇ ਨਾ ਪੁੱਛ ਸਕਦੇ ਹਾਂ ਕਿ ਪੈਸਾ ਜਾ ਕਿੱਥੇ ਰਿਹਾ ਹੈ। ਹੁਣ ਇੱਥੇ ਵੀ ਨਵਾਂ ਕੰਮ ਸ਼ੁਰੂ ਹੋ ਗਿਆ। ਰੰਗਲਾ ਪੰਜਾਬ, sorry to say, ਪੰਜਾਬ ਤੁਸੀਂ ਕੰਗਲਾ ਕਰ ਦਿੱਤਾ, ਆਪ ਤੁਸੀਂ ਰੰਗਲੇ ਪੰਜਾਬ ਲਈ ਪੈਸੇ ਲੈਣ ਲੱਗੇ ਹੋ। ਮੋਦੀ ਨੂੰ ਫਾਲੋ ਕਰਕੇ ਚੀਫ ਮਨਿਸਟਰ ਰਿਲੀਫ ਫੰਡ ਵਿੱਚ ਪੈਸੇ ਨਹੀਂ ਮੰਗ ਰਹੇ ਸਗੋਂ ਇੱਕ ਨਵਾਂ ਫੰਡ ਬਣਾ ਦਿੱਤਾ 'ਰੰਗਲਾ ਪੰਜਾਬ, ਚੜ੍ਹਦੀ ਕਲਾ'। ਚੜ੍ਹਦੀ ਕਲਾ ਤਾਂ ਤੁਹਾਡੀ ਹੈ, ਪੰਜਾਬ ਤਾਂ ਸਾਰਾ ਡੁੱਬ ਗਿਆ ਹੈ। ਕਿਸੇ ਦੀ ਕੋਈ ਬਾਂਹ ਫੜ੍ਹਨ ਵਾਸਤੇ ਤਿਆਰ ਨਹੀਂ ਹੈ। ਤੁਸੀਂ ਤਾਂ ਸਾਰੇ ਚੜ੍ਹਦੀਕਲਾ ਵਿੱਚ ਹੀ ਹੋ। ਰੰਗਲਾ ਪੰਜਾਬ ਸਾਰਾ ਕੰਗਲਾ ਪੰਜਾਬ ਕਰ ਦਿੱਤਾ। ਸਪੀਕਰ ਸਾਹਿਬ, ਇਹ ਰੰਗਲਾ ਪੰਜਾਬ ਦਾ ਮਤਲਬ ਕੀ ਹੈ? ਪੰਜਾਬ ਵਿੱਚ ਲੋਕ ਪੈਸੇ ਦੇ ਰਹੇ ਹਨ ਤਾਂ ਕਿ ਹਿਸਾਬ ਲੈ ਸਕਣ ਕਿ ਕਿੰਨਾ ਪੈਸਾ ਕਿੱਥੋਂ ਆਇਆ ਤੇ ਕਿੱਥੇ ਗਿਆ ਪਰ ਇਹ ਫੰਡ ਤਾਂ ਟੋਟਲ ਲੋਕਾਂ ਨਾਲ ਠੱਗੀ ਮਾਰਨ ਵਾਸਤੇ ਕਰੀਏਟ ਕੀਤਾ ਹੈ। ਮੇਰੀ ਸਮੁੱਚੇ ਪੰਜਾਬ ਨੂੰ ਬੇਨਤੀ ਹੈ ਅਤੇ ਆਪਣੇ ਐਨ.ਆਰ.ਆਈ. ਭਰਾਵਾਂ ਨੂੰ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਫੰਡ ਵਿੱਚ ਪੈਸਾ ਨਾ ਦਿਉ, ਸਗੋਂ ਸਿੱਧਾ ਪੈਸਾ ਲਾਭਪਾਤਰੀਆਂ ਨੂੰ ਦਿਉ, ਜਿਹੜੇ ਲੋਕਾਂ ਨੂੰ ਲੋੜ ਹੈ, ਉੱਥੇ ਸਿੱਧੇ ਪੈਸਾ ਪਾਉ।

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਪੰਜਾਬ ਡੁੱਬ ਗਿਆ ਹੈ, ਇਹ ਰੰਗਲੇ ਬਣ ਰਹੇ ਹਨ। ਮਾੜਾ ਮੋਟਾ ਸ਼ਬਦ ਇਸਤੇਮਾਲ ਕਰਨ ਲੱਗੇ ਵੀ ਵੇਖ ਲਵੋ, ਡੁਬੋ ਕੇ ਪੰਜਾਬ ਨੂੰ ਰੰਗਲਾ ਬਣਾਉਣ ਲੱਗੇ ਹਨ। ਜਿਹੜੀ ਵੀ ਕੋਈ ਚੀਜ਼ ਹੁੰਦੀ ਹੈ, ਰੰਗਲਾ ਆ ਗਿਆ ਜੀ, ਆਪ ਤੁਸੀਂ ਚੰਗੇ ਭਲੇ ਹੋ ਗਏ, ਪੰਜਾਬ ਕੰਗਲਾ ਕਰ ਦਿੱਤਾ, ਆਪ ਤੁਸੀਂ ਰੰਗਲੇ ਹੋ ਗਏ ਹੋ।

**ਮਾਣਯੋਗ ਸਪੀਕਰ**: ਬਾਜਵਾ ਸਾਹਿਬ, ਬੈਠੋ। ਮੈਂ ਤੁਹਾਨੂੰ ਇੱਕ ਗੱਲ ਦੱਸਦਾ ਹਾਂ। ਬਾਜਵਾ ਜੀ, ਮੈਂ ਤਾਂ ਪਠਾਨਕੋਟ ਜਾ ਕੇ ਆਇਆ ਹਾਂ, ਗੁਰਦਾਸਪੁਰ ਜਾ ਕੇ ਆਇਆ ਹਾਂ, ਮੈਂ ਹੜ੍ਹ ਵਾਲੇ ਇਲਾਕਿਆਂ ਵਿੱਚ ਵੀ ਜਾ ਕੇ ਆਇਆ ਹਾਂ, ਜਿਹੜੀ ਇਹ ਰਾਜਨੀਤੀ ਹੈ, ਲੜਾਈ ਹੈ, ਇਹ ਬਾਅਦ ਵਿੱਚ ਕਰ ਲੈਣਾ। ਤਿੰਨ ਕਰੋੜ ਲੋਕਾਂ ਦਾ ਦਰਦ ਹੈ। ਤੁਸੀਂ ਹੜ੍ਹਾਂ ਦੇ ਮੁੱਦੇ ਉਤੇ ਗੱਲ ਕਰ ਲਵੋ। ਗਰੀਬਾਂ ਦੇ ਘਰ ਉੱਜੜ ਗਏ, ਕਿਸਾਨਾਂ ਦੇ ਘਰ ਉੱਜੜ ਗਏ। ਜ਼ਮੀਨਾਂ ਖਰਾਬ ਹੋ ਗਈਆਂ, ਹੱਟੀਆਂ ਖਰਾਬ ਹੋ ਗਈਆਂ, ਸਾਰਾ ਕੁਝ ਖਰਾਬ ਹੋ ਗਿਆ ਬਾਜਵਾ ਜੀ। ਆਪਾਂ ਰਾਜਨੀਤੀ ਨਾ ਕਰੀਏ। ਤੁਹਾਡੇ 15 ਮਿੰਟ ਹੋ ਗਏ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਕੋਈ ਗੱਲ ਨਹੀਂ ਜੀ। ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਡੀ-ਸਿਲਟਿੰਗ ਆਫ ਰਿਵਰਜ਼ ਦੀ ਲੋੜ ਹੈ। ਗੋਇਲ ਸਾਹਿਬ ਨੇ ਇੱਕ ਵੀ ਚਿੱਠੀ ਪੇਸ਼ ਨਹੀਂ ਕੀਤੀ। ਹੁਣ ਟੈਲੀਫੋਨ ਕਰਕੇ ਆਪਣੇ

ਸੈਕਟਰੀ ਨੂੰ ਪੁੱਛਦੇ ਹਨ ਕਿ ਚਿੱਠੀ ਕਦੋਂ ਲਿਖੀ ਸੀ। ਇਹ ਪੁੱਛਣ ਵਾਸਤੇ ਟੈਲੀਫੋਨ ਕਰਦੇ ਫਿਰਦੇ ਹਨ। ਕਿੱਥੋਂ ਚਿੱਠੀ ਲਿਆਉਣੀ ਹੈ, ਕੁਝ ਹੈ ਹੀ ਨਹੀਂ? ਸਪੀਕਰ ਸਾਹਿਬ, ਮੇਰੀ ਇੱਕ ਗੱਲ ਸੁਣ ਲਵੋ ਜੀ। ਆਲਰੈਡੀ there is a study of Indian Express, ਇੱਕ ਬੜੀ ਅੱਛੀ journalist Anju Agnihotri Chaba ਹੈ। ਉਸ ਨੇ 18 ਸਤੰਬਰ ਨੂੰ ਸਟੱਡੀ ਦਿੱਤੀ ਹੈ ਕਿ ਪੰਜਾਬ ਦੇ ਸਾਰੇ ਦਰਿਆਵਾਂ ਦੇ ਵਿੱਚ ਤਕਰੀਬਨ 7 ਲੱਖ ਮੀਟ੍ਰਿਕ ਟਨ ਰੇਤ ਪਈ ਹੈ। ਜੇ ਸਰਕਾਰ ਉਸ ਦੀ ਹੀ ਡੀ-ਸਿਲਟਿੰਗ ਕਰਵਾ ਦੇਵੇ ਤਾਂ 7000 ਕਰੋੜ ਰੁਪਿਆ ਬਣਦਾ ਹੈ। ਹਰ ਸਾਲ ਤੁਸੀਂ ਨਿਰਾ 300 ਕਰੋੜ ਰੁਪਿਆ ਦਿੰਦੇ ਹੋ। ਕੇਜਰੀਵਾਲ ਸਾਹਿਬ ਨੇ ਕਿਹਾ ਹੈ ਕਿ 20,000 ਕਰੋੜ ਰੁਪਿਆ ਸਾਲ ਦਾ ਦਿਆ ਕਰਾਂਗਾ, ਮੈਂ ਤਾਂ ਤੁਹਾਨੂੰ ਰਾਏ ਦੇ ਰਿਹਾ ਹਾਂ ਕਿ 25 ਸਾਲਾਂ ਵਿੱਚ ਪੰਜਾਬ ਦੇ ਦਰਿਆਵਾਂ ਦੀ ਕਪੈਸਿਟੀ ਘੱਟ ਗਈ ਹੈ ਜਿਸ ਕਾਰਨ ਦਰਿਆ ਪਾਣੀ ਹੋਲਡ ਨਹੀਂ ਕਰ ਪਾ ਰਹੇ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ:** ਤੁਹਾਡੀ ਪਾਰਟੀ ਦਾ ਟਾਈਮ ਹੈ, ਤੁਸੀਂ ਬੋਲ ਲੈਣਾ। ਪਹਿਲਾਂ ਜਵਾਬ ਸੁਣ ਲਵੋ। (ਵਿਘਨ)(ਸ਼ੋਰ)

**ਜਲ ਸਰੋਤ ਮੰਤਰੀ:** ਧੰਨਵਾਦ ਸਪੀਕਰ ਸਾਹਿਬ, ਲੀਡਰ ਆਫ ਦਿ ਆਪੋਜ਼ੀਸ਼ਨ ਨੇ ਬਹੁਤ ਗੱਲਾਂ ਕੀਤੀਆਂ ਹਨ। ਇਨ੍ਹਾਂ ਨੇ ਸਾਰਾ ਕੁਝ ਝੂਠ ਬੋਲ ਕੇ ਸਦਨ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ:** ਇੱਕ ਮਿੰਟ ਮੰਤਰੀ ਜੀ। ਬਾਜਵਾ ਸਾਹਿਬ ਤੁਸੀਂ ਦੱਸੋ ਕੀ ਕਹਿਣਾ ਹੈ?

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਮੇਰੀ ਬੇਨਤੀ ਹੈ ਕਿ ਸਮੁੱਚੇ ਪੰਜਾਬ ਨੂੰ ਅਤੇ ਜਿੱਥੇ ਜਿੱਥੇ ਵੀ ਪੰਜਾਬੀ ਜਗਤ ਬੈਠਾ ਹੈ, ਉਸ ਨੂੰ ਪੰਜਾਬ ਦੀ ਅਸਲੀਅਤ ਤੋਂ ਜਾਣੂੰ ਕਰਵਾਉਣ ਵਾਸਤੇ, ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਦੇ ਤੌਰ ਤੇ ਮੰਗ ਕਰਦਾ ਹਾਂ ਕਿ ਇਸ ਦੀ ਇੰਡੀਪੈਂਡੈਂਟ ਜੱਜ ਤੋਂ ਟਾਈਮ-ਬਾਊਂਡ ਇਨਕੁਆਰੀ ਕਰਵਾਈ ਜਾਵੇ ਕਿ who is responsible? ਇਸ ਦੀ ਇਨਕੁਆਰੀ ਹਾਈ ਕੋਰਟ ਤੋਂ ਹੋਵੇ, ਸਿਟਿੰਗ ਹਾਈ ਕੋਰਟ ਜੱਜ ਕਰੇ ਅਤੇ ਸਾਰੀਆਂ ਜਮਾਤਾਂ, ਜਿੰਨੀਆਂ ਵੀ ਪਾਰਟੀਆਂ ਹਨ, put one Member from them to assist the Judge. ਉਤਨੀ ਦੇਰ ਤੱਕ ਗੋਇਲ ਸਾਹਿਬ ਅਸਤੀਫਾ ਦੇਣ ਅਤੇ ਕ੍ਰਿਸ਼ਨ ਕੁਮਾਰ ਨੂੰ ਸਸਪੈਂਡ ਕੀਤਾ ਜਾਵੇ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲੋਂ ਥੰਪਿੰਗ) ਬਹੁਤ-ਬਹੁਤ ਧੰਨਵਾਦ।

**ਮਾਣਯੋਗ ਸਪੀਕਰ**: ਧੰਨਵਾਦ। ਗੋਇਲ ਸਾਹਿਬ ਹੁਣ ਇੱਕ ਇਨਕੁਆਰੀ ਬਿਠਾਉ ਕਿ ਬੱਦਲ ਕਿਵੇਂ ਫਟਿਆ ਹੈ?

**ਜਲ ਸਰੋਤ ਮੰਤਰੀ**: ਹਾਂ ਜੀ ਹਾਂ, ਬਿਲਕੁਲ ਜੀ। (ਵਿਘਨ) (ਸ਼ੋਰ) ਲੀਡਰ ਆਫ ਦਿ ਆਪੋਜ਼ੀਸ਼ਨ ਨੇ ਸਦਨ ਵਿੱਚ ਉਹ ਗੱਲਾਂ ਕੀਤੀਆਂ ਹਨ ਜਿਹੜੀਆਂ ਸੱਚਾਈ ਤੋਂ ਕੋਹਾਂ ਦੂਰ ਹਨ। ਮੈਂ ਬੇਨਤੀ ਕਰਦਾ ਹਾਂ ਕਿ ਜਦੋਂ ਮਤਾ ਪੇਸ਼ ਕੀਤਾ, ਉਸ ਸਮੇਂ ਵੀ ਬੇਨਤੀ ਕੀਤੀ ਸੀ ਕਿ ਅੱਜ ਸਮਾਂ ਇਹ ਨਹੀਂ ਹੈ ਕਿ ਅਸੀਂ ਇਸ ਤਰ੍ਹਾਂ ਦੀ ਕੋਈ ਗੱਲ ਕਰੀਏ ਸਗੋਂ ਪੰਜਾਬ ਦੇ ਹਿੱਤ ਦੀ ਗੱਲ ਕਰੀਏ ਪਰ ਕਿੰਨੇ ਦੁੱਖ ਦੀ ਗੱਲ ਹੈ ਕਿ ਜਿੰਨਾ ਕੁਝ ਵੀ ਲੀਡਰ ਆਫ ਦਿ ਆਪੋਜ਼ੀਸ਼ਨ ਵੱਲੋਂ ਕਿਹਾ ਗਿਆ ਹੈ, ਉਹ ਸਭ ਸੱਚ ਤੋਂ ਪਰ੍ਹੇ ਕਿਹਾ ਗਿਆ, ਸਭ ਝੂਠ ਬੋਲਿਆ ਗਿਆ ਹੈ। (ਵਿਘਨ) (ਸ਼ੋਰ) ਇੱਕ ਮਿੰਟ ਮੇਰੀ ਗੱਲ ਸੁਣ ਲਵੋ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈਸ ਕੀਤਾ ਜਾਵੇ।

**ਜਲ ਸਰੋਤ ਮੰਤਰੀ**: ਇਨ੍ਹਾਂ ਨੇ ਪਹਿਲਾਂ ਗੱਲ ਕੀਤੀ ਕਿ ਰਣਜੀਤ ਸਾਗਰ ਡੈਮ ਵਿੱਚੋਂ 9 ਲੱਖ ਕਿਊਸਿਕ ਪਾਣੀ ਛੱਡ ਦਿੱਤਾ ਗਿਆ।

**ਰਾਣਾ ਗੁਰਜੀਤ ਸਿੰਘ (ਬੈਠੇ-ਬੈਠੇ):** 7 ਲੱਖ ਕਿਹਾ ਸੀ।

**ਜਲ ਸਰੋਤ ਮੰਤਰੀ**: 7 ਕਿਹਾ ਸੀ ਜਾਂ 5 ਕਿਹਾ ਸੀ, ਹੁਣ ਸੁਣ ਲਵੋ। ਮੈਂ ਦੱਸ ਰਿਹਾ ਹਾਂ। (ਵਿਘਨ) (ਸ਼ੋਰ) ਮੈਂ ਦੱਸ ਚੁੱਕਾ ਹਾਂ ਪਰ ਹੁਣ ਤੁਸੀਂ ਫਿਰ ਸੁਣ ਲਵੋ।

**ਰਾਣਾ ਗੁਰਜੀਤ ਸਿੰਘ (ਬੈਠੇ-ਬੈਠੇ):** ਤੁਸੀਂ ਦੱਸ ਚੁੱਕੇ ਹੋ, ਫਿਰ ਵਾਰ-ਵਾਰ ਕਿਉਂ ਦੱਸ ਰਹੇ ਹੋ?

**ਜਲ ਸਰੋਤ ਮੰਤਰੀ**: ਜਿਹੜੀ ਗੱਲ ਆਈ ਹੈ, ਉਸ ਦਾ ਜਵਾਬ ਤਾਂ ਦੇਣਾ ਬਣਦਾ ਹੈ। ਮੈਂ ਚੇਅਰ ਨੂੰ ਦੱਸ ਰਿਹਾ ਹਾਂ।

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈਸ ਕੀਤਾ ਜਾਵੇ।

**ਜਲ ਸਰੋਤ ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਇੱਕ ਗੱਲ ਦੱਸਣਾ ਚਾਹੁੰਦਾ ਹਾਂ ਕਿ ਰਾਣਾ ਗੁਰਜੀਤ ਜੀ ਕਹਿ ਰਹੇ ਹਨ, ਪਹਿਲਾਂ ਮੈਂ ਰਾਣਾ ਗੁਰਜੀਤ ਜੀ ਨੂੰ ਜਵਾਬ ਦੇ ਦਿੰਦਾ ਹਾਂ। (ਵਿਘਨ) (ਸ਼ੋਰ) ਪਿਛਲੀ ਵਿਧਾਨ ਸਭਾ ਦੇ ਸੈਸ਼ਨ ਸਮੇਂ ਰਾਣਾ ਗੁਰਜੀਤ ਜੀ ਦੇ ਸ਼ਬਦ ਸਨ ਕਿ ਅਸੀਂ ਫੋਰਕਾਸਟ ਤੇ ਬਿਲੀਵ ਕਰਦੇ ਹਾਂ। ਫੋਰਕਾਸਟ ਨੂੰ ਧਿਆਨ ਵਿੱਚ ਰੱਖ ਕੇ ਪਲਾਨਿੰਗ ਬਣਾਉਣੀ ਚਾਹੀਦੀ ਹੈ। ਇਹ ਰਿਕਾਰਡ ਸਦਨ ਵਿੱਚੋਂ ਕਢਵਾ ਕੇ ਦੇਖ ਲੈਣ ਨਹੀਂ ਤਾਂ ਮੈਂ ਦੇ ਦੇਵਾਂਗਾ। ਇਨ੍ਹਾਂ ਨੇ ਫੋਰਕਾਸਟ ਦੀ ਗੱਲ ਕੀਤੀ ਸੀ। ਅੱਜ ਇਹ ਸਲਾਹਾਂ ਦੇ ਰਹੇ ਹਨ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਹਨ ਅਤੇ ਉਨ੍ਹਾਂ ਦਾ ਮਾਈਕ ਬੰਦ ਸੀ।)

**ਜਲ ਸਰੋਤ ਮੰਤਰੀ**: ਸਰ, ਮੈਂ ਦੂਜੀ ਬੇਨਤੀ ਕਰਦਾ ਹਾਂ ਕਿ ਸਾਡੇ ਸੈਕਟਰੀ, ਸਾਡੇ ਚੀਫ ਇੰਜੀਨੀਅਰ, ਸਾਰੇ ਮੌਕੇ ਤੇ ਬੈਠ ਕੇ ਕੰਮ ਕਰ ਰਹੇ ਹਨ। ਮੇਰੇ ਕੋਲ ਇਕੱਲੀ ਇਕੱਲੀ ਲਿਸਟ ਹੈ। (ਵਿਘਨ) (ਸ਼ੋਰ) ਇੱਕ-ਇੱਕ ਮਿੰਟ ਦੀ ਮੇਰੇ ਕੋਲ ਲਿਸਟ ਹੈ ਕਿ ਕਿੰਨਾ ਪਾਣੀ ਛੱਡਿਆ ਗਿਆ, ਕਿਸ ਟਾਈਮ ਤੇ ਛੱਡਿਆ ਗਿਆ ਹੈ। ਇਸ ਦੇ ਨਾਲ ਹੀ ਇਸ ਚੀਜ਼ ਦਾ ਧਿਆਨ ਰੱਖਿਆ ਗਿਆ ਕਿ ਲੋਕਾਂ ਦਾ ਨੁਕਸਾਨ ਨਾ ਹੋਵੇ, ਉਸ ਤਰੀਕੇ ਨਾਲ ਪਾਣੀ ਛੱਡਿਆ ਹੈ। ਦੂਜੀ ਜਿਹੜੀ ਡੀ-ਸਿਲਟਿੰਗ ਦੀ ਗੱਲ ਕਰਦੇ ਹਨ ਕਿ ਕਾਗਜ਼ ਪੇਸ਼ ਨਹੀਂ ਕੀਤਾ। ਇਹ *** ਕਾਗਜ਼ ਲੈ ਲਵੋ (ਇੱਕ ਕਾਗਜ਼ ਲਹਿਰਾਉਂਦੇ ਹੋਏ)। ਇਹ ਕਾਗਜ਼ ਇਨ੍ਹਾਂ ਦੀ ਪਿਛਲੀ ਸਰਕਾਰ ਦਾ ਹੈ। (ਵਿਘਨ) (ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਹ ਮੇਰੇ ਕੋਲ ਵੀ ਇੱਕ *** ਕਾਗਜ਼ ਹੈ, ਦੋਨੋਂ ਟੇਬਲ ਤੇ ਰੱਖ ਦਿੰਦੇ ਹਾਂ।

--- 

*** ਰਿਵਾਇਜ਼ਰ ਸ਼ਾਖਾ ਵਿਖੇ ਹਾਰਡ ਕਾਪੀ ਤੇ ਸਾਫ਼ਟ ਕਾਪੀ ਵਜੋਂ ਰਖਵਾ ਦਿੱਤੇ ਗਏ ਹਨ। (ਪੰਨਾ 1 ਤੋਂ 14)

**ਜਲ ਸਰੋਤ ਮੰਤਰੀ**: ਮੇਰੇ ਕੋਲ ਪਿਛਲੀ ਸਰਕਾਰ ਦਾ ਕਾਗਜ਼ ਹੈ, ਜਿਸ ਰਾਹੀਂ ਇਨ੍ਹਾਂ ਨੇ ਡੀ-ਸਿਲਟਿੰਗ ਨੂੰ ਇਲਲੀਗਲ ਤੋਂ ਲੀਗਲ ਬਣਾਇਆ। (ਵਿਘਨ) (ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ।)

**ਜਲ ਸਰੋਤ ਮੰਤਰੀ**: ਬਾਕੀ ਜਿਹੜੀ ਗੁਰਦਾਸਪੁਰ ਦੀ ਗੱਲ ਕਰਦੇ ਹਨ, ਜਿਹੜੇ ਜ਼ਿੰਮੇਵਾਰ ਆਦਮੀਆਂ ਨੇ ਕਿਸਾਨਾਂ ਦੀਆਂ ਜ਼ਮੀਨਾਂ ਖਰੀਦੀਆਂ, ਸਸਤੇ ਭਾਅ ਤੇ ਕਿਸਾਨਾਂ ਦੀਆਂ ਜ਼ਮੀਨਾਂ ਖਰੀਦੀਆਂ ਗਈਆਂ ਸਨ, ਉਸ ਦਾ ਵੀ ਰਿਕਾਰਡ ਦੇਵਾਂਗਾ। (ਵਿਘਨ) (ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਵੱਲੋਂ ਇੱਕ ਕਾਗਜ਼ ਸਦਨ ਦੀ ਮੇਜ਼ ਤੇ ਰੱਖਣ ਦੀ ਬੇਨਤੀ ਕੀਤੀ ਗਈ।)

**Mr. Speaker**: You are allowed, ਜੀ, ਕਾਗਜ਼ ਲੈ ਲੈਂਦੇ ਹਾਂ।

(ਇਸ ਸਮੇਂ ਮਾਰਸ਼ਲ ਵੱਲੋਂ ਇੱਕ ਕਾਗਜ਼ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਤੋਂ ਲੈ ਕੇ ਮਾਣਯੋਗ ਸਪੀਕਰ ਸਾਹਿਬ ਨੂੰ ਸੌਂਪ ਦਿੱਤਾ ਗਿਆ।)

**ਜਲ ਸਰੋਤ ਮੰਤਰੀ** : ਸਪੀਕਰ ਸਾਹਿਬ, ਹੜ੍ਹਾਂ ਲਈ ਕੌਣ ਜ਼ਿੰਮੇਵਾਰ ਹਨ? ਗੁਰਦਾਸਪੁਰ ਵਿੱਚ ਹੜ੍ਹਾਂ ਲਈ ਵੀ ਇਹੀ ਜ਼ਿੰਮੇਵਾਰ ਹਨ। ਜਿਨ੍ਹਾਂ ਲੋਕਾਂ ਨੇ ਕਿਸਾਨਾਂ ਦੀਆਂ ਜ਼ਮੀਨਾਂ ਸਸਤੇ ਭਾਅ ਖਰੀਦੀਆਂ, ਕੁਝ ਲੋਕ ਦਰਿਆ ਵਿੱਚ ਜ਼ਮੀਨਾਂ ਲੈ ਗਏ, ਕੁਝ ਦਰਿਆ ਤੋਂ ਬਾਹਰ ਜ਼ਮੀਨਾਂ ਲੈ ਗਏ, ਕਿਤੇ ਜ਼ਮੀਨਾਂ ਪਲੇਨ ਕਰ ਦਿੱਤੀਆਂ ਅਤੇ ਕਿਤੇ ਜ਼ਮੀਨਾਂ ਕੁਝ ਹੋਰ ਕਰ ਦਿੱਤੀਆਂ, ਅਸੀਂ ਇਨ੍ਹਾਂ ਨੂੰ ਉਹ ਵੀ ਸਭ ਕੁਝ ਦੱਸਾਂਗੇ। ਸਾਡੇ ਕੋਲ ਹਰ ਇੱਕ ਚੀਜ਼ ਦਾ ਰਿਕਾਰਡ ਹੈ। ਜਿਹੜੀ ਪਹਿਲਾਂ ਡੀ-ਸਿਲਟਿੰਗ ਦੀ ਗੱਲ ਕੀਤੀ ਹੈ, ਜਿਹੜਾ ਰਾਵੀ ਦਰਿਆ ਹੈ, ਉਥੇ ਸਾਡੇ ਉੱਤੇ ਬੰਦਿਸ਼ ਹੈ ਕਿ ਅਸੀਂ ਬਾਰਡਰ ਤੋਂ 5 ਕਿਲੋਮੀਟਰ ਅੰਦਰ ਤੱਕ ਕੋਈ ਡੀ-ਸਿਲਟਿੰਗ ਜਾਂ ਮਾਈਨਿੰਗ ਨਹੀਂ ਕਰ ਸਕਦੇ ਪਰ ਮੈਨੂੰ ਇਹ ਗੱਲ ਕਹਿਣ ਵਿੱਚ ਕੋਈ ਹਿਚਕਿਚਾਹਟ ਨਹੀਂ ਕਿ ਜੇ ਅਸੀਂ ਡੀ-ਸਿਲਟਿੰਗ ਦੀ ਗੱਲ ਕੀਤੀ ਤਾਂ ਇਨ੍ਹਾਂ ਦੇ ਲੋਕ ਕੋਈ ਹਾਈ ਕੋਰਟ ਜਾ ਕੇ ਖੜ੍ਹ ਗਿਆ, ਕਿਸੇ ਨੇ ਕੰਪਲੇਂਟ ਕਰ ਦਿੱਤੀ। ਉਹ ਮਾਫੀਆ ਕੌਣ ਹੈ, ਜਿਹੜੇ ਪਿਛਲੇ ਸਮੇਂ ਵਿੱਚ ਇਹ ਕੰਮ ਕਰਦੇ ਰਹੇ ਹਨ। (ਵਿਘਨ) (ਸ਼ੋਰ) ਇਨ੍ਹਾਂ ਲੋਕਾਂ ਨੇ ਹਾਈ ਕੋਰਟ ਵਿੱਚ ਜਾ ਕੇ ਕੇਸ ਕੀਤੇ। (ਵਿਘਨ) (ਸ਼ੋਰ) ਬਿਆਸ ਦਰਿਆ ਵਿੱਚ Wildlife Sanctuary ਹੋਣ ਕਰਕੇ ਅਸੀਂ ਉਥੇ ਕਿਸੇ ਕਿਸਮ ਦੀ ਡੀ-ਸਿਲਟਿੰਗ ਨਹੀਂ ਕਰ ਸਕਦੇ। ਹੁਣ ਸਾਡੇ ਕੋਲ ਸਿਰਫ ਇਕੱਲਾ ਸਤਲੁਜ ਦਰਿਆ ਹੈ ਜਿੱਥੇ ਡੀ-ਸਿਲਟਿੰਗ ਕੀਤੀ ਜਾ ਸਕਦੀ ਹੈ। ਸਤਲੁਜ ਦਰਿਆ ਵਿੱਚ ਜਿੱਥੇ ਡੀ-ਸਿਲਟਿੰਗ ਦਾ ਪਲਾਂਟ ਬਣਾ ਰਹੇ ਹਾਂ, ਉਸ ਬਾਰੇ ਕੱਲ੍ਹ ਸਾਡੀ ਮੀਟਿੰਗ ਹੋਈ ਹੈ। ਅਸਲ ਵਿੱਚ ਗੱਲ ਇਹ ਹੈ ਕਿ ਲੀਡਰ ਆਫ ਦਿ ਆਪੋਜ਼ੀਸ਼ਨ ਦੇ ਦਿਮਾਗ ਵਿੱਚੋਂ ਇਹ ਗੱਲ ਨਹੀਂ ਨਿਕਲ ਰਹੀ ਕਿ ਇਹ ਆਮ ਘਰਾਂ ਦੇ ਮੁੰਡੇ ਇੱਥੇ ਕਿੱਥੋਂ ਆ ਗਏ? (ਵਿਘਨ) (ਸ਼ੋਰ) ਇਹ ਕਹਿੰਦੇ ਹਨ ਕਿ ਮੰਤਰੀ ਕਿਹੜੇ ਹਨ, ਹੁਣ ਮੰਤਰੀ ਤੁਹਾਨੂੰ (ਲੀਡਰ ਆਫ ਦਿ ਆਪੋਜ਼ੀਸ਼ਨ ਵੱਲ ਇਸ਼ਾਰਾ ਕਰਦੇ ਹੋਏ) ਪੁੱਛ ਕੇ ਬਣਾਉਣੇ ਹਨ? ਮੰਤਰੀ ਬਣਾਉਣਾ ਸੀ.ਐਮ. ਸਾਹਿਬ ਦਾ ਪ੍ਰੈਰੋਗੇਟਿਵ ਹੈ। ਸੀ.ਐਮ. ਸਾਹਿਬ ਬਣਾਉਣਗੇ ਜਿਸ ਨੂੰ ਮੰਤਰੀ ਬਣਾਉਣਾ ਹੈ। ਸਾਡੀ ਹਾਈ ਕਮਾਂਡ

ਬਣਾਏਗੀ। ਹੁਣ ਇਨ੍ਹਾਂ ਨੂੰ ਪੁੱਛ ਕੇ ਕਿਸੇ ਨੇ ਮੰਤਰੀ ਬਣਾਉਣਾ ਹੈ? ਇਹ ਮੰਤਰੀਆਂ ਤੇ ਇਤਰਾਜ਼ ਕਰਦੇ ਹਨ, ਅਫਸਰਾਂ ਤੇ ਇਤਰਾਜ਼ ਕਰਦੇ ਹਨ। ਕੀ ਸਾਰੀ ਕਾਨੂੰਨ ਦੀ ਕਿਤਾਬ ਇਕੱਲੀ ਇਨ੍ਹਾਂ ਕੋਲ ਹੀ ਪਈ ਹੈ ਪਰ ਮੈਂ ਕਹਿੰਦਾ ਹਾਂ ਕਿ ਤੁਹਾਡੀ ਇਹ ਇੱਛਾ ਪੂਰੀ ਨਹੀਂ ਹੋਣ ਵਾਲੀ ਹੈ। (ਵਿਘਨ)

**ਮਾਣਯੋਗ ਸਪੀਕਰ** : ਅੱਗੇ ਬੋਲ ਲੈਣਾ। ਠੀਕ ਹੈ।

**ਜਲ ਸਰੋਤ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਾਜਵਾ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਘੱਟ ਤੋਂ ਘੱਟ ਇਸ ਸਮੇਂ ਰਾਜਨੀਤੀ ਨਾ ਕਰੋ, ਅੱਜ ਪੰਜਾਬ ਦੇ ਲੋਕਾਂ ਨੂੰ ਪੈਸੇ ਦੀ ਲੋੜ ਹੈ, ਪੰਜਾਬ ਦੇ ਲੋਕਾਂ ਨੂੰ ਮਦਦ ਦੀ ਲੋੜ ਹੈ, ਤੁਸੀਂ ਕੀ ਸੁਨੇਹਾ ਦੇ ਰਹੇ ਹੋ? ਲੀਡਰ ਆਫ ਦਿ ਆਪੋਜ਼ੀਸ਼ਨ ਇਹ ਕਹੇ ਕਿ ਰਾਹਤ ਫੰਡ ਲਈ ਕੋਈ ਪੈਸਾ ਦੇਣ ਦੀ ਲੋੜ ਨਹੀਂ, ਕਿੰਨੀ ਸ਼ਰਮ ਦੀ ਗੱਲ ਹੈ ਕਿ ਲੀਡਰ ਆਫ ਦਿ ਆਪੋਜ਼ੀਸ਼ਨ ਇਹ ਕਹੇ ਕਿ ਕੋਈ ਪੈਸਾ ਨਾ ਦਿਉ, ਕਿਸੇ ਦੀ ਮਦਦ ਨਾ ਕਰੋ। ਫਿਰ ਤੁਸੀਂ ਮਦਦ ਕਰ ਦਿਉ, ਤੁਸੀਂ ਸਾਰਾ ਕੁਝ ਦੇ ਦਿਉ ਤਾਂ ਜੋ ਕਿਸੇ ਦੀ ਲੋੜ ਹੀ ਨਾ ਪਵੇ। ਅੱਜ ਲੋਕਾਂ ਨੂੰ ਮਦਦ ਦੀ ਲੋੜ ਹੈ ਤੇ ਲੋਕ ਮਦਦ ਕਰਨਗੇ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਇਹ ਬੀ ਟੀਮ ਹੈ ਜਿਹੜੇ ਅੱਜ ਬੀ.ਜੇ.ਪੀ. ਦੀ ਬੀ ਟੀਮ ਬਣ ਕੇ ਕੰਮ ਕਰ ਰਹੇ ਹਨ। ਇਹ ਸਾਰੇ ਬੀ.ਜੇ.ਪੀ. ਦੀ ਬੋਲੀ ਬੋਲ ਰਹੇ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਤੁਹਾਡਾ ਟਾਈਮ ਤਾਂ ਲੀਡਰ ਆਫ ਦਿ ਆਪੋਜ਼ੀਸ਼ਨ ਲੈ ਗਏ, ਪਾਹੜਾ ਸਾਹਿਬ, ਤੁਸੀਂ ਆਪਣੇ ਹਲਕੇ ਦਾ ਕਿਵੇਂ ਕਰੋਗੇ? ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਸਾਡਾ ਟਾਈਮ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਲੈਣਾ ਹੈ। ਪਾਹੜਾ ਜੀ, ਤੁਹਾਡਾ ਸਾਰਾ ਟਾਈਮ ਤਾਂ ਬਾਜਵਾ ਜੀ ਲੈ ਗਏ। ਠੀਕ ਹੈ ਜੀ, ਚੀਮਾ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮੈਂ ਦੇਖ ਰਿਹਾ ਸੀ ਕਿ ਕਾਂਗਰਸ ਪਾਰਟੀ ਦਾ ਇਨ੍ਹਾਂ ਹੜ੍ਹਾਂ ਦੌਰਾਨ ਵੀ ਰਾਜਨੀਤੀ ਕਰਨ ਦਾ ਤਜਰਬਾ ਪੰਜਾਬ ਵਿੱਚ ਲਗਾਤਾਰ ਜਾਰੀ ਹੈ। ਜੇ ਮੈਂ ਪਠਾਨਕੋਟ ਜ਼ਿਲ੍ਹੇ ਦੀ ਗੱਲ ਕਰਾਂ ਤਾਂ ਉੱਥੇ 9 ਵਿਅਕਤੀ ਮਾਰੇ ਗਏ, ਜਿਹੜੇ ਸਾਡੇ ਬੱਚੇ ਮਾਰੇ ਗਏ, ਸਾਡੀਆਂ ਮਾਵਾਂ ਮਾਰੀਆਂ ਗਈਆਂ, ਸਾਡੇ ਕਿਸਾਨ ਮਾਰੇ ਗਏ, ਸਾਡੇ ਮਜ਼ਦੂਰ ਮਾਰੇ ਗਏ, ਅੱਜ ਕਾਂਗਰਸ ਪਾਰਟੀ ਕੀ ਉਨ੍ਹਾਂ ਦੀਆਂ ਲਾਸ਼ਾਂ ਤੇ ਰਾਜਨੀਤੀ ਕਰ ਰਹੀ ਹੈ? (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹ ਕੀ ਗੱਲਾਂ ਬੋਲਦੇ ਹਨ? ਕਾਂਗਰਸ ਪਾਰਟੀ ਬੋਲ ਰਹੀ ਹੈ ਕਿ ਫੰਡਜ਼ ਨਾ ਦਿਉ, ਪੈਸਾ ਨਾ ਦਿਉ, ਇਹ ਸਿੱਧ ਕਰਦਾ ਹੈ ਕਿ ਕਾਂਗਰਸ ਪਾਰਟੀ ਪੰਜਾਬ ਦੇ ਲੋਕਾਂ ਉਤੇ, ਪੰਜਾਬ ਦੇ ਕਿਸਾਨਾਂ ਦੇ ਉਤੇ, ਪੰਜਾਬ ਦੇ ਲੋਕਾਂ ਦੀਆਂ ਲਾਸ਼ਾਂ ਉਤੇ ਰਾਜਨੀਤੀ ਕਰਦੀ ਹੈ। ਇਹ ਪੰਜਾਬ ਜਾਣਦਾ ਹੈ।

(ਇਸ ਸਮੇਂ ਕਈ ਮੰਤਰੀ ਸਾਹਿਬਾਨ ਤੇ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਕੁਝ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ**: ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਵਿੱਤ ਮੰਤਰੀ**: ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਆਪੋਜ਼ੀਸ਼ਨ ਝੂਠ ਬੋਲਣ ਦੀ ਆਦੀ ਹੈ। ਇਹ ਭਾਰਤੀ ਜਨਤਾ ਪਾਰਟੀ ਦੇ ਏਜੰਟ ਬੈਠੇ ਹਨ ਕਿਉਂਕਿ ਇਹ ਭਾਰਤੀ ਜਨਤਾ ਪਾਰਟੀ ਦੇ ਏਜੰਟ ਖੜ੍ਹੇ ਹੋ ਕੇ ਬੋਲ ਰਹੇ ਹਨ।

**ਮਾਣਯੋਗ ਸਪੀਕਰ**: ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀ ਆਪਣੀ ਸੀਟ ਤੇ ਬੈਠਣ। ਠੀਕ ਹੈ, ਆਪਾਂ ਬਹਿਸ ਨੂੰ ਅੱਗੇ ਤੋਰੀਏ।

**ਵਿੱਤ ਮੰਤਰੀ** : ਅਸੀਂ ਪੰਜਾਬ ਦੀ ਗੱਲ ਕਰ ਰਹੇ ਹਾਂ, ਤੁਸੀਂ ਮੋਦੀ ਸਾਹਿਬ ਦੀ ਗੱਲ ਕਰ ਰਹੇ ਹੋ। ਰਾਣਾ ਗੁਰਜੀਤ ਜੀ, ਅਸੀਂ ਪੰਜਾਬ ਦੀ ਗੱਲ ਕਰ ਰਹੇ ਹਾਂ, ਤੁਸੀਂ ਮੋਦੀ ਸਾਹਿਬ ਦੀ ਗੱਲ ਕਰ ਰਹੇ ਹੋ।

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈਸ ਕਰੋ। ਮੰਤਰੀ ਜੀ, ਚੇਅਰ ਨੂੰ ਐਡਰੈਸ ਕਰੋ। (ਵਿਘਨ)(ਸ਼ੋਰ)

**ਵਿੱਤ ਮੰਤਰੀ** : ਸਪੀਕਰ ਸਾਹਿਬ, ਦਰਿਆਵਾਂ ਦੇ ਆਲੇ-ਦੁਆਲੇ ਸਸਤੀ ਜ਼ਮੀਨ ਕਿਸ ਨੇ ਖਰੀਦੀ ਹੈ, ਗਰੀਬ ਕਿਸਾਨਾਂ ਦੀ ਜ਼ਮੀਨ ਕਿਸ ਨੇ ਖਰੀਦੀ ਹੈ? ਮਿਸਟਰ ਬਾਜਵਾ ਨੇ ਖਰੀਦੀ ਹੈ। ਇਨ੍ਹਾਂ ਲੋਕਾਂ ਨੇ ਸਸਤੀਆਂ ਜ਼ਮੀਨਾਂ ਮਾਈਨਿੰਗ ਕਰਨ ਲਈ ਖਰੀਦੀਆਂ ਹਨ, ਇਹ ਪੂਰਾ ਪੰਜਾਬ ਜਾਣਦਾ ਹੈ। ਕਾਂਗਰਸ ਪਾਰਟੀ ਦਾ ਲੋਕ ਵਿਰੋਧੀ ਚਿਹਰਾ ਪੰਜਾਬ ਦੇ ਸਾਹਮਣੇ ਨੰਗਾ ਹੋ ਗਿਆ ਹੈ। ਤੁਸੀਂ ਭੋਲੇ-ਭਾਲੇ ਕਿਸਾਨਾਂ ਨੂੰ ਲੁੱਟਦੇ ਹੋ, ਤੁਸੀਂ ਲੋਕ ਮਾਈਨਿੰਗ ਕਰਨ ਦੇ ਮਾਹਿਰ ਹੋ, ਇਹ ਸਾਰਾ ਪੰਜਾਬ ਜਾਣਦਾ ਹੈ। ਫਿਰ ਜਦੋਂ ਪਰਚਾ ਹੁੰਦਾ ਹੈ ਤਾਂ ਤੁਸੀਂ ਡਰ ਕਿਉਂ ਜਾਂਦੇ ਹੋ? ਫਿਰ ਡਰਦੇ ਕਿਉਂ ਹੋ? (ਵਿਘਨ)

> (ਇਸ ਸਮੇਂ ਕਈ ਮੰਤਰੀ ਸਾਹਿਬਾਨ ਤੇ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਕੁਝ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ**: ਚੀਮਾ ਸਾਹਿਬ, ਬੈਠੋ। ਆਪਾਂ ਅੱਗੇ ਚਲੀਏ। ਬੈਠੋ। (ਗੇਵਲ ਮਾਰਦੇ ਹੋਏ) ਬੈਠੋ, ਬੈਠੋ। ਸਰਦਾਰ ਕੁਲਦੀਪ ਸਿੰਘ ਧਾਲੀਵਾਲ ਕੁਝ ਕਹਿਣਾ ਚਾਹੁੰਦੇ ਹਨ, ਹੁਣ ਬਾਕੀ ਬੈਠੋ। ਕਟਾਰੂਚੱਕ ਜੀ ਬੈਠੋ, ਤੁਸੀਂ ਦੁਬਾਰਾ ਗੱਲ ਕਰ ਲੈਣਾ, ਤੁਸੀਂ ਆਪਣੀ ਗੱਲ ਰੱਖ ਲੈਣਾ, ਮਾਲਕੋ ਬੈਠੋ ਜੀ। (ਵਿਘਨ)(ਸ਼ੋਰ) ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀਆਂ ਆਪਣੀਆਂ ਸੀਟਾਂ ਤੇ ਬੈਠਣ। ਪੰਜਾਬ ਦੇ ਬਹੁਤ ਹੀ ਗੰਭੀਰ ਮੁੱਦੇ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਗੱਲਬਾਤ ਕਰਨੀ ਚਾਹੀਦੀ ਹੈ, ਪੰਜਾਬ ਨੂੰ ਦੁਬਾਰਾ ਲੀਹ ਤੇ ਲਿਆਉਣ ਦੀ ਗੱਲਬਾਤ ਕਰਨੀ ਚਾਹੀਦੀ ਹੈ ਪਰ ਜੇ ਆਪਾਂ ਇੱਥੇ ਰਾਜਨੀਤੀ ਕਰਾਂਗੇ ਤਾਂ ਬਾਜਵਾ ਸਾਹਿਬ ਪੰਜਾਬ ਦੇ ਤਿੰਨ ਕਰੋੜ ਲੋਕਾਂ ਨੂੰ ਨਿਰਾਸ਼ਾ ਹੋਵੇਗੀ। ਕਿਰਪਾ ਕਰਕੇ ਆਪਣੀ ਜਗ੍ਹਾ ’ਤੇ ਬੈਠੋ। ਧਾਲੀਵਾਲ ਸਾਹਿਬ, ਤੁਸੀਂ ਆਪਣੀ ਗੱਲ ਰੱਖੋ।

> (ਇਸ ਸਮੇਂ ਜੰਗਲਾਤ ਮੰਤਰੀ, ਸ਼੍ਰੀ ਲਾਲ ਚੰਦ ਅਤੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਸ ਵਿੱਚ ਉੱਚੀ ਉੱਚੀ ਬਹਿਸ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਸ਼੍ਰੀ ਲਾਲ ਚੰਦ ਜੀ, ਤੁਸੀਂ ਬੈਠੋ। (ਵਿਘਨ) (ਸ਼ੋਰ) ਬੈਠੋ ਜੀ, ਬਾਜਵਾ ਸਾਹਿਬ, ਤੁਸੀਂ ਬੈਠੋ। ਤੁਸੀਂ ਬੈਠੋ ਜੀ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ):** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਧੁਰ ਅੰਦਰੋਂ ਤੱਕ ਸਮਰਪਿਤ ਅਤੇ ਰੰਗਲੇ ਪੰਜਾਬ ਦੇ ਸਿਰਜਣਹਾਰ ਮਾਣਯੋਗ ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ। (ਵਿਘਨ) (ਸ਼ੋਰ)

**ਵਿੱਤ ਮੰਤਰੀ:** ਇਹ ਇੱਥੇ ਬੈਠ ਕੇ ਰਨਿੰਗ ਕੁਮੈਂਟਰੀ ਕਰੀ ਜਾਂਦੇ ਹਨ।

**ਮਾਣਯੋਗ ਸਪੀਕਰ:** ਤੁਸੀਂ ਬੈਠੋ ਜੀ, ਮੈਂ ਕਰਦਾ ਹਾਂ, ਮੈਂ ਦੇਖਣਾ ਹੈ। ਚੀਮਾ ਸਾਹਿਬ, ਬੈਠੋ।

(ਇਸ ਸਮੇਂ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਅਤੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਸ ਵਿੱਚ ਉੱਚੀ ਉੱਚੀ ਬਹਿਸ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕਰੋ (ਗੇਵਲ ਮਾਰਦੇ ਹੋਏ।) ਚੇਅਰ ਨੂੰ ਐਡਰੈਸ ਕੀਤਾ ਜਾਵੇ। ਚੀਮਾ ਜੀ, ਇੱਕ ਮਿੰਟ ਬੈਠੋ। Let him complete. (ਵਿਘਨ) (ਸ਼ੋਰ) ਧਾਲੀਵਾਲ ਸਾਹਿਬ, ਆਪਣੀ ਗੱਲ ਰੱਖੋ। ਬਾਜਵਾ ਸਾਹਿਬ ਬੈਠੋ, ਮੰਤਰੀ ਜੀ, ਬੈਠੋ, ਚੀਮਾ ਜੀ, ਬੈਠੋ, ਬੈਠੋ। (ਵਿਘਨ) (ਸ਼ੋਰ) ਕੋਈ ਨਹੀਂ, ਮੈਂ ਆਪੇ ਗੱਲ ਕਰਾਂਗਾ। ਪਲੀਜ਼, ਤੁਸੀਂ ਬੈਠੋ। ਬੈਠੋ ਜੀ, all of the Members please sit down.

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਇਸ ਪਵਿੱਤਰ ਸਦਨ ਵਿੱਚ ਮੌਜੂਦ ਮੰਤਰੀ ਸਾਹਿਬਾਨ ਅਤੇ ਸਮੂਹ ਮੈਂਬਰ ਸਾਹਿਬਾਨ ਜੀ ਦੇ ਰੂਬਰੂ ਮੈਂ ਅੱਜ ਇੱਕ ਵਿਧਾਇਕ ਵਜੋਂ 26 ਅਗਸਤ ਤੋਂ 24 ਸਤੰਬਰ ਤੱਕ ਆਪਣੇ ਵਿਧਾਨ ਸਭਾ ਹਲਕਾ ਅਜਨਾਲਾ ਦੇ ਲੋਕਾਂ ਦੀ ਗੱਲ ਰੱਖਦਾ ਹਾਂ ਜੋ ਕਿ ਭਾਰਤ-ਪਾਕਿ ਦੀ ਉੱਤਰੀ ਸਰਹੱਦ ਤੇ ਸਿੱਧੀਆਂ ਅਤੇ ਅਸਿੱਧੀਆਂ ਜੰਗਾਂ ਦੇ ਥਪੇੜੇ ਖਾਂਦੇ ਆ ਰਹੇ ਹਨ ਅਤੇ ਇਸ ਵਾਰੀ 26 ਅਗਸਤ ਦੀ ਰਾਤ ਨੂੰ ਜੋ ਵਾਪਰਿਆ (ਵਿਘਨ)(ਸ਼ੋਰ), ਕੀ ਗੱਲ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਮੈਂ ਆਪਣੇ ਹਲਕੇ ਦੀ ਗੱਲ ਕਰਨ ਲੱਗਿਆ ਹਾਂ। ਸਰ ਜੀ, ਮੈਨੂੰ ਆਪਣੇ ਹਲਕੇ ਦੀ ਗੱਲ ਕਰਨ ਦਿਉ। ਸਰ ਜੀ, ਤੁਸੀਂ ਸਾਡੇ ਨਾਲੋਂ ਸਿਆਣੇ ਹੋ।

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਮੈਂ ਆਪਣੇ ਹਲਕੇ ਦੀ ਗੱਲ ਕਰਨ ਲੱਗਿਆ ਹਾਂ।

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕਰੋ ਜੀ। ਧਾਲੀਵਾਲ ਸਾਹਿਬ, ਜੇ ਬਹੁਤ ਜ਼ਰੂਰੀ ਹੈ ਤਾਂ ਪੜ੍ਹ ਦਿਉ। ਵੈਸੇ ਪੜ੍ਹਨਾ ਨਹੀਂ ਹੁੰਦਾ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਰ, ਮੈਂ ਪੜ੍ਹ ਨਹੀਂ ਰਿਹਾ। ਮੈਂ ਬੋਲਣ ਲੱਗਾ ਹਾਂ, ਮੈਂ ਆਪਣਾ ਲਿਖ ਕੇ ਲਿਆਂਦਾ ਹੈ।

**ਮਾਣਯੋਗ ਸਪੀਕਰ:** ਠੀਕ ਹੈ ਜੀ, ਤੁਹਾਡਾ ਪੁਆਇੰਟ ਆ ਗਿਆ ਹੈ and it is conveyed.

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਰ, ਮੈਂ ਬੋਲਣ ਲੱਗਾ ਹਾਂ, ਮੈਂ ਇਹ ਕਾਗਜ਼ ਰੱਖ ਦਿੰਦਾ ਹਾਂ। ਸਪੀਕਰ ਸਾਹਿਬ, ਮੈਂ ਕਹਿਣ ਲੱਗਾ ਸੀ ਕਿ ਮੈਂ ਵਿਧਾਨ ਸਭਾ ਹਲਕਾ ਅਜਨਾਲਾ ਤੋਂ ਇਸ ਸਦਨ ਵਿੱਚ ਨੁਮਾਇੰਦਗੀ ਕਰਦਾ ਹਾਂ। ਵਿਧਾਨ ਸਭਾ ਹਲਕਾ ਅਜਨਾਲਾ, ਡੇਰਾ ਬਾਬਾ ਨਾਨਕ, ਰਾਜਾਸਾਂਸੀ, ਅਟਾਰੀ, ਤਰਨ ਤਾਰਨ, ਖੇਮਕਰਨ, ਫਿਰੋਜ਼ਪੁਰ, ਫਾਜ਼ਿਲਕਾ, ਇਹ ਉਹ ਹਲਕੇ ਹਨ, ਜਦੋਂ ਭਾਰਤ-ਪਾਕਿ ਦੀਆਂ ਜੰਗਾਂ ਲੱਗਦੀਆਂ ਹਨ। (ਵਿਘਨ)(ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਅਤੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀਆਂ ਆਪਣੀਆਂ ਸੀਟਾਂ ਉਤੇ ਬੈਠੇ ਬੈਠੇ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਰਨਿੰਗ ਕੁਮੈਂਟਰੀ ਨਾ ਕੀਤੀ ਜਾਵੇ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਰ ਜੀ, ਸੀਰੀਅਸ ਹੋ ਜਾਓ। ਆਪਾਂ ਜ਼ਿੰਦਗੀ ਵਿੱਚ ਸੀਰੀਅਸ ਨਹੀਂ ਹੋਣਾ, ਹੜ੍ਹ ਆਇਆਂ ਨੂੰ 15 ਦਿਨ ਹੋਏ ਸੀ। ਬਾਜਵਾ ਸਾਹਿਬ, ਹੜ੍ਹ ਆਇਆਂ ਨੂੰ 15 ਦਿਨ ਹੋ ਗਏ ਸਨ।

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਰ, ਮੇਰੀ ਗੱਲ ਸੁਣ ਲਵੋ। ਇਹ ਸਾਨੂੰ ਮਖੌਲ ਕਰਦੇ ਹਨ। ਹੜ੍ਹ ਆਇਆਂ ਨੂੰ 15 ਦਿਨ ਹੋ ਗਏ ਸੀ। ਇਹ ਸੁਲਤਾਨਪੁਰ ਲੋਧੀ ਬੰਬੂਕਾਟ ਤੇ ਚੜ੍ਹ ਕੇ ਗਏ ਸੀ। ਇਨ੍ਹਾਂ ਦੇ ਪੈਰ ਨੂੰ ਇੱਕ ਭੋਰਾ ਵੀ ਮਿੱਟੀ ਨਹੀਂ ਲੱਗੀ। (ਵਿਘਨ) (ਸ਼ੋਰ) ਉਹ ਭਤੀਜਾ ਬੈਠਾ ਹੈ ਜਿਹੜਾ ਕਹਿੰਦਾ ਕਿ ਚਾਚੇ ਮੇਰੇ ਹਲਕੇ ਵੱਲ ਗੱਡੀ ਮੋੜੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** **

**Mr. Speaker:** Let him complete.

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਇਹ ਉਸ ਤਰ੍ਹਾਂ ਹੀ ਗੱਲਾਂ ਕਰੀ ਜਾਂਦੇ ਹਨ।

**Mr. Speaker:** Let him complete.

** Not recorded as ordered by the Chair.

**ਸਰਦਾਰ ਪ੍ਰਤਾਪ ਸਿੰਘ ਬਾਜਵਾ**: **

**ਸਰਦਾਰ ਕੁਲਦੀਪ ਸਿੰਘ ਧਾਲੀਵਾਲ**: ਅਸੀਂ ਚੜ੍ਹੇ ਸੀ ਕਿ ਨਹੀਂ ਚੜ੍ਹੇ? (ਵਿਘਨ) (ਸ਼ੋਰ) ਤੁਸੀਂ ਬੈਠੋ। ਤੁਸੀਂ ਕਿਸੇ ਦੀ ਗੱਲ ਸੁਣਦੇ ਨਹੀਂ।

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈਸ ਕੀਤਾ ਜਾਵੇ। ਦੇਖੋ, ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ**: ਸਰ, ਇਹ ਸਦਨ ਬਹੁਤ ਵੱਡੇ ਏਜੰਡੇ ਵਾਸਤੇ ਸੱਦਿਆ ਗਿਆ ਸੀ ਪਰ ਹਮੇਸ਼ਾ ਦੀ ਤਰ੍ਹਾਂ ਜਿਹੜੇ ਸਮਝਦੇ ਹਨ ਕਿ ਅਸੀਂ ਜੰਮੇ ਹੀ ਸਿਆਣੇ ਹਾਂ। ਜਿਹੜੇ ਸਮਝਦੇ ਹਨ ਕਿ ਸਾਡੇ ਤੋਂ ਬਿਨਾਂ ਅਕਲ ਕਿਸੇ ਨੂੰ ਨਹੀਂ ਹੈ। ਸਰ, ਹਰ ਗੱਲ ਤੇ ਸਾਨੂੰ ਟਿੱਚਰਾਂ ਕਰਦੇ ਹਨ, ਮਖੌਲ ਕਰਦੇ ਹਨ। ਇਹ ਬਹੁਤ ਕੁਝ ਕਹਿੰਦੇ ਹਨ ਪਰ ਮੈਂ ਆਪਣੇ ਹਲਕੇ ਅਜਨਾਲੇ ਦੀ ਗੱਲ ਕਰਨੀ ਚਾਹੁੰਦਾ ਹਾਂ। ਸਰ, ਮੈਂ ਪੰਜਾਬ ਦੀ ਗੱਲ ਵੀ ਕਰਨੀ ਹੈ। ਸਰ, ਅਜਨਾਲਾ ਸਰਹੱਦ ਦੇ ਉੱਤੇ ਹੈ। ਅਸੀਂ ਜੰਗਾਂ ਦੀ ਮਾਰ ਝੱਲਦੇ ਹਾਂ। ਜਦੋਂ ਹੜ੍ਹ ਆਉਂਦੇ ਹਨ, ਉਸ ਦੀ ਮਾਰ ਵੀ ਝੱਲਦੇ ਹਾਂ। ਅਸੀਂ ਪਹਿਲਾਂ ਸਾਲ 1988 ਵਿੱਚ, 2023 ਵਿੱਚ ਅਤੇ ਹੁਣ ਫਿਰ ਆਏ ਹੜ੍ਹਾਂ ਦੀ ਮਾਰ ਝੱਲੀ ਹੈ। ਸਪੀਕਰ ਸਾਹਿਬ, ਗੋਨੇਵਾਲ, ਮਾਛੀਵਾੜਾ, ਸਿੰਘੋਕੇ, ਨਿੱਸੋਕੇ, ਜੱਟਾ ਪੱਛੀਆ, ਦਾਦਰਾ ਸ਼ਹਿਜਾਦਾ, ਰੂੜੇਵਾਲ, ਨੰਗਲ ਸੋਹਲ, ਦਰਿਆ ਮੂਸਾ, ਬਲਕਪੁਰਾ ਪਿੰਡ ਹਨ। ਸਰ, ਮੈਂ 30 ਪਿੰਡ ਇੱਕ ਮਿੰਟ ਵਿੱਚ ਗਿਣ ਸਕਦਾ ਹਾਂ, ਉਹ ਲੋਕ ਅੱਜ ਸਦਨ ਦੀ ਕਾਰਵਾਈ ਦੇਖ ਰਹੇ ਹਨ, ਜਿਨ੍ਹਾਂ ਦੀਆਂ ਜ਼ਮੀਨਾਂ ਵਿੱਚ ਅੱਠ-ਅੱਠ ਫੁੱਟ ਰੇਤ ਆ ਗਈ ਹੈ। ਉਹ ਸਦਨ ਦੀ ਕਾਰਵਾਈ ਦੇਖ ਰਹੇ ਹਨ ਅਤੇ ਸੋਚ ਰਹੇ ਹਨ ਕਿ ਅੱਜ ਸਦਨ ਸਾਡੇ ਬਾਰੇ ਕੀ ਫੈਸਲਾ ਕਰੇਗਾ ਪਰ ਸਦਨ ਵਿੱਚ ਦੇਖੋ ਕੀ ਹੋ ਰਿਹਾ ਹੈ। ਸਦਨ ਵਿੱਚ ਦੋਸ਼ ਲਗਾਏ ਜਾ ਰਹੇ ਹਨ। ਸਰ, ਮੈਨੂੰ ਦੁੱਖ ਹੈ, ਗੱਲ ਤਾਂ ਹੜ੍ਹਾਂ ਦੀ ਕਰਨੀ ਚਾਹੀਦੀ ਸੀ ਪਰ ਇੱਥੇ ਤਾਂ ਦੋਸ਼ ਲਗਾਏ ਜਾ ਰਹੇ ਹਨ। ਸਰ, ਦੋਸ਼ਾਂ ਦੇ ਦੋਸ਼ ਲੱਗ ਰਹੇ ਹਨ ਕਿ ਤੁਸੀਂ ਆਹ ਕਰ ਦਿੱਤਾ, ਤੁਸੀਂ ਇਹ ਕਰ ਦਿੱਤਾ। ਸਰ, ਇਹ ਆਪਣਾ ਵੀ ਦੱਸਣ ਕਿ ਇਨ੍ਹਾਂ ਨੇ ਕੀ ਕੀਤਾ ਹੈ। ਤੁਸੀਂ ਦੱਸੋ, ਤੁਸੀਂ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਜ਼ ਵੱਲ ਇਸ਼ਾਰਾ) ਕੀ ਕੀਤਾ ਹੈ? ਤੁਸੀਂ ਹਮੇਸ਼ਾ ਆਉਂਦੇ ਹੋ ਅਤੇ ਕਹਿੰਦੇ ਹੋ ਕਿ ਫਲਾਣੇ ਨੇ ਆਹ ਕਰ ਦਿੱਤਾ, ਉਹ ਕਰ ਦਿੱਤਾ। ਮੇਰੀ ਬੇਨਤੀ ਹੈ ਕਿ ਇਨ੍ਹਾਂ ਪਿੰਡਾਂ ਵਿੱਚ ਹਜ਼ਾਰਾਂ ਏਕੜ ਜ਼ਮੀਨ ਖਰਾਬ ਹੋ ਗਈ ਹੈ, ਉਥੇ ਰੇਤ ਵਿਛ ਗਈ ਹੈ, ਜ਼ਮੀਨ ਮਾਰੂਥਲ ਬਣ ਗਈ ਹੈ।

ਸਪੀਕਰ ਸਾਹਿਬ, ਤੁਹਾਨੂੰ ਚੇਤੇ ਹੋਵੇਗਾ, ਮੈਂ ਪਿਛਲੀ ਵਿਧਾਨ ਸਭਾ ਵਿੱਚ ਇੱਕ ਮੁੱਦਾ ਉਠਾਉਣ ਲੱਗਿਆ ਸੀ, ਮੈਂ ਮੰਤਰੀ ਸੀ, ਤੁਸੀਂ ਵੀ ਮੈਨੂੰ ਕਹਿ ਦਿੱਤਾ ਸੀ ਕਿ ਬੈਠ ਜਾਓ, ਮੈਂ ਬੈਠ ਗਿਆ ਸੀ। ਸਪੀਕਰ ਸਾਹਿਬ, ਮੈਂ ਉਸ ਵੇਲੇ ਕੰਡਿਆਲੀ ਤਾਰ ਤੋਂ ਪਾਰ ਰਹਿੰਦੇ ਕਿਸਾਨਾਂ ਦੀ ਗੱਲ ਕਰਨੀ ਸੀ। ਮੈਂ ਕਹਿਣਾ ਚਾਹੁੰਦਾ ਸੀ ਕਿ ਕੰਡਿਆਲੀ ਤਾਰ ਤੋਂ ਪਾਰ ਰਹਿੰਦੇ ਕਿਸਾਨਾਂ ਨੂੰ ਬਿਜਲੀ ਦੇ ਕੁਨੈਕਸ਼ਨ ਚਾਹੀਦੇ ਹਨ। ਉਹ ਪਾਣੀ ਕਿੱਥੋਂ ਲੈਣ? ਪਰ ਮੇਰੀ ਕਿਸੇ ਨੇ ਗੱਲ ਨਹੀਂ ਸੁਣੀ। ਅੱਜ ਦੀ ਤਰ੍ਹਾਂ ਉਸ ਦਿਨ ਵੀ ਮਖੌਲ ਉਡਾਇਆ ਗਿਆ ਸੀ। ਤੁਸੀਂ ਜਿੰਨਾ ਮਰਜ਼ੀ ਮਜ਼ਾਕ ਉਡਾਈ ਜਾਉ, ਅਸੀਂ ਲੋਕਾਂ ਦੀ ਲੜਾਈ ਲੜ ਰਹੇ ਹਾਂ ਅਤੇ ਲੋਕਾਂ ਲਈ ਲੜਾਂਗੇ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਸਰ, ਅੱਜ ਜਾ ਕੇ ਦੇਖੋ, ਕਿੰਨਾ ਬੁਰਾ ਹਾਲ ਹੋ ਗਿਆ ਹੈ। ਸਪੀਕਰ ਸਾਹਿਬ, ਤੁਸੀਂ ਵਿਧਾਨ ਸਭਾ ਦੀ ਇੱਕ ਕਮੇਟੀ ਬਣਾਓ। ਸਰ, ਜਾ ਕੇ ਦੇਖੋ ਕਿ ਰਾਵੀ ਦਰਿਆ ਦੇ ਕੰਢੇ ਵਾਲੀ ਜਿਹੜੀ ਜ਼ਮੀਨ ਮਾਰੂਥਲ ਬਣ ਗਈ ਹੈ, ਉਸ ਦਾ ਵਾਰਿਸ ਕੌਣ ਬਣੇਗਾ, ਉਸ

ਦਾ ਵਾਲੀ-ਵਾਰਿਸ ਕੌਣ ਹੈ ਅਤੇ ਉਸ ਦਾ ਦੇਣਦਾਰ ਕੌਣ ਹੈ? ਸਰ, ਹੁਣ ਕੇਂਦਰ ਸਰਕਾਰ ਕਿੱਥੇ ਹੈ? 1988 ਵਿੱਚ ਵੀ ਇਹੀ ਹਾਲ ਹੋਇਆ ਸੀ। ਇਹ ਮੁੱਦਾ ਕੇਂਦਰ ਸਰਕਾਰ ਨੇ ਹੱਲ ਕਰਨਾ ਸੀ। ਅਸੀਂ ਵਾਰ-ਵਾਰ ਕਹਿੰਦੇ ਹਾਂ ਕਿ ਕੇਂਦਰ ਸਰਕਾਰ ਦਖਲ ਅੰਦਾਜ਼ੀ ਕਰੇ। ਅਸੀਂ ਬਾਰਡਰ ’ਤੇ ਲੜਦੇ ਹਾਂ। ਅਸੀਂ ਬਾਰਡਰ ’ਤੇ ਬੈਠਦੇ ਹਾਂ। ਚਾਰ ਮਹੀਨੇ ਪਹਿਲਾਂ ‘ਆਪਰੇਸ਼ਨ ਸਿੰਧੂਰ’ ਦੀ ਜੰਗ ਦੇ ਵਿੱਚ ਸਾਡਾ ਉਜਾੜਾ ਹੋਇਆ ਸੀ। ਹੁਣ ਫਿਰ ਸਾਡਾ ਸਭ ਕੁਝ ਉਜੜ ਗਿਆ ਹੈ। ਸਰ, ਤੁਸੀਂ ਫਸਲਾਂ ਉਜੜਦੀਆਂ ਵੇਖੀਆਂ ਹੋਣਗੀਆਂ। ਅਜਨਾਲੇ ਦੀ ਧਰਤੀ ਉੱਤੇ ਟਰੈਕਟਰ, ਟਰਾਲੀ, ਕੰਬਾਈਨਾਂ ਅਤੇ ਘਰ ਉਜੜ ਗਏ ਹਨ। ਗਰੀਬਾਂ ਦੇ ਘਰ ਰੁੜ੍ਹ ਗਏ ਹਨ, ਉਨ੍ਹਾਂ ਦੀਆਂ ਫਸਲਾਂ ਰੁੜ੍ਹ ਗਈਆਂ ਹਨ, ਉਨ੍ਹਾਂ ਦਾ ਸਮਾਨ ਰੁੜ੍ਹ ਗਿਆ ਹੈ। ਇਹ ਕਿਹੜੇ ਕੰਮਾਂ ਤੇ ਲੱਗੇ ਹਨ। ਇਹ ਕਹਿੰਦੇ ਹਨ ਕਿ ਵੋਟਾਂ ਕਿਵੇਂ ਬਣਨੀਆਂ ਹਨ। ਉਥੇ ਲੋਕਾਂ ਨੂੰ ਚਿੰਤਾ ਹੈ ਕਿ ਸਾਡੇ ਘਰ ਕਿਵੇਂ ਬਣਨਗੇ ਪਰ ਇਹ ਸੋਚਦੇ ਹਨ ਕਿ ਵੋਟਾਂ ਕਿਵੇਂ ਬਣਨੀਆਂ ਹਨ। ਸਰ, ਲੋਕਾਂ ਨੂੰ ਮੁਆਵਜ਼ਾ ਕੌਣ ਦੇਵੇਗਾ? ਉਥੇ ਵੀਹ ਲੱਖ ਰੁਪਏ ਦਾ ਕਿੱਲਾ ਸੀ, ਜਿੱਥੇ ਅੱਜ ਅੱਠ-ਅੱਠ ਫੁੱਟ ਤੱਕ ਰੇਤ ਚੜ੍ਹ ਗਈ ਹੈ। ਮੈਂ, ਮੁੱਖ ਮੰਤਰੀ ਸਾਹਿਬ, ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਅਪੀਲ ਕੀਤੀ ਸੀ।

**ਮਾਣਯੋਗ ਸਪੀਕਰ:** ਮੈਂ ਵੀ ਤੁਹਾਡੇ ਹਲਕੇ ਵਿੱਚ ਆ ਕੇ ਗਿਆ ਸੀ। ਤੁਸੀਂ ਉਥੇ ਬਹੁਤ ਸੇਵਾ ਕੀਤੀ ਹੈ, ਬੜਾ ਕੰਮ ਕੀਤਾ ਹੈ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਪੰਜਾਬ ਵਿੱਚ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਸਭ ਨੂੰ ਬੜਾ ਦਰਦ ਹੈ। ਮੈਂ ਇਸ ਗੱਲ ਨਾਲ ਸਹਿਮਤ ਹਾਂ ਲੇਕਿਨ ਹੁਣ ਸਮੇਂ ਦੀ ਕਮੀ ਹੈ। ਪਲੀਜ਼, ਵਾਈਂਡ ਅੱਪ ਕਰ ਲਵੋ ਕਿਉਂਕਿ ਸਾਰਿਆਂ ਨੇ ਬੋਲਣਾ ਹੈ। ਤੁਸੀਂ ਵਾਈਂਡ ਅੱਪ ਕਰ ਲਵੋ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਹਾਂ ਜੀ। ਸਪੀਕਰ ਸਾਹਿਬ, ਤੁਸੀਂ ਜਾ ਕੇ ਆਏ ਸੀ ਲੇਕਿਨ ਸਰ, ਮੈਂ ਦੋ-ਤਿੰਨ ਗੱਲਾਂ ਕਰਨੀਆਂ ਹਨ। ਅਸੀਂ ਮੁੱਖ ਮੰਤਰੀ ਸਾਹਿਬ ਨੂੰ ਅਪੀਲ ਕੀਤੀ ਸੀ ਕਿ ‘ਜਿਸ ਦਾ ਖੇਤ ਉਸ ਦੀ ਰੇਤ’ ਪਾਲਿਸੀ ਲਾਗੂ ਕੀਤੀ ਜਾਵੇ ਅਤੇ ਮੁੱਖ ਮੰਤਰੀ ਸਾਹਿਬ ਨੇ ਲਾਗੂ ਕਰ ਦਿੱਤੀ। ਕਿਸਾਨ ਆਪਣੀਆਂ ਜ਼ਮੀਨਾਂ ਤੋਂ ਰੇਤ ਕੱਢ ਰਹੇ ਹਨ ਪਰ ਕੰਡਿਆਲੀ ਤਾਰ ਤੋਂ ਪਾਰ, ਜਿੱਥੇ ਬੀ.ਐਸ.ਐਫ. ਦੇ ਗੇਟ ਲੱਗੇ ਹਨ, ਉਥੇ ਸੱਤ-ਸੱਤ ਫੁੱਟ ਰੇਤ ਚੜ੍ਹ ਗਈ ਹੈ। ਇਨ੍ਹਾਂ ਨੂੰ ਪੁੱਛੋ ਕਿ ਉਹ ਰੇਤ ਕਿਸ ਤਰ੍ਹਾਂ ਨਿਕਲੇਗੀ। ਆਪਾਂ ਕੇਂਦਰ ਸਰਕਾਰ ਦੇ ਅੰਡਰ ਆਉਂਦੇ ਹਾਂ, ਜੋ ਸਾਡੇ ਤੇ ਕਾਨੂੰਨ ਲਾਗੂ ਕਰਦੀ ਹੈ। ਕੇਂਦਰ ਸਰਕਾਰ ਕਹਿੰਦੀ ਹੈ ਕਿ ਤੁਸੀਂ 50 ਕਿਲੋਮੀਟਰ ਬੀ.ਐਸ.ਐਫ. ਦੇ ਘੇਰੇ ਅੰਡਰ ਆਉਂਦੇ ਹੋ। ਸਰ, ਕੀ ਅਸੀਂ ਹੁਣ ਅੰਡਰ ਨਹੀਂ ਆਉਂਦੇ? ਹੁਣ ਕੇਂਦਰ ਸਰਕਾਰ ਕਿੱਥੇ ਹੈ? ਹੁਣ ਸਾਨੂੰ ਪ੍ਰਤੀ ਕਿੱਲੇ ਦਾ 20 ਲੱਖ ਰੁਪਿਆ ਕਿਸ ਨੇ ਦੇਣਾ ਹੈ? ਸਰ, ਉੱਥੇ ਹਜ਼ਾਰਾਂ ਏਕੜ ਜ਼ਮੀਨ ਰੁੜ੍ਹ ਗਈ। ਲੋਕ ਕਿਵੇਂ ਰਾਵੀ ਵਿੱਚੋਂ ਦੱਬੇ ਟਰੈਕਟਰ ਕੱਢ ਰਹੇ ਹਨ। ਸਾਨੂੰ ਸਭ ਨੂੰ ਸੰਜੀਦਾ ਹੋਣਾ ਚਾਹੀਦਾ ਹੈ। ਇਹ ਜਜ਼ਬਾਤੀ ਗੱਲਾਂ ਕਰਕੇ ਮਾਹੌਲ ਖਰਾਬ ਕਰਕੇ ਸਾਰੇ ਚਲੇ ਜਾਂਦੇ ਹਨ ਪਰ ਲੋਕ ਅੱਜ ਦੇ ਸੈਸ਼ਨ ਨੂੰ ਦੇਖ ਰਹੇ ਹਨ। ਅੱਜ ਸੁਲਤਾਨਪੁਰ ਲੋਧੀ ਦੇ ਲੋਕ ਸੈਸ਼ਨ ਵੇਖ ਰਹੇ ਹਨ, ਫਿਰੋਜ਼ਪੁਰ ਦੇ ਲੋਕ ਸੈਸ਼ਨ ਦੇਖ ਰਹੇ ਹਨ, ਪੱਟੀ ਦੇ ਲੋਕ ਦੇਖ ਰਹੇ ਹਨ। ਸਰਦਾਰ ਲਾਲਜੀਤ ਸਿੰਘ ਭੁੱਲਰ ਸਾਹਿਬ, ਮੰਤਰੀ ਜੀ ਇੱਥੇ ਬੈਠੇ ਹਨ। ਲੋਕ ਦੇਖ ਰਹੇ ਹਨ ਕਿ ਸਦਨ ਸਾਡੇ ਬਾਰੇ ਕੀ ਕਹਿ ਰਿਹਾ ਹੈ। ਸਰ, ਮੈਂ ਤੁਹਾਨੂੰ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਅਜਨਾਲੇ ਵਿੱਚ ਵੱਡੇ ਵੱਡੇ ਮਹਾਂਪੁਰਸ਼ ਆਏ। ਸਪੀਕਰ ਸਾਹਿਬ, ਤੁਸੀਂ ਵੀ ਉੱਥੇ ਆਏ। ਕਾਰ ਸੇਵਾ ਵਾਲੇ ਸੰਤ ਸੁਦਾਮ ਸਿੰਘ ਜੀ ਵੀ ਆਏ, ਤਰਨ ਤਾਰਨ ਵਾਲੇ ਬਾਬਾ ਜਗਤਾਰ ਸਿੰਘ ਜੀ, ਬਾਬਾ ਸੁੱਖਾ ਸਿੰਘ ਜੀ, ਸਰਹਾਲੀ ਵਾਲੇ ਸੰਤ ਆਏ। ਉਹ ਬੰਨ੍ਹ ਬੰਨ ਕੇ ਸੇਵਾ ਕਰਦੇ ਰਹੇ। ਗਿਆਨੀ ਰਘੁਬੀਰ ਸਿੰਘ ਜੀ, ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ, ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਬਲਦੇਵ ਸਿੰਘ ਵਡਾਲਾ ਆਪਣੀਆਂ ਟੀਮਾਂ ਲੈ ਕੇ ਕੰਮ ਕਰ ਰਹੇ ਹਨ।

**ਮਾਣਯੋਗ ਸਪੀਕਰ:** ਆਪਣੇ ਐਮ.ਪੀ. ਸਾਹਿਬ ਵੀ ਉੱਥੇ ਸੇਵਾ ਵਿੱਚ ਲੱਗੇ ਸਨ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਾਡੇ ਐਮ.ਪੀ. ਸਾਹਿਬ, ਸਾਹਨੀ ਸਾਹਿਬ ਦਿੱਲੀ ਤੋਂ ਆ ਗਏ। ਉਹ ਵੀ ਸਾਡੇ ਨਾਲ ਟਰੈਕਟਰਾਂ ਤੇ ਆਉਂਦੇ ਹਨ। ਇਹ ਜਿਨ੍ਹਾਂ ਨੇ 75 ਸਾਲ ਦੇਸ਼ ਤੇ ਰਾਜ ਕੀਤਾ, ਇਹ ਕਿੱਥੇ ਗਏ? (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਮੈਂਬਰਾਂ ਵੱਲ ਇਸ਼ਾਰਾ) ਇਹ ਸਾਰੇ ਬੰਬੂਕਾਟਾਂ ਤੇ ਚੜ੍ਹ ਗਏ। ਇਹ ਸਾਰੇ ਕਿੱਥੇ ਗਏ? (ਵਿਘਨ)(ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਬਾਜਵਾ ਸਾਹਿਬ, ਹੁਣ ਸੁਣ ਲਵੋ (ਵਿਘਨ)(ਸ਼ੋਰ) ਹੁਣ ਸੁਣੋ। ਉਸ ਵੇਲੇ ਕਿੱਥੇ ਗਏ ਸੀ?

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕੀਤਾ ਜਾਵੇ। ਜੋ ਵੀ ਕੁਝ ਚੇਅਰ ਦੀ ਆਗਿਆ ਤੋਂ ਬਿਨਾ ਕਿਹਾ ਜਾਂਦਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸੁਣੋ, ਬਾਜਵਾ ਸਾਹਿਬ, ਹੁਣ ਸੁਣ ਵੀ ਲਵੋ।

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕੀਤਾ ਜਾਵੇ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਮੈਂ ਤਾਂ ਚੇਅਰ ਨੂੰ ਹੀ ਐਡਰੈਸ ਕਰ ਰਿਹਾ ਹਾਂ, ਇਨ੍ਹਾਂ ਨੂੰ ਬਿਠਾਉ। (ਵਿਘਨ)

**ਮਾਣਯੋਗ ਸਪੀਕਰ :** ਬਾਜਵਾ ਜੀ, ਤੁਸੀਂ ਬੈਠੋ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ :** ਸਰ, ਮੇਰੀ ਗੱਲ ਸੁਣੋ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਤੁਸੀਂ ਇਨ੍ਹਾਂ ਨੂੰ ਗੱਲ ਪੂਰੀ ਕਰ ਲੈਣ ਦਿਓ। He is about to finish.

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਰ, ਵੱਡੇ ਵੱਡੇ ਮਹਾਂਪੁਰਸ਼ ਤੇ ਸਿੱਖ ਸ਼ਖ਼ਸੀਅਤਾਂ ਉੱਥੇ ਪਹੁੰਚੀਆਂ, ਉੱਤਰਾਖੰਡ ਤੋਂ, ਯੂ.ਪੀ. ਤੋਂ, ਰਾਜਸਥਾਨ ਤੋਂ, ਹਰਿਆਣੇ ਤੋਂ, ਦਿੱਲੀ ਤੋਂ ਅਤੇ ਪੰਜਾਬ ਦੇ ਕੋਨੇ ਕੋਨੇ ਤੋਂ ਪੰਜਾਬੀ ਟਰੈਕਟਰ-ਟਰਾਲੀਆਂ ਭਰ-ਭਰ ਕੇ, ਟਰੱਕ ਭਰ-ਭਰ ਕੇ ਪੁੱਜੇ। ਉਨ੍ਹਾਂ ਨੇ ਸਾਡੀ ਬਾਂਹ ਫੜੀ। ਵੱਡੇ ਵੱਡੇ ਲੀਡਰ ਵੀ ਗਏ। ਮੋਦੀ ਸਾਹਿਬ ਨੇ ਆਪਣੇ ਸੰਤਰੀ-ਮੰਤਰੀ ਭੇਜੇ ਪ੍ਰੰਤੂ ਉਹ ਖਾਲੀ ਹੱਥੀਂ ਗਏ ਅਤੇ ਖਾਲੀ ਹੱਥੀਂ ਵਾਪਸ ਆ ਗਏ, ਉਨ੍ਹਾਂ ਨੇ ਕੁਝ ਵੀ ਨਹੀਂ ਦਿੱਤਾ। ਮੈਂ ਅੱਜ ਵੀ ਹਾਊਸ ਵਿੱਚ ਕਹਿੰਦਾ ਹਾਂ ਕਿ ਅਜਨਾਲੇ ਨੂੰ ਦੁਬਾਰਾ ਪੈਰਾਂ ਤੇ ਖੜ੍ਹਾ ਕਰਨ

ਵਾਸਤੇ ਮੋਦੀ ਸਾਹਿਬ ਨੂੰ ਲੈਟਰ ਲਿਖੀ ਗਈ ਸੀ ਅਤੇ ਮੈਂ, ਕੇਂਦਰੀ ਮੰਤਰੀ, ਸ਼ਿਵਰਾਜ ਚੌਹਾਨ ਨਾਲ ਮੀਟਿੰਗ ਵੀ ਕੀਤੀ ਸੀ ਕਿ ਸਾਨੂੰ 2000 ਕਰੋੜ ਰੁਪਿਆ ਦਿਓ। ਅਸੀਂ ਅਜਨਾਲੇ ਵਾਲੇ ਉੱਜੜ ਗਏ ਹਾਂ ਲੇਕਿਨ ਸਾਡੀ ਗੱਲ ਨਹੀਂ ਸੁਣੀ ਗਈ। ਇਨ੍ਹਾਂ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਦਾ ਨੇਤਾ ਆਇਆ ** ਸਾਨੂੰ ਉਨ੍ਹਾਂ ਤੋਂ ਬਹੁਤ ਉਮੀਦ ਸੀ, ਆਏ ਤਾਂ ਉਹ 20 ਦਿਨ ਬਾਅਦ ਹੀ ਸੀ ਪਰ ਸਾਨੂੰ ਉਮੀਦ ਸੀ ਕਿ ਚਲੋ ਕੁਝ ਨਾ ਕੁਝ ਤਾਂ ਦੇ ਕੇ ਹੀ ਜਾਣਗੇ ਪਰ ਕੁਝ ਨਹੀਂ ਦੇ ਕੇ ਗਏ। ਸਪੀਕਰ ਸਾਹਿਬ, ਮੈਂ ਸਵੇਰੇ ਕੈਲਕੁਲੇਟ ਕਰ ਰਿਹਾ ਸੀ।

**ਮਾਣਯੋਗ ਸਪੀਕਰ:** ਜਿਹੜੀਆਂ ਮਾਣਯੋਗ ਸ਼ਖਸੀਅਤਾਂ ਸਦਨ ਵਿੱਚ ਮੌਜੂਦ ਨਹੀਂ ਹਨ, ਉਨ੍ਹਾਂ ਦਾ ਨਾਮ ਐਕਸਪੰਜ ਕੀਤਾ ਜਾਵੇ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਮੈਂ ਤਾਂ ਆਪਣੀ ਗੱਲ ਕਹਿ ਦਿੱਤੀ ਹੈ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**Mr. Speaker:** Let him complete, let him complete. ਹਾਂ ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਾਡਾ ਲੀਡਰ ਉੱਥੇ ਆਇਆ, he is not Member of the House.

**ਮਾਣਯੋਗ ਸਪੀਕਰ:** ਠੀਕ ਹੈ, ਉਹ ਤਾਂ ਗੱਲ ਹੋ ਗਈ। ਬੈਠੋ, ਤੁਹਾਡੀ ਗੱਲ ਆ ਗਈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੇਰੀ ਗੱਲ ਤਾਂ ਸੁਣੋ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ:** ਬਾਜਵਾ ਜੀ ਬੈਠੋ, ਤੁਸੀਂ ਵਾਰ ਵਾਰ ਇੰਟਰਪਟ ਕਰ ਰਹੇ ਹੋ। (ਵਿਘਨ)(ਸ਼ੋਰ) ਧਾਲੀਵਾਲ ਸਾਹਿਬ, ਤੁਸੀਂ ਕੰਟੀਨਿਊ ਕਰੋ। ਜੋ ਵੀ ਕੁਝ ਚੇਅਰ ਦੀ ਆਗਿਆ ਤੋਂ ਬਿਨਾ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਮੈਂ ਤਾਂ ਇਹ ਗੱਲ ਕਹਿ ਰਿਹਾ ਹਾਂ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ** : ਤੁਸੀਂ ਆਪਣੀ ਗੱਲ ਜਾਰੀ ਰੱਖੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਕੀ ਤੁਸੀਂ ਉਨ੍ਹਾਂ ਤੇ ਪਰਚਾ ਦਰਜ ਕੀਤਾ ਜਿਨ੍ਹਾਂ ਨੇ 20 ਪਿੰਡਾਂ ਨੂੰ ਡੋਬਿਆ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਰ, ਮੈਂ ਇਸੇ ਤੇ ਜਵਾਬ ਦੇਣ ਲੱਗਾ ਹਾਂ। ਇਹ ਜਿਹੜੀ ਬਾਜਵਾ ਸਾਹਿਬ ਗੱਲ ਕਰ ਰਹੇ ਹਨ ਕਿ ਇੱਕ ਨਹਿਰ ਟੁੱਟੀ ਸੀ, ਜਿਸ ਦੀ ਇਹ ਗੱਲ ਕਰ ਰਹੇ ਹਨ। ਸਰ, ਮੇਰਾ ਪੀ.ਏ. ਹੈ, ਜਿਸ ਦਾ

---

** Expunged as ordered by the Chair.

ਨਾਂ ਮੁਖਤਿਆਰ ਸਿੰਘ ਹੈ, ਜਿਹੜਾ ਕਿ ਰਾਏ ਸਿੱਖਾਂ ਦਾ ਮੁੰਡਾ ਹੈ। ਇਹ ਕਾਂਗਰਸੀ ਇਸ ਬਾਰੇ ਬੇਫਜ਼ੂਲ ਗੱਲਾਂ ਕਰਦੇ ਹਨ। ਜੇਕਰ ਮੇਰੇ ਪੀ.ਏ. ਦੀ ਜ਼ਮੀਨ ਸਾਬਤ ਹੋ ਜਾਵੇ, ਉਸ ਮੁੰਡੇ ਕੋਲ ਤਾਂ ਇੱਕ ਕਨਾਲ ਜ਼ਮੀਨ ਹੈ, ਇਹ ਕਹਿੰਦੇ ਹਨ ਕਿ ਉਸ ਨੇ ਨਹਿਰ ਤੁੜਵਾ ਦਿੱਤੀ। ਇਹ ਮੁੰਡਾ ਮੇਰੇ ਘਰ ਹੀ ਰਹਿੰਦਾ ਹੈ ਅਤੇ 24 ਘੰਟੇ ਮੇਰੇ ਨਾਲ ਹੀ ਰਹਿੰਦਾ ਹੈ। ਇਹ ਨਹਿਰ ਪਿੰਡ ਦੇ ਦੋ ਧੜਿਆਂ ਨੇ ਤੋੜ ਦਿੱਤੀ ਤੇ ਅਸੀਂ ਬਣਾ ਦਿੱਤੀ, ਅਸੀਂ ਸਭ ਕੁਝ ਕਰ ਦਿੱਤਾ ਹੈ। (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਬਾਜਵਾ ਜੀ, ਆਪਾਂ ਅੱਜ ਇੱਥੇ ਰਾਜਨੀਤੀ ਕਰਨ ਨਹੀਂ ਆਏ। ਅੱਜ ਦਾ ਸੈਸ਼ਨ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਦੇ ਕੰਮ ਰੁੜ੍ਹ ਗਏ, ਜ਼ਮੀਨਾਂ ਰੁੜ੍ਹ ਗਈਆਂ, ਘਰ ਖਰਾਬ ਹੋ ਗਏ, ਬਿਮਾਰੀਆਂ ਪੈ ਗਈਆਂ, ਸਾਰੇ ਪਸ਼ੂ ਰੁੜ੍ਹ ਗਏ ਅਤੇ ਅਸੀਂ ਰਾਜਨੀਤੀ ਕਰਨ ਲੱਗੇ ਹੋਏ ਹਾਂ। Let him complete.

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਰ, ਇਨ੍ਹਾਂ ਨੂੰ ਲੋਕ ਦੇਖ ਰਹੇ ਹਨ ਕਿ ਇਨ੍ਹਾਂ ਨੇ ਕੀ ਕੀਤਾ ਹੈ। (ਵਿਘਨ)

**ਮਾਣਯੋਗ ਸਪੀਕਰ:** ਹੁਣ, ਸ਼੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਬੋਲਣਗੇ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਰ, ਮੇਰੀ ਗੱਲ ਕੰਪਲੀਟ ਨਹੀਂ ਹੋਈ।

**ਮਾਣਯੋਗ ਸਪੀਕਰ:** ਤੁਹਾਡੀ ਗੱਲ ਹੋ ਗਈ ਹੈ ਜੀ। ਹੁਣ ਤੁਸੀਂ ਬਾਅਦ ਵਿੱਚ ਗੱਲ ਕਰ ਲੈਣਾ। ਸ਼੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਤੁਸੀਂ ਆਪਣੀ ਗੱਲ ਪੰਜ ਮਿੰਟ ਵਿੱਚ ਵਾਈਂਡ ਅੱਪ ਕਰੋਗੇ, you have five minutes.

**ਸ਼੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) (ਬਟਾਲਾ):** ਧੰਨਵਾਦ, ਸਪੀਕਰ ਸਾਹਿਬ। ਤੁਸੀਂ ਮੈਨੂੰ ਗੰਭੀਰ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਸਾਲ 1988 ਵਿੱਚ ਹੜ੍ਹ ਆਏ ਸੀ ਅਤੇ ਜਿਹੜੇ ਹੜ੍ਹ ਹੁਣ ਆਏ ਹਨ, ਇਹ ਉਨ੍ਹਾਂ ਹੜ੍ਹਾਂ ਨਾਲੋਂ ਕਿਤੇ ਜ਼ਿਆਦਾ ਖਤਰਨਾਕ ਹਨ। ਮੇਰੇ ਜ਼ਿਲ੍ਹਾ ਗੁਰਦਾਸਪੁਰ ਵਿੱਚ 343 ਪਿੰਡ ਬਿਲਕੁਲ ਤਬਾਹ ਹੋ ਚੁੱਕੇ ਹਨ। 2225 ਘਰਾਂ ਦਾ ਨੁਕਸਾਨ ਹੋਇਆ, ਇੱਕ ਲੱਖ ਏਕੜ ਦੇ ਕਰੀਬ ਝੋਨੇ ਦੀ ਫਸਲ ਦਾ ਨੁਕਸਾਨ ਹੋਇਆ, ਪਸ਼ੂਆਂ ਦਾ ਵੀ ਨੁਕਸਾਨ ਹੋਇਆ ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਇੱਥੇ ਬੈਠ ਕੇ ਜਿਹੜੀ ਮੰਗ ਸੈਂਟਰ ਸਰਕਾਰ ਤੋਂ ਕਰਨੀ ਸੀ, ਅੱਜ ਪੰਜਾਬ ਦੇਖ ਰਿਹਾ ਹੈ ਕਿ ਕੀ ਹਾਲਾਤ ਬਣ ਰਹੇ ਹਨ। ਅੱਜ ਸਾਡੇ ਆਪੋਜ਼ੀਸ਼ਨ ਵਾਲਿਆਂ ਨੂੰ ਵੀ ਸਾਡੇ ਨਾਲ ਖੜ੍ਹਨਾ ਚਾਹੀਦਾ ਸੀ ਪਰ ਦੁੱਖ ਦੀ ਗੱਲ ਇਹ ਹੈ ਕਿ ਇਹ ਅੱਜ ਬੈਠੇ ਇੱਥੇ ਹਨ ਪ੍ਰੰਤੂ ਭਾਜਪਾ ਦਾ ਫਿਰ ਸਾਥ ਦੇ ਰਹੇ ਹਨ। ਸਾਨੂੰ ਇਸ ਗੱਲ ਦਾ ਦੁੱਖ ਲੱਗਦਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਰਾਵੀ, ਬਿਆਸ ਦੇ ਬਿਲਕੁਲ ਨੇੜਲੇ ਪਿੰਡਾਂ, ਜਿਨ੍ਹਾਂ ਵਿੱਚ ਡੇਰਾ ਬਾਬਾ ਨਾਨਕ ਦੇ ਲਾਗੇ ਠੇਠਰਕੇ, ਮਨਸੂਰ, ਸਹਿਜ਼ਾਦਾ, ਗੁਣੀਆਂ, ਲੇਖਾ, ਗੋਸਲ, ਮੰਝ, ਦਾਖਲਾ ਆਦਿ ਹੋਰ ਵੀ ਪਿੰਡਾਂ ਵਿੱਚ ਜਦੋਂ ਪਾਣੀ ਆਇਆ ਤਾਂ ਕਈ ਟਿਊਬਵੈੱਲਾਂ ਦੇ ਬੋਰ ਬੈਠ ਗਏ, ਟਰੈਕਟਰ ਖਰਾਬ ਹੋ ਗਏ, ਖੇਤੀ ਦੀਆਂ ਹੋਰ ਮਸ਼ੀਨਰੀਆਂ ਤਬਾਹ ਹੋ ਗਈਆਂ। ਅੱਜ ਉਨ੍ਹਾਂ ਦੇ ਹੱਕਾਂ ਦੀ ਗੱਲ ਕਰਨੀ ਸੀ ਪਰ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਨੇ ਫਿਰ ਲੜ ਕੇ ਚਲੇ ਜਾਣਾ ਹੈ, ਫਿਰ ਇਨ੍ਹਾਂ ਨੇ ਸਾਨੂੰ ਕਹਿਣਾ ਹੈ ਕਿ ਪੰਜਾਬ ਦੇ ਹਿਤੈਸ਼ੀ ਨਹੀਂ ਹਾਂ। ਅਸੀਂ ਤਾਂ ਪੰਜਾਬ ਦੀ ਗੱਲ ਕਰਦੇ ਹਾਂ, ਅਸੀਂ ਤਾਂ ਪੰਜਾਬ ਦੇ ਹੱਕ ਮੰਗਣਾ ਚਾਹੁੰਦੇ

ਹਾਂ। ਮਾਣਯੋਗ ਮੁੱਖ ਮੰਤਰੀ ਪੰਜਾਬ, ਸਰਦਾਰ ਭਗਵੰਤ ਮਾਨ ਜੀ ਨੇ ਕਿਹਾ ਸੀ ਕਿ ਕੇਂਦਰ ਸਰਕਾਰ ਨੇ ਸਾਡਾ 60,000 ਕਰੋੜ ਰੁਪਿਆ ਦੇਣਾ ਹੈ। ਜਦੋਂ ਮੋਦੀ ਸਾਹਿਬ ਆਏ ਸੀ ਤਾਂ ਉਹ ਕਿੰਨੇ ਪੈਸੇ ਦੇ ਗਏ? ਉਹ ਸਿਰਫ 1600 ਕਰੋੜ ਰੁਪਏ ਦੇ ਕੇ ਗਏ। ਅਸੀਂ ਆਪੇ ਹੀ ਮੰਨੀ ਜਾਂਦੇ ਹਾਂ ਕਿ ਘੱਟੋ ਘੱਟ 20,000 ਕਰੋੜ ਰੁਪਏ ਦੇਣੇ ਚਾਹੀਦੇ ਸਨ। ਫਿਰ ਗੱਲ ਕਿਉਂ ਨਹੀਂ ਕਰਦੇ? ਪਰ ਅਫਸੋਸ, ਸਾਂਝ ਕਿਤੇ ਨਾ ਕਿਤੇ ਬਰਕਰਾਰ ਨਜ਼ਰ ਆਉਂਦੀ ਹੈ। ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ (ਵਿਘਨ) (ਸ਼ੋਰ)

**ਮਾਣਯੋਗ ਸਪੀਕਰ**: ਤੁਸੀਂ ਚੇਅਰ ਨੂੰ ਐਡਰੈੱਸ ਕਰੋ।

**ਸ੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ)**: ਸਰ, ਕਲਾਨੌਰ ਕਸਬੇ ਵਿੱਚ 1300 ਏਕੜ ਪੰਚਾਇਤੀ ਜ਼ਮੀਨ ਹੈ, ਉੱਥੇ ਵੀ ਪਾਣੀ ਆਉਣ ਕਾਰਨ ਝੋਨੇ ਦੀ ਫਸਲ ਕਾਫੀ ਖਰਾਬ ਹੋ ਚੁੱਕੀ ਸੀ, ਉਨ੍ਹਾਂ ਜ਼ਿਮੀਂਦਾਰਾਂ ਨੇ ਮੰਗ ਕੀਤੀ ਕਿ ਇਸ ਪੰਚਾਇਤੀ ਜ਼ਮੀਨ ਦਾ ਠੇਕਾ ਹਰ ਸਾਲ ਦਿੱਤਾ ਜਾਂਦਾ ਹੈ ਪਰ ਇਸ ਸਾਲ ਇਸ ਜ਼ਮੀਨ ਦਾ ਠੇਕਾ ਸਾਡੇ ਤੋਂ ਨਾ ਲਿਆ ਜਾਵੇ। ਮੈਂ ਇਹ ਗੱਲ ਮਾਣਯੋਗ ਮੁੱਖ ਮੰਤਰੀ, ਪੰਜਾਬ, ਸਰਦਾਰ ਭਗਵੰਤ ਮਾਨ ਜੀ ਦੇ ਅੱਗੇ ਰੱਖੀ ਤਾਂ ਉਨ੍ਹਾਂ ਨੇ ਆਸ਼ਵਾਸਨ ਦਿੱਤਾ ਕਿ ਪਰਵਾਹ ਨਾ ਕਰੋ, ਲੋਕਾਂ ਦੇ ਮੁੱਖ ਮੰਤਰੀ ਇਹ ਹੁੰਦੇ ਹਨ। ਜਦੋਂ ਮੁੱਖ ਮੰਤਰੀ ਸਾਹਿਬ ਦੀਨਾਨਗਰ ਵਿਖੇ ਗਏ, ਨਾਲ ਸਾਰਾ ਪ੍ਰਸ਼ਾਸਨ ਸੀ। ਉੱਥੇ ਲੋਕਾਂ ਦੀ ਮੰਗ ਸੀ ਕਿ ਪਾਣੀ ਜ਼ਿਆਦਾ ਆ ਗਿਆ ਤੇ ਪਾਣੀ ਦੇ ਨਾਲ ਮਿੱਟੀ, ਗਾਰ ਤੇ ਰੇਤਾ ਵੀ ਆ ਗਿਆ ਹੈ, ਕਈ ਜ਼ਿਮੀਂਦਾਰਾਂ ਨੇ ਇਹ ਬੇਨਤੀ ਕੀਤੀ ਸੀ ਕਿ ਸਾਨੂੰ ਇਸ ਜ਼ਮੀਨ ਵਿੱਚੋਂ ਮਿੱਟੀ ਪੁੱਟਣ ਦੀ, ਰੇਤ ਚੁੱਕਣ ਦੀ ਇਜਾਜ਼ਤ ਦਿੱਤੀ ਜਾਵੇ। ਜਦੋਂ ਇਹ ਗੱਲ ਮਾਣਯੋਗ ਮੁੱਖ ਮੰਤਰੀ ਜੀ ਦੀ ਰਹਿਨੁਮਾਈ ਹੇਠ ਆਈ ਤਾਂ ਉਸ ਤੇ ਫੈਸਲਾ ਕੀਤਾ ਗਿਆ ਕਿ ਜਿਸ ਦੀ ਖੇਤ ਹੈ, ਉਸ ਦੀ ਰੇਤ ਹੋਵੇਗੀ। (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀਮਤੀ ਅਰੁਨਾ ਚੌਧਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ** : ਅਰੁਨਾ ਜੀ, ਇਨ੍ਹਾਂ ਨੂੰ ਆਪਣੀ ਗੱਲ ਕਰ ਲੈਣ ਦਿਓ। ਆਪਾਂ ਫਿਰ ਅੱਗੇ ਗੱਲ ਕਰ ਲੈਂਦੇ ਹਾਂ। ਡਿਸਕਸ਼ਨ ਚੱਲ ਰਹੀ ਹੈ, ਤੁਹਾਨੂੰ ਅਗਲੀ ਵਾਰ ਬੁਲਾ ਦਿਆਂਗੇ। ਤੁਹਾਡਾ ਨਾਮ ਲਿਸਟ ਵਿੱਚ ਹੈ, you will speak.

**ਸ੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ)**: ਜਦੋਂ ਤੁਹਾਨੂੰ ਸਮਾਂ ਮਿਲੇਗਾ ਤਾਂ ਤੁਸੀਂ ਬੋਲ ਲੈਣਾ ਜੀ।

**ਮਾਣਯੋਗ ਸਪੀਕਰ**: ਤੁਸੀਂ ਇੱਧਰ ਗੱਲ ਕਰੋ ਜੀ।

**ਸ੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ)**: ਉਸ ਤੋਂ ਬਾਅਦ ਜਦੋਂ ਪਾਣੀ ਉਤਰਿਆ ਤਾਂ ਕਈ ਸਕੂਲਾਂ ਅਤੇ ਹਸਪਤਾਲਾਂ ਦਾ ਫਰਨੀਚਰ ਖਰਾਬ ਹੋ ਚੁੱਕਿਆ ਸੀ। ਉਥੇ ਕਈ ਘਰਾਂ ਦੇ ਵਿੱਚ ਤਰੇੜਾਂ ਪੈ ਚੁੱਕੀਆਂ ਸਨ ਅਤੇ ਕਈ ਘਰਾਂ ਦੇ ਵਿੱਚ ਜਾਨੀ ਮਾਲੀ ਨੁਕਸਾਨ ਵੀ ਹੋਇਆ, ਉਨ੍ਹਾਂ ਦੇ ਪਸ਼ੂ ਮਰ ਚੁੱਕੇ ਸਨ, ਕਈਆਂ ਦਾ ਕਿੱਤਾ ਹੀ ਪਸ਼ੂਆਂ ਦੇ ਸਿਰ ’ਤੇ ਸੀ। ਸੋ, ਅੱਜ ਉਨ੍ਹਾਂ ਦੇ ਹੱਕ ਲਈ ਗੱਲ ਕਰਨ ਲਈ ਬੋਲ ਰਹੇ ਹਾਂ, ਉਨ੍ਹਾਂ ਦੇ ਹੱਕ ਲਈ ਕੇਂਦਰ ਤੋਂ ਰਾਹਤ ਫੰਡ ਮੰਗਣ ਦੀ ਗੱਲ ਕਰ ਰਹੇ ਸੀ ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਫਿਰ ਸਾਡੇ ਵਿਰੋਧੀਆਂ ਦੀ ਕਿਤੇ ਨਾ ਕਿਤੇ ਉਨ੍ਹਾਂ ਨਾਲ ਸਾਂਝ ਨਜ਼ਰ ਆ ਰਹੀ ਹੈ। ਸੋ, ਇਹ ਪੰਜਾਬ ਹੈ, ਪੰਜਾਬ ਨੇ ਹਮੇਸ਼ਾ ਸਾਰੇ ਦੇਸ਼ ਦਾ ਢਿੱਡ ਭਰਿਆ ਹੈ। ਇਸ ਪੰਜਾਬ ਨੇ

ਕੁਰਬਾਨੀਆਂ ਦਿੱਤੀਆਂ ਹਨ, ਸ਼ਾਂਤੀ ਨੂੰ ਬਹਾਲ ਰੱਖਿਆ ਹੈ ਪਰ ਅੱਜ ਪੰਜਾਬ ਦੇ ਨਾਲ ਖੜ੍ਹਨ ਦੀ ਗੱਲ ਸੀ। ਅੱਜ ਪੰਜਾਬ ਦੇ ਹੱਕਾਂ ਦੀ ਗੱਲ ਸੀ, ਅੱਜ ਪੰਜਾਬ ਦੇ ਲੋਕ ਜਿਹੜੇ ਦੁੱਖ-ਤਕਲੀਫਾਂ ਵਿੱਚ ਰਹਿ ਰਹੇ ਸਨ, ਉਨ੍ਹਾਂ ਦੇ ਨਾਲ ਖੜ੍ਹ ਕੇ ਆਸਰਾ ਦੇਣ ਦੀ ਗੱਲ ਸੀ ਪਰ ਅਫਸੋਸ ਆਸਰਾ ਨਜ਼ਰ ਨਹੀਂ ਆਇਆ। ਸੋ, ਅਸੀਂ ਪਹਿਲਾਂ ਵੀ ਕਿਹਾ ਸੀ ਕਿ ਅਸੀਂ ਰਾਜਨੀਤੀ ਕਰਨ ਨਹੀਂ ਆਏ, ਰਾਜਨੀਤੀ ਨੂੰ ਬਦਲਣ ਆਏ ਹਾਂ। ਮੈਂ ਆਪਣੇ ਮੰਤਰੀ ਸਾਹਿਬਾਨਾਂ ਦਾ ਧੰਨਵਾਦ ਕਰਦਾ ਹਾਂ, ਸਾਡੇ ਐਮ.ਐਲ.ਏ. ਸਾਹਿਬਾਨਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਰਾਤ-ਦਿਨ ਨਹੀਂ ਦੇਖਿਆ, ਆਪਣਾ ਘਰ ਨਹੀਂ ਵੇਖਿਆ, ਹੜ੍ਹਾਂ ਵਿੱਚ ਰਾਤ-ਦਿਨ ਮਿਹਨਤ ਕੀਤੀ ਅਤੇ ਉਨ੍ਹਾਂ ਲੋਕਾਂ ਦਾ ਸਾਥ ਦਿੱਤਾ।

**Mr. Speaker:** Thank You.

**ਸ਼੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ):** ਅਸੀਂ ਲੋਕਾਂ ਦਾ ਸਾਥ ਦਿੱਤਾ, ਪਹਿਲਾਂ ਕੀ ਚਲਦਾ ਸੀ, ਪਹਿਲਾਂ ਚਲਦਾ ਸੀ ਕਿ ਕਾਂਗਰਸੀਆਂ ਨੇ ਹੜ੍ਹ ਪ੍ਰਭਾਵਿਤਾਂ ਦਾ ਹੈਲੀਕਾਪਟਰ ਤੋਂ ਜਾਇਜ਼ਾ ਲਿਆ। ਇਸ ਤਰ੍ਹਾਂ ਹੀ ਅਕਾਲੀਆਂ ਦਾ ਚਲਦਾ ਸੀ ਕਿ ਇਨ੍ਹਾਂ ਨੇ ਵੀ ਹੜ੍ਹ ਪ੍ਰਭਾਵਿਤਾਂ ਦਾ ਹੈਲੀਕਾਪਟਰ ਤੋਂ ਜਾਇਜ਼ਾ ਲਿਆ। ਇੱਕ ਗੱਲ ਮੈਂ ਕਹਿ ਦੇਵਾਂ ਕਿ ਇਨ੍ਹਾਂ ਆਮ ਘਰਾਂ ਦੇ ਮੰਤਰੀਆਂ ਨੇ, ਐਮ.ਐਲ.ਏਜ਼. ਨੇ, ਇਹ ਜਿਹੜੇ ਲੋਕ ਅਸਮਾਨ ਉੱਤੇ ਤੁਰੇ ਫਿਰਦੇ ਸੀ, ਅੱਜ ਉਹ ਬੰਬੂਕਾਟ ਵਿੱਚ ਬਿਠਾ ਦਿੱਤੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਧੰਨਵਾਦ ਜੀ।

**ਮਾਣਯੋਗ ਸਪੀਕਰ:** ਠੀਕ ਹੈ ਜੀ, ਧੰਨਵਾਦ।

---

### WELCOME ANNOUNCEMENT BY HON'BLE SPEAKER

**ਮਾਣਯੋਗ ਸਪੀਕਰ:** ਸਾਡੇ ਲੋਕਤੰਤਰ ਦੀ ਸਭ ਤੋਂ ਮੁੱਢਲੀ ਇਕਾਈ ਪੰਚਾਇਤ, ਉਨ੍ਹਾਂ ਦੇ ਸਰਪੰਚ ਸਾਹਿਬਾਨ ਅੱਜ ਇੱਥੇ ਹਲਕਾ ਕੋਟਕਪੂਰਾ ਤੋਂ ਪਹੁੰਚੇ ਹੋਏ ਹਨ। ਆਓ, ਆਪਾਂ ਸਾਰੇ ਉਨ੍ਹਾਂ ਨੂੰ 'ਜੀ ਆਇਆਂ' ਕਹੀਏ। (ਥੰਪਿੰਗ) ਬਹੁਤ ਧੰਨਵਾਦ। ਕੁਝ ਸਕੂਲਾਂ ਦੇ ਬੱਚੇ ਵੀ ਇੱਥੇ ਆਏ ਸਨ, ਉਨ੍ਹਾਂ ਨੂੰ ਵੀ ਮੈਂ 'ਜੀ ਆਇਆਂ' ਕਹਿੰਦਾ ਹਾਂ।

---

## OFFICIAL RESOLUTION REGARDING CONDEMNING UNION GOVERNMENT ON THE INSUFFICIENT, BELATED AND UNDISBURSED FLOOD RELIEF PACKAGE OF RS. 1600 CRORES AND ITS IMMEDIATE AND FULL TRANSFER IN WAKE OF PUNJAB'S WORST DELUGE SINCE 1988 AND URGING THE UNION GOVERNMENT TO SANCTION A SUBSTANTIALLY ENHANCED PACKAGE OF NOT LESS THAN RS. 20,000 CRORES FOR THE REHABILITATION OF THE STATE OF PUNJAB *(Resumption)*

**ਮਾਣਯੋਗ ਸਪੀਕਰ:** ਸ਼੍ਰੀਮਤੀ ਇੰਦਰਜੀਤ ਕੌਰ ਮਾਨ, you have five minutes. ਤੁਸੀਂ ਪੰਜ ਮਿੰਟ ਵਿੱਚ ਗੱਲ ਕਰਨੀ ਹੈ ਜੀ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ)** : ਧੰਨਵਾਦ ਸਪੀਕਰ ਸਾਹਿਬ, ਅੱਜ ਪੰਜਾਬ ਦੀ ਤ੍ਰਾਸਦੀ, ਕੁਦਰਤੀ ਕਰੋਪੀ, ਪੰਜਾਬ ਦੀ ਤਬਾਹੀ ਵਰਗੇ ਸੈਂਸੇਟਿਵ ਮੁੱਦੇ ਤੇ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਇਸ ਤਬਾਹੀ ਦੇ ਚਲਦਿਆਂ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚ ਕਿਤੇ ਥੋੜ੍ਹਾ ਕਿਤੇ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਇਸ ਕਰੋਪੀ ਨਾਲ 2565 ਪਿੰਡ ਪ੍ਰਭਾਵਿਤ ਹੋਏ, ਲੱਖਾਂ ਦੀ ਗਿਣਤੀ ਵਿੱਚ ਲੋਕ ਪ੍ਰਭਾਵਿਤ ਹੋਏ, 23,000 ਲੋਕਾਂ ਨੂੰ 219 ਕੈਂਪ ਬਣਾ ਕੇ ਉਨ੍ਹਾਂ ਵਿੱਚ ਰੈਸਕਿਊ ਕੀਤਾ ਗਿਆ। ਪੰਜਾਬ ਦੀ 5 ਲੱਖ ਏਕੜ ਫਸਲ ਤਬਾਹ ਹੋ ਗਈ, ਪੰਜਾਬ ਦਾ ਢਾਈ ਲੱਖ ਪਸ਼ੂ ਧਨ ਤਬਾਹ ਹੋ ਗਿਆ ਅਤੇ 8500 ਕਿਲੋਮੀਟਰ ਸੜਕਾਂ ਬਰਬਾਦ ਹੋ ਗਈਆਂ, 2500 ਤੋਂ ਵੱਧ ਸਾਡੇ ਪੁਲ ਅਤੇ ਪੁਲੀਆਂ ਜ਼ਮੀਨਦੋਜ਼ ਹੋ ਗਈਆਂ ਹਨ, 1280 ਦੇ ਕਰੀਬ ਮੁੱਢਲੇ ਸਿਹਤ ਕੇਂਦਰ ਤਬਾਹ ਹੋ ਗਏ ਔਰ 62 ਦੇ ਕਰੀਬ ਹਸਪਤਾਲ ਡੈਮੇਜ ਹੋਏ, 19 ਦੇ ਕਰੀਬ ਹਾਇਰ ਸੈਕੰਡਰੀ ਕਾਲਜ ਪ੍ਰਭਾਵਿਤ ਹੋ ਗਏ। ਸਪੀਕਰ ਸਾਹਿਬ, ਉਸ ਦੇ ਚਲਦੇ ਚਲਦੇ ਮੇਰੇ ਹਲਕੇ ਵਿੱਚ ਚਿੱਟੀ ਵੇਈਂ ਅਤੇ ਨਾਲ ਦੀ ਨਾਲ ਕਾਲਾ ਸੰਘਿਆ ਡਰੇਨ ਨੇ ਵੱਡੇ ਪੱਧਰ ’ਤੇ ਸਾਡੇ ਪਿੰਡਾਂ ਦਾ ਨੁਕਸਾਨ ਕੀਤਾ। ਇਸ ਡਰੇਨ ਦੇ ਪ੍ਰਭਾਵ ਥੱਲੇ ਮੇਰੇ ਹਲਕੇ ਦੇ ਤਕਰੀਬਨ 45 ਦੇ ਕਰੀਬ ਪਿੰਡ ਆਏ ਹਨ, 2000 ਏਕੜ ਫਸਲ ਪ੍ਰਭਾਵਿਤ ਹੋਈ। ਸਪੀਕਰ ਸਾਹਿਬ, ਬਾਰਸ਼ ਦੀ ਵਜ੍ਹਾ ਨਾਲ ਅਤੇ ਘਰਾਂ ਵਿੱਚ ਪਾਣੀ ਵੜਨ ਦੇ ਨਾਲ ਵੀ ਕੋਈ ਮਕਾਨ totally ਅਤੇ ਕੋਈ ਘੱਟ ਡੈਮੇਜ ਹੋਏ ਹਨ, ਇਸ ਤਰ੍ਹਾਂ ਤਕਰੀਬਨ 1800 ਦੇ ਕਰੀਬ ਮਕਾਨ ਤਬਾਹ ਹੋ ਗਏ। ਪਸ਼ੂ ਹਰੇ ਚਾਰੇ ਤੋਂ ਮਹਿਰੂਮ ਹੋ ਗਏ। ਜਿਨ੍ਹਾਂ ਮਜ਼ਦੂਰ ਵਰਗ ਦੇ ਗਰੀਬ ਲੋਕਾਂ ਦੇ ਘਰ ਢੱਠੇ ਸੀ, ਉਸ ਵਾਸਤੇ ਮੈਂ, ਮਾਣਯੋਗ ਸੀ.ਐਮ. ਸਾਹਿਬ ਦਾ ਧੰਨਵਾਦ ਕਰਦੀ ਹਾਂ ਕਿ ਜਿਨ੍ਹਾਂ ਨੇ 100% ਨੁਕਸਾਨੇ, ਢਹਿ ਚੁੱਕੇ ਘਰਾਂ ਲਈ 1,20,000 ਹਜ਼ਾਰ ਰੁਪਏ ਮੁਆਵਜ਼ਾ ਦੇਣ ਅਤੇ ਅੰਸ਼ਕ ਨੁਕਸਾਨੇ ਘਰਾਂ ਲਈ ਜਿਹੜੀ ਪਹਿਲਾਂ ਮਹਿਜ਼ 6500 ਰੁਪਏ ਦੀ ਰਾਸ਼ੀ ਮਿਲਦੀ ਸੀ, ਉਸ ਨੂੰ 40,000 ਰੁਪਏ ਕਰਕੇ ਸਾਡੇ ਗਰੀਬ ਲੋਕਾਂ ਦੀ ਬਾਂਹ ਫੜੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਭ ਤੋਂ ਵੱਡਾ ਕਾਰਨ, ਜਿਹੜੀ ਬਾਰਿਸ਼ ਦੀ ਭਵਿੱਖਬਾਣੀ ਗਲਤ ਸਾਬਿਤ ਹੋਈ ਹੈ, ਉਸ ਨੇ ਪੰਜਾਬ ਨੂੰ ਵੱਡੇ ਸੰਕਟ ਵੱਲ ਧੱਕਿਆ। ਮੈਂ ਇਹ ਨਹੀਂ ਕਹਿੰਦੀ ਕਿ ਜੇ ਭਵਿੱਖਬਾਣੀ ਸਹੀ ਹੁੰਦੀ ਤਾਂ ਪੂਰਾ ਬਚਾਅ ਰਹਿੰਦਾ ਪ੍ਰੰਤੂ ਜੇ ਭਵਿੱਖਬਾਣੀਆਂ ਵਿੱਚ ਕੋਈ 25-30% ਹੇਰ-ਫੇਰ ਹੋ ਜਾਵੇ ਤਾਂ ਉਸ ਨਾਲ ਨਜਿੱਠਿਆ ਜਾ ਸਕਦਾ ਹੈ ਪਰ ਕੇਂਦਰ ਸਰਕਾਰ ਦੀ IMD (India Meteorological Department) ਏਜੰਸੀ ਦੀ ਭਵਿੱਖਬਾਣੀ ਨਾਲੋਂ ਬਾਰਿਸ਼ ਵਿੱਚ 1200% ਵਾਧੇ ਦੇ ਸੰਕਟ ਨੇ ਪੰਜਾਬ ਨੂੰ ਘੇਰਿਆ ਹੈ। ਮੈਂ ਪੁੱਛਦੀ ਹਾਂ ਕਿ ਇਸ ਹਾਲਾਤ ਵਿੱਚ ਕਿਹੜਾ ਮਾਈ ਦਾ ਲਾਲ ਬਚਾਅ ਕਰ ਸਕਦਾ ਸੀ, ਮੌਸਮ ਵਿਭਾਗ ਵੱਲੋਂ ਕੀਤੀ ਗਈ ਭਵਿੱਖਬਾਣੀ ਨਾਲੋਂ 1200% ਵੱਧ ਮੀਂਹ ਸਾਡੇ ਪੰਜਾਬ ਵਿੱਚ ਪਿਆ ਹੈ। ਇਸ ਤੋਂ ਇਲਾਵਾ ਪਾਕਿਸਤਾਨ ਤੋਂ ਜਿਹੜੀਆਂ ਦੋ ਨਦੀਆਂ ਤੇ ਨਾਲੇ ਆਉਂਦੇ ਹਨ, 14 ਦੇ ਕਰੀਬ ਜੰਮੂ ਕਸ਼ਮੀਰ ਤੋਂ ਨਦੀਆਂ-ਨਾਲੇ ਆਉਂਦੇ ਹਨ, 5 ਦੇ ਕਰੀਬ ਪੰਜਾਬ ਦੇ ਨਦੀਆਂ-ਨਾਲੇ ਹਨ, ਉਝ ਨਦੀ ਵੀ ਹੈ। ਜਿਹੜਾ 8-9 ਲੱਖ, 79 ਹਜ਼ਾਰ ਕਿਊਸਿਕ ਪਾਣੀ ਬਾਹਰੋਂ ਆ ਗਿਆ, ਉਸ ਨੂੰ ਕਿਹੜਾ ਮਾਈ ਦਾ ਲਾਲ ਰੋਕ ਸਕਦਾ ਸੀ? ਬਿਲਕੁਲ ਗਲਤ ਬਿਆਨੀਆਂ ਕੀਤੀਆਂ ਜਾ ਰਹੀਆਂ ਹਨ। 26 ਤਰੀਕ ਸ਼ਾਮ ਨੂੰ 5.00 ਵਜੇ ਰਣਜੀਤ ਸਾਗਰ ਡੈਮ ਤੇ ਜਿਹੜਾ ਸਾਡੇ ਡੇਰਾ ਬਾਬਾ ਨਾਨਕ ਦਾ ਉੱਥੇ ਪੈਰਾਮੀਟਰ ਲੱਗਿਆ ਹੋਇਆ ਹੈ, ਉਹ ਪਾਣੀ ਵਿੱਚ ਡੁੱਬ ਚੁੱਕਿਆ ਸੀ, ਉਸ ਵੇਲੇ 4,80,000 ਕਿਊਸਿਕ ਪਾਣੀ ਡੇਰਾ ਬਾਬਾ ਨਾਨਕ ਤੋਂ ਵਹਿ ਰਿਹਾ ਸੀ। ਉਨ੍ਹਾਂ ਨੇ ਉਸ ਤੋਂ ਬਾਅਦ ਬੀ.ਐਸ.ਐਫ. ਦੀਆਂ ਚੌਕੀਆਂ ਖਾਲੀਆਂ ਕਰ ਦਿੱਤੀਆਂ। ਜਿਹੜੇ ਹੁਣੇ ਹੀ ਸਾਡੇ ਲੀਡਰ ਆਫ ਦਿ ਆਪੋਜ਼ੀਸ਼ਨ ਵੱਡਾ ਝੂਠ ਸਦਨ ਵਿੱਚ ਬੋਲ ਕੇ ਹਟੇ ਹਨ, ਉੱਥੋਂ ਸਿਰਫ 26 ਤਰੀਕ ਰਾਤ ਨੂੰ 7.00 ਵਜੇ ਰਣਜੀਤ ਸਾਗਰ ਡੈਮ ਤੋਂ ਮਹਿਜ਼ 2,15,000 ਕਿਊਸਿਕ ਪਾਣੀ ਛੱਡਿਆ ਗਿਆ ਸੀ ਜਦ ਕਿ ਉਸ ਤੋਂ ਪਹਿਲਾਂ ਹੀ ਡੇਰਾ ਬਾਬਾ ਨਾਨਕ ਵਿੱਚ ਹੜ੍ਹ ਆ ਚੁੱਕਿਆ ਸੀ, ਇਹ ਟੋਟਲ 11 ਲੱਖ ਕਿਊਸਿਕ ਪਾਣੀ ਸਾਡੀਆਂ ਬਾਹਰਲੀਆਂ ਨਦੀਆਂ-ਨਾਲਿਆਂ

ਵਿੱਚੋਂ ਪੰਜਾਬ ਦੇ ਖੇਤਰਾਂ ਵਿੱਚ ਦਾਖਲ ਹੋਇਆ। ਮੈਨੂੰ ਸਮਝਾ ਦਿਓ ਕਿ ਇਸ ਨੂੰ ਰੋਕਣ ਵਾਲਾ ਕਿਹੜਾ ਜੰਮਿਆ ਸੀ, ਕੀ ਝੋਲੀ ਅੱਡ ਕੇ ਇਸ ਪਾਣੀ ਨੂੰ ਰੋਕਿਆ ਜਾ ਸਕਦਾ ਸੀ? ਬਿਲਕੁਲ ਗਲਤ ਬਿਆਨੀ ਹੈ। ਲੋਕਾਂ ਦੇ ਜਜ਼ਬਾਤਾਂ ਨਾਲ ਖੇਡਣਾ, ਗਲਤ ਬਿਆਨੀਆ ਕਰਕੇ ਲੋਕਾਂ ਨੂੰ ਗੁੰਮਰਾਹ ਕਰਨਾ ਇਨ੍ਹਾਂ ਦੀ ਫਿਤਰਤ ਹੈ। ਮੈਂ ਇਹ ਜਾਣਨਾ ਚਾਹੁੰਦੀ ਹਾਂ ਕਿ ਤੁਸੀਂ ਪਿਛਲੇ ਸਮਿਆਂ ਦੌਰਾਨ ਪੰਜਾਬ ਵਿੱਚ ਅਜਿਹੇ ਕਿਹੜੇ ਕੰਮ ਕਰ ਦਿੱਤੇ ਜਿਸ ਕਰਕੇ ਤੁਸੀਂ ਅੱਜ ਬਾਂਹਾਂ ਕੱਢ ਕੱਢ ਕੇ ਸਾਨੂੰ ਜ਼ਲੀਲ ਕਰਨ ’ਤੇ ਉੱਤਰੇ ਹੋਏ ਹੋ। ਤੁਸੀਂ ਸਾਨੂੰ ਖਿਡੌਣੇ ਸਮਝਦੇ ਹੋ, ਤੁਸੀਂ ਸਾਡੇ ਮੰਤਰੀ ਸਾਹਿਬਾਨਾਂ ਦਾ ਮਜ਼ਾਕ ਉਡਾਉਂਦੇ ਹੋ? ਕੀ ਅੱਜ ਤੱਕ ਤੁਸੀਂ ਕਿਸੇ ਹੈੱਡਵਰਕਸ ਤੇ ਕੰਮ ਕੀਤਾ ਹੈ? ਕਿਹੜੇ ਸਮਿਆਂ ਦੇ ਹੈੱਡਵਰਕਸ ਬਣੇ ਹੋਏ ਹਨ, ਕਦੇ ਕਿਸੇ ਨੇ ਕੋਈ ਪਲਾਨ ਤਿਆਰ ਕੀਤਾ ਹੈ? ਕਦੇ ਕਿਸੇ ਨੇ ਉਸ ਦੀ ਗਰੀਸਿੰਗ ਕੀਤੀ ਹੈ? ਕਦੇ ਕਿਸੇ ਨੇ ਸੈਂਟਰਲ ਗੌਰਮਿੰਟ ਨੂੰ ਪ੍ਰਾਜੈਕਟ ਬਣਾ ਕੇ ਭੇਜਿਆ ਹੈ ਕਿ ਇਹ ਜਿਹੜੇ ਹੈੱਡਵਰਕਸ ਹਨ, ਇਨ੍ਹਾਂ ਨੂੰ ਨਿਊਟਰਲ ਤੇ ਕੀਤਾ ਜਾਵੇ ਤਾਂ ਜੋ ਸਮੇਂ ਦੇ ਅਨੁਸਾਰ ਇਨ੍ਹਾਂ ਨੂੰ ਉਪਰ-ਥੱਲੇ ਕੀਤਾ ਜਾ ਸਕੇ? ਇਹ ਕੰਮ ਮਾਨ ਸਰਕਾਰ ਨੇ ਕੀਤੇ ਹਨ। ਉਨ੍ਹਾਂ ਨੇ ਐਸ.ਓ.ਪੀ. ਤਿਆਰ ਕੀਤੀ, ਸਾਫਟਵੇਅਰ ਤਿਆਰ ਕੀਤਾ ਅਤੇ ਮਿਤੀ 30.05.2025 ਨੂੰ ਜਿਹੜਾ ਸਾਡਾ ਮੇਨ ਮਾਧੋਪੁਰ ਹੈੱਡਵਰਕਸ ਟੁੱਟਿਆ, ਉੱਥੇ ਪਹਿਲਿ ਗਰੀਸਿੰਗ ਕੀਤੀ ਗਈ ਸੀ ਅਤੇ ਨਾਲ ਦੀ ਨਾਲ ਸਾਰਾ ਪ੍ਰਾਜੈਕਟ ਬਣਾ ਕੇ ਸੈਂਟਰਲ ਗੌਰਮਿੰਟ ਨੂੰ ਭੇਜਿਆ। ਕੀ ਤੁਸੀਂ ਕਦੇ ਇਨ੍ਹਾਂ ਦੀ ਡੀ-ਸਿਲਟਿੰਗ ਕੀਤੀ? ਜੇਕਰ ਡੀ-ਸਿਲਟਿੰਗ ਦੇ ਨਾਮ ਉੱਤੇ ਕੁਝ ਕੀਤਾ ਹੈ ਤਾਂ ਸਿਰਫ ਮਾਈਨਿੰਗ ਦੇ ਠੇਕੇਦਾਰਾਂ ਨੂੰ ਲਾਭ ਪਹੁੰਚਾਉਣ ਵਾਸਤੇ ਕੀਤਾ ਸੀ। ਅਸੀਂ ਡੀ-ਸਿਲਟਿੰਗ ਵੀ ਕੀਤੀ ਹੈ। ਅਸੀਂ ਵਿਰੋਧੀ ਪਾਰਟੀ ਦੀਆਂ ਗਲਤ ਬਿਆਨਬਾਜ਼ੀਆਂ ਬਰਦਾਸ਼ਤ ਨਹੀਂ ਕਰਾਂਗੇ। ਉਝ ਦਰਿਆ ਦੇ ਉੱਤੇ ਡੈਮ ਬਣਾਉਣ ਵਾਸਤੇ, ਜਿੱਥੋਂ 2,06,160 ਕਿਊਸਿਕ ਪਾਣੀ ਸਾਡੇ ਪੰਜਾਬ ਵਿੱਚ ਦਾਖ਼ਲ ਹੋਇਆ, ਕੀ ਕਦੇ ਕਿਸੇ ਨੇ ਅੱਜ ਤੋਂ ਪਹਿਲਾਂ ਇਹ ਮੁੱਦਾ ਸੈਂਟਰਲ ਗੌਰਮਿੰਟ ਕੋਲ ਉਠਾਇਆ ਹੈ ਕਿ ਉੱਥੇ ਡੈਮ ਬਣਨਾ ਚਾਹੀਦਾ ਹੈ, ਉਹ ਪਾਣੀ ਸਾਡੇ ਇੱਧਰ ਦਾਖ਼ਲ ਨਹੀਂ ਹੋਣਾ ਚਾਹੀਦਾ? ਮਾਨ ਸਰਕਾਰ ਨੇ ਇਹ ਕੰਮ ਕੀਤਾ ਹੈ। ਇਸ ਦੇ ਵਾਸਤੇ ਚਾਰਾ-ਜੋਈਆਂ ਕੀਤੀਆਂ, ਚਿੱਠੀਆਂ ਲਿਖੀਆਂ, ਪ੍ਰਾਜੈਕਟ ਸਬੰਧੀ ਸੈਂਕੜੇ ਵਾਰ ਉੱਥੇ ਜਾ ਕੇ ਗੱਲਬਾਤ ਕੀਤੀ ਤਾਂ ਕਿ ਇਸ ਕੁਦਰਤੀ ਕਰੋਪੀ ਨੂੰ ਰੋਕਿਆ ਜਾ ਸਕੇ। ਕੀ ਡਰੇਨੇਜ ਐਕਟ, ਜੋ 170 ਸਾਲ ਪੁਰਾਣਾ ਹੈ, ਉਸ ਦੇ ਤਹਿਤ ਪੰਜਾਬ ਦੀ ਕਿਸੇ ਵੀ ਪੁਰਾਣੀ ਸਰਕਾਰ ਨੇ ਅੱਜ ਤੱਕ ਕਦੇ ਕੋਈ ਨੋਟੀਫਿਕੇਸ਼ਨ ਜਾਰੀ ਕੀਤੀ ਹੈ? ਕੀ ਪੰਜਾਬ ਦੇ ਕੁਦਰਤੀ ਵਹਾਵਾਂ ਦੀ ਰਾਖੀ ਕੀਤੀ ਹੈ, ਪੰਜਾਬ ਦੇ ਕੁਦਰਤੀ ਵਹਾਵਾਂ ਸਬੰਧੀ ਕੋਈ ਤਰੀਕਾ-ਸਲੀਕਾ ਅਪਣਾਇਆ? ਪਹਿਲੀ ਵਾਰੀ ਪੰਜਾਬ ਸਰਕਾਰ ਨੇ ਪੰਜਾਬ ਦੇ ਕੁਦਰਤੀ ਸਰੋਤਾਂ ਤੋਂ ਵਗਦਾ ਪਾਣੀ ਤੇ ਉਸ ਦੇ ਵਹਿਣ ਵਾਸਤੇ 849 ਡਰੇਨਾਂ ਨੋਟੀਫਾਈ ਕੀਤੀਆਂ ਹਨ, ਜਿਸ ਨੂੰ ਆਉਣ ਵਾਲੇ ਸਮੇਂ ਦੌਰਾਨ ਵਹਿੰਦੇ ਪਾਣੀ ਵਿੱਚ ਤਬਦੀਲ ਕੀਤਾ ਜਾਵੇਗਾ। ਸਪੀਕਰ ਸਾਹਿਬ, ਬਾਰਸ਼ਾਂ ਦੇ ਆਉਣ ਤੋਂ ਪਹਿਲਾਂ, ਡੈਮਾਂ ਦੇ ਟੁੱਟਣ ਤੋਂ ਪਹਿਲਾਂ ਕਰੋੜਾਂ ਅਰਬਾਂ ਰੁਪਏ ਪੰਜਾਬ ਸਰਕਾਰ ਨੇ ਸਾਡੇ ਸਤਲੁਜ ਦਰਿਆ ਦੇ ਉੱਤੇ ਖਰਚਿਆ ਹੈ, ਜਿਸ ਦੀ ਮੈਂ ਖੁਦ ਗਵਾਹ ਹਾਂ। ਮੇਰੇ ਹਲਕੇ ਵਿੱਚ 8 ਕਰੋੜ ਰੁਪਏ ਖਰਚੇ ਗਏ ਹਨ। ਬੰਨ੍ਹ ਦੇ ਉੱਤੇ ਮਿੱਟੀਆਂ ਪਾਈਆਂ ਗਈਆਂ ਹਨ, ਅੰਦਰਲੇ ਪਾਸੇ ਸਾਰਾ ਪੱਥਰ ਲਗਾਇਆ ਗਿਆ ਹੈ। ਇਸੇ ਹੀ ਤਰੀਕੇ ਨਾਲ ਜਿਹੜਾ ਸਾਡਾ ਡਰੇਨੇਜ ਡਿਪਾਰਟਮੈਂਟ ਹੈ, ਉਨ੍ਹਾਂ ਨੇ ਦਰਿਆਵਾਂ ਦੀਆਂ wetland ਤੇ ਘਾਹ ਤੱਕ ਲਗਾਏ ਹਨ, ਉੱਥੇ ਬਾਂਸ ਦੇ ਪੌਦੇ ਲਗਾਏ ਗਏ ਹਨ। ਇਸ ਵਾਰ ਉਹ ਇੱਕ ਵੱਖਰਾ ਪ੍ਰਾਜੈਕਟ ਲੈ ਕੇ ਆਏ ਸੀ ਕਿ ਜਿਹੜੇ ਵੱਡੇ ਬੈਗ ਹਨ, ਜਿਨ੍ਹਾਂ ਨਾਲ ਅਸੀਂ ਬੰਨ੍ਹ ਲਗਾ ਕੇ ਦਰਿਆਵਾਂ ਨੂੰ ਰੋਕਣ ਵਿੱਚ ਛੇਤੀ ਕਾਮਯਾਬ ਹੋ ਜਾਂਦੇ ਹਨ, ਉਹ ਲਗਾਏ ਗਏ। ਮਾਣਯੋਗ ਸਪੀਕਰ ਸਾਹਿਬ, ਜਿੰਨਾ ਤੁਸੀਂ ਮੈਨੂੰ ਅੱਜ ਸਮਾਂ ਦਿੱਤਾ ਹੈ, ਉਸ ਲਈ ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਨਾ ਚਾਹੁੰਦੀ ਹਾਂ। ਜਿਹੜੇ ਇਹ ਇਲਜ਼ਾਮ ਲਗਾਉਂਦੇ ਹਨ, ਉਂਗਲਾਂ ਚੁੱਕ ਚੁੱਕ ਕੇ ਸਾਡੇ ਕੋਲ ਭੱਜੇ ਆਉਂਦੇ ਹਨ ਔਰ ਖਾਸ ਕਰਕੇ ਐਲ.ਓ.ਪੀ. ਸਾਹਿਬ ਦੀਆਂ ਜਿਹੋ ਜਿਹੀਆਂ ਟਿੱਪਣੀਆਂ ਹਨ, ਇਹ

ਟਿੱਪਣੀਆਂ ਇਸ ਪਵਿੱਤਰ ਸਦਨ ਦੀ ਵੀ ਬੇਹੁਰਮਤੀ ਹੈ। ਬਹੁਤ ਸਾਰੀਆਂ ਗੱਲਾਂ ਸਾਡੇ ਬਰਦਾਸ਼ਤ ਤੋਂ ਬਾਹਰ ਹੋ ਗਈਆਂ ਹਨ। ਇਲਜ਼ਾਮ ਤਰਾਸ਼ੀਆਂ ਤੋਂ ਉੱਠ ਕੇ ਪੰਜਾਬ ਦੀ ਸੰਸਕ੍ਰਿਤੀ ਇੱਕ ਦੂਜੇ ਦੀ ਬਾਂਹ ਫੜ੍ਹ ਕੇ ਚੱਲਣ ਦੀ ਹੈ। ਜੇਕਰ ਇੱਥੇ ਕੋਈ ਕਾਰ ਸੇਵਾ ਲਈ ਅੱਗੇ ਆਉਂਦਾ ਹੈ ਜਾਂ ਸਾਡੀ ਮਦਦ ਕਰਦਾ ਹੈ, ਅਸੀਂ ਉਸ ਦਾ ਝੋਲੀ ਅੱਡ ਕੇ ਸਵਾਗਤ ਕਰਦੇ ਹਾਂ। ਸਾਡੇ ਪੰਜਾਬ ਦੇ ਨੌਜਵਾਨਾਂ ਨੇ ਆਪਣੇ ਟਰੈਕਟਰ-ਟਰਾਲੀਆਂ ਨੂੰ ਆਪਣੇ ਜੰਗੀ ਬੇੜਿਆਂ ਵਿੱਚ ਬਦਲ ਕੇ ਇਸ ਤ੍ਰਾਸਦੀ ਵਿੱਚ ਸਾਡਾ ਸਾਥ ਦਿੱਤਾ। ਮੈਂ ਉਨ੍ਹਾਂ ਨੂੰ ਨਮਨ ਕਰਦੀ ਹਾਂ।

**Mr. Speaker**: Thank you.

**ਸ੍ਰੀਮਤੀ ਇੰਦਰਜੀਤ ਕੌਰ ਮਾਨ:** ਮੈਂ ਉਨ੍ਹਾਂ ਪੰਜਾਬ ਦੇ ਨੌਜਵਾਨਾਂ ਦਾ ਧੰਨਵਾਦ ਕਰਦੀ ਹਾਂ, ਸਾਡੇ ਵਰਕਰਾਂ ਅਤੇ ਜਿੰਨਾ ਸਾਡਾ ਅਮਲਾ-ਫੈਲਾ ਲੱਗਿਆ ਹੋਇਆ ਸੀ, ਜਿੰਨੇ ਮੰਤਰੀ ਅਤੇ ਐਮ.ਐਲ.ਏਜ਼. ਸਭ ਨੇ ਗਰਾਉਂਡ ਜ਼ੀਰੋ ਉਤੇ ਕੰਮ ਕੀਤਾ ਅਤੇ ਇਨ੍ਹਾਂ ਨੂੰ ਵੀ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਉਤਰਨ ਲਈ ਮਜਬੂਰ ਕੀਤਾ। ਇਹ ਜਿਹੜੀਆਂ ਇੱਥੇ ਗੱਲਾਂਬਾਤਾਂ ਚਲਦੀਆਂ ਹਨ, ਇਹ ਸਾਡੇ ਤੋਂ ਬਰਦਾਸ਼ਤ ਨਹੀਂ ਹੋਣੀਆਂ।

**Mr. Speaker**: Thank you, ਬੀਬਾ ਜੀ। ਸਰਦਾਰ ਹਰਜੋਤ ਸਿੰਘ ਬੈਂਸ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਸਪੀਕਰ ਸਾਹਿਬ, ਧੰਨਵਾਦ। ਸਪੀਕਰ ਸਾਹਿਬ, ਇਹ ਬਹੁਤ ਪਵਿੱਤਰ ਸਦਨ ਹੈ ਅਤੇ ਇਸ ਪਵਿੱਤਰ ਸਦਨ ਵਿੱਚ ਪਹੁੰਚਣ ਲਈ ਰਾਜਨੀਤੀ ਵਿੱਚ ਜਿੰਨੇ ਵੀ ਲੋਕ ਜੁੜਦੇ ਹਨ, ਉਨ੍ਹਾਂ ਦਾ ਸੁਪਨਾ ਹੁੰਦਾ ਹੈ ਕਿ ਅਸੀਂ ਐਮ.ਐਲ.ਏ. ਬਣੀਏ ਅਤੇ ਇਸ ਪਾਵਨ ਪਵਿੱਤਰ ਸਦਨ ਵਿੱਚ ਆਈਏ। ਇੱਕ ਪਾਲੀਟੀਸ਼ੀਅਨ ਬਹੁਤ ਮਿਹਨਤ ਕਰਦਾ ਹੈ ਅਤੇ ਲੱਖਾਂ ਲੋਕਾਂ ਦੇ ਮਤਦਾਨ ਨਾਲ ਅਸੀਂ ਇੱਥੇ ਪਹੁੰਚਦੇ ਹਾਂ। ਵੈਸੇ ਤਾਂ ਕੋਈ ਵੀ ਬਹਿਸ ਹੋਵੇ, ਡਿਬੇਟ ਹੋਵੇ, ਸਾਡੀ ਜ਼ਿੰਮੇਵਾਰੀ ਹੈ। We are accountable to the people of our constituency, we are accountable to the people of Punjab ਕਿ ਅਸੀਂ ਇੱਥੇ ਕੀ ਗੱਲ ਕਰ ਰਹੇ ਹਾਂ, ਕੀ ਭਾਸ਼ਾ ਯੂਜ਼ ਕਰ ਰਹੇ ਹਾਂ। ਠੀਕ ਹੈ, ਅਸੀਂ ਸਰਕਾਰ ਵਿੱਚ ਮੰਤਰੀ ਹਾਂ। ਕਿਤੇ ਗਲਤੀਆਂ ਹੋਣਗੀਆਂ, ਉਸ ਦੀ ਅਕਾਊਂਟੇਬਿਲਟੀ ਹੋਵੇਗੀ ਪਰ ਅੱਜ ਪੰਜਾਬ ਜਿਨ੍ਹਾਂ ਹਾਲਾਤਾਂ ਵਿੱਚ ਖੜ੍ਹਾ ਹੈ, ਕੀ ਅਸੀਂ ਆਪਣੀ ਪੁਲੀਟੀਕਲ ਜਮਾਤ ਦਾ ਜਲੂਸ ਨਹੀਂ ਕਢਵਾ ਰਹੇ? ਇਸ ਦਾ ਮਤਲਬ ਕੀ ਹੈ? ਮਾਨ ਸਾਹਿਬ ਨੇ ਖੁਦ ਇਹ ਸੈਸ਼ਨ ਬੁਲਾਇਆ ਹੈ। ਇਹ ਆਪੋਜ਼ੀਸ਼ਨ ਦੀ ਮੰਗ ਤੇ ਨਹੀਂ ਆਇਆ। ਠੀਕ ਹੈ, ਇਨ੍ਹਾਂ ਨੂੰ ਕਿਤੇ ਕਮੀ ਲੱਗਦੀ ਹੈ ਪਰ ਇਸ ਦੀ ਮਰਿਆਦਾ ਹੈ। ਲੋਕ ਮਰ ਗਏ, ਲੋਕਾਂ ਦੇ ਜੀਅ, ਪਸ਼ੂ ਮਰ ਗਏ, ਘਰ-ਜ਼ਮੀਨਾਂ ਸਭ ਕੁਝ ਖਰਾਬ ਹੋ ਗਏ ਪ੍ਰੰਤੂ ਫਿਰ ਵੀ ਅਸੀਂ ਕਿਵੇਂ ਦੀ ਪਾਰਲੀਮੈਂਟਰੀਅਨ ਲੈਂਗੂਏਜ ਯੂਜ਼ ਕਰ ਰਹੇ ਹਾਂ? ਕੀ ਲੋਕ ਨਹੀਂ ਸੋਚਣਗੇ ਕਿ ਇਹ ਸੈਸ਼ਨ ਕਿਉਂ ਬੁਲਾਇਆ ਹੈ? ਲੱਖਾਂ-ਕਰੋੜਾਂ ਰੁਪਿਆ ਸੈਸ਼ਨ ’ਤੇ ਲੱਗ ਰਿਹਾ ਹੈ। ਅਸੀਂ ਸਾਰੇ ਨਵੇਂ ਕੁੜਤੇ-ਪਜਾਮੇ, ਪੈਂਟਾਂ ਪਾ ਕੇ ਆ ਗਏ ਪਰ ਲੋਕਾਂ ਦੇ ਘਰ ਉਜੜੇ ਹੋਏ ਹਨ। ਫੇਰ ਇਹ ਪੈਸਾ ਵੀ ਉਥੇ ਹੀ ਲਗਾ ਦਿੰਦੇ। ਮੇਰੇ ਹਲਕੇ ਵਿੱਚ ਹਾਲੇ ਵੀ ਬਹੁਤ ਕੰਮ ਹੈ, ਮੈਂ ਵੀ ਛੱਡ ਕੇ ਆਇਆ ਹਾਂ, ਅਸੀਂ ਸਾਰੇ ਕੰਮ ਛੱਡ ਕੇ ਆਏ ਹਾਂ। ਅਸੀਂ ਆਪਣੇ ਇਲਾਕੇ ਦਾ ਦੁੱਖ, ਆਪਣੇ ਮੁੱਖ ਮੰਤਰੀ ਸਾਹਿਬ ਨੂੰ, ਕੇਂਦਰ ਸਰਕਾਰ ਨੂੰ, ਪੂਰੇ ਦੇਸ਼ ਨੂੰ ਦੱਸਣ ਆਏ ਹਾਂ ਤਾਂ ਕਿ ਪੂਰੀ ਦੁਨੀਆ ਨੂੰ ਪਤਾ ਲੱਗੇ ਕਿ ਜਿਹੜਾ ਪੰਜਾਬ ਇਸ ਦੇਸ਼ ਦੀ ਅਜ਼ਾਦੀ ਲਈ, ਇਸ ਦੇਸ਼ ਦੀ ਰੱਖਿਆ ਲਈ ਸਭ ਤੋਂ ਅੱਗੇ ਹੁੰਦਾ ਰਿਹਾ ਹੈ, ਅੱਜ ਉਸ ਪੰਜਾਬ ਦੇ ਕੀ ਹਾਲਾਤ ਹਨ and what we are doing. ਸਰ, ਇਹ ਬੜਾ ਸੌਖਾ ਹੈ, ਅਸੀਂ ਤਾਂ ਕਹਿ ਦਿੱਤਾ। ਨੈਸ਼ਨਲ ਮੀਡੀਆ

ਅੱਜ ਇਸ ਨੂੰ ਚਲਾਏਗਾ। ਬਾਜਵਾ ਸਾਹਿਬ ਬਹੁਤ ਸੀਨੀਅਰ ਹਨ, ਮੈਂ ਇਨ੍ਹਾਂ ਦਾ ਸਤਿਕਾਰ ਕਰਦਾ ਹਾਂ। ਉਹ ਰਾਜ ਸਭਾ ਵਿੱਚ ਰਹੇ ਹਨ, ਲੋਕ ਸਭਾ ਵਿੱਚ ਰਹੇ ਹਨ, ਕੈਬਨਿਟ ਮਨਿਸਟਰ ਰਹੇ ਹਨ, ਕਾਂਗਰਸ ਦੇ ਪ੍ਰਧਾਨ ਰਹੇ ਹਨ। ਸਰ, ਸਾਡੇ ਮੋਢਿਆਂ ਉੱਤੇ ਅਗਲੇ ਦੋ ਦਿਨ ਬਹੁਤ ਵੱਡੀ ਜ਼ਿੰਮੇਵਾਰੀ ਹੈ। ਇਰੀਗੇਸ਼ਨ ਮਨਿਸਟਰ ਨੇ ਆਪਣੀ ਗੱਲ ਰੱਖੀ ਹੈ, ਜੇਕਰ ਕਿਤੇ ਕੋਈ ਕਮੀ ਹੈ, We will inspect and figure it out. ਅਸੀਂ ਇਹ ਸੈਸ਼ਨ ਬੁਲਾਇਆ ਹੈ।

ਸਰ, ਇਸੇ ਜ਼ਿੰਮੇਵਾਰੀ ਨਾਲ ਮੈਂ ਕੁਝ ਗੱਲਾਂ ਕਹਿਣੀਆਂ ਚਾਹੁੰਦਾ ਹਾਂ। ਇਹ ਜਿਹੜਾ ਅੱਜ ਸੈਸ਼ਨ ਬੁਲਾਇਆ ਗਿਆ ਹੈ, ਇਸ ਦਾ ਮਕਸਦ ਇਹ ਹੈ ਕਿ ਕਿੰਨੇ ਡੈਮੇਜਿਸ ਹੋਏ ਹਨ ਅਤੇ ਉਨ੍ਹਾਂ ਨੂੰ ਕਿਵੇਂ ਰੀਹੈਬਲੀਟੇਟ ਕਰਨਾ ਹੈ। ਠੀਕ ਹੈ, ਅਕਾਊਂਟੇਬਿਲਟੀ ਵੀ ਫਿਕਸ ਹੋਣੀ ਚਾਹੀਦੀ ਹੈ ਪਰ what about future? ਅਗਲੇ ਆਉਣ ਵਾਲੇ ਸਾਲਾਂ 2026, 2027, 2028, 2029, 2030, 2031 ਜਾਂ 2032 ਲਈ ਸਾਨੂੰ ਸੋਚਣਾ ਪੈਣਾ ਹੈ। ਇਹ ਡਿਸਕਸ਼ਨ ਇਸ ਵਾਸਤੇ ਰੱਖੀ ਗਈ ਸੀ। ਸਰ, ਪਰਸਨਲੀ I am very hurt, ਮੈਨੂੰ ਲੱਗਦਾ ਹੈ ਕਿ ਸਾਡੇ ਉੱਪਰ ਪੰਜਾਬ ਦੀ ਜ਼ਿੰਮੇਵਾਰੀ ਹੈ ਅਤੇ ਸ਼ਾਇਦ ਇਸੇ ਕਰਕੇ ਕਿਉਂਕਿ ਅਸੀਂ ਉਨ੍ਹਾਂ ਵਿੱਚ ਰਹੇ ਹਾਂ, ਉਨ੍ਹਾਂ ਦਾ ਦਰਦ ਸਮਝਦੇ ਹਾਂ। ਧਾਲੀਵਾਲ ਸਾਹਿਬ ਬੋਲ ਕੇ ਗਏ ਹਨ, ਅੱਜ ਦੁਨੀਆ ਇਸ ਬੰਦੇ ਨੂੰ ਸਲੂਟ ਕਰਦੀ ਹੈ। ਆਪਾਂ ਸਾਰੇ ਦੇਖਦੇ ਹਾਂ ਕਿ ਇਨ੍ਹਾਂ ਖਿਲਾਫ ਰੀਲਾਂ ਬਣਦੀਆਂ ਹਨ ਪਰ ਇਸ ਸ਼ਖਸ ਨੇ ਆਪਣੇ ਲੋਕਾਂ ਲਈ ਕਿੰਨਾ ਕੰਮ ਕੀਤਾ ਹੈ। ਉੱਧਰਲੇ ਪਾਸੇ ਰਾਣਾ ਇੰਦਰ ਪ੍ਰਤਾਪ ਜੀ ਬੈਠੇ ਹਨ, ਪਾਹੜਾ ਸਾਹਿਬ ਨੇ ਕੰਮ ਕੀਤਾ ਹੈ। ਅਸੀਂ ਉਸ ਦੀ ਤਾਰੀਫ ਕਰਦੇ ਹਾਂ ਜਿਸ ਬੰਦੇ ਨੇ ਕੰਮ ਕੀਤਾ ਹੈ। ਜੇ ਕੋਈ ਸੰਤ ਮਹਾਂਪੁਰਖ ਆ ਗਏ, ਉਨ੍ਹਾਂ ਨੇ ਕੰਮ ਕੀਤਾ ਤਾਂ ਉਸ ਬਾਰੇ ਵੀ ਤਾਰੀਫ ਕਰਨੀ ਬਣਦੀ ਹੈ। ਜੇ ਮਨਕੀਰਤ ਔਲਖ ਨੇ ਕੰਮ ਕੀਤਾ ਹੈ ਤਾਂ ਤਾਰੀਫ ਕਰਨੀ ਬਣਦੀ ਹੈ। ਦੁੱਖ ਵਿੱਚ ਪਤਾ ਲੱਗਦਾ ਹੈ ਕਿ ਕੌਣ ਨਾਲ ਖੜ੍ਹਾ ਹੈ। ਸਾਡੇ ਸੀ.ਐਮ. ਸਾਹਿਬ ਬਿਮਾਰ ਹਨ, ਕੋਈ ਵੀ ਬਿਮਾਰ ਹੋ ਸਕਦਾ ਹੈ। He was hospitalised. ਉਸ ਗੱਲ ਦਾ ਵੀ ਇਸ਼ੂ ਬਣਾਇਆ ਗਿਆ। ਇੱਥੇ ਕਿਸ ਲੈਵਲ ਦੀ ਰਾਜਨੀਤੀ ਆ ਗਈ ਹੈ? ਕੋਈ ਵੀ ਬਿਮਾਰ ਹੋ ਸਕਦਾ ਹੈ, ਕੀ ਇਹ ਕਿਸੇ ਦੇ ਹੱਥ ਹੈ? He was working, ਬਿਮਾਰ ਹੁੰਦੇ ਹੋਏ ਵੀ ਵਰਕ ਕਰ ਰਹੇ ਸਨ। ਇੰਨੀ ਸੀਰੀਅਸ ਸਿਚੂਏਸ਼ਨ ਹੈ and Chief Minister has written to the Prime Minister that Punjab has been devastated by floods.10 ਦਿਨ ਹੋ ਗਏ ਹਨ ਜੀ। Sir, the Prime Minister is not giving time and he is giving time to a nominated Governor. Prime Minister coming to Punjab and saying to one of my colleague that don't you know Hindi? Can Prime Minister dare to go in Tamil Nadu and say you don't know Hindi? These things should be discussed. ਮੈਂ ਅਜੇ ਵੀ ਰਿਕੁਐਸਟ ਕਰਾਂਗਾ ਕਿ ਦੋ ਦਿਨ ਦਾ ਸਾਡਾ ਸੈਸ਼ਨ ਹੈ, ਸਾਡੇ ਸਾਹਮਣੇ ਅਜਿਹੀਆਂ ਗੱਲਾਂ ਨਾ ਕੀਤੀਆਂ ਜਾਣ। ਅਗਰ ਆਪਾਂ ਇਹੀ ਕੁਝ ਕਰਨਾ ਹੈ, ਮੇਰੀ ਆਪ ਜੀ ਨੂੰ ਵੀ ਰਿਕੁਐਸਟ ਹੈ, Let's call it off. ਫੇਰ ਆਪਾਂ ਆਪਣਾ ਪੈਸਾ ਬਰਬਾਦ ਨਾ ਕਰੀਏ। ਆਪਾਂ ਇਹ ਪੈਸਾ ਲੋਕਾਂ 'ਤੇ ਲਗਾਈਏ।

ਸਰ, ਪੰਜਾਬ ਨੇ ਆਪਣੇ ਜਿਸਮ ਉੱਤੇ ਬੜੇ ਫੱਟ ਸਹੇ ਹਨ। ਪਿਛਲੇ ਸਮਿਆਂ ਵਿੱਚ ਜਦੋਂ ਇੱਥੇ ਧਾੜਵੀ ਆਉਂਦੇ ਸੀ, ਲੁੱਟਾਂ-ਖੋਹਾਂ ਹੋਈਆਂ। ਸਰ, ਫਿਰ ਅਜੋਕੇ ਸਮੇਂ ਵਿੱਚ ਸੰਨ 1947 ਦੀ ਵੰਡ ਹੋਈ। ਉਸ ਨੇ ਪੰਜਾਬ ਨੂੰ ਅਪਾਹਜ ਕਰ ਦਿੱਤਾ। ਉਸ ਸਮੇਂ ਦੌਰਾਨ ਪੰਜਾਬ ਦੇ ਆਪਣੇ ਲੋਕ ਮਾਰੇ ਗਏ ਪ੍ਰੰਤੂ ਪੰਜਾਬ ਫਿਰ ਖੜ੍ਹਾ ਹੋ ਗਿਆ। ਇਨ੍ਹਾਂ ਵਿੱਚੋਂ ਕੁਝ ਫੱਟ ਤਾਂ ਪਰਾਏ ਬੇਗਾਨਿਆਂ ਨੇ ਦਿੱਤੇ ਅਤੇ ਕੁਝ ਆਪਣਿਆਂ ਨੇ ਦਿੱਤੇ ਅਤੇ ਕੁਝ ਕੁਦਰਤ ਵੱਲੋਂ ਮਿਲੇ। ਫਿਰ ਸਾਲ 1984 ਵਿੱਚ ਪੰਜਾਬ ਦੇ ਕੇਸ ਨੋਚੇ ਗਏ। ਪੰਜਾਬ ਦੇ ਧਾਰਮਿਕ ਅਸਥਾਨਾਂ ਉੱਤੇ ਹਮਲੇ ਹੋਏ। ਪੰਜਾਬੀਆਂ ਦੇ ਗਲ੍ਹਾਂ ਵਿੱਚ ਟਾਇਰ ਪਾ ਪਾ ਕੇ ਮਾਰੇ ਗਏ। ਫਿਰ ਸਾਲ 1988 ਵਿੱਚ ਪੰਜਾਬ ਕੁਦਰਤੀ ਆਫਤਾਂ ਨਾਲ ਵਿੰਨਿਆ ਗਿਆ।

ਫਿਰ ਉਸ ਤੋਂ ਬਾਅਦ, ਹਾਲ ਹੀ ਦੇ ਸਾਲ 2000 ਦੇ ਸਮੇਂ ਵਿੱਚ ਪੰਜਾਬ ਦੇ ਸੁੰਦਰ ਚਿਹਰੇ ਦੇ ਉੱਤੇ ਤੇਜ਼ਾਬ ਸੁੱਟਿਆ ਗਿਆ, ਨਸ਼ੇ ਦਾ ਤੇਜ਼ਾਬ, ਚਿੱਟੇ ਦਾ ਤੇਜ਼ਾਬ ਸੁੱਟ ਕੇ ਪੰਜਾਬ ਨੂੰ ਖਰਾਬ ਕੀਤਾ ਗਿਆ। ਸਰ, ਅੱਜ ਪੰਜਾਬ ਫਿਰ ਫੱਟੜ ਹੈ। ਪੰਜਾਬ 'ਤੇ ਫਿਰ ਜ਼ਖ਼ਮ ਹੋ ਗਏ, ਇਸ ਸਮੇਂ ਪੰਜਾਬ ਦੇ ਜ਼ਖ਼ਮਾਂ ਵਿੱਚੋਂ ਖ਼ੂਨ ਰਿਸ ਰਿਹਾ ਹੈ। ਅਸੀਂ ਉਸ ਬਾਰੇ ਇੱਥੇ ਗੱਲ ਕਰਨ ਆਏ ਹਾਂ ਕਿ ਇਸ ਵਾਸਤੇ ਕੌਣ ਜ਼ਿੰਮੇਵਾਰ ਹੈ ਅਤੇ ਕੀ ਸਿਚੂਏਸ਼ਨ ਹੈ। ਸਰ, ਪੰਜ ਲੱਖ ਏਕੜ ਕਹਿਣਾ ਸੌਖਾ ਹੈ। ਸਰ, ਪੰਜਾਬ ਦੀ ਇਕਾਨਮੀ ਇਸ ਝੋਨੇ ਦੀ ਫਸਲ 'ਤੇ ਖੜ੍ਹਦੀ ਹੈ। ਪੰਜਾਬ ਦੇ ਬਜ਼ਾਰਾਂ ਵਿੱਚ ਰੌਣਕਾਂ, ਪੰਜਾਬ ਦੇ ਛੋਟੇ ਛੋਟੇ ਅੱਡਿਆਂ ਵਿੱਚ ਰੌਣਕਾਂ, ਪੰਜਾਬ ਵਿੱਚ ਟਰੈਕਟਰ, ਮੋਟਰ ਸਾਈਕਲ, ਗੱਡੀਆਂ, ਪੰਜਾਬ ਦੇ ਵਿਆਹ, ਸਾਰਾ ਕੁਝ ਇਨ੍ਹਾਂ ਫਸਲਾਂ 'ਤੇ ਹੁੰਦੇ ਹਨ। ਹੜ੍ਹਾਂ ਵਿੱਚ 5 ਲੱਖ ਏਕੜ ਫਸਲ ਤਬਾਹ ਹੋ ਗਈ ਹੈ ਜਿਸ ਕਾਰਨ ਪੰਜਾਬ ਦੀ ਇਕਾਨਮੀ ਤਹਿਸ-ਨਹਿਸ ਹੋ ਗਈ ਹੈ। ਸਰ, ਜਿਨ੍ਹਾਂ ਘਰਾਂ ਵਿੱਚ ਗ੍ਰਹਿਣੀਆਂ ਧੂੜ ਵਾਲੀ ਜੁੱਤੀ ਲੈ ਕੇ ਅੰਦਰ ਨਹੀਂ ਵੜਨ ਦਿੰਦੀਆਂ ਸੀ, ਅੱਜ ਉਹ ਘਰਾਂ ਦੇ ਘਰ ਮਿੱਟੀ ਨਾਲ ਭਰ ਗਏ ਹਨ। ਜਿਨ੍ਹਾਂ ਪਸ਼ੂਆਂ ਨੂੰ ਕਿਸਾਨ ਆਪਣੇ ਘਰ ਦੇ ਜੀਅ ਸਮਝਦਾ ਸੀ, ਉਹ ਪਸ਼ੂ ਚਲੇ ਗਏ। ਸਰ, 60 ਮੌਤਾਂ ਹੋਣ ਦਾ ਅੰਕੜਾ ਤਾਂ ਸਿਰਫ ਫਲੱਡਜ਼ ਕਾਰਨ ਹੀ ਮਰਨ ਦਾ ਹੈ ਪ੍ਰੰਤੂ ਜਿਹੜੀਆਂ ਇਸ ਸਮੇਂ ਵਿੱਚ ਸਨੇਕ ਬਾਈਟਸ ਅਤੇ ਹੋਰ ਕਾਰਨਾਂ ਕਰਕੇ ਇਨਡਾਇਰੈਕਟ ਮੌਤਾਂ ਹੋਈਆਂ ਹਨ, ਉਹ ਸੈਂਕੜਿਆਂ ਵਿੱਚ ਹਨ। ਸਰ, ਜਦੋਂ ਹਜ਼ਾਰਾਂ ਪਿੰਡਾਂ ਦੀ ਹੜ੍ਹਾਂ ਦੌਰਾਨ ਕੁਨੈਕਟੀਵਿਟੀ ਟੁੱਟੀ ਹੋਈ ਸੀ, ਉਦੋਂ ਲੋਕਾਂ ਨੂੰ ਹਾਰਟ ਅਟੈਕ ਆਏ, ਪ੍ਰੈਗਨੈਂਸੀ ਅਤੇ ਡਿਲੀਵਰੀ ਮੌਕੇ ਮੌਤਾਂ ਹੋਈਆਂ, they were not reported. ਸਰ, ਉਸ ਸਮੇਂ ਦੌਰਾਨ ਮੌਤਾਂ ਹੋਣ ਦਾ ਅੰਕੜਾ ਵੀ ਬਹੁਤ ਵੱਡਾ ਹੈ।

ਸਰ, ਇਸੇ ਤਰ੍ਹਾਂ ਹੀ ਉਦੋਂ 3200 ਸਕੂਲ ਡੈਮੇਜ ਹੋਏ ਹਨ। ਸਾਡੇ 10,000 ਤੋਂ ਵੱਧ ਕਲਾਸ ਰੂਮਜ਼ ਤਬਾਹ ਹੋ ਗਏ ਹਨ, 1300 ਕਲਾਸ ਰੂਮਜ਼ ਤਾਂ ਬਿਲਕੁਲ ਕੰਡਮ ਹੋ ਚੁੱਕੇ ਹਨ, they can not be used. ਸਰ, ਇਹ ਵਿੱਦਿਅਕ ਲਾਸ ਹੈ। ਸਰ, ਇਸ ਤਰ੍ਹਾਂ ਹੀ ਮੇਰੇ ਹਲਕੇ ਵਿੱਚ ਹੋਇਆ ਹੈ। ਪੰਜਾਬ ਵਿੱਚ ਸਤਲੁਜ ਮੇਰੇ ਹਲਕੇ ਤੋਂ ਸ਼ੁਰੂ ਹੁੰਦੀ ਹੈ। ਸਰ, ਸਾਡੇ ਏਰੀਏ ਵਿੱਚ ਤਾਂ ਸਤਲੁਜ ਕਾਰਨ ਬਹੁਤ ਸਾਰੀਆਂ ਖੱਡਾਂ ਹਨ। ਸਾਡੇ ਪਿੰਡ ਪੀਂਘਬੜੀ, ਹਿੰਗੜੀ, ਸੁਆਮੀਪੁਰ, ਬਾਗਖੇੜਾ, ਕਲਮੋਟ, ਭੰਗਲਾਂ, ਮਜਾਰੀ ਅਤੇ ਹੋਰ ਬਹੁਤ ਪਿੰਡਾਂ ਵਿੱਚ ਸਾਰੀਆਂ ਫਸਲਾਂ ਤਬਾਹ ਹੋ ਗਈਆਂ ਹਨ, ਉਥੇ ਘਰ ਵੀ ਤਬਾਹ ਹੋ ਗਏ ਹਨ।

ਸਰ, ਇਸੇ ਤਰ੍ਹਾਂ ਹੀ ਦਰਿਆਵਾਂ ਦੇ ਨੇੜੇ ਰਹਿੰਦੇ ਲੋਕਾਂ ਦਾ ਨੁਕਸਾਨ ਹੋਇਆ ਹੈ। ਸਾਡੇ ਏਰੀਏ ਵਿੱਚ ਡੌਲਾ ਬਰਾਦਰੀ ਦੇ ਲੋਕ ਹਨ, ਉਹ ਘਰਾਟਾਂ ਦਾ ਕੰਮ ਕਰਦੇ ਹਨ। ਉਹ ਦਰਿਆਵਾਂ ਨਾਲ ਹੀ ਜੁੜੇ ਹੋਏ ਹਨ, ਉਨ੍ਹਾਂ ਦਾ ਇਹ ਕਿੱਤਾ ਹੈ। ਉਨ੍ਹਾਂ ਲੋਕਾਂ ਦੀ ਗੱਲ, ਉਨ੍ਹਾਂ ਦੇ ਮੁੱਦੇ, ਅਸੀਂ ਇਹ ਸਭ ਗੱਲਾਂ ਇੱਥੇ ਰੱਖਣ ਆਏ ਹਾਂ। ਮੇਰੇ ਆਪਣੇ ਹਲਕੇ ਦੇ ਮਸਲੇ ਹਨ। ਹਰ ਐਮ.ਐਲ.ਏ. ਹਰ ਵਿਧਾਇਕ ਆਪਣੀ ਤਿਆਰੀ ਕਰਕੇ ਆਇਆ ਹੈ ਕਿ ਅੱਜ ਮੌਕਾ ਹੈ ਕਿ ਅਸੀਂ ਆਪਣੇ ਮੁੱਖ ਮੰਤਰੀ ਸਾਹਿਬ ਨੂੰ ਸਪੀਕਰ ਸਾਹਿਬ ਦੇ ਰਾਹੀਂ ਇਹ ਗੱਲਾਂ ਦੱਸ ਸਕਾਂਗੇ। ਇੱਥੇ ਪ੍ਰੈੱਸ ਹਾਜ਼ਰ ਹੈ, ਸਾਰੀ ਦੁਨੀਆ ਸਾਡੀ ਗੱਲ ਸੁਣੇਗੀ। ਸਰ, ਇਹ ਬਹੁਤ ਵੱਡੇ ਲੈਵਲ ਦੀ ਤਬਾਹੀ ਹੈ। ਇਸ ਦੇ ਵਿੱਚ ਜੋ ਅਸਲੀ ਗੱਲ ਹੈ, ਜੋ ਮੈਨੂੰ ਲੱਗਦਾ ਹੈ, ਉਹ ਇਹ ਹੈ, what were the reasons? ਹੁਣ ਇੱਥੇ ਐਲ.ਓ.ਪੀ. ਸਾਹਿਬ ਨੇ ਗੱਲ ਕੀਤੀ ਹੈ, ਬੀ.ਬੀ.ਐਮ.ਬੀ. ਦੀ ਵਰਕਿੰਗ strongly questionable and objectionable ਹੈ। ਬੀ.ਬੀ.ਐਮ.ਬੀ. ਦੇ ਚੇਅਰਮੈਨ ਨੇ ਹਾਈ ਕੋਰਟ ਵਿੱਚ ਇੱਕ ਸਟੇਟਮੈਂਟ ਦਿੱਤੀ ਹੈ ਕਿਉਂਕਿ ਮੈਂ ਆਪਣੇ ਸੀ.ਐਮ. ਸਾਹਿਬ ਵੱਲੋਂ ਸਿਪਾਹੀ ਬਣ ਕੇ ਉਥੇ ਪਹਿਰਾ ਦੇ ਰਿਹਾ ਸੀ, ਜਦੋਂ ਪਾਣੀ ਹਰਿਆਣੇ ਨੂੰ ਧੱਕੇ ਨਾਲ ਛੱਡ ਰਹੇ ਸੀ। ਬੀ.ਬੀ.ਐਮ.ਬੀ. ਦੇ ਚੇਅਰਮੈਨ ਨੇ ਸਟੇਟਮੈਂਟ ਦਿੱਤੀ ਹੈ ਕਿ ਅਗਰ ਉਹ ਪਾਣੀ ਛੱਡ ਦਿੰਦੇ ਤਾਂ ਪੰਜਾਬ ਵਿੱਚ ਹੜ੍ਹ ਨਾ ਆਉਂਦੇ। ਸਰ, ਮੈਂ

ਉਸ ਸਬੰਧ ਵਿੱਚ ਕੁਝ ਤੱਥ ਪੇਸ਼ ਕਰਨੇ ਚਾਹੁੰਦਾ ਹਾਂ। ਸਰ, ਇਹ ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਹੈ (ਕਾਗਜ਼ ਦਿਖਾਉਂਦੇ ਹੋਏ), ਇਹ ਸੈਂਟਰਲ ਵਾਟਰ ਕਮਿਸ਼ਨ ਦੀ ਖ਼ਬਰ ਹੈ। ਹੁਣ ਵੀ ਕਿਹਾ ਗਿਆ ਹੈ ਕਿ ਰਣਜੀਤ ਸਾਗਰ ਡੈਮ ਵਿੱਚ ਪਾਣੀ ਕਿਉਂ ਨਹੀਂ ਛੱਡਿਆ ਗਿਆ। This reads: According to the latest data released by the Central Water Commission in April, 2024, the combined water storage in the key reservoirs of Himachal Pradesh is currently 40.60% less than normal while those of Punjab the dip is sharper with the water level 44.85% below normal. ਸਰ, ਸਾਡੇ ਪਾਵਰ ਹਾਊਸਿਜ਼ ਬੰਦ ਹੋਣ 'ਤੇ ਆ ਗਏ ਸੀ। ਜਿਹੜੀ ਪੰਜਾਬ ਦੀ ਸਾਰੀ ਇਰੀਗੇਸ਼ਨ ਹੈ, ਕਿੰਨਾ ਪਾਣੀ ਸੀ? ਸਰ, 4500 ਕਿਊਸਿਕ, ਇੰਨਾ ਪਾਣੀ ਤਾਂ ਸਾਡੇ ਪਿੰਡ ਵਾਲੀ ਖੱਡ ਵਿੱਚ ਇਸ ਵਕਤ ਆ ਰਿਹਾ ਹੈ। ਹਾਈ ਕੋਰਟ ਸਾਹਮਣੇ ਇੰਨੀ ਵੱਡੀ ਗਲਤ ਸਟੇਟਮੈਂਟ ਦਿੱਤੀ ਗਈ ਹੈ। ਸਰ, ਉਸ ਸਮੇਂ ਭਾਖੜਾ ਡੈਮ ਦਾ 1555 ਫੁੱਟ ਲੈਵਲ ਸੀ ਅਤੇ ਹੁਣ ਲਗਭਗ 1680 ਤੱਕ ਹੈ, 1675 ਤੋਂ 1678 ਫੁੱਟ ਤੱਕ ਵੀ ਪਾਣੀ ਗਿਆ ਹੈ, ਤਕਰੀਬਨ 130 ਫੁੱਟ ਪਾਣੀ ਵਧਿਆ ਹੈ। How he dared to say this!

ਸਪੀਕਰ ਸਾਹਿਬ, ਅਸਲ ਵਿੱਚ ਮੁੱਦਾ ਕੀ ਹੈ? ਤੁਸੀਂ ਬੀ.ਬੀ.ਐਮ.ਬੀ. ਦੀ ਰਾਜਨੀਤੀ ਵੇਖੋ। ਸੀ.ਆਈ.ਐਸ.ਐਫ. ਭੇਜਣ ਲਈ 100 ਕਰੋੜ ਹੈ। ਅੱਜ ਸਾਡੇ ਕੋਲ ਚੈਲੰਜ ਹੈ, there is structural lacuna, ਜਿਹੜੇ ਸਾਡੇ ਡੈਮ ਬਣੇ ਹਨ, ਉਨ੍ਹਾਂ ਵਿੱਚ ਕਿਸੇ ਵੀ ਜਗ੍ਹਾ ਡੀਸਿਲਟਿੰਗ ਦੀ ਆਪਸ਼ਨ ਨਹੀਂ ਹੈ। ਇਹ ਚਰਚਾ ਹੋਣੀ ਚਾਹੀਦੀ ਹੈ। ਸਰ, ਅੱਜ ਤੱਕ ਬੀ.ਬੀ.ਐਮ.ਬੀ. ਐਗਜ਼ੈਕਟ ਅੰਕੜਾ ਨਹੀਂ ਦੇ ਸਕਦੀ ਕਿ ਜਿਹੜਾ ਗੋਬਿੰਦ ਸਾਗਰ ਰਿਜ਼ਰਵਾਇਰ ਹੈ, ਉਸ ਵਿੱਚ ਕਿੰਨੀ ਸੈਡੀਮੈਂਟ ਆ ਚੁੱਕੀ ਹੈ। ਸਰ, ਡੈਮ ਦੀ ਉਮਰ 100 ਸਾਲ ਸੀ। ਅੱਜ ਡੈਮ ਦੀ ਉਮਰ ਪਤਾ ਨਹੀਂ ਅਗਲੇ ਦਸ ਸਾਲ ਦੀ ਰਹਿ ਗਈ ਜਾਂ 15-20 ਸਾਲ ਦੀ ਰਹਿ ਗਈ ਹੈ। ਇੱਕ ਹੋਰ ਸ਼ੌਕਿੰਗ ਰਿਪੋਰਟ ਹੈ। ਇਹ ਸਟੱਡੀ ਹੋਈ ਹੈ। ਸਰ, ਮੈਂ ਤੁਹਾਨੂੰ ਕਲਾਈਮੇਟ ਚੇਂਜ ਬਾਰੇ ਵੀ ਦੱਸ ਦਿੰਦਾ ਹਾਂ। ਮੈਂ ਖੋਜ ਕਰ ਰਿਹਾ ਸੀ ਕਿ ਜਦੋਂ 1988 ਦੇ ਹੜ੍ਹ ਆਏ ਤਾਂ ਉਸ ਵੇਲੇ ਦੇ ਬੀ.ਬੀ.ਐਮ.ਬੀ. ਦੇ ਚੇਅਰਮੈਨ ਜਨਰਲ ਬੀ.ਐਨ.ਕੁਮਾਰ ਨੇ ਕਿਹਾ ਸੀ ਕਿ this is once in a thousand years. ਉਦੋਂ ਵੀ ਬੱਦਲ ਫਟੇ ਸੀ। ਇਸ ਤਰ੍ਹਾਂ ਦੀ ਘਟਨਾ ਹਜ਼ਾਰ ਸਾਲਾਂ ਵਿੱਚ ਇੱਕ ਵਾਰ ਹੁੰਦੀ ਹੈ। Now, there is acute climate change issues. ਬੱਦਲ ਫੱਟ ਰਹੇ ਹਨ, ਸਾਰੇ ਸਕੱਤਰੇਤ ਵਿੱਚ ਪਾਣੀ ਭਰ ਗਿਆ ਸੀ। This is more even challenging. ਇਹ ਸਟੱਡੀ ਕਹਿੰਦੀ ਹੈ ਕਿ ਕਦੇ ਹੜ੍ਹ ਆਉਣਗੇ ਅਤੇ ਕਦੇ ਸੋਕਾ ਪਏਗਾ। ਸਾਨੂੰ ਇਸ 'ਤੇ ਚਰਚਾ ਕਰਨੀ ਚਾਹੀਦੀ ਹੈ। ਸਾਲ 2018 ਵਿੱਚ ਸੋਕਾ ਪਿਆ, 2019 ਵਿੱਚ ਹੜ੍ਹ ਆਏ। ਸਾਲ 2023 ਵਿੱਚ ਹੜ੍ਹ ਆਏ ਅਤੇ 2024 ਵਿੱਚ ਸੋਕਾ ਪਿਆ। What about next years? ਇਸ ਦਾ ਹੱਲ ਕੀ ਹੈ, ਜਿੰਨਾ ਇਨਕੈਚਮੈਂਟ ਏਰੀਆ ਹੈ, ਉਹ ਚੈੱਕ ਕਰੀਏ। ਮੈਨੂੰ ਮੇਰੇ ਹਲਕੇ ਦਾ ਪਤਾ ਹੈ। ਸਰ, ਇਹ ਸਾਰਾ ਪਾਣੀ ਉਤੋਂ ਆਉਂਦਾ ਹੈ। ਜੇਕਰ ਕਸੌਲ ਬਰਸਾਤ ਹੋਵੇ ਤਾਂ ਉਸ ਦਾ ਪਾਣੀ ਸਾਡੇ ਕੋਲ ਆ ਜਾਂਦਾ ਹੈ। ਮੈਂ ਇਹ ਵੀ ਦੱਸ ਦਿੰਦਾ ਹਾਂ ਕਿ ਗੋਬਿੰਦ ਸਾਗਰ ਰਿਜ਼ਰਵਾਇਰ ਵਿੱਚ ਕਿੰਨਾ ਪਾਣੀ ਹੈ। ਡੈਮ ਦੀ ਕਪੈਸਿਟੀ 1690 ਫੁੱਟ ਹੁੰਦੀ ਸੀ ਪਰ ਅੱਜ 1675 ਫੁੱਟ ਤੇ ਵੀ ਡੈਮ ਦੀ ਡਿਫਲੈਕਸ਼ਨ ਬਹੁਤ ਜ਼ਿਆਦਾ ਹੋ ਜਾਂਦੀ ਹੈ, ਸਟਰੇਸਿਸ ਆ ਜਾਂਦੇ ਹਨ। ਉਸ ਦਾ ਡਿਜ਼ਾਇਨ ਹੀ ਐਸਾ ਹੈ ਕਿ ਸਾਰਾ ਸੈਡੀਮੈਂਟ ਉਸ ਦੇ ਗੇਟਾਂ ਤੇ ਵੱਜ ਰਿਹਾ ਹੈ ਪਰ they are not working on it. ਸਰ, 1954-55 ਵਿੱਚ ਜਦੋਂ ਇਹ ਡੈਮ ਬਣ ਰਿਹਾ ਸੀ ਤਾਂ ਇਸੇ ਵਿਧਾਨ ਸਭਾ ਦੀ ਇੱਕ ਕਮੇਟੀ ਹੁੰਦੀ ਸੀ, ਜੋ ਉੱਥੇ ਜਾ ਕੇ ਵਿਜ਼ਿਟ ਕਰਦੀ ਸੀ। ਅੱਜ ਵੀ ਸਾਨੂੰ ਇਸ ਤਰ੍ਹਾਂ ਦੀ ਕਮੇਟੀ ਦੀ ਲੋੜ ਹੈ, ਜਿਸ ਵਿੱਚ ਉਨ੍ਹਾਂ ਨੂੰ ਬੁਲਾਈਏ ਤੇ ਪੁੱਛੀਏ। ਇਸੇ ਤਰ੍ਹਾਂ ਜਿੰਨਾ ਡੈਮ ਦਾ ਇਨਕੈਚਮੈਂਟ ਏਰੀਆ ਹੈ, ਉੱਥੇ ਕਈ ਹੋਰ ਡੈਮ ਪਰਪੋਜ਼ਡ ਸੀ ਪਰ ਉਹ ਬੀ.ਬੀ.ਐਮ.ਬੀ. ਵੱਲੋਂ ਕਦੇ ਬਣਾਏ ਹੀ ਨਹੀਂ ਗਏ। ਜੇਕਰ ਇਨਕੈਚਮੈਂਟ ਏਰੀਏ ਵਿੱਚ check dams ਬਣ ਜਾਣਗੇ ਤਾਂ

ਸੈਂਡੀਮੈਂਟ ਆਉਣਾ ਰੁਕ ਜਾਵੇਗਾ ਅਤੇ ਇਨਫਲੋਅ ਵੀ ਮੈਨੇਜ ਹੋ ਸਕਦਾ ਹੈ। ਹੁਣ ਘੰਟਿਆਂ ਵਿੱਚ ਹੀ 2-2 ਲੱਖ ਕਿਊਸਿਕ ਪਾਣੀ ਆ ਜਾਂਦਾ ਹੈ ਅਤੇ ਡੈਮ ਭਰ ਜਾਂਦਾ ਹੈ। ਮੇਰੇ ਹਲਕੇ ਵਿੱਚ ਸਵਾਂ ਨਦੀ ਹੈ, ਜੋ ਊਨੇ ਤੋਂ ਆਉਂਦੀ ਹੈ। ਇਸੇ ਤਰ੍ਹਾਂ ਚਰਨ ਗੰਗਾ ਇੱਕ ਖੱਡ ਹੈ, ਜੋ ਨੈਣਾਂ ਦੇਵੀ ਦੇ ਏਰੀਏ ਤੋਂ ਆਉਂਦੀ ਹੈ। ਇਸੇ ਤਰ੍ਹਾਂ ਸਰਸਾ ਨਦੀ ਹੈ, ਉਹੀ ਸਰਸਾ ਜਿਸ ਨੇ ਸਾਡੇ ਗੁਰੂ ਸਾਹਿਬ ਜੀ ਦਾ ਪਰਿਵਾਰ ਵਿਛੋੜਿਆ ਸੀ,ਉਹ ਨਾਲਾਗੜ੍ਹ ਦੇ ਏਰੀਏ ਤੋਂ ਆਉਂਦੀ ਹੈ। ਜਦੋਂ ਹਿਮਾਚਲ ਵਿੱਚ ਬਰਸਾਤ ਹੁੰਦੀ ਹੈ ਤਾਂ ਇਨ੍ਹਾਂ ਤਿੰਨਾਂ ਨਦੀਆਂ ਵਿੱਚ ਲੱਖ-ਡੇਢ ਲੱਖ ਕਿਊਸਿਕ ਪਾਣੀ ਆ ਜਾਂਦਾ ਹੈ। ਫਿਰ ਅਸੀਂ ਉਸ ਵਿੱਚ ਕੀ ਕਰ ਸਕਦੇ ਹਾਂ? ਸਾਲ 2017-18 ਵਿੱਚ ਬੀ.ਬੀ.ਐਮ.ਬੀ. ਨੇ ਇੱਕ ਸਟੱਡੀ ਕਰਵਾਈ ਸੀ ਕਿ ਉੱਥੇ ਚੈਕ ਡੈਮਜ਼ ਬਣਾਉਣੇ ਚਾਹੀਦੇ ਹਨ ਪਰ ਉਨ੍ਹਾਂ ਨੇ ਕਦੇ ਬਣਾਏ ਹੀ ਨਹੀਂ ਕਿਉਂਕਿ ਇਹ ਰਿਪੋਰਟ ਬਹੁਤ ਮਹੱਤਵਪੂਰਨ ਹੈ, ਇਸ ਲਈ ਮੈਂ ਇਸ ਰਿਪੋਰਟ ਦਾ ਕਨਕਲੂਜ਼ਨ ਪੜ੍ਹਨਾ ਚਾਹਾਂਗਾ। Due to climate change, the occurrence of extreme rainfall events having high intensity and high frequency is being witnessed over the years. Forecast of these extremely hydrological events due to climate change is becoming a challenge. These extreme events resulted in sudden increase in reservoir level causing floods (2019) and droughts (2018) as witnessed during the last two years. Reduction of storage capacity of Bhakra (23%) and Pong reservoirs (12%) due to sedimentation is diminishing flood retention capacity and has led to adverse impact on areas downstream in eventuality of occurrence of such events. Filling of natural drainage system for human usage, encroachment of flood plains of main rivers/streams has resulted in reduction in water carrying capacity of the rivers downstream of these dams has aggravated the problem of tackling floods in such like extreme hydrological events. Keeping in view the climatic change scenario, sedimentation of both Bhakra and Pong dams and increase in PMF (Probable maximum flood) of these dams, water carrying capacity of the rivers and streams in the areas downstream of the dams need to be restored. Removal of encroachments in natural drainage system requires immediate attention. Complete Hydro-dynamic Model with 2D flood mapping of downstream areas with precise elevations need to be done on urgent basis so that vulnerable areas be identified and emergency disaster plan could be implemented. Embankment and Levees need to be strengthened/repaired to sustain the designed floods along with river training works. Hydrological modelling (forecasting and real time monitoring) of downstream catchment areas is required so that flash floods in sub-basins are identified. Small storage dams are required to be constructed and also channelization of main rivulets/streams like Sirsa and Swan is required to be done. Desilting and restoration of storage capacity of barrages Ropar and Harike downstream of Bhakra dam, need to be taken up immediately. Sadly, nothing was done. ਇਨ੍ਹਾਂ ਦੇ ਵਿਚੋਂ ਕੋਈ ਵੀ ਕੰਮ ਨਹੀਂ ਹੋਇਆ। ਇਸੇ ਤਰ੍ਹਾਂ ਬੀ.ਬੀ.ਐਮ.ਬੀ. ਦੀਆਂ ਬਹੁਤ ਸਾਰੀਆਂ ਰਿਪੋਰਟਸ ਹਨ।

ਹੁਣ ਵੀ ਪਾਣੀ 1674 ਫੁੱਟ ’ਤੇ ਹੈ। But even now deflection highest point ਤੇ ਹੈ। ਬਹੁਤ ਸਾਰੇ stresses ਹਨ। ਹੁਣ ਤਾਂ ਬਰਸਾਤਾਂ ਨਹੀਂ ਹਨ। ਇਸ ਦਾ ਮਤਲਬ ਤਾਂ ਇਹ ਹੈ ਕਿ ਜਿਹੜੇ ਕਹਿ ਰਹੇ ਹਨ ਕਿ ਕੰਮ ਨਹੀਂ ਹੋਇਆ, ਮੈਂ ਸਾਲ 2023 ਬਾਰੇ ਗੱਲ ਦੱਸਦਾ ਹਾਂ। ਮੇਰੇ ਹਲਕੇ ਵਿੱਚ 15 ਕਰੋੜ ਰੁਪਏ ਦੇ flood protection work ਹੋਏ ਹਨ, ਮੈਂ ਦਿਖਾ ਵੀ ਦੇਵਾਂਗਾ। ਮੇਰੇ ਹਲਕੇ ਦੀਆਂ ਜਿੰਨੀਆਂ ਖੱਡਾਂ ਹਨ, ਉਹ ਸਾਰੀਆਂ ਸਾਫ ਕਰਵਾਈਆਂ ਗਈਆਂ ਹਨ। ਸਵੇਰੇ 6-6 ਵਜੇ ਜਾ ਕੇ ਪਿੰਡਾਂ ਵਾਲਿਆਂ ਨੂੰ ਨਾਲ ਲਿਜਾ ਕੇ ਕੰਮ ਕੀਤਾ ਗਿਆ। ਠੀਕ ਹੈ, ਫਿਰ ਵੀ ਸਾਡੀਆਂ ਬਹੁਤ ਕਮੀਆਂ ਹੋਣਗੀਆਂ। ਅਸੀਂ ਇਹ ਨਹੀਂ ਕਹਿੰਦੇ ਕਿ ਸਾਰਾ ਕੰਮ ਹੋ ਗਿਆ। We are Government. ਅਸੀਂ ਭੱਜਦੇ ਨਹੀਂ ਹਾਂ। ਸਾਡੀ ਜਿੱਥੇ accountability ਹੈ, ਉੱਥੇ ਫਿਕਸ ਕਰੋ ਪਰ ਲੋਕਾਂ ਦਾ ਦੁੱਖ ਦਰਦ ਮਰਿਆਦਾ ਦੇਖਣਾ ਬਹੁਤ ਜ਼ਰੂਰੀ ਹੈ। ਅੱਜ ਜਿਸ ਤਰੀਕੇ ਨਾਲ ਸਾਡੇ ਪ੍ਰਾਈਮ ਮਨਿਸਟਰ ਸਾਹਿਬ ਬਿਹੇਵ ਕਰ ਰਹੇ ਹਨ, ਸਾਡੇ ਇੱਕ ਮਨਿਸਟਰ ਨੂੰ ਕੁਝ ਕਹਿ ਦਿੱਤਾ, ਪੰਜਾਬੀ ਦੀ ਤੌਹੀਨ ਕਰ ਦਿੱਤੀ ਤੇ ਕਿਸੇ ਨਾਲ ਕੋਈ ਗੱਲ ਹੀ ਨਹੀਂ ਕੀਤੀ। ਸਾਡੇ ਚੀਫ ਮਨਿਸਟਰ ਨੂੰ ਅੱਜ 10 ਦਿਨ ਹੋ ਗਏ ਹਨ, Prime Minister has time to do road shows in Arunachal Pradesh, Gujarat, Bihar and Rajasthan but he doesn't have time to meet our Chief Minister. These are serious issues. I hope ਵਿਧਾਨ ਸਭਾ ਦਾ ਹਰ ਇੱਕ ਸਾਥੀ ਪੰਜਾਬ ਦੇ ਦੁੱਖਾਂ ਨੂੰ ਸਮਝੇਗਾ। ਅੰਤ ਦੇ ਵਿੱਚ ਉਨ੍ਹਾਂ ਸਾਰੇ ਲੋਕਾਂ ਦਾ ਮੈਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਅੱਜ ਪੰਜਾਬ ਦੇ ਔਖੇ ਸਮੇਂ ਦੇ ਵਿੱਚ ਚਾਹੇ ਉਹ ਸਾਡੇ ਕਾਰ ਸੇਵਾ ਵਾਲੇ ਬਾਬੇ ਹਨ, ਸਾਡੇ ਕੁਝ ਲੀਡਰਾਂ ਦਾ ਵੀ ਮੈਂ ਨਾਮ ਲਿਆ ਹੈ, ਸ਼੍ਰੀ ਵਿਕਰਮਜੀਤ ਸਾਹਨੀ ਜੀ, ਸੰਤ ਬਾਬਾ ਸਤਨਾਮ ਸਿੰਘ ਜੀ, ਡੀ.ਸੀ. ਅੰਮ੍ਰਿਤਸਰ, ਡੀ.ਸੀ. ਰੋਪੜ, ਐਸ.ਐਸ.ਪੀ. ਅੰਮ੍ਰਿਤਸਰ (ਰੂਰਲ), ਸਾਡੇ ਐਸ.ਡੀ.ਐਮ. ਨੰਗਲ ਹਨ, ਸਭ ਨੇ ਸਾਡਾ ਸਾਥ ਦਿੱਤਾ ਹੈ। ਬਹੁਤ ਸਾਰੇ ਬੰਦੇ ਇਹ ਕਹਿ ਦਿੰਦੇ ਹਨ ਕਿ ਇਹ ਆਪ ਜਾ ਕੇ ਕਿਉਂ ਖੜ੍ਹੇ ਹੋ ਜਾਂਦੇ ਹਨ। ਸਰ, ਜਦੋਂ ਤੁਸੀਂ ਆਪ ਜਾ ਕੇ ਕਿਤੇ ਕੰਮ ਕਰਵਾਉਣ ਲਈ ਖੜ੍ਹੇ ਹੁੰਦੇ ਹੋ ਤਾਂ ਕੰਮ ਛੇਤੀ ਹੁੰਦਾ ਹੈ। ਵਰਣਾ ਕਈ ਵਾਰ ਹੋ ਸਕਦਾ ਹੈ ਕਿ ਅਫਸਰ ਉੱਥੇ ਨਾ ਜਾਵੇ ਜਾਂ ਹੋ ਸਕਦਾ ਹੈ ਕਿ ਅਫਸਰ ਆਪ ਜਾ ਕੇ ਉਥੇ ਜੇਬਾਂ ਵਿੱਚ ਹੱਥ ਪਾ ਕੇ ਖੜ੍ਹ ਜਾਏ। ਜਦੋਂ ਮੰਤਰੀ ਜਾਂ ਐਮ.ਐਲ.ਏ. ਸਾਹਿਬਾਨ ਆਪ ਜਾ ਕੇ ਉੱਥੇ ਖੜ੍ਹੇ ਹੁੰਦੇ ਹਨ ਤਾਂ ਐਸ.ਐਚ.ਓ. ਨੂੰ ਵੀ ਬੋਰੀਆਂ ਚੁੱਕਣੀਆਂ ਪੈਂਦੀਆਂ ਹਨ। ਉੱਥੇ ਖੜ੍ਹੇ ਐਸ.ਡੀ.ਓ. ਐਕਸੀਅਨ, ਜੇ.ਈ., ਸਾਰਾ ਸਕਿਉਰਿਟੀ ਸਟਾਫ ਵੀ ਕੰਮ ਕਰਨ ਲੱਗ ਜਾਂਦਾ ਹੈ। ਸਰ, ਜਦੋਂ ਕੁਦਰਤੀ ਆਫਤ ਆਈ, ਅਸੀਂ 20 ਬੰਨ੍ਹ ਤਾਂ ਟੁੱਟਣ ਹੀ ਨਹੀਂ ਦਿੱਤੇ। ਮੈਂ ਆਪਣੇ ਹਲਕੇ ਦੇ ਸਾਰੇ ਨੌਜਵਾਨਾਂ ਦਾ, ਸਰਪੰਚ ਸਾਹਿਬਾਨਾਂ ਦਾ, ਹਰ ਇੱਕ ਉਸ ਸ਼ਖ਼ਸ ਦਾ ਸਾਥ ਦਿੰਦਾ ਹਾਂ ਜਿਸ ਦੇ ਸਦਕਾ ਅਸੀਂ ਕੋਈ ਮੇਜਰ ਬਰੀਚ ਨਹੀਂ ਹੋਣ ਦਿੱਤੀ। ਨੁਕਸਾਨ ਤਾਂ ਬਹੁਤ ਹੋਇਆ ਹੈ। ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਪੰਜਾਬ ਮੁੜ ਆਪਣੇ ਪੈਰ੍ਹਾਂ ਤੇ ਖੜ੍ਹਾ ਹੋਵੇ, ਇਹ ਪੰਜਾਬ ਵੱਸਦਾ ਹੀ ਉਨ੍ਹਾਂ ਦੇ ਨਾਮ ਉਤੇ ਹੈ ਤੇ ਉਹ ਸਦਾ ਹੀ ਸਹਾਈ ਹੋਣਗੇ। ਧੰਨਵਾਦ ਜੀ।

--------

## ADJOURNMENT OF THE HOUSE FOR A SHORT PERIOD

**ਮਾਣਯੋਗ ਸਪੀਕਰ:** ਹੁਣ, ਸਦਨ 3.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*2.07 ਵਜੇ ਬਾਅਦ ਦੁਪਹਿਰ।) (ਇਸ *ਸਮੇਂ ਸਦਨ 3.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

*3.00 ਵਜੇ ਬਾਅਦ ਦੁਪਹਿਰ।) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

---

**OFFICIAL RESOLUTION REGARDING CONDEMNING UNION GOVERNMENT ON THE INSUFFICIENT, BELATED AND UNDISBURSED FLOOD RELIEF PACKAGE OF RS. 1600 CRORES AND ITS IMMEDIATE AND FULL TRANSFER IN WAKE OF PUNJAB'S WORST DELUGE SINCE 1988 AND URGING THE UNION GOVERNMENT TO SANCTION A SUBSTANTIALLY ENHANCED PACKAGE OF NOT LESS THAN RS. 20,000 CRORES FOR THE REHABILITATION OF THE STATE OF PUNJAB *(Resumption)***

**ਮਾਣਯੋਗ ਸਪੀਕਰ**: ਅੱਜ ਇੱਥੇ ਸਨਮਾਨਯੋਗ ਮੈਂਬਰਾਂ ਨੇ ਪੰਜਾਬ ਦਾ ਦਰਦ ਰੱਖਿਆ ਹੈ। ਮੈਂ, ਬੀਬੀ ਇੰਦਰਜੀਤ ਕੌਰ, ਜਿਨ੍ਹਾਂ ਨੇ ਦਿੱਤੇ ਹੋਏ ਸਮੇਂ ਵਿੱਚ ਵੱਧ ਤੋਂ ਵੱਧ ਫੈਕਟ ਰੱਖੇ, ਉਨ੍ਹਾਂ ਦਾ ਧੰਨਵਾਦੀ ਹਾਂ। ਸਿੱਖਿਆ ਮੰਤਰੀ ਜੀ ਇਸ ਤਰ੍ਹਾਂ ਲੱਗਦੇ ਸਨ ਜਿਵੇਂ ਪੂਰਾ ਪੜ੍ਹ ਕੇ ਆਏ ਹੁੰਦੇ ਹਨ, ਤਿਆਰੀ ਕਰਕੇ ਆਏ ਹੁੰਦੇ ਹਨ। ਇਸ ਤਰ੍ਹਾਂ ਦੀ ਸਾਰਥਕ ਡਿਬੇਟ, ਇਨਫਾਰਮਡ ਡਿਬੇਟ ਸਾਡੇ ਲੋਕਤੰਤਰ ਨੂੰ ਹੋਰ ਮਜ਼ਬੂਤ ਕਰੇਗੀ। ਸਟੇਟ ਵਿੱਚ ਸਾਨੂੰ ਜਿਹੜੀਆਂ ਸਮੱਸਿਆਵਾਂ ਆਉਂਦੀਆਂ ਹਨ, ਉਨ੍ਹਾਂ ਦੇ ਸਦੀਵੀ ਹੱਲ ਲੱਭਣ ਵਿੱਚ ਮਦਦ ਕਰੇਗੀ ਤਾਂ ਕਿ ਅੱਗੇ ਤੋਂ ਸਾਨੂੰ ਅਜਿਹੀਆਂ ਸਮੱਸਿਆਵਾਂ ਨਾਲ ਨਾ ਜੂਝਣਾ ਪਵੇ, ਲੋਕਾਂ ਦਾ ਘੱਟ ਨੁਕਸਾਨ ਹੋਵੇ, ਉਸ ਲਈ ਪਾਲਿਸੀ ਬਣਾਉਣ ਲਈ ਮਦਦ ਕਰਨਗੀਆਂ। ਇਹੀ ਅਸਲ ਮਕਸਦ ਹੈ, ਇਸ ਡਿਸਕਸ਼ਨ, ਡਿਬੇਟ, ਹਾਊਸ ਅਤੇ ਲੈਜਿਸਲੇਚਰ ਦਾ ਇਹੀ ਮਕਸਦ ਹੈ। ਸੋ, ਮੈਂ ਸਤਿਕਾਰਯੋਗ ਵਿੱਤ ਮੰਤਰੀ ਸਾਹਿਬ, ਸਰਦਾਰ ਹਰਪਾਲ ਸਿੰਘ ਚੀਮਾ ਜੀ ਨੂੰ ਬੇਨਤੀ ਕਰਦਾ ਹਾਂ ਕਿ ਡਿਬੇਟ ਨੂੰ ਅੱਗੇ ਤੋਰਿਆ ਜਾਵੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਸ਼ੁਕਰੀਆ, ਤੁਸੀਂ ਅੱਜ ਇਸ ਅਜ਼ੀਮ ਸਦਨ ਵਿੱਚ ਇੱਕ ਬਹੁਤ ਹੀ ਸੰਵੇਦਨਸ਼ੀਲ ਅਤੇ ਮਹੱਤਵਪੂਰਨ ਵਿਸ਼ੇ ’ਤੇ ਬੋਲਣ ਦਾ ਮੌਕਾ ਦਿੱਤਾ ਹੈ। ਪੰਜਾਬ ਨੂੰ ਹੜ੍ਹਾਂ ਦੀ ਤਬਾਹੀ ਨੇ ਸੱਟ ਮਾਰੀ ਹੈ। ਪੰਜਾਬ ਦੀ ਆਰਥਿਕਤਾ ਦੀ ਗੱਲ ਕਰ ਲਈਏ, ਪੰਜਾਬ ਦੀ ਗਰੀਬੀ ਦੀ ਗੱਲ ਕਰ ਲਈਏ, ਪੰਜਾਬ ਦੇ ਕਿਸਾਨ ਦੀ ਗੱਲ ਕਰ ਲਈਏ, ਇਨ੍ਹਾਂ ਹੜ੍ਹਾਂ ਕਾਰਨ ਪੰਜਾਬ ਦੇ ਲੋਕਾਂ ’ਤੇ ਬਹੁਤ ਡੂੰਘੀ ਸੱਟ ਮਾਰੀ ਗਈ ਹੈ। ਜੇ ਮੈਂ ਸ਼ੁਰੂਆਤੀ ਦੌਰ ਦੀ ਗੱਲ ਕਰਾਂ ਤਾਂ ਅਗਸਤ ਦੇ ਮਹੀਨੇ ਹੜ੍ਹਾਂ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਕਪੂਰਥਲਾ ਜ਼ਿਲ੍ਹੇ ਤੋਂ ਸ਼ੁਰੂ ਹੁੰਦੀ ਹੈ। ਕਪੂਰਥਲਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ, ਉਥੋਂ ਦੇ ਚੁਣੇ ਹੋਏ ਨੁਮਾਇੰਦੇ ਉਹ ਉਦੋਂ ਹੀ ਉਥੇ ਰਾਹਤ ਕਾਰਜਾਂ ਵਿੱਚ ਜੁਟ ਗਏ ਸਨ। ਮੇਰੇ ਕਹਿਣ ਦਾ ਭਾਵ ਹੈ ਕਿ ਅਗਸਤ ਮਹੀਨੇ ਵਿੱਚ ਪੰਜਾਬ ਵਿੱਚ ਹੜ੍ਹਾਂ ਦੀ ਸ਼ੁਰੂਆਤ ਹੋ ਗਈ ਸੀ ਜਿਸ ਨੇ ਅਗਸਤ ਦੇ ਅੰਤ ਵਿੱਚ ਅਤੇ ਸਤੰਬਰ ਵਿੱਚ ਭਾਰੀ ਤਬਾਹੀ ਮਚਾ ਦਿੱਤੀ ਸੀ। ਪੰਜਾਬ ਜਾਣਦਾ ਹੈ, ਪੰਜਾਬ ਦੇ ਲੋਕ ਜਾਣਦੇ ਹਨ ਕਿ ਸਾਡੇ ਗੁਆਂਢੀ ਸੂਬਿਆਂ ਦਾ ਬਹੁਤ ਵੱਡਾ ਪਹਾੜੀ ਖੇਤਰ ਹੈ। ਮੈਂ ਹਿਮਾਚਲ ਪ੍ਰਦੇਸ਼ ਦੀ ਗੱਲ ਕਰਾਂ, ਜੰਮੂ ਕਸ਼ਮੀਰ ਦੀ ਗੱਲ ਕਰਾਂ ਤਾਂ ਉਨ੍ਹਾਂ ਰਾਜਾਂ ਵਿੱਚ ਪਿਛਲੇ ਸਮੇਂ ਜੁਲਾਈ-ਅਗਸਤ ਵਿੱਚ ਬਹੁਤ ਭਾਰੀ ਬਾਰਸ਼ ਪਈ ਹੈ ਜਿਸ ਕਾਰਨ ਪੰਜਾਬ ਵਿੱਚ ਵੱਡੀ ਪੱਧਰ ਤੇ ਹੜ੍ਹ ਆਏ ਹਨ। ਕਈ ਸਾਡੇ ਸਾਥੀ ਕਹਿ ਰਹੇ ਸਨ ਕਿ ਪਾਣੀ ਘੱਟ ਛੱਡਿਆ ਗਿਆ, ਪਾਣੀ ਵੱਧ ਛੱਡਿਆ ਗਿਆ ਹੈ, ਉਸ ਕਾਰਨ ਹੜ੍ਹ ਆ ਗਏ ਲੇਕਿਨ ਮੈਂ ਉਨ੍ਹਾਂ ਸਾਥੀਆਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਫਿਰ ਇਹ 15-15 ਫੁੱਟ ਰੇਤ ਜਾਂ 10-10 ਫੁੱਟ ਰੇਤ ਕਿੱਥੋਂ ਆਈ ਹੈ? ਜੇਕਰ ਤੁਹਾਡੀ

ਗੱਲ ਮੰਨ ਲਈ ਤੇ ਚੰਦ ਨਦੀਆਂ ਦੀ ਡੀ-ਸਿਲਟਿੰਗ ਵੀ ਕਰ ਲਈਏ ਤਾਂ ਫਿਰ ਇੰਨੀ ਜ਼ਿਆਦਾ ਰੇਤ ਕਿਸਾਨਾਂ ਦੇ ਖੇਤਾਂ ਵਿੱਚ ਕਿਵੇਂ ਆ ਗਈ? ਅੱਜ ਜੇਕਰ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਇਹ ਫ਼ੈਸਲਾ ਕੀਤਾ ਹੈ ਕਿ "ਜਿਸ ਦਾ ਖੇਤ, ਉਸ ਦੀ ਰੇਤ" ਇਹ ਇਸ ਗੱਲ ਦੀ ਗਵਾਹੀ ਹੈ ਕਿ ਪੰਜਾਬ ਵਿੱਚ ਜਿਹੜੀ ਹੜ੍ਹਾਂ ਨਾਲ ਤਬਾਹੀ ਹੋਈ ਹੈ, ਉਸ ਦਾ ਸਿੱਧਾ ਕੁਨੈਕਸ਼ਨ ਪਹਾੜਾਂ ਨਾਲ ਹੈ, ਇਸ ਦਾ ਸਿੱਧਾ ਕੁਨੈਕਸ਼ਨ ਦਰਿਆਵਾਂ ਨਾਲ ਹੈ। ਪਾਣੀ ਪਹਾੜਾਂ ਤੋਂ ਦਰਿਆਵਾਂ ਰਾਹੀਂ ਹੁੰਦਾ ਹੋਇਆ ਪੰਜਾਬ ਵਿੱਚ ਆਇਆ ਅਤੇ ਉਸ ਨੇ ਪਾਕਿਸਤਾਨ ਤੱਕ ਮਾਰ ਕੀਤੀ ਹੈ। ਪਾਕਿਸਤਾਨ ਵਿੱਚ ਵੀ ਹੜ੍ਹਾਂ ਨੇ ਕਾਫੀ ਤਬਾਹੀ ਮਚਾਈ ਹੈ ਲੇਕਿਨ ਜੇ ਮੈਂ ਗੱਲ ਕਰਾਂ ਕਿ ਪੰਜਾਬ ਵਿੱਚ ਜਦੋਂ ਪ੍ਰਧਾਨ ਮੰਤਰੀ ਜੀ ਆਉਂਦੇ ਹਨ ਤਾਂ ਉਨ੍ਹਾਂ ਨੂੰ ਇਹ ਗੱਲ ਕਰਨ ਲਈ ਲੰਬਾ ਸਮਾਂ ਲੱਗਦਾ ਹੈ ਕਿ ਪੰਜਾਬ ਨਾਲ ਹਮਦਰਦੀ ਕਿਉਂ ਨਾ ਪ੍ਰਗਟ ਕੀਤੀ ਜਾਵੇ। ਸਪੀਕਰ ਸਾਹਿਬ, 9 ਸਤੰਬਰ ਨੂੰ, ਮਤਲਬ ਕਿ ਇੱਕ ਮਹੀਨੇ ਬਾਅਦ ਦੇਸ਼ ਦੇ ਪ੍ਰਧਾਨ ਮੰਤਰੀ ਪੰਜਾਬ ਵਿੱਚ ਆਉਂਦੇ ਹਨ ਅਤੇ ਫਿਰ ਵੀ ਆ ਕੇ ਪੰਜਾਬ ਦੇ ਲੋਕਾਂ ਦੇ ਦਰਦਾਂ ਵਿੱਚ ਹਿੱਸਾ ਪਾਉਣ ਦੀ ਬਜਾਏ ਕਹਿੰਦੇ ਹਨ ਕਿ ਮੈਂ 1600 ਕਰੋੜ ਰੁਪਏ ਦੀ ਰਾਸ਼ੀ ਦੇ ਕੇ ਚੱਲਿਆ ਹਾਂ। ਮੈਨੂੰ ਅਫ਼ਸੋਸ ਹੈ ਕਿ ਲਾਡੀ ਨਾਮ ਦਾ ਜਿਹੜਾ 9 ਸਾਲ ਦਾ ਬੱਚਾ ਮਾਰਿਆ ਗਿਆ, ਉਸ ਦੇ ਪਿਤਾ ਦਾ ਨਾਂ ਭਾਗ ਹੈ ਅਤੇ ਉਹ ਜ਼ਿਲ੍ਹਾ ਪਠਾਨਕੋਟ ਦੇ ਪਿੰਡ ਕੌਲੀਆਂ ਦਾ ਰਹਿਣ ਵਾਲਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਸਾਹਿਬ ਪਠਾਨਕੋਟ ਵਿੱਚ ਗਏ ਸੀ ਤੇ ਇਹ ਕਿੰਨਾ ਭਿਆਨਕ ਹਾਦਸਾ ਸੀ ਕਿ ਲਾਡੀ, ਲੱਛੂ, ਮੀਨੂੰ ਜਿਹੜੇ ਇੱਕੋ ਪਿਤਾ ਦੇ ਤਿੰਨ ਬੱਚੇ ਸਨ, ਉਹ ਹੜ੍ਹਾਂ ਵਿੱਚ ਰੁੜ੍ਹ ਗਏ, ਮਾਰੇ ਗਏ, ਉਨ੍ਹਾਂ ਦੇ ਪਸ਼ੂ ਤਬਾਹ ਹੋ ਗਏ ਕਿਉਂਕਿ ਉਹ ਗੁੱਜਰ ਬਰਾਦਰੀ ਤੋਂ ਸਬੰਧ ਰੱਖਦੇ ਸਨ, ਪਸ਼ੂਆਂ ਦਾ ਕੰਮ ਕਰਦੇ ਸੀ, ਜੇਕਰ ਦੇਸ਼ ਦੇ ਪ੍ਰਧਾਨ ਮੰਤਰੀ ਸਾਹਿਬ ਉਸ ਦੇ ਪਿਤਾ ਸ੍ਰੀ ਭਾਗ ਨੂੰ ਬੁਲਾ ਲੈਂਦੇ ਤੇ ਉਸ ਨੂੰ ਗਲ਼ ਨਾਲ ਲਗਾ ਲੈਂਦੇ ਤਾਂ ਸ਼ਾਇਦ ਉਸ ਦੇ ਅੱਥਰੂ ਪੂੰਝਣ ਦਾ ਕੰਮ ਦੇਸ਼ ਦੇ ਪ੍ਰਧਾਨ ਮੰਤਰੀ ਸਾਹਿਬ ਕਰ ਦਿੰਦੇ ਪਰ ਅਫ਼ਸੋਸ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸਾਹਿਬ ਨੇ ਇੱਕ ਵੀ ਸ਼ਬਦ ਉਸ ਭਾਗ ਦੇ ਪਰਿਵਾਰ ਲਈ ਜਾਂ ਉਸ ਕੇਸ਼ਵ ਲਈ ਨਹੀਂ ਬੋਲਿਆ, ਜਿਸ ਦੀ ਉਮਰ ਮਹਿਜ 12 ਸਾਲ ਸੀ। ਕੇਸ਼ਵ ਨਾਂ ਦਾ ਬੱਚਾ ਜੋ ਕਿ ਪਿੰਡ ਰਾਜਪੁਰਾ ਦਾ ਰਹਿਣ ਵਾਲਾ ਸੀ, 12 ਸਾਲ ਦੀ ਉਮਰ ਵਿੱਚ ਇਨ੍ਹਾਂ ਹੜ੍ਹਾਂ ਦਾ ਸ਼ਿਕਾਰ ਹੋ ਗਿਆ। ਸਾਹਿਲ ਬਹੁਤ ਛੋਟੀ ਉਮਰ ਦਾ 7 ਸਾਲ ਦਾ ਬੱਚਾ ਇਸ ਹੜ੍ਹ ਦਾ ਸ਼ਿਕਾਰ ਹੋ ਗਿਆ। ਮੈਂ ਛੋਟਾ ਜਿਹਾ ਅੰਕੜਾ ਇਸ ਲਈ ਪੇਸ਼ ਕਰ ਰਿਹਾ ਹਾਂ ਕਿਉਂਕਿ ਜਦੋਂ ਅਫਗਾਨਿਸਤਾਨ ਵਿੱਚ ਭੂਚਾਲ ਆਇਆ ਤਾਂ ਦੇਸ਼ ਦੇ ਪ੍ਰਧਾਨ ਮੰਤਰੀ ਸਾਹਿਬ ਨੇ ਹਮਦਰਦੀ ਵੀ ਪ੍ਰਗਟ ਕਰ ਦਿੱਤੀ ਔਰ ਨਾਲ ਦੀ ਨਾਲ ਹੀ ਰਲੀਫ ਪੈਕੇਜ ਵੀ ਭੇਜ ਦਿੱਤਾ ਸੀ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਅਫਗਾਨਿਸਤਾਨ ਦੀ ਤਾਲੀਬਾਨ ਸਰਕਾਰ ਨੂੰ ਚੰਦ ਘੰਟਿਆਂ ਵਿੱਚ ਮਦਦ ਵੀ ਪਹੁੰਚਾਉਂਦੀ ਹੈ ਤੇ ਹਮਦਰਦੀ ਵੀ ਪ੍ਰਗਟ ਕਰਦੀ ਹੈ।

ਜੇ ਸਾਲ 1961, 1962, 1965, 1971 ਦੀ ਗੱਲ ਕਰ ਲਈਏ ਤਾਂ ਪੰਜਾਬ ਉਹ ਸੂਬਾ ਹੈ, ਜਿਸ ਨੇ ਇਨ੍ਹਾਂ ਸਾਰੀਆਂ ਜੰਗਾਂ ਵਿੱਚ ਦੇਸ਼ ਦਾ ਸਾਥ ਹਿੱਕ ਠੋਕ ਕੇ ਦਿੱਤਾ ਸੀ। ਪੰਜਾਬ ਦੇ ਲੋਕਾਂ ਨੇ ਹਿੱਕ ਠੋਕ ਕੇ ਸਾਥ ਦਿੱਤਾ। ਮੇਰੇ ਆਪਣੇ ਪਿਤਾ ਸਰਦਾਰ ਮਿਹਰ ਸਿੰਘ, ਜੋ ਇਸ ਦੁਨੀਆ ਵਿੱਚ ਨਹੀਂ ਰਹੇ ਹਨ, ਉਨ੍ਹਾਂ ਨੇ 1962 ਦੀ ਜੰਗ ਵੀ ਲੜੀ ਅਤੇ 1971 ਦੀ ਜੰਗ ਵੀ ਲੜੀ। ਮੇਰੇ ਕਹਿਣ ਦਾ ਭਾਵ ਹੈ ਕਿ ਸਾਡੇ ਪੰਜਾਬ ਦੇ ਲੋਕਾਂ ਨੇ ਜੰਗਾਂ ਲੜੀਆਂ ਅਤੇ ਦੇਸ਼ ਨੂੰ ਪ੍ਰੋਟੈਕਟ ਵੀ ਕੀਤਾ ਪਰ ਅੱਜ ਜਦੋਂ ਪੰਜਾਬ ਨੂੰ ਲੋੜ ਸੀ ਤਾਂ ਮੈਂ ਸਮਝਦਾ ਹਾਂ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਪੰਜਾਬ ਨਾਲ ਧੋਖਾ ਕਮਾਇਆ, ਪੰਜਾਬ ਨਾਲ ਦਗਾ ਕਮਾਇਆ ਤੇ ਪੰਜਾਬ ਦੀ ਪਿੱਠ ਵਿੱਚ ਛੁਰਾ ਮਾਰਿਆ। ਪੁਰਾਣੀਆਂ ਗੱਲਾਂ ਨੂੰ ਛੱਡ ਦਿਓ, 1962 ਨੂੰ, 1965 ਨੂੰ, 1971 ਨੂੰ ਛੱਡ ਦਿਓ, ਭੁੱਲ ਜਾਓ ਤੇ ਹੁਣ ਮਈ, 2025 ਵਿੱਚ ਜਦੋਂ ਸਾਡੀ ਪਾਕਿਸਤਾਨ ਨਾਲ ਵੱਡੀ ਟੈਨਸ਼ਨ ਖੜ੍ਹੀ ਹੋਈ ਤਾਂ ਉਸ ਸਮੇਂ ਕਿਸ ਤਰ੍ਹਾਂ ਪਠਾਨਕੋਟ ਵਿੱਚ ਡਰੋਨ ਦਿਖਦੇ ਸੀ। ਮੈਨੂੰ ਯਾਦ ਹੈ, ਮੈਂ ਲਾਲ ਚੰਦ ਕਟਾਰੂਚੱਕ ਜੀ ਨੂੰ ਪੁੱਛਦਾ ਹੁੰਦਾ ਸੀ ਤਾਂ ਉਹ ਦੱਸਦੇ ਸੀ ਕਿ ਇੱਕ ਕਿਲੋਮੀਟਰ ਤੋਂ ਸਾਹਮਣੇ ਡਰੋਨ ਜਾਂਦਾ ਦਿਖ

ਰਿਹਾ ਹੈ। ਉਹ ਡਰੋਨ ਯੂ.ਪੀ., ਬਿਹਾਰ ਵਿੱਚ ਨਹੀਂ ਜਾ ਰਿਹਾ ਸੀ, ਉਹ ਕਿੱਥੇ ਆ ਰਿਹਾ ਸੀ? ਉਹ ਪਠਾਨਕੋਟ ਆ ਰਿਹਾ ਸੀ, ਉਹ ਫਿਰੋਜ਼ਪੁਰ ਦੇ ਪਿੰਡਾਂ ਵਿੱਚ ਆ ਰਿਹਾ ਸੀ, ਬਠਿੰਡਾ ਦੇ ਪਿੰਡਾਂ ਵਿੱਚ ਆ ਰਿਹਾ ਸੀ। ਯਾਨੀ ਕਿ ਛਾਤੀ ਤੇ ਗੋਲ਼ੀਆਂ ਖਾਣ ਲਈ ਪੰਜਾਬ ਹੈ ਤੇ ਜਦੋਂ ਪੰਜਾਬ ਤੇ ਆਫਤ ਆਈ ਤਾਂ ਦੇਸ਼ ਦੇ ਪ੍ਰਧਾਨ ਮੰਤਰੀ ਸਾਹਿਬ ਨੇ ਸਾਡੀ ਇੱਕ ਵੀ ਨਹੀਂ ਸੁਣੀ ਔਰ ਸਿਰਫ 1600 ਕਰੋੜ ਰੁਪਿਆ ਅਨਾਊਂਸ ਕਰਕੇ ਚਲੇ ਗਏ। ਬਹੁਤ ਸਾਰੇ ਸਾਥੀ ਸਵਾਲ ਉਠਾਉਂਦੇ ਹਨ ਤੇ ਕਈ ਮੇਰੇ ਤੋਂ ਬਾਅਦ ਵਿੱਚ ਵੀ ਉਠਾਉਣਗੇ ਕਿ 1600 ਕਰੋੜ ਰੁਪਏ ਵਿੱਚੋਂ ਕਿੰਨੇ ਪੈਸੇ ਆ ਗਏ। ਮੇਰੇ ਕੋਲ ਅੰਕੜਾ ਪਿਆ ਹੈ, ਇੱਕ ਵੀ ਪੈਸਾ, ਇੱਕ ਰੁਪਿਆ ਵੀ, not a single penny, ਹੁਣ ਤੱਕ ਪੰਜਾਬ ਦੇ ਖਜ਼ਾਨੇ ਵਿੱਚ ਉਸ 1600 ਕਰੋੜ ਰੁਪਏ ਵਿੱਚੋਂ ਨਹੀਂ ਆਈ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਮੈਂ ਦੇਖ ਰਿਹਾ ਹਾਂ ਕਿ ਮੇਰੇ ਸਾਥੀ ਪੁਆਇੰਟ ਲਿਖਣ ਲੱਗੇ ਹੋਏ ਹਨ ਕਿ ਅਸੀਂ ਬਾਅਦ ਵਿੱਚ ਜਵਾਬ ਦੇਵਾਂਗੇ। ਇਸ ਲਈ ਮੈਂ ਹੁਣੇ ਹੀ ਦੱਸ ਦਿੰਦਾ ਹਾਂ ਕਿਤੇ ਬਾਅਦ ਵਿੱਚ ਰੌਲ਼ਾ ਨਾ ਪੈ ਜਾਵੇ ਤੇ ਵਾਕ ਆਊਟ ਨਾ ਕਰਕੇ ਚਲੇ ਜਾਣ। ਇਹ 481 ਕਰੋੜ ਰੁਪਿਆ, ਤੁਸੀਂ ਲਿਖ ਲਓ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਕਿਉਂਕਿ ਤੁਸੀਂ ਭਾਰਤੀ ਜਨਤਾ ਪਾਰਟੀ ਨੂੰ ਪ੍ਰੋਟੈਕਟ ਕਰਨਾ ਹੈ, ਤੁਸੀਂ ਭਾਰਤੀ ਜਨਤਾ ਪਾਰਟੀ ਦੀ ਗੱਲ ਕਰਨੀ ਹੈ ਕਿਉਂਕਿ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਤਾਂ ਇੱਥੇ ਨਹੀਂ ਹਨ। ਭਾਰਤੀ ਜਨਤਾ ਪਾਰਟੀ ਦੇ ਮੈਂਬਰ ਤਾਂ ਇੱਥੇ ਨਹੀਂ ਹਨ, ਉਹ ਤਾਂ ਪਹਿਲਾਂ ਹੀ ਚਲੇ ਗਏ। ਮੈਨੂੰ ਪਤਾ ਹੈ ਕਿ ਕਾਂਗਰਸ ਪਾਰਟੀ ਨੇ ਬੀ.ਜੇ.ਪੀ. ਨੂੰ ਪ੍ਰੋਟੈਕਟ ਕਰਨਾ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਪਰਗਟ ਸਿੰਘ ਪੋਆਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਤੁਸੀਂ ਬੋਲਣਾ ਹੈ, ਸਰਦਾਰ ਪਰਗਟ ਸਿੰਘ ਜੀ, ਤੁਸੀਂ ਬਾਅਦ ਵਿੱਚ ਬੋਲਣਾ ਹੈ, Let him complete.

**ਵਿੱਤ ਮੰਤਰੀ** : ਇਸ ਲਈ ਹੁਣੇ ਹੀ ਲਿਖ ਲਓ ਕਿ ਜਿਹੜੇ 481 ਕਰੋੜ ਰੁਪਏ ਦੀ ਗੱਲ ਕਰਦੇ ਹਨ। ਜਦੋਂ 1 ਫਰਵਰੀ, 2025 ਨੂੰ ਦੇਸ਼ ਦਾ ਬਜਟ ਪੇਸ਼ ਹੋਇਆ ਤਾਂ ਉਸ ਵਿੱਚ ਡਿਜਾਸਟਰ ਮੈਨੇਜਮੈਂਟ ਦੇ ਕਿੰਨੇ ਪੈਸੇ ਰੱਖੇ ਗਏ? 481 ਕਰੋੜ ਰੁਪਏ ਰੱਖੇ ਜਾਂਦੇ ਹਨ, ਉਹ ਇਕੱਲੇ ਪੰਜਾਬ ਲਈ ਨਹੀਂ, ਮੈਂ ਸਾਥੀਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਪੈਸੇ ਪੂਰੇ ਦੇਸ਼ ਭਰ ਵਿੱਚ ਵੰਡੇ ਜਾਂਦੇ ਹਨ, ਉਹ ਹਿਮਾਚਲ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਦਿੱਲੀ ਅਤੇ ਪੰਜਾਬ ਨੂੰ ਵੀ ਮਿਲਦੇ ਹਨ। ਜੇਕਰ ਉਹ ਵਰਤ ਲਏ ਜਾਣ ਤਾਂ ਠੀਕ ਹੈ, ਨਹੀਂ ਤਾਂ ਉਸ ਤੇ ਸਾਨੂੰ ਵਿਆਜ ਦੇਣਾ ਪੈਂਦਾ ਹੈ। ਜਿਹੜਾ ਤੁਸੀਂ ਕਹਿੰਦੇ ਹੋ ਕਿ 12,000 ਕਰੋੜ ਰੁਪਿਆ ਪਿਆ ਹੈ, ਜੇ ਅਸੀਂ ਉਸ ਨੂੰ ਵਰਤਾਂਗੇ ਤਾਂ ਉਹ ਸਾਡੀ ਬੋਰੋਇੰਗ ਲਿਮਿਟ ਤੋਂ ਕੱਟਿਆ ਜਾਵੇਗਾ, ਉਹ ਮਾਈਨਸ ਹੋਵੇਗਾ। ਉਸ ਉੱਤੇ ਸਭ ਤੋਂ ਮਹਿੰਗਾ 8.15% ਵਿਆਜ ਦੇਣਾ ਪਵੇਗਾ। ਇਹ ਸੈਂਟਰ ਸਰਕਾਰ ਦੀਆਂ ਗੱਲਾਂ ਹਨ। ਜਿਹੜਾ ਮੈਨੂੰ ਲੱਗਦਾ ਹੈ ਕਿ ਸਾਡੇ ਕੁਝ ਸਾਥੀ ਟੀ.ਵੀ. ਤੇ ਦੇਖ ਕੇ ਜਾਂ ਅਖਬਾਰਾਂ ਵਿੱਚ ਪੜ੍ਹ ਕੇ ਉਨ੍ਹਾਂ ਫਿੱਗਰਾਂ ਨੂੰ ਕਦੇ ਨਾ ਕਦੇ ਬੋਲ ਦਿੰਦੇ ਹਨ, ਉਨ੍ਹਾਂ ਨੂੰ ਬਾਅਦ ਵਿੱਚ ਆਪਣੇ ਆਪ ਨੂੰ ਬਚਾਉਣਾ ਪੈਂਦਾ ਹੈ।

ਮੈਂ ਆਪਣੇ ਸਾਥੀਆਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਡਿਜਾਸਟਰ ਮੈਨੇਜਮੈਂਟ ਐਕਟ ਕਦੋਂ ਲਾਗੂ ਹੁੰਦਾ ਹੈ? ਮਾਣਯੋਗ ਸੀ.ਐਮ. ਸਾਹਿਬ, ਡਿਜਾਸਟਰ ਮੈਨੇਜਮੈਂਟ ਐਕਟ ਸਾਲ 2010 ਵਿੱਚ ਬਣਦਾ ਹੈ ਔਰ ਸਾਡੇ ਸਾਥੀ ਪਿਛਲੇ 30 ਸਾਲਾਂ ਦਾ ਹਿਸਾਬ ਕਿਤਾਬ ਲਗਾਈ ਜਾਂਦੇ ਹਨ। ਮੈਨੂੰ ਲੱਗਦਾ ਹੈ ਕਿ ਤੁਸੀਂ ਭੁੱਲ ਗਏ ਹੋ, 30 ਸਾਲਾਂ ਵਿੱਚ ਤੁਹਾਡੀ ਸਰਕਾਰ ਕਿੰਨੀ ਵਾਰੀ ਰਹੀ ਹੈ? ਤੁਸੀਂ ਲੈ ਕੇ ਆਏ ਹੋਣੇ, ਤੁਹਾਡੇ ਬਹੁਤ ਸਾਰੇ ਸਾਥੀ ਸਾਬਕਾ ਕੈਬਨਿਟ ਮੰਤਰੀ ਬੈਠੇ ਹਨ, ਤੁਸੀਂ

ਕੈਲਕੂਲੇਟ ਕੀਤਾ ਹੋਵੇਗਾ, ਤੁਸੀਂ ਉਨ੍ਹਾਂ ਕੈਬਨਿਟਾਂ ਦੇ ਹਿੱਸਾ ਰਹੇ ਹੋਣੇ ਜਿਨ੍ਹਾਂ ਨੇ ਉਹ ਪੈਸੇ ਖਰਚੇ ਹਨ। ਉਨ੍ਹਾਂ ਕੈਬਨਿਟਾਂ ਵਿੱਚ ਬੈਠ ਕੇ ਤੁਸੀਂ ਪਾਸ ਕੀਤਾ ਹੋਵੇਗਾ, ਇਹ ਪੈਸਾ ਕਿੱਥੇ ਲੱਗਣਾ ਹੈ, ਸ਼ਾਇਦ ਭੁੱਲ ਗਏ ਹੋਣੇ। ਕੋਵਿਡ ਕਦੋਂ ਆਇਆ ਸੀ? ਕੋਵਿਡ ਸਮੇਂ ਕਿਸ ਦੀ ਸਰਕਾਰ ਸੀ? ਕੋਵਿਡ ਸਮੇਂ ਪੰਜਾਬ ਵਿੱਚ ਸਰਕਾਰ ਕਿਸ ਦੀ ਸੀ? ਪੰਜਾਬ ਜਾਣਦਾ ਹੈ ਕਿ ਉਸ ਸਮੇਂ ਕਾਂਗਰਸ ਪਾਰਟੀ ਦੀ ਸਰਕਾਰ ਸੀ। ਡਿਜਾਸਟਰ ਮੈਨੇਜਮੈਂਟ ਐਕਟ ਦੇ ਫੰਡ ਵਿੱਚੋਂ ਕਿੰਨੇ ਪੈਸੇ ਖਰਚੇ ਸਨ? ਇਹ ਤਾਂ ਪੜ੍ਹ ਕੇ ਆ ਜਾਂਦੇ, ਇਹ ਤਾਂ ਦੇਖ ਕੇ ਆ ਜਾਂਦੇ। ਸਿੱਧਾ ਹੀ ਕਹਿ ਦਿੱਤਾ ਕਿ ਸਰਕਾਰ ਨੂੰ ਕ੍ਰਿਟੀਸਿਜ਼ਮ ਕਰਨਾ ਹੈ, ਭਗਵੰਤ ਮਾਨ ਨੂੰ ਘੇਰਨਾ ਹੈ, ਉਸ ਦੇ ਖਿਲਾਫ ਕੁਝ ਬੋਲਣਾ ਹੈ, ਕੋਈ ਨਾ ਕੋਈ ਮੁੱਦਾ ਕੱਢ ਲਿਆਈਏ। ਜਿਹੜਾ ਛਪ ਗਿਆ, ਉਹੀ ਬੋਲ ਦਿਓ। ਮੈਂ ਹਾਊਸ ਦੇ ਸਾਹਮਣੇ ਇਹ ਗੱਲ ਰੱਖਣਾ ਚਾਹੁੰਦਾ ਹਾਂ ਕਿ ਸਾਲ 2017 ਤੋਂ ਲੈ ਕੇ 2022 ਤੱਕ 2061 ਕਰੋੜ ਰੁਪਏ ਸੈਂਟਰ ਵੱਲੋਂ ਡਿਜਾਸਟਰ ਮੈਨੇਜਮੈਂਟ ਐਕਟ ਤਹਿਤ ਆਏ ਸਨ ਜਿਸ ਵਿੱਚੋਂ 1678 ਕਰੋੜ ਰੁਪਏ ਤੁਹਾਡੇ ਵੱਲੋਂ ਖਰਚਿਆ ਗਿਆ ਹੈ। ਅਸੀਂ ਮੰਨਦੇ ਹਾਂ ਕਿ ਸਾਡੇ ਸਮੇਂ ਵੀ ਪੈਸੇ ਆਏ ਹਨ, 1582 ਕਰੋੜ ਰੁਪਏ ਆਏ ਹਨ ਜਿਸ ਵਿੱਚੋਂ ਅਸੀਂ 649 ਕਰੋੜ ਰੁਪਏ ਖਰਚੇ ਹਨ। ਇਹ ਕੇਂਦਰ ਸਰਕਾਰ ਦੀ ਕੰਟਰੀਬਿਊਸ਼ਨ ਹੈ ਔਰ ਜਿਹੜਾ ਤੁਸੀਂ ਵਿਆਜ ਦਰ ਵਿਆਜ ਲਗਾ ਕੇ ਗੱਲ ਕਰ ਰਹੇ ਹੋ, ਮੈਂ ਸਮਝਦਾ ਹਾਂ ਕਿ ਉਹ ਪੰਜਾਬ ਵਿਰੋਧੀ ਰੋਲ ਨਿਭਾਉਣ ਦਾ ਕੰਮ ਕਰ ਰਹੇ ਹੋ। ਮਾਣਯੋਗ ਸੀ.ਐਮ. ਸਾਹਿਬ, ਜੇ ਪੈਸੇ ਖਰਚੇ ਨਾ ਜਾਣ, ਸਾਨੂੰ ਉਨ੍ਹਾਂ ਤੇ ਵਿਆਜ ਦੇਣਾ ਪੈਂਦਾ ਹੈ। ਉਨ੍ਹਾਂ ਨੂੰ ਨੈਗੇਟਿਵ ਵਿੱਚ ਲਿਖ ਲੈਂਦੇ ਹਨ, ਉਹ ਸਾਡੀ ਬੋਰੋਇੰਗ ਲਿਮਿਟ ਤੋਂ ਕੱਟ ਲੈਂਦੇ ਹਨ ਪਰ ਅਫਸੋਸ ਅਸੀਂ ਇੱਕ ਪਲੇਟਫਾਰਮ ਤੇ ਖੜ੍ਹਨ ਦੀ ਬਜਾਏ, ਪੰਜਾਬ ਦਾ ਕ੍ਰਿਟੀਸਿਜ਼ਮ ਕਰਨ ਲੱਗ ਗਏ ਕਿ 12,000 ਕਰੋੜ ਰੁਪਏ ਲੈ ਗਏ, ਕੌਣ ਲੁੱਟ ਕੇ ਲੈ ਗਿਆ? ਮੈਂ ਕਾਂਗਰਸ ਦੇ ਸਾਥੀਆਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਦੱਸ ਸਕਦੇ ਹੋ ਕਿ ਜਿਹੜੇ ਪੈਸੇ ਤੁਹਾਡੇ ਸਮੇਂ ਵਿੱਚ ਖਰਚ ਹੋਏ ਹਨ, ਉਹ ਕਿੱਥੇ ਖਰਚ ਹੋਏ ਹਨ? ਇਸ ਹਾਊਸ ਵਿੱਚ ਕਾਂਗਰਸ ਪਾਰਟੀ ਦੇ ਤਿੰਨ-ਚਾਰ ਮੈਂਬਰ ਹਨ ਜਿਹੜੇ ਉਸ ਕੈਬਨਿਟ ਦਾ ਹਿੱਸਾ ਸਨ, ਮਾਣਯੋਗ ਕੈਪਟਨ ਸਾਹਿਬ ਦਾ ਵੀ ਹਿੱਸਾ ਸਨ, ਚੰਨੀ ਸਾਹਿਬ ਦਾ ਵੀ ਹਿੱਸਾ ਸਨ। ਕੀ ਤੁਸੀਂ ਕੈਬਨਿਟ ਵਿੱਚ ਜਾ ਕੇ ਬੈਠ ਕੇ ਸਿਰਫ ਦਸਤਖਤ ਕਰਕੇ ਆ ਜਾਂਦੇ ਸੀ? ਕੀ ਤੁਸੀਂ ਕੈਬਨਿਟ ਦੇ ਫੈਸਲਿਆਂ ਨੂੰ ਫਾਲੋ ਨਹੀਂ ਕਰਦੇ ਸੀ? ਕੀ ਤੁਸੀਂ ਉਨ੍ਹਾਂ ਕੈਬਨਿਟਾਂ ਵਿੱਚ ਏਜੰਡੇ ਪੜ੍ਹ ਕੇ ਨਹੀਂ ਜਾਂਦੇ ਸੀ? ਕੀ ਤੁਸੀਂ ਉੱਥੇ ਸਿਰਫ ਹਾਜ਼ਰੀ ਲਗਾਉਣ ਜਾਂਦੇ ਸੀ? ਵਾਰ ਵਾਰ ਕਹਿੰਦੇ ਹੋ ਕਿ 12,000 ਕਰੋੜ ਰੁਪਿਆ, 12,000 ਕਰੋੜ ਰੁਪਿਆ, ਭਾਈ ਪਹਿਲਾਂ ਪੜ੍ਹ ਕੇ ਤਾਂ ਆ ਜਾਂਦੇ। ਤੁਸੀਂ ਸਤਿਕਾਰਯੋਗ ਹੋ। ਮਾਨ ਸਾਹਿਬ, ਅਸੀਂ ਤਾਂ ਟਾਟਾਂ ਵਾਲੇ ਸਕੂਲ ਵਿੱਚ ਪੜ੍ਹੇ ਹਾਂ, ਗਰੀਬ ਘਰਾਂ ਤੋਂ ਉੱਠ ਕੇ ਆਏ ਹਾਂ, ਗਰੀਬ ਪਰਿਵਾਰਾਂ ਵਿੱਚੋਂ ਉੱਠ ਕੇ ਆਏ ਹਾਂ। ਇਹ ਤਾਂ ਬੜੇ-ਬੜੇ ਕਾਨਵੈਂਟ ਸਕੂਲਾਂ ਤੋਂ ਪੜ੍ਹ ਕੇ ਆਏ ਹਨ, ਜਿੱਥੇ ਇਕਨਾਮਿਕਸ ਸਿਖਾਈ ਜਾਂਦੀ ਹੈ, ਜਿੱਥੇ ਪੈਸਿਆਂ ਦਾ ਅਦਾਨ-ਪ੍ਰਦਾਨ ਹੁੰਦਾ ਹੈ। ਸਾਨੂੰ ਤਾਂ ਸਾਡੇ ਘਰਦੇ ਕਦੇ ਇੱਕ ਰੁਪਿਆ ਜਾਂ ਕਦੇ ਦੋ ਰੁਪਿਆ ਦਿੰਦੇ ਸੀ, ਤੁਹਾਡੇ ਤਾਂ ਉਸ ਸਮੇਂ ਬੈਂਕਾਂ ਵਿੱਚ ਖਾਤੇ ਹੁੰਦੇ ਸੀ। ਜਿੱਥੇ ਤੁਹਾਡਾ ਸਕੂਲ ਹੁੰਦਾ ਸੀ, ਉੱਥੇ ਪੈਸੇ ਕਢਵਾ ਕੇ ਵਰਤਦੇ ਸੀ। ਅਸੀਂ ਤਾਂ ਉਹ ਗਰੀਬ ਲੋਕ ਹਾਂ ਕਿ ਜਦੋਂ ਪੜ੍ਹਦੇ ਸੀ ਤਾਂ ਸਾਡੇ ਮਾਂ ਬਾਪ ਇੱਕ ਅੱਧੀ ਪੈਂਟ ਕਮੀਜ਼, ਇੱਕ ਅੱਧਾ ਕੁੜਤਾ ਪਜਾਮਾ ਸੰਵਾ ਦਿੰਦੇ ਸੀ, ਅਸੀਂ ਉਸ ਨਾਲ ਸਾਰਾ ਸਾਲ ਗੁਜ਼ਾਰਾ ਕਰਦੇ ਸੀ। ਮੇਰੇ ਕਹਿਣ ਤੋਂ ਭਾਵ ਹੈ ਕਿ ਅਰਥ ਸ਼ਾਸਤਰ ਦੀ ਸਮਝ, ਇਕਾਨਮੀ ਦੀ ਸਮਝ ਤੁਹਾਨੂੰ ਜ਼ਿਆਦਾ ਹੋਣੀ ਚਾਹੀਦੀ ਹੈ ਪਰ ਅਫਸੋਸ ਹੈ ਕਿ ਤੁਸੀਂ ਸਿਰਫ ਗੱਲਾਂ ਹੀ ਕਰਦੇ ਹੋ। ਕਦੇ ਕਹਿੰਦੇ ਹੋ ਕਿ ਸ਼ੇਰ ਸਿੰਘ ਨੂੰ ਹਟਾ ਦਿਓ ਔਰ ਸ਼ੇਰ ਸਿੰਘ ਤੇ ਕਾਰਵਾਈ ਕਰ ਦਿਓ। ਕੀ ਗੱਲ ਤੁਹਾਨੂੰ ਪੰਜਾਬ ਵਿੱਚ ਦਲਿਤ ਲੋਕ ਚੰਗੇ ਨਹੀਂ ਲੱਗਦੇ ਹਨ? ਕੀ ਤੁਹਾਨੂੰ ਗਰੀਬ ਲੋਕ ਨੌਕਰੀਆਂ ਤੇ ਲੱਗੇ ਚੰਗੇ ਨਹੀਂ ਲੱਗਦੇ ਹਨ? ਤੁਸੀਂ ਉਸ ਬੰਦੇ ਨੂੰ ਬਾਇਨੇਮ ਕਹਿ ਰਹੇ ਹੋ ਕਿ ਉਸ ਦੇ ਖਿਲਾਫ ਕਾਰਵਾਈ ਕਰੋ। ਪਹਿਲਾਂ ਥੋੜ੍ਹਾ-ਬਹੁਤਾ ਸਰਦਾਰ ਜੀ (ਵਿਰੋਧੀ ਧਿਰ ਦੇ ਨੇਤਾ ਵੱਲ ਇਸ਼ਾਰਾ ਕਰਦੇ ਹੋਏ) ਪੜ੍ਹ ਲਿਆ ਕਰੋ, ਉਸ ਤੋਂ ਬਾਅਦ ਗੱਲ ਕਰ ਲਿਆ ਕਰੋ। ਮੇਰੇ ਕਹਿਣ ਦਾ ਭਾਵ ਹੈ ਕਿ ਤੁਸੀਂ ਹਮੇਸ਼ਾ ਪੰਜਾਬ ਨੂੰ

ਗੁੰਮਰਾਹ ਕਰਨ ਦੀ ਗੱਲ ਕੀਤੀ ਹੈ। ਮੈਂ ਸਮਝਦਾ ਹਾਂ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਹੀ ਲਾਸ਼ਾਂ ਉੱਤੇ ਰਾਜਨੀਤੀ ਕਰਨ ਦਾ ਯਤਨ ਕੀਤਾ ਹੈ। ਹੁਣੇ ਕਾਂਗਰਸ ਪਾਰਟੀ ਦੇ ਬੁਲਾਰੇ ਬੋਲ ਰਹੇ ਸਨ। ਸੀ.ਐਮ. ਸਾਹਿਬ ਤੁਸੀਂ ਸ਼ਾਇਦ ਚਲੇ ਗਏ ਸੀ। ਉਹ ਕਹਿ ਰਹੇ ਸਨ ਕਿ ਜਿਹੜਾ ਰੰਗਲਾ ਪੰਜਾਬ ਦਾ ਫੰਡ, ਚੜ੍ਹਦੀਕਲਾ ਦਾ ਫੰਡ ਮਾਣਯੋਗ ਸੀ.ਐਮ. ਸਾਹਿਬ ਨੇ ਬਣਾਇਆ ਹੈ, ਮੈਂ ਦੇਸ਼ ਭਰ ਦੇ ਲੋਕਾਂ ਨੂੰ ਬੇਨਤੀ ਕਰਾਂਗਾ, ਐਨ.ਆਰ.ਆਈਜ਼ ਭਰਾਵਾਂ ਨੂੰ ਬੇਨਤੀ ਕਰਾਂਗਾ ਕਿ ਉਸ ਫੰਡ ਵਿੱਚ ਪੈਸੇ ਨਾ ਦਿੱਤੇ ਜਾਣ, ਇਹ ਬੇਨਤੀ ਕਿਸ ਵੱਲੋਂ ਹੋਈ ਸੀ? ਅੱਜ ਸਾਰਾ ਹਾਊਸ ਸੁਣ ਰਿਹਾ ਹੈ। ਇਹ ਬੇਨਤੀ ਕਾਂਗਰਸ ਪਾਰਟੀ ਵੱਲੋਂ ਕੀਤੀ ਗਈ ਸੀ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਇਸ ਤੋਂ ਪਤਾ ਲੱਗਦਾ ਹੈ ਕਿ ਕਾਂਗਰਸ ਪਾਰਟੀ ਪੰਜਾਬ ਵਿਰੋਧੀ ਹੈ। ਕਾਂਗਰਸ ਪਾਰਟੀ ਲਾਸ਼ਾਂ ਉੱਤੇ ਰਾਜਨੀਤੀ ਕਰਨ ਵਿੱਚ ਮਾਹਿਰ ਹੈ। ਚਾਹੇ 1984 ਦੀ ਗੱਲ ਕਰ ਲਈਏ। ਸਪੀਕਰ ਸਾਹਿਬ, ਅੱਜ ਤਾਂ ਬੋਲਣਾ ਹੀ ਪਵੇਗਾ। ਸਪੀਕਰ ਸਾਹਿਬ, 1984 ਵਿੱਚ ਪੰਜਾਬ ਦੇ ਲੋਕਾਂ ਦੇ ਗਲ਼ਾਂ ਵਿੱਚ ਟਾਇਰ ਪਾ ਕੇ ਸਾੜੇ ਗਏ ਸਨ। ਉਸ ਸਮੇਂ ਕਾਂਗਰਸ ਪਾਰਟੀ ਨੇ ਰਾਜਨੀਤੀ ਕੀਤੀ ਅਤੇ 1988 ਵਿੱਚ ਹੜ੍ਹ ਆਏ ਤਾਂ ਉਸ ਸਮੇਂ ਵੀ ਕਾਂਗਰਸ ਪਾਰਟੀ ਨੇ ਰਾਜਨੀਤੀ ਕੀਤੀ ਔਰ ਅੱਜ ਪੰਜਾਬ ਵਿੱਚ ਹੜ੍ਹ ਆਏ ਹਨ ਤਾਂ ਫਿਰ ਕਾਂਗਰਸ ਪਾਰਟੀ ਲਾਸ਼ਾਂ ਉੱਤੇ ਰਾਜਨੀਤੀ ਕਰ ਰਹੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਬਾਜਵਾ ਸਾਹਿਬ, ਪਹਿਲਾਂ ਐਫ.ਐਮ. ਸਾਹਿਬ ਨੂੰ ਕੰਪਲੀਟ ਕਰ ਲੈਣ ਦਿਓ, ਉਸ ਤੋਂ ਬਾਅਦ ਤੁਸੀਂ ਬੋਲ ਲੈਣਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ।

**ਮਾਣਯੋਗ ਸਪੀਕਰ:** ਮੇਰਾ ਖਿਆਲ ਹੈ ਕਿ ਬਾਜਵਾ ਸਾਹਿਬ, ਪਹਿਲਾਂ ਮੰਤਰੀ ਜੀ ਨੂੰ ਕੰਪਲੀਟ ਕਰ ਲੈਣ ਦਿਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਇਹ ਹਾਊਸ ਨੂੰ ਮਿਸਲੀਡ ਕਰ ਰਹੇ ਹਨ।

**ਮਾਣਯੋਗ ਸਪੀਕਰ:** ਬਾਜਵਾ ਜੀ, ਪਹਿਲਾਂ ਇਨ੍ਹਾਂ ਨੂੰ ਕੰਪਲੀਟ ਕਰ ਲੈਣ ਦਿਓ।

**ਵਿੱਤ ਮੰਤਰੀ:** ਸਰ, ਇਹ ਆਨ ਰਿਕਾਰਡ ਹੈ। ਸਾਰੇ ਮੀਡੀਆ ਦੇ ਸਾਥੀ ਬੈਠੇ ਹਨ। ਦੋ-ਤਿੰਨ ਫਲੋਰਾਂ ਭਰੀਆਂ ਪਈਆਂ ਹਨ। ਸਾਰੇ ਮੀਡੀਆ ਨੇ ਦੇਖਿਆ ਕਿ ਲੀਡਰ ਆਫ ਦਿ ਆਪੋਜ਼ੀਸ਼ਨ ਕਿਸ ਤਰ੍ਹਾਂ ਦੇਸ਼ ਭਰ ਦੇ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਪੰਜਾਬ ਦੇ ਅੰਦਰ ਸੀ.ਐਮ. ਸਾਹਿਬ ਵੱਲੋਂ ਬਣਾਏ ਗਏ ਚੜ੍ਹਦੀਕਲਾ ਫੰਡ ਵਿੱਚ ਇੱਕ ਵੀ ਪੈਸਾ ਨਾ ਦਿੱਤਾ ਜਾਵੇ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਪੰਜਾਬ ਦੇ ਲੋਕਾਂ ਦੀ ਮਦਦ ਨਾ ਕੀਤੀ ਜਾਵੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਇਹ ਟੋਟਲੀ ਇਨਕੁਰੈਕਟ ਬੋਲ ਰਹੇ ਹਨ।

**ਮਾਣਯੋਗ ਸਪੀਕਰ:** ਬਾਜਵਾ ਜੀ, ਇਨ੍ਹਾਂ ਨੂੰ ਕੰਪਲੀਟ ਕਰ ਲੈਣ ਦਿਓ। ਤੁਸੀਂ ਬੈਠੋ। ਪਹਿਲਾਂ ਇਨ੍ਹਾਂ ਨੂੰ ਕੰਪਲੀਟ ਕਰ ਲੈਣ ਦਿਓ, ਤੁਸੀਂ ਬਾਅਦ ਵਿੱਚ ਕਲੈਰੀਫਾਈ ਕਰ ਦਿਓ।

**ਵਿੱਤ ਮੰਤਰੀ:** ਸਰ, ਇਹ ਹੜ੍ਹ ਪੀੜਤਾਂ ਦੀ ਮਦਦ ਨਹੀਂ ਕਰਨਾ ਚਾਹੁੰਦੇ ਹਨ। ਮੈਂ ਤਾਂ ਹੈਰਾਨ ਹਾਂ। ਜਦੋਂ ਇਹ ਸਾਥੀ ਮੌਕੇ ਉੱਤੇ ਗਏ ਤਾਂ ਇੱਕ ਘੜੁੱਕਾ ਜਿਹਾ ਬਣਾ ਲਿਆ, ਮੈਨੂੰ ਤਾਂ ਉਸ ਦਾ ਨਾਂ ਵੀ ਨਹੀਂ ਪਤਾ ਹੈ ਕਿਉਂਕਿ ਇਹ ਜਹਾਜ਼ਾਂ ਵਿੱਚ ਸਰਵੇ ਕਰਨ ਦੇ ਮਾਹਿਰ ਸਨ। ਪਿਛਲੀਆਂ ਸਰਕਾਰਾਂ ਸਮੇਂ ਜਹਾਜ਼ਾਂ ਵਿੱਚ ਮਾਈਨਿੰਗ ਚੈੱਕ ਕਰਦੇ ਸਨ। ਜਹਾਜ਼ਾਂ ਵਿੱਚ ਜਾ ਕੇ ਸਰਵੇ ਕਰਦੇ ਸਨ, ਫਿਰ ਹੁਣ ਦੇਖਿਆ ਕਿ ਇੱਕ ਘੜੁੱਕਾ ਜਿਹਾ ਬਣਾ ਲਵੋ, ਕਿਤੇ ਪਾਣੀ ਵਿੱਚ ਪੈਰ ਨਾ ਗੰਦੇ ਹੋ ਜਾਣ, ਉਹ ਘੜੁੱਕੇ ਵਿੱਚ ਬੈਠ ਕੇ ਚਲੇ ਗਏ। ਜਦੋਂ ਇਨ੍ਹਾਂ ਦਾ ਇੱਕ ਸਾਥੀ, ਜਿਹੜਾ ਚੁਣਿਆ ਹੋਇਆ ਨੁਮਾਇੰਦਾ ਹੈ (ਅਜ਼ਾਦ ਮੈਂਬਰ,ਰਾਣਾ ਇੰਦਰ ਪ੍ਰਤਾਪ ਸਿੰਘ ਵੱਲ ਇਸ਼ਾਰਾ), ਉਸ ਨੇ ਕਿਹਾ ਕਿ ਮੈਨੂੰ ਵੀ ਬਿਠਾ ਲਵੋ, ਕਹਿੰਦੇ ਪਿੱਛੇ ਹੱਟ ਕਾਕਾ, ਫੋਟੋ ਆਉਣ ਦੇ, ਫੋਟੋ ਤੇਰੀ ਨਹੀਂ ਆਉਣੀ ਚਾਹੀਦੀ, ਫੋਟੋ ਮੇਰੀ ਆਉਣੀ ਚਾਹੀਦੀ ਹੈ।

(ਇਸ ਸਮੇਂ ਅਜ਼ਾਦ ਮੈਂਬਰ, ਰਾਣਾ ਇੰਦਰ ਪ੍ਰਤਾਪ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਵਿੱਤ ਮੰਤਰੀ:** ਇਹ ਫੋਟੋ ਸ਼ੂਟ ਕਰਵਾਉਣ ਲਈ ਗਏ ਸਨ। ਇੱਥੋਂ ਸ਼ੋਅ ਹੁੰਦਾ ਹੈ ਕਿ ਕਾਂਗਰਸ ਪਾਰਟੀ ਫੋਟੋ ਸ਼ੂਟ ਕਰਵਾਉਣ ਦੀ ਆਦੀ ਹੈ ਅਤੇ ਇਹ ਲੋਕਾਂ ਦੇ ਦੁੱਖਾਂ-ਦਰਦਾਂ ਵਿੱਚ ਹਿੱਸਾ ਪਾਉਣ ਦੀ ਆਦੀ ਨਹੀਂ ਹੈ। ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ 31 ਅਗਸਤ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਸਮਾਂ ਰਹਿੰਦੇ ਇੱਕ ਲੈਟਰ ਲਿਖਿਆ ਕਿ ਪੰਜਾਬ ਦਾ 20,000 ਕਰੋੜ ਰੁਪਏ ਦਾ ਨੁਕਸਾਨ ਹੋ ਗਿਆ ਹੈ। ਪੰਜਾਬ ਦੇ ਜਿਹੜੇ ਐਸ.ਡੀ.ਆਰ.ਐਫ. ਦੇ ਨਾਰਮਜ਼ ਹਨ, ਜਿਹੜੀਆਂ ਉਸ ਦੀਆਂ ਸ਼ਰਤਾਂ ਹਨ, ਉਹ ਨਰਮ ਕੀਤੀਆਂ ਜਾਣ।

---

## EXTENSION OF TIME OF THE SITTING OF THE HOUSE

**ਮਾਣਯੋਗ ਸਪੀਕਰ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦੀ ਕਾਰਵਾਈ ਦਾ ਸਮਾਂ ਅੱਜ ਦੀ ਕਾਰਜ ਸੂਚੀ ਵਿੱਚ ਦਰਜ ਆਈਟਮਾਂ ਦੇ ਖਤਮ ਹੋਣ ਤੱਕ ਵਧਾ ਲਿਆ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ:** ਸਦਨ ਦਾ ਸਮਾਂ ਅੱਜ ਦੀ ਕਾਰਜ ਸੂਚੀ ਵਿੱਚ ਦਰਜ ਆਈਟਮਾਂ ਦੇ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ।

---

## OFFICIAL RESOLUTION REGARDING CONDEMNING UNION GOVERNMENT ON THE INSUFFICIENT, BELATED AND UNDISBURSED FLOOD RELIEF PACKAGE OF RS. 1600 CRORES AND ITS IMMEDIATE AND FULL TRANSFER IN WAKE OF PUNJAB'S WORST DELUGE SINCE 1988 AND URGING THE UNION GOVERNMENT TO SANCTION A SUBSTANTIALLY ENHANCED PACKAGE OF NOT LESS THAN RS. 20,000 CRORES FOR THE REHABILITATION OF THE STATE OF PUNJAB *(Resumption)*

**ਵਿੱਤ ਮੰਤਰੀ:** ਮੇਰੇ ਕਹਿਣ ਦਾ ਭਾਵ ਹੈ ਕਿ ਕਾਂਗਰਸ ਪਾਰਟੀ ਦਾ ਲੋਕ ਵਿਰੋਧੀ ਚਿਹਰਾ, ਪੰਜਾਬ ਵਿਰੋਧੀ ਚਿਹਰਾ ਔਰ ਲਾਸ਼ਾਂ ਤੇ ਰਾਜਨੀਤੀ ਕਰਨ ਵਾਲਾ ਚਿਹਰਾ ਪੰਜਾਬ ਦੇ ਲੋਕਾਂ ਦੇ ਸਾਹਮਣੇ ਨੰਗਾ ਹੋ ਗਿਆ ਹੈ। ਪੰਜਾਬ ਦੇ ਲੋਕਾਂ ਨੂੰ ਇਨ੍ਹਾਂ ਦਾ ਪਤਾ ਲੱਗ ਗਿਆ ਹੈ। ਦੂਜੇ ਪਾਸੇ, ਸਾਡੇ ਸਾਥੀ ਸ੍ਰੀ ਬਰਿੰਦਰ ਕੁਮਾਰ ਗੋਇਲ ਜੀ ਨੇ ਸੀ.ਐਮ. ਸਾਹਿਬ ਦੇ ਬਿਹਾਫ ਉੱਤੇ ਰੈਜ਼ੋਲਿਊਸ਼ਨ ਕੇਂਦਰ ਸਰਕਾਰ ਦੇ ਖਿਲਾਫ ਪੜ੍ਹਿਆ ਹੈ। ਇਹ ਰੈਜ਼ੋਲਿਊਸ਼ਨ ਭਾਰਤੀ ਜਨਤਾ ਪਾਰਟੀ ਦੇ ਖਿਲਾਫ ਪੜ੍ਹਿਆ ਹੈ। ਮੈਂ ਜਿਹੜੇ ਲੈਟਰ ਦੀ ਗੱਲ ਪਹਿਲਾਂ ਦੱਸ ਰਿਹਾ ਸੀ, ਉਸ ਲੈਟਰ ਦੀ ਤਾਈਦ ਕਾਂਗਰਸ ਪਾਰਟੀ ਦੇ ਪ੍ਰਧਾਨ ਨੇ ਵੀ ਕੀਤੀ ਹੈ। ਜਦੋਂ ਉਹ ਪੰਜਾਬ ਆਏ ਸਨ ਤਾਂ ਉਨ੍ਹਾਂ ਨੇ ਸੀ.ਐਮ. ਸਾਹਿਬ ਵੱਲੋਂ ਪ੍ਰਧਾਨ ਮੰਤਰੀ ਨੂੰ ਭੇਜੇ ਗਏ ਲੈਟਰ ਦੀ ਤਾਈਦ ਕੀਤੀ ਅਤੇ ਕਿਹਾ ਕਿ ਮੈਂ ਵੀ ਪ੍ਰਧਾਨ ਮੰਤਰੀ ਨੂੰ ਲੈਟਰ ਲਿਖਾਂਗਾ ਕਿ ਪੰਜਾਬ ਨੂੰ 20,000 ਕਰੋੜ ਰੁਪਿਆ ਦਿੱਤਾ ਜਾਵੇ ਪਰ ਅੱਜ ਅਫਸੋਸ ਹੈ ਕਿ ਕਾਂਗਰਸ ਪਾਰਟੀ ਇਸ ਗੱਲ ਦਾ ਵਿਰੋਧ ਕਰ ਰਹੀ ਹੈ। ਮੈਂ ਪੰਜਾਬ ਦੇ ਲੋਕਾਂ ਨੂੰ ਇਸ ਹਾਊਸ ਰਾਹੀਂ ਇਹ ਗੱਲ ਸਪੱਸ਼ਟ ਕਰਦਾ ਹਾਂ ਕਿ ਹੁਣ ਤੱਕ ਜਿਹੜਾ 1600 ਕਰੋੜ ਰੁਪਿਆ ਭਾਰਤੀ ਜਨਤਾ ਪਾਰਟੀ ਵੱਲੋਂ, ਕੇਂਦਰ ਸਰਕਾਰ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਜੀ ਵੱਲੋਂ ਅਨਾਊਂਸ ਕੀਤਾ ਗਿਆ ਸੀ, ਮੈਂ ਇਸ ਫਲੋਰ ਤੇ ਕਹਿੰਦਾ ਹਾਂ ਕਿ ਉਸ ਵਿੱਚੋਂ ਇੱਕ ਪੈਸਾ ਵੀ ਨਹੀਂ ਆਇਆ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਜਿਹੜੇ ਪੈਸੇ ਆਏ ਹਨ, ਮੈਂ ਉਸ ਬਾਰੇ ਕੁਰੈਕਟ ਕਰ ਦਿੰਦਾ ਹਾਂ ਕਿ ਉਹ 240 ਕਰੋੜ ਰੁਪਏ ਦਾ ਬਜਟ ਦੇ ਅੰਦਰ ਉਪਬੰਧ ਕੀਤਾ ਗਿਆ ਸੀ। ਜਦੋਂ 1 ਫਰਵਰੀ, 2025 ਨੂੰ ਦੇਸ਼ ਦਾ ਬਜਟ ਪੇਸ਼ ਹੁੰਦਾ ਹੈ ਤਾਂ ਉਸ ਸਮੇਂ ਮੈਡਮ ਨਿਰਮਲਾ ਸੀਤਾਰਮਨ ਜੀ ਨੇ ਜਿਹੜੇ ਪੈਸੇ ਅਨਾਊਂਸ ਕੀਤੇ ਸਨ, ਉਹੀ 240 ਕਰੋੜ ਰੁਪਏ ਦੀ ਕਿਸ਼ਤ ਆਈ ਹੈ। ਇੱਥੋਂ ਪਤਾ ਲੱਗਦਾ ਹੈ ਕਿ ਜਿਹੜੀ ਕੇਂਦਰ ਸਰਕਾਰ ਹੈ, ਉਹ ਪੰਜਾਬ ਨੂੰ ਦਿਲ ਤੋਂ ਕਿਵੇਂ ਨਫਰਤ ਕਰਦੀ ਹੈ। ਅੱਜ ਉਨ੍ਹਾਂ ਦੇ ਇੱਥੇ ਦੋ ਸਾਥੀ ਸਨ। ਅਫਸੋਸ ਤਿੰਨ-ਚਾਰ ਤਾਂ ਹੋਰ ਵੀ ਬੈਠੇ ਹਨ, ਜਿਹੜੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ 2027 ਵਿੱਚ ਉੱਧਰੋਂ ਹੀ ਲੜਨਗੇ ਜਾਂ ਪਾਰਟੀ ਵਿੱਚ ਜਾਣਗੇ। ਜਿਹੜੇ ਦੋ ਸਾਥੀ ਸਨ, ਚੰਗਾ ਹੁੰਦਾ ਜੇਕਰ ਉਹ ਆਪਣੀ ਗੱਲ ਰੱਖਦੇ, ਜੇਕਰ ਉਹ ਆਪਣੀ ਗੱਲ ਕਰਦੇ ਅਤੇ ਦੱਸ ਕੇ ਜਾਂਦੇ ਕਿ 1600 ਕਰੋੜ ਰੁਪਏ ਵਿੱਚੋਂ ਕਿੰਨੇ ਪੈਸੇ ਆ ਗਏ। ਅੱਜ ਦੇਸ਼ ਦੇ ਸਾਹਮਣੇ, ਪੰਜਾਬ ਦੇ ਸਾਹਮਣੇ ਉਨ੍ਹਾਂ ਦਾ ਚਿਹਰਾ ਨੰਗਾ ਹੋ ਗਿਆ। ਇੱਕ ਵੀ ਪੈਸਾ ਪੰਜਾਬ ਦੇ ਖਜ਼ਾਨੇ ਵਿੱਚ ਨਹੀਂ ਆਇਆ। ਇਸੇ ਗੱਲ ਕਰਕੇ ਅਸੀਂ ਸਾਰੇ ਇਕੱਠੇ ਹਾਂ। ਸਾਡੇ ਸਾਰੇ ਮੰਤਰੀਆਂ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ, ਮੈਂ ਦੇਖ ਰਿਹਾ ਸੀ ਕਿ ਚਾਹੇ ਲਾਲ ਚੰਦ ਜੀ ਹਨ, ਚਾਹੇ ਧਾਲੀਵਾਲ ਸਾਹਿਬ ਹਨ, ਚਾਹੇ ਹਰਜੋਤ ਬੈਂਸ ਜੀ ਹਨ, ਚਾਹੇ ਲਾਲਜੀਤ ਭੁੱਲਰ ਜੀ ਹਨ ਅਤੇ ਜਿੰਨੇ ਵੀ ਪਿੱਛੇ ਐਮ.ਐਲ.ਏ. ਸਾਹਿਬਾਨ ਬੈਠੇ ਹਨ, ਇਕੱਲੇ ਇਕੱਲੇ ਬੰਦੇ ਨੇ ਆਪਣੇ ਹਲਕੇ ਵਿੱਚ ਹੀ ਨਹੀਂ ਬਲਕਿ ਆਪਣੇ ਹਲਕੇ ਤੋਂ ਬਾਹਰ ਜਾ ਕੇ ਵੀ ਲੋਕਾਂ ਦੀ ਸੇਵਾ ਕੀਤੀ ਹੈ। ਉਹ ਲੋਕਾਂ ਦੇ ਨਾਲ ਖੜ੍ਹੇ ਹਨ। ਇਸ ਤੋਂ ਬਿਨਾਂ ਪੈਸੇ ਵੀ ਦਿੱਤੇ ਹਨ। ਬਹੁਤ ਸਾਰੀਆਂ ਸਮਾਜਿਕ, ਗੈਰ ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਨੇ ਵੀ ਆ ਕੇ ਪੰਜਾਬ ਦੇ ਲੋਕਾਂ ਦੀ ਬਾਂਹ ਫੜੀ ਹੈ। ਹੁਣ ਵੀ ਸਾਰੇ ਪੰਜਾਬ ਦੇ ਲੋਕਾਂ ਦੀ ਮਦਦ ਕਰ ਰਹੇ ਹਨ ਪਰ ਅੱਜ ਕਾਂਗਰਸ ਪਾਰਟੀ ਨੇ ਆਪਣਾ ਲੋਕ ਵਿਰੋਧੀ ਚਿਹਰਾ, ਪੰਜਾਬ ਵਿਰੋਧੀ ਚਿਹਰਾ ਲੋਕਾਂ ਦੇ ਸਾਹਮਣੇ ਪੇਸ਼ ਕੀਤਾ ਹੈ। ਮਾਣਯੋਗ ਸੀ.ਐਮ. ਸਾਹਿਬ ਨੇ ਜਿਹੜਾ ਲੈਟਰ ਲਿਖਿਆ ਸੀ, ਉਸ ਵਿੱਚ 60,000 ਕਰੋੜ ਰੁਪਏ ਦਾ ਜ਼ਿਕਰ ਕੀਤਾ ਸੀ। ਕਈ ਸਾਥੀ ਫਿਰ ਤੋਂ ਸੀ.ਐਮ. ਸਾਹਿਬ ਨੂੰ ਲੈ ਕੇ ਜਾਂ ਸਾਡੀ ਸਰਕਾਰ ਨੂੰ ਲੈ ਕੇ ਕ੍ਰਿਟੀਸਿਜ਼ਮ ਕਰਨਗੇ। ਮੈਂ ਇਨ੍ਹਾਂ ਨੂੰ ਹਾਊਸ ਦੇ ਅੰਦਰ ਦੱਸ ਦੇਣਾ ਚਾਹੁੰਦਾ ਹਾਂ ਕਿ 60,000 ਕਰੋੜ ਰੁਪਿਆ ਉਹ ਹੈ ਜਦੋਂ ਪੰਜਾਬ ਦੇ ਅੰਦਰ ਕਾਂਗਰਸ ਪਾਰਟੀ ਦਾ ਰਾਜ ਸੀ। ਜਦੋਂ ਜ਼ਿਆਦਾ ਸ਼ੇਅਰੋ-ਸ਼ੇਅਰੀ ਕਰਨ ਵਾਲੇ ਸਾਥੀ ਪੰਜਾਬ ਦੇ ਫਾਈਨਾਂਸ ਮਨਿਸਟਰ ਸਨ। ਉਨ੍ਹਾਂ ਨੇ ਜਾ ਕੇ ਕੇਂਦਰ ਸਰਕਾਰ ਨੂੰ One Nation One Tax ਦੀ ਸਹਿਮਤੀ ਦਿੱਤੀ ਸੀ ਅਤੇ One Nation One Tax ਦੀ ਥਿਊਰੀ ਉੱਤੇ ਮੋਹਰ ਲਗਾਈ ਸੀ ਕਿ ਅਸੀਂ ਦੇਸ਼ ਦੇ ਨਾਲ ਹਾਂ, ਉਸ ਸਮੇਂ ਕੇਂਦਰ ਸਰਕਾਰ ਨੇ ਕੁਮਿੱਟ ਕੀਤਾ ਸੀ ਅਤੇ ਕਿਹਾ ਸੀ ਕਿ ਅਸੀਂ ਜਦੋਂ ਤੱਕ ਸਟੇਟ ਦੀ ਇਕਾਨਮੀ ਸਟੇਬਲ

ਨਹੀਂ ਹੋ ਜਾਂਦੀ, ਅਸੀਂ ਉਦੋਂ ਤੱਕ ਆਪਣਾ ਕੰਪਨਸੇਸ਼ਨ ਸੈੱਸ ਜਾਰੀ ਰੱਖਾਂਗੇ। ਇਸ ਗੱਲ ਦੀ ਕੁਮਿੱਟਮੈਂਟ ਭਾਰਤੀ ਜਨਤਾ ਪਾਰਟੀ ਵੱਲੋਂ ਕੀਤੀ ਗਈ ਸੀ ਪਰ ਕੰਪਨਸੇਸ਼ਨ ਸੈੱਸ ਪਹਿਲੇ ਪੰਜ ਸਾਲ ਹੀ ਮਿਲਿਆ। ਪਹਿਲੇ ਪੰਜ ਸਾਲ ਜਦੋਂ ਸਾਲ 2017 ਤੋਂ ਲੈ ਕੇ ਸਾਲ 2022 ਤੱਕ ਕਾਂਗਰਸ ਪਾਰਟੀ ਦੀ ਸਰਕਾਰ ਰਹੀ, ਉਦੋਂ ਤੱਕ ਕੰਪਨਸੇਸ਼ਨ ਸੈੱਸ ਮਿਲਦਾ ਰਿਹਾ ਅਤੇ ਉਸ ਤੋਂ ਬਾਅਦ ਉਸ ਸੈੱਸ ਦਾ ਭੋਗ ਪੈ ਗਿਆ। ਜਦੋਂ ਦੁਬਾਰਾ ਰਿਵਿਊ ਦੀ ਗੱਲ ਹੋਈ ਤਾਂ ਉਸ ਕੰਪਨਸੇਸ਼ਨ ਸੈੱਸ ਦੇ ਗਰੁੱਪ ਆਫ ਮਨਿਸਟਰਜ਼ ਦਾ ਮੈਂ ਵੀ ਮੈਂਬਰ ਸੀ, Rationalization Committee ਦਾ ਵੀ ਇੱਕ ਦਿਨ ਲਈ ਮੈਨੂੰ ਮੈਂਬਰ ਬਣਾਇਆ ਗਿਆ। ਮੈਨੂੰ ਦੋ ਤਿੰਨ ਹੋਰ ਕਮੇਟੀਆਂ ਦਾ ਮੈਂਬਰ ਵੀ ਬਣਾਇਆ ਗਿਆ ਸੀ ਲੇਕਿਨ ਜਦੋਂ ਯੂਨੀਅਨ ਗੌਰਮਿੰਟ ਦੀ ਪਰਪੋਜ਼ਲ ਜੀ.ਐਸ.ਟੀ. ਕੌਂਸਲ ਵਿੱਚ ਆਉਂਦੀ ਹੈ ਤਾਂ ਉਹ ਤੁਰੰਤ ਪ੍ਰਵਾਨ ਹੋ ਜਾਂਦੀ ਹੈ। ਹੁਣ ਜਿਹੜੇ ਪੰਜਾਬ ਵਿੱਚ ਰੇਟ ਲਾਗੂ ਹੋਏ ਹਨ, ਜੀ.ਐਸ.ਟੀ.ਦੀਆਂ ਪੰਜ ਸਲੈਬਾਂ ਤੋਂ ਤਿੰਨ ਸਲੈਬਾਂ ਬਣੀਆਂ ਹਨ, ਕਹਿਣ ਨੂੰ ਤਾਂ ਚਾਰ ਤੋਂ ਦੋ ਬਣੀਆਂ ਹਨ। ਮੈਂ ਇੱਥੇ ਵੀ ਕੁਰੈਕਟ ਕਰ ਦੇਵਾਂ ਕਿ ਚਾਰ ਤੋਂ ਦੋ ਨਹੀਂ, ਉਹ ਪਹਿਲਾਂ ਪੰਜ ਸਨ, ਜਿਨ੍ਹਾਂ ਵਿੱਚ 5%, 12%, 18% ਅਤੇ 28% ਟੈਕਸ ਲੱਗਦਾ ਸੀ ਅਤੇ ਇੱਕ ਸਪੈਸ਼ਲ ਸਲੈਬ ਸੀ। ਹੁਣ ਨਵੀਂ ਦਰ ਮੁਤਾਬਿਕ 5%, 12% ਅਤੇ ਉਸ ਦੇ ਨਾਲ 40% ਦਰ ਨਿਸ਼ਚਤ ਕੀਤੀ ਗਈ ਹੈ। ਅਸੀਂ ਇਸ ਪਰਪੋਜ਼ਲ ਦਾ ਸਮਰਥਨ ਕੀਤਾ ਪਰ ਇਸ ਦੇ ਨਾਲ ਵੀ 6000 ਕਰੋੜ ਰੁਪਏ ਦਾ ਘਾਟਾ ਪਵੇਗਾ। ਮੈਂ ਫਿਰ ਥੋੜ੍ਹਾ ਜਿਹਾ ਪਿੱਛੇ ਜਾਣਾ ਚਾਹੁੰਦਾ ਹਾਂ ਕਿ ਜਿਹੜੀ ਜੀ.ਐਸ.ਟੀ. ਲਾਗੂ ਹੋਈ, ਉਦੋਂ One Nation One Tax ਦਾ ਫਾਰਮੂਲਾ ਲਾਗੂ ਹੋਇਆ ਤਾਂ ਸਾਲ 2017 ਤੋਂ ਲੈ ਕੇ ਹੁਣ ਤੱਕ ਪੰਜਾਬ ਦਾ 1,11,000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਸਪੀਕਰ ਸਾਹਿਬ, ਪਹਿਲੇ ਪੰਜ ਸਾਲ ਦਾ ਕੰਪਨਸੇਸ਼ਨ ਸਿਰਫ ਤੇ ਸਿਰਫ 61,000 ਕਰੋੜ ਰੁਪਏ ਮਿਲਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ remaining amount ਕਿੱਥੇ ਹੈ? 50,000 ਕਰੋੜ ਰੁਪਏ ਦੀ remaining amount ਸੈਂਟਰ ਸਰਕਾਰ ਕੋਲ ਬਕਾਇਆ ਪਈ ਹੈ। ਅਸੀਂ ਉਨ੍ਹਾਂ ਦੀ ਗੱਲ ਮੰਨੀ, ਅਸੀਂ ਸੈਂਟਰ ਸਰਕਾਰ ਨੂੰ ਕਿਹਾ ਕਿ ਠੀਕ ਹੈ, ਸਾਡੀ ਪੁਰਾਣੀ ਸਰਕਾਰ ਨੇ ਸੈਂਟਰ ਦੀ ਗੱਲ ਮੰਨੀ ਲੇਕਿਨ ਅੱਜ ਸਾਡਾ 50,000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਕਈ ਵਾਰ ਮੈਂ ਸਾਡੇ ਸਾਥੀਆਂ ਦੇ ਟਵੀਟ ਦੇਖਦਾ ਹੁੰਦਾ ਹਾਂ ਤਾਂ ਇਹ ਕਹਿ ਦਿੰਦੇ ਹਨ ਕਿ ਇਨ੍ਹਾਂ ਨੇ 500 ਕਰੋੜ ਰੁਪਏ ਦੀ borrowing ਕਿਉਂ ਕਰ ਲਈ, 200 ਕਰੋੜ ਰੁਪਿਆ ਕਿਉਂ ਲੈ ਲਿਆ? ਭਰਾਵੋ, ਇਹ ਤੁਹਾਡੀ consent ਦਿੱਤੀ ਹੋਈ ਹੈ, ਤੁਸੀਂ ਸਹਿਮਤੀ ਦਿੱਤੀ ਹੋਈ ਹੈ ਕਿ ਅਸੀਂ ਵੀ ਦੇਸ਼ ਦੇ ਨਾਲ ਹਾਂ ਲੇਕਿਨ ਉਸ ਕਰਕੇ ਜੋ ਘਾਟਾ ਅਤੇ ਹਰਜਾਨਾ ਪੰਜਾਬ ਨੂੰ ਪਿਆ ਹੈ, ਉਸ ਬਾਰੇ ਵੀ ਸਾਨੂੰ ਸੋਚ ਲੈਣਾ ਚਾਹੀਦਾ ਹੈ। ਮਾਣਯੋਗ ਸਪੀਕਰ ਸਾਹਿਬ, ਹੁਣ ਤੱਕ 50,000 ਕਰੋੜ ਰੁਪਏ ਦਾ ਘਾਟਾ due to GST ਪਿਆ ਹੈ। ਜੇ ਪ੍ਰੀ-ਜੀ.ਐਸ.ਟੀ. ਰਿਜੀਮ ਹੁੰਦੀ ਤਾਂ ਮੈਨੂੰ ਲੱਗਦਾ ਹੈ ਕਿ ਸਾਨੂੰ ਘਾਟਾ ਨਹੀਂ ਪੈਣਾ ਸੀ। ਸੋ, ਹੁਣ ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਲਗਾਤਾਰ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਮਿਲਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਕਿ ਅਸੀਂ ਮਿਲ ਕੇ ਗੱਲ ਕਰ ਲਈਏ ਕਿਉਂਕਿ ਜਿਹੜਾ ਨੁਕਸਾਨ ਦਾ ਡਾਟਾ ਹੈ, ਉਸ ਦਾ ਅੰਕੜਾ ਲਗਾਤਾਰ ਵੱਧਦਾ ਜਾ ਰਿਹਾ ਹੈ। ਕਿਤੇ ਡੀ-ਸਿਲਟਿੰਗ ਹੋ ਰਹੀ ਹੈ, ਕਿਤੇ ਮਕਾਨਾਂ ਵਿੱਚ ਤ੍ਰੇੜਾਂ ਆ ਰਹੀਆਂ ਹਨ। ਸੀ.ਐਮ. ਸਾਹਿਬ ਲਗਾਤਾਰ ਅਪਰੋਚ ਕਰ ਰਹੇ ਹਨ ਪਰ ਦੇਸ਼ ਦੇ ਪ੍ਰਧਾਨ ਮੰਤਰੀ ਸਾਹਿਬ ਇੱਕ ਚੁਣੇ ਹੋਏ ਮੁੱਖ ਮੰਤਰੀ ਨੂੰ ਮਿਲਣ ਦਾ ਮੌਕਾ ਦੇਣ ਦੀ ਬਜਾਏ ਇੱਕ ਨੌਮੀਨੇਟਡ ਵਿਅਕਤੀ, ਜੋ ਪੰਜਾਬ ਦਾ ਰਾਜਪਾਲ ਹੈ, ਉਸ ਨੂੰ ਮਿਲਣ ਨੂੰ ਤਰਜੀਹ ਦੇ ਰਹੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਜਨਤਾ ਪਾਰਟੀ, ਪੰਜਾਬ ਨੂੰ, ਪੰਜਾਬੀਅਤ ਨੂੰ, ਪੰਜਾਬ ਦੇ ਕਿਸਾਨਾਂ ਨੂੰ ਦਿਲ ਤੋਂ ਨਫਰਤ ਕਰਦੀ ਹੈ।

ਮਾਣਯੋਗ ਸਪੀਕਰ ਸਾਹਿਬ, ਤੁਸੀਂ ਵੀ ਜਾਣਦੇ ਹੋ ਅਤੇ ਸਾਰਾ ਹਾਊਸ ਵੀ ਜਾਣਦਾ ਹੈ ਕਿ ਜਦੋਂ ਤਿੰਨ ਕਾਲੇ ਕਾਨੂੰਨ ਆਏ ਸੀ, ਜਦੋਂ ਤਿੰਨ ਬਲੈਕ ਲਾਅਜ਼ ਆਏ ਸਨ ਤਾਂ ਉਦੋਂ ਪੰਜਾਬ ਦੇ ਕਿਸਾਨਾਂ ਨੇ, ਪੰਜਾਬ ਦੇ ਮਜ਼ਦੂਰਾਂ ਨੇ ਸਭ ਤੋਂ

ਅੱਗੇ ਹੋ ਕੇ ਲੜਾਈ ਲੜੀ ਸੀ ਔਰ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਝੁਕਣਾ ਪਿਆ ਸੀ। ਅੱਜ ਉਹੀ ਖੁੰਦਕ, ਉਹੀ ਨਫਰਤ ਦੇਸ਼ ਦੇ ਪ੍ਰਧਾਨ ਮੰਤਰੀ ਪਾਲ ਕੇ ਬੈਠੇ ਹਨ। ਇਹੀ ਕਾਰਨ ਹੈ ਕਿ ਉਹ ਸਿਰਫ ਅਨਾਊਂਸ ਕਰ ਗਏ ਲੇਕਿਨ ਹਾਲੇ ਤੱਕ ਇੱਕ ਵੀ ਪੈਸਾ ਨਹੀਂ ਆਇਆ। ਸਾਡੇ ਸਾਥੀ ਕਹਿ ਰਹੇ ਹਨ ਕਿ ਪੈਸਾ ਦੇ ਦਿਓ। ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਣ ਤੱਕ ਜਿਨ੍ਹਾਂ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ, ਜਿਹੜੇ ਇਸ ਦੁਨੀਆ ਤੋਂ ਜਾ ਚੁੱਕੇ ਹਨ, ਲਗਭਗ 59 ਪਰਿਵਾਰਾਂ ਨੂੰ ਮਾਲੀ ਮਦਦ ਆਲਰੇਡੀ ਮਾਣਯੋਗ ਸੀ.ਐਮ. ਸਾਹਿਬ ਨੇ ਜਾਰੀ ਕਰ ਦਿੱਤੀ ਹੈ। ਅਸੀਂ ਉਹ ਪੈਸੇ ਦੇ ਚੁੱਕੇ ਹਾਂ। ਜਿਵੇਂ ਜਿਵੇਂ ਗਿਰਦਾਵਰੀ ਹੋ ਰਹੀ ਹੈ, ਜਿਵੇਂ ਜਿਵੇਂ ਸਾਡੇ ਅਧਿਕਾਰੀ ਅਸੈੱਸਮੈਂਟ ਭੇਜ ਰਹੇ ਹਨ, ਪੈਸੇ ਜਾ ਰਹੇ ਹਨ ਲੇਕਿਨ ਮੈਂ ਇਸ ਹਾਊਸ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਪੰਜਾਬ ਲਈ ਜਿੱਥੋਂ ਜਿੱਥੋਂ ਇੱਕ ਇੱਕ ਪੈਸਾ ਆ ਰਿਹਾ ਹੈ, ਉਹ ਹੜ੍ਹ ਪੀੜਤਾਂ ਦੀ ਮਦਦ ਲਈ ਲਗਾਇਆ ਜਾਵੇਗਾ। ਇੱਕ ਵੀ ਪੈਸੇ ਦੀ ਕਿਸੇ ਵੀ ਕਿਸਮ ਦੀ, ਕਿਸੇ ਅਧਿਕਾਰੀ ਨੂੰ ਜਾਂ ਕਿਸੇ ਵਿਅਕਤੀ ਨੂੰ embezzlement ਕਰਨ ਦੀ ਬਿਲਕੁਲ ਵੀ ਆਗਿਆ ਨਹੀਂ ਦਿੱਤੀ ਜਾਵੇਗੀ ਬਲਕਿ ਸਾਡੇ ਮਾਣਯੋਗ ਮੁੱਖ ਮੰਤਰੀ, ਸ੍ਰੀ ਭਗਵੰਤ ਮਾਨ ਜੀ ਖੁਦ ਇਸ ਗੱਲ ਤੇ ਨਜ਼ਰ ਰੱਖ ਰਹੇ ਹਨ ਕਿ ਇੱਕ ਇੱਕ ਪੈਸਾ ਲੋਕਾਂ ਉੱਤੇ ਲੱਗਣਾ ਚਾਹੀਦਾ ਹੈ। ਮੈਂ ਜ਼ਿਆਦਾ ਨਹੀਂ ਬੋਲਾਂਗਾ ਕਿਉਂਕਿ ਸਾਡੇ ਬਹੁਤ ਸਾਰੇ ਸਾਥੀਆਂ ਨੇ ਬੋਲਣਾ ਹੈ। ਦੇਸ਼ ਦੀ ਭਾਰਤੀ ਜਨਤਾ ਪਾਰਟੀ ਦੀ ਜਿਹੜੀ ਸਰਕਾਰ ਹੈ, ਉਹ ਅਫਗਾਨਿਸਤਾਨ ਦੀ ਮਦਦ ਲਈ ਤਾਂ ਚੰਦ ਮਿੰਟਾਂ ਵਿੱਚ ਸਾਹਮਣੇ ਆਉਂਦੀ ਹੈ ਪਰ ਸਾਡੇ ਲਈ ਇੱਕ ਮਹੀਨੇ ਬਾਅਦ ਜੋ ਆਏ ਹਨ ਤਾਂ ਵੀ ਸਿਰਫ 1600 ਕਰੋੜ ਰੁਪਏ ਕਹਿ ਕੇ ਚਲੇ ਗਏ, ਉਹ ਵੀ ਹਾਲੇ ਤੱਕ ਦਿੱਤਾ ਨਹੀਂ। ਸੋ, ਮੈਂ ਜੋ ਨਿੰਦਾ ਪ੍ਰਸਤਾਵ ਸਾਡੇ ਕੈਬਨਿਟ ਦੇ ਕੁਲੀਗ ਸ੍ਰੀ ਬਰਿੰਦਰ ਕੁਮਾਰ ਗੋਇਲ ਜੀ ਨੇ ਪੇਸ਼ ਕੀਤਾ ਹੈ, ਉਸ ਦੀ ਤਾਈਦ ਕਰਦਾ ਹਾਂ, ਮੈਂ ਇਸ ਦੀ ਇੰਡੋਰਸ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਅੱਜ ਦੇਸ਼ ਨੂੰ ਦੱਸਣ ਦੀ ਲੋੜ ਹੈ ਕਿ ਜਿਹੜੀ ਭਾਰਤੀ ਜਨਤਾ ਪਾਰਟੀ ਹੈ, ਉਹ ਸਟੇਟਾਂ ਦੀ ਇਕਾਨਮੀ ਨੂੰ ਡੀਸਟੈਬਲਾਈਜ਼ ਕਰਨਾ ਚਾਹੁੰਦੀ ਹੈ, ਉਹ ਫੈਡਰਲ ਸਟਰੱਕਚਰ ਨੂੰ ਤੋੜਨਾ ਚਾਹੁੰਦੀ ਹੈ। ਉਹ ਚਾਹੁੰਦੀ ਹੈ ਕਿ ਸਟੇਟਾਂ ਦੀ ਇਕਾਨਮੀ ਟੁੱਟ ਜਾਵੇ, ਸਟੇਟ ਮੂਧੇ ਮੂੰਹ ਡਿੱਗ ਜਾਣ ਅਤੇ ਸਟੇਟ ਉੱਥੇ ਜਾ ਕੇ ਗੋਡੇ ਟੇਕਦੇ ਰਹਿਣ ਪਰ ਸਾਨੂੰ ਇਸ ਤਰ੍ਹਾਂ ਲੜਨ ਦੀ ਬਜਾਏ ਸਾਰਿਆਂ ਨੂੰ ਇਕੱਠਾ ਹੋਣਾ ਪਵੇਗਾ। ਮੈਂ ਦੇਖ ਰਿਹਾ ਸੀ ਕਿ ਸਾਡੇ ਸਾਰੇ ਸਾਥੀ ਸਾਥ ਦੇਣ ਦੀ ਬਜਾਏ ਆਪਸ ਵਿੱਚ ਲੜਨ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ। ਇਹ ਕਾਮਨ ਕਾਜ਼ ਹੈ, ਮੈਂ ਕਾਂਗਰਸ ਨੂੰ ਫਿਰ ਕਹਿੰਦਾ ਹਾਂ ਕਿ ਤੁਸੀਂ ਆਪਣੇ original ਰੂਪ ਵਿੱਚ ਆ ਜਾਓ, ਥੋੜ੍ਹਾ ਟਾਈਮ ਘੰਟੇ ਕੁ ਲਈ ਭਾਰਤੀ ਜਨਤਾ ਪਾਰਟੀ ਦਾ ਖਹਿੜਾ ਛੱਡ ਦਿਉ। ਤੁਸੀਂ ਸਾਡਾ ਘੰਟੇ ਕੁ ਲਈ ਸਾਥ ਦੇ ਦਿਉ ਤਾਂ ਕਿ ਆਪਾਂ ਪੰਜਾਬ ਨੂੰ, ਪੰਜਾਬੀਆਂ ਨੂੰ, ਦੇਸ਼ ਨੂੰ ਮੈਸੇਜ ਦੇ ਸਕੀਏ ਕਿ ਪੰਜਾਬ ਯੂਨਾਈਟਿਡ ਹੈ। ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ।

(ਇਸ ਸਮੇਂ ਮਾਣਯੋਗ ਮੁੱਖ ਮੰਤਰੀ ਨੂੰ ਛੱਡ ਕੇ ਕਈ ਮੰਤਰੀ ਸਾਹਿਬਾਨ ਅਤੇ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮਾਣਯੋਗ ਮੈਂਬਰ ਆਪਣੇ ਆਪਣੇ ਹੱਥਾਂ ਵਿੱਚ ਤਖਤੀਆਂ ਲਹਿਰਾਉਂਦੇ ਹੋਏ ਆਪਣੀਆਂ ਸੀਟਾਂ ਤੋਂ ਉੱਠ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ਇਸ ਸਮੇਂ ਵਿੱਤ ਮੰਤਰੀ,ਸਰਦਾਰ ਹਰਪਾਲ ਸਿੰਘ ਚੀਮਾ, ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ, ਸ੍ਰੀ ਅਮਨ ਅਰੋੜਾ ਅਤੇ ਮਾਲ ਮੰਤਰੀ, ਸਰਦਾਰ ਹਰਦੀਪ ਸਿੰਘ ਮੁੰਡੀਆਂ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਹੱਥ ਵਿੱਚ ਫੜੀਆਂ ਤਖਤੀਆਂ ਲਹਿਰਾਉਂਦੇ ਹੋਏ ਰੋਸ ਪ੍ਰਗਟ ਕਰ ਰਹੇ ਸਨ। ਟਰੇਜ਼ਰੀ ਬੈਂਚਿਜ਼ ਦੇ ਸਮੂਹ ਮੈਂਬਰ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

** Not recorded as ordered by the Chair.

**ਮਾਣਯੋਗ ਸਪੀਕਰ:** ਨਾਅਰੇ ਰਿਕਾਰਡ ਨਾ ਕੀਤੇ ਜਾਣ। ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੀ-ਆਪਣੀ ਜਗ੍ਹਾ ਉਤੇ ਚਲੇ ਜਾਣ। (ਸ਼ੋਰ) ਦੇਖੋ, ਜਿਹੜੇ ਤੁਸੀਂ ਇਹ ਪਲੇਅ ਕਾਰਡ ਚੁੱਕੇ ਹਨ, ਤੁਸੀਂ ਜਾ ਕੇ ਬੈਠੋ। ਆਪਣੀ ਆਪਣੀ ਜਗ੍ਹਾ ਤੇ ਜਾ ਕੇ ਬੈਠੋ। ਮੋਦੀ ਜੀ ਨੂੰ 1600 ਕਰੋੜ ਰੁਪਿਆ ਤਾਂ ਦੇ ਦੇਣਾ ਚਾਹੀਦਾ ਹੈ। ਇਹ ਜੁਮਲਾ ਨਹੀਂ ਚਾਹੀਦਾ, ਮੈਂ ਵੀ ਤੁਹਾਡੇ ਨਾਲ ਸਹਿਮਤ ਹਾਂ ਪਰ ਤੁਸੀਂ ਉੱਥੇ ਚੱਲ ਕੇ ਆਪਣੀਆਂ ਸੀਟਾਂ 'ਤੇ ਬੈਠੋ। ਸਾਰੇ ਸਹਿਮਤ ਹਨ, ਹਾਊਸ ਦੇ ਸਾਰੇ ਮੈਂਬਰ ਭਾਵੇਂ ਟਰੇਜ਼ਰੀ ਹੋਵੇ, ਭਾਵੇਂ ਆਪੋਜ਼ੀਸ਼ਨ ਹੋਵੇ, ਸਾਰੇ ਮੈਂਬਰ ਸਹਿਮਤ ਹਨ ਲੇਕਿਨ ਆਪਾਂ ਹਾਊਸ ਦੀ ਕਾਰਵਾਈ ਨੂੰ ਚੱਲਣ ਦੇਈਏ। ਮੈਂ ਸਦਨ ਦੇ ਸਾਰੇ ਸਤਿਕਾਰਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਆਪਣੀ ਆਪਣੀ ਜਗ੍ਹਾ ਤੇ ਜਾ ਕੇ ਬੈਠਣ। ਮੈਂ ਸਾਰੇ ਸਤਿਕਾਰਯੋਗ ਮੈਂਬਰਾਂ ਦੀਆਂ ਭਾਵਨਾਵਾਂ ਨਾਲ ਸਹਿਮਤ ਹਾਂ ਪਰ ਮੈਂ ਬੇਨਤੀ ਕਰਦਾ ਹਾਂ ਕਿ ਆਪਾਂ ਵਿਧਾਨ ਸਭਾ ਦੀ ਕਾਰਵਾਈ ਨੂੰ ਚਲਾਈ ਰੱਖੀਏ। (ਸ਼ੋਰ) (ਗੇਵਲ ਮਾਰਦੇ ਹੋਏ) ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀ ਆਪਣੀ ਜਗ੍ਹਾ ਤੇ ਚਲੇ ਜਾਓ। ਆਪਣੀ ਆਪਣੀ ਜਗ੍ਹਾ ਤੇ ਜਾਓ। (ਗੇਵਲ ਮਾਰਦੇ ਹੋਏ) (ਸ਼ੋਰ) ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀ ਆਪਣੀ ਜਗ੍ਹਾ ਤੇ ਚਲੇ ਜਾਣ। ਮੈਂ ਤੁਹਾਡੀਆਂ ਸਾਰੀਆਂ ਗੱਲਾਂ ਨਾਲ ਸਹਿਮਤ ਹਾਂ। ਇਸ ਮੰਗ ਨਾਲ ਮੈਂ ਵੀ ਸਹਿਮਤ ਹਾਂ, ਸਾਰੇ ਸਹਿਮਤ ਹਨ। ਹਾਊਸ ਸਾਰਾ ਸਹਿਮਤ ਹੈ ਪਰ ਆਪਾਂ ਕਾਰਵਾਈ ਚੱਲਣ ਦੇਈਏ।

---

**ADJOURNMENT OF THE HOUSE AGAIN AFTER THE MEMBERS OF THE TREASURY BENCHES AND MINISTERS STORMED INTO THE WELL OF THE HOUSE AND RAISED SLOGANS IN PROTEST AGAINST THE MEAGRE FINANCIAL ASSISTANCE ANNOUNCED BY THE CENTRAL GOVERNMENT FOR THE FLOOD VICTIMS OF PUNJAB**

(ਇਸ ਸਮੇਂ ਮਾਣਯੋਗ ਮੁੱਖ ਮੰਤਰੀ ਨੂੰ ਛੱਡ ਕੇ ਕਈ ਮੰਤਰੀ ਸਾਹਿਬਾਨ ਅਤੇ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮਾਣਯੋਗ ਮੈਂਬਰ ਆਪਣੇ ਆਪਣੇ ਹੱਥਾਂ ਵਿੱਚ ਤਖਤੀਆਂ ਲਹਿਰਾਉਂਦੇ ਹੋਏ ਆਪਣੀਆਂ ਸੀਟਾਂ ਤੋਂ ਉੱਠ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ਇਸ ਸਮੇਂ ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ), ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ) ਅਤੇ ਮਾਲ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ) ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਤਖਤੀਆਂ ਲਹਿਰਾਉਂਦੇ ਹੋਏ ਰੋਸ ਪ੍ਰਗਟ ਕਰ ਰਹੇ ਸਨ। ਟਰੇਜ਼ਰੀ ਬੈਂਚਿਜ਼ ਦੇ ਸਮੂਹ ਮੈਂਬਰ ** ਦੇ ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਣਯੋਗ ਸਪੀਕਰ:** ਸਦਨ 20 ਮਿੰਟ ਲਈ ਸਥਗਿਤ ਕੀਤਾ ਜਾਂਦਾ ਹੈ।

*3.32 ਵਜੇ ਬਾਅਦ ਦੁਪਹਿਰ।)

(ਇਸ *ਸਮੇਂ ਸਦਨ 3.52 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ। )

---

** Not recorded as ordered by the Chair.

*3.52 ਵਜੇ ਬਾਅਦ ਦੁਪਹਿਰ।) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

---

**OFFICIAL RESOLUTION REGARDING CONDEMNING UNION GOVERNMENT ON THE INSUFFICIENT, BELATED AND UNDISBURSED FLOOD RELIEF PACKAGE OF RS. 1600 CRORES AND ITS IMMEDIATE AND FULL TRANSFER IN WAKE OF PUNJAB'S WORST DELUGE SINCE 1988 AND URGING THE UNION GOVERNMENT TO SANCTION A SUBSTANTIALLY ENHANCED PACKAGE OF NOT LESS THAN RS. 20,000 CRORES FOR THE REHABILITATION OF THE STATE OF PUNJAB *(Resumption)***

**ਮਾਣਯੋਗ ਸਪੀਕਰ**: ਹਾਂ ਜੀ, ਸ਼੍ਰੀਮਤੀ ਅਰੁਨਾ ਚੌਧਰੀ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਤੁਸੀਂ ਪੁਆਇੰਟ ਆਫ ਆਰਡਰ ਦੇਣ ਲਈ ਕਿਹਾ ਸੀ।

**ਮਾਣਯੋਗ ਸਪੀਕਰ**: ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਮੈਂ ਤੁਹਾਡੇ ਜ਼ਰੀਏ ਇੱਕ ਗੱਲ ਕਲੀਅਰ ਕਰਨਾ ਚਾਹੁੰਦਾ ਹਾਂ, ਜਿਸ ਦਾ ਜ਼ਿਕਰ ਐਫ.ਐਮ. ਸਾਹਿਬ ਨੇ ਕੀਤਾ ਸੀ। ਸਾਨੂੰ 'ਸੀ.ਐਮ. ਰਲੀਫ ਫੰਡ' ਵਿੱਚ ਪੈਸੇ ਦੇਣ ਵਿੱਚ ਕੋਈ ਪ੍ਰਾਬਲਮ ਨਹੀਂ ਹੈ। ਨੰਬਰ ਇੱਕ, ਅਸੀਂ ਆਪਣੇ ਐਮ.ਐਲ.ਏ. ਸਾਹਿਬਾਨ ਦੀਆਂ ਤਨਖਾਹਾਂ ਵੀ ਉਨ੍ਹਾਂ ਦੇ ਹੀ ਰਲੀਫ ਫੰਡ ਵਿੱਚ ਦਿੱਤੀਆਂ ਹਨ। 'ਰੰਗਲਾ ਪੰਜਾਬ' ਦੀ ਟੈਕਨੀਕਲ ਪ੍ਰਾਬਲਮ ਇਹ ਹੈ ਕਿ ਇਹ ਆਰ.ਟੀ.ਆਈ. ਐਕਟ ਅਧੀਨ ਕਵਰ ਨਹੀਂ ਹੈ। ਜੇਕਰ ਕੋਈ ਪੈਸੇ ਦਿੰਦਾ ਹੈ ਅਤੇ ਉਹ ਕਿਧਰ ਖਰਚ ਹੁੰਦੇ ਹਨ, ਇਸ ਦਾ ਕੋਈ ਹਿਸਾਬ ਨਹੀਂ। ਜੇਕਰ ਇਸ ਨੂੰ ਵੀ ਆਰ.ਟੀ.ਆਈ. ਐਕਟ ਅਧੀਨ ਕਵਰ ਕਰ ਦਿਓ ਤਾਂ ਸਾਨੂੰ ਕੋਈ ਪ੍ਰਾਬਲਮ ਨਹੀਂ ਹੈ। So, let me clear this, we are not against anybody but we are saying that ਜਾਂ ਤਾਂ 'ਸੀ.ਐਮ. ਰਲੀਫ ਫੰਡ' ਵਿੱਚ ਪੈਸੇ ਜਮ੍ਹਾਂ ਹੋ ਜਾਣ ਜਾਂ ਆਰ.ਟੀ.ਆਈ. ਐਕਟ ਅਧੀਨ 'ਰੰਗਲਾ ਪੰਜਾਬ' ਨੂੰ ਕਵਰ ਕਰ ਲਓ, ਫਿਰ ਸਾਨੂੰ ਕੋਈ ਪ੍ਰਾਬਲਮ ਨਹੀਂ ਹੈ।

ਨੰਬਰ ਦੋ, ਇਨ੍ਹਾਂ ਨੇ Multi-utility vehicle ਦਾ ਜ਼ਿਕਰ ਕੀਤਾ ਹੈ, ਜਿਸ ਦੇ ਉੱਤੇ ਮੈਂ ਸੁਲਤਾਨਪੁਰ ਲੋਧੀ ਗਿਆ ਸੀ। ਉਹ ਚਾਰ ਦੇ ਚਾਰ Multi-utility vehicles ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਵੱਲੋਂ ਬੁਲਾਏ ਗਏ ਸਨ। ਉਹ Multi-utility vehicles ਸਾਰੀ ਬਿਊਰੋਕਰੇਸੀ ਅਤੇ ਐਡਮਨਿਸਟ੍ਰੇਸ਼ਨ ਨੇ ਇਸਤੇਮਾਲ ਕੀਤੇ ਹਨ। ਉਹ ਕੋਈ ਇਹੋ ਜਿਹੀ ਅਜੀਬੋ-ਗਰੀਬ ਚੀਜ਼ ਨਹੀਂ, ਜਿਹੜੀ ਕਿਸੇ ਨੇ ਦੇਖੀ ਨਹੀਂ ਜਾਂ ਵਰਤੀ ਨਹੀਂ ਹੈ। ਗੌਰਮਿੰਟ ਨੇ ਹੀ ਉਸ ਦਾ ਇਸਤੇਮਾਲ ਕੀਤਾ ਹੈ, ਇਹ ਜਿਹੜਾ ਉਸ ਨੂੰ ਬੰਬੂਕਾਟ ਦੱਸਦੇ ਹਨ। ਸੋ, ਮੈਂ ਇਹ ਦੋ ਚੀਜ਼ਾਂ ਕਲੀਅਰ ਕਰਨੀਆਂ ਸੀ। ਉਹ ਬੰਬੂਕਾਟ ਇਨ੍ਹਾਂ ਨੇ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਵੀ ਵਰਤਿਆ ਹੈ ਅਤੇ ਮੇਰੇ ਕੋਲੋਂ ਵੀ ਉਸ ਨੂੰ ਦੋ ਘੰਟੇ ਵਰਤਣ ਦੀ ਗਲਤੀ ਹੋਈ ਹੈ (ਹਾਸਾ)।

**ਮਾਣਯੋਗ ਸਪੀਕਰ**: ਮੈਂ ਤਾਂ ਆਪ ਪੁੱਛਣ ਲੱਗਿਆ ਸੀ ਕਿ ਉਹ ਤੁਸੀਂ ਲਿਆਂਦਾ ਕਿੱਥੋਂ ਸੀ (ਹਾਸਾ)? ਹਾਂ ਜੀ, ਸ਼੍ਰੀਮਤੀ ਅਰੁਨਾ ਚੌਧਰੀ ਜੀ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.)**: ਧੰਨਵਾਦ ਸਰ। ਸਰ, ਪੰਜਾਬ ਇੱਕ ਬਹੁਤ ਇਤਿਹਾਸਕ ਤ੍ਰਾਸਦੀ ਵਿੱਚੋਂ ਗੁਜ਼ਰ ਰਿਹਾ ਹੈ ਔਰ ਇਹ ਇੱਕ ਬੜੀ ਵੱਡੀ ਵਿਡੰਬਣਾ ਹੈ ਕਿ ਜਦੋਂ ਵੀ ਲੜਾਈ ਲੱਗਦੀ ਹੈ ਤਾਂ ਬਾਰਡਰ ਤੇ ਰਹਿਣ ਵਾਲੇ ਲੋਕਾਂ ਦਾ ਨੁਕਸਾਨ ਹੁੰਦਾ ਹੈ। ਸਾਡੇ ਲੋਕਾਂ ਨੂੰ ਉੱਥੋਂ ਉੱਠ ਕੇ ਆਪਣੇ ਘਰਾਂ ਨੂੰ ਛੱਡ ਕੇ ਜਾਣਾ ਪੈਂਦਾ ਹੈ। ਜੇਕਰ ਹੜ੍ਹਾਂ ਵਰਗੀ ਤ੍ਰਾਸਦੀ ਆਉਂਦੀ ਹੈ ਤਾਂ ਵੀ ਸਾਡੇ ਲੋਕਾਂ ਨੂੰ ਜਾਣਾ ਪੈਂਦਾ ਹੈ। ਜੇਕਰ ਪਾਕਿਸਤਾਨ ਪਾਸੋਂ ਡਰੋਨ ਆਉਂਦੇ ਹਨ ਤਾਂ ਉਹ ਵੀ ਸਾਡੇ ਇਲਾਕੇ ਵਿੱਚ ਆਉਂਦੇ ਹਨ। ਸੋ, ਜੇਕਰ ਮੈਂ ਇਨ੍ਹਾਂ ਹਾਲਾਤਾਂ ਦੀ ਗੱਲ ਕਰਾਂ ਤਾਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਸਮੇਤ ਗੁਰਦਾਸਪੁਰ ਵਿੱਚ ਬਹੁਤ ਸਾਰਾ ਨੁਕਸਾਨ ਹੋਇਆ ਹੈ। ਜੇਕਰ ਮੈਂ ਗੁਰਦਾਸਪੁਰ ਦੀ ਗੱਲ ਕਰਾਂ ਤਾਂ ਇੱਥੇ ਸਵਾ ਲੱਖ ਏਕੜ ਜ਼ਮੀਨ ਦਾ ਨੁਕਸਾਨ ਹੋਇਆ ਹੈ ਅਤੇ ਗੁਰਦਾਸਪੁਰ ਦੇ 350 ਪਿੰਡ ਇਨ੍ਹਾਂ ਹੜ੍ਹਾਂ ਦੀ ਮਾਰ ਹੇਠ ਆਏ ਹਨ। ਸਿਰਫ ਦੀਨਾਨਗਰ ਵਿੱਚ 35 ਹਜ਼ਾਰ ਏਕੜ ਜ਼ਮੀਨ ਤੇ ਖਰਾਬਾ ਹੋਇਆ ਹੈ, ਜ਼ਮੀਨ ਦਾ ਨੁਕਸਾਨ ਹੋਇਆ ਹੈ ਅਤੇ 900 ਦੇ ਕਰੀਬ ਘਰ ਡਿੱਗ ਗਏ ਹਨ। ਇੰਨਾ ਨੁਕਸਾਨ ਹੋਣ ਦੇ ਬਾਵਜੂਦ ਸਾਡੇ ਲੋਕਾਂ ਨੇ ਜਿਹੜਾ ਜਜ਼ਬਾ ਦਿਖਾਇਆ ਹੈ, ਮੈਂ ਉਸ ਦੀ ਦਾਦ ਦਿੰਦੀ ਹਾਂ। ਵੱਖ ਵੱਖ ਸੰਸਥਾਵਾਂ ਅਤੇ ਦੂਸਰੇ ਰਾਜਾਂ, ਇਥੋਂ ਤੱਕ ਕਿ ਯੂ.ਪੀ. ਤੋਂ ਆ ਕੇ ਲੋਕਾਂ ਨੇ ਮਦਦ ਕੀਤੀ ਹੈ। ਮੈਂ ਇਰੀਗੇਸ਼ਨ ਮੰਤਰੀ ਜੀ ਦੀ ਇਸ ਗੱਲ ਨਾਲ ਸਹਿਮਤ ਨਹੀਂ ਹਾਂ, ਉਨ੍ਹਾਂ ਨੇ ਕਿਹਾ ਹੈ ਕਿ 250 ਕਰੋੜ ਰੁਪਿਆ ਬੰਨ੍ਹ ਪੱਕੇ ਕਰਨ ਵਾਸਤੇ ਖਰਚ ਕੀਤਾ ਹੈ। ਸਾਡੀ ਟੀਮ ਮਿਲ ਕੇ ਉਥੇ ਗਈ ਸੀ, ਸਾਡੇ ਇਲਾਕਿਆਂ ਵਿੱਚ ਉਥੇ ਇੰਨਾ ਜ਼ਿਆਦਾ ਪਾਣੀ ਸੀ ਅਤੇ ਕਿਤੇ ਵੀ ਸਫਾਈ ਜਾਂ ਪੱਕਾ ਬੰਨ੍ਹ ਨਹੀਂ ਸੀ। ਕਿਰਨ ਨਾਲਾ ਜਿਹੜਾ ਉਥੋਂ ਦੀ ਲਾਈਫ ਲਾਈਨ ਹੈ, ਉਹ ਦੀਨਾਨਗਰ ਵਿਚੋਂ ਜਾ ਕੇ ਗੁਰਦਾਸਪੁਰ ਲੰਘ ਕੇ ਅੱਗੇ ਡੇਰਾ ਬਾਬਾ ਨਾਨਕ ਜਾਂਦਾ ਹੈ, ਉਥੇ ਉਸ ਨੂੰ ਸੱਕੀ ਨਾਲਾ ਕਿਹਾ ਜਾਂਦਾ ਹੈ, ਉਥੇ ਕਿਸੇ ਪ੍ਰਕਾਰ ਦੀ ਸਫਾਈ ਨਹੀਂ ਹੋਈ। ਅਸੀਂ ਪਿੰਡ ਪਿੰਡ ਜਾ ਕੇ ਇਸ ਬਾਰੇ ਪਤਾ ਕੀਤਾ ਹੈ। ਮੈਂ ਸਾਰੇ ਪਿੰਡਾਂ ਨੂੰ ਵਿਜ਼ਿਟ ਕੀਤਾ ਹੈ। ਮੈਂ ਕਹਿਣਾ ਚਾਹੁੰਦੀ ਹਾਂ ਕਿ ਸੀ.ਐਮ. ਸਾਹਿਬ ਨੇ ਜਿਹੜਾ 20,000 ਰੁਪਿਆ ਪ੍ਰਤੀ ਏਕੜ ਕੰਪਨਸੇਸ਼ਨ ਅਨਾਊਂਸ ਕੀਤਾ ਹੈ, ਉਹ enough ਨਹੀਂ ਹੈ। ਮੈਨੂੰ ਲੱਗਦਾ ਹੈ ਕਿ 50,000 ਰੁਪਿਆ ਪ੍ਰਤੀ ਏਕੜ ਮਿਲਣਾ ਚਾਹੀਦਾ ਹੈ ਅਤੇ ਖਾਸ ਕਰਕੇ ਖੇਤ ਮਜ਼ਦੂਰਾਂ ਦਾ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ। ਇੱਥੇ ਸਰਕਾਰ ਦੀ ਇੱਕ ਪਾਲਿਸੀ ਦਾ ਜ਼ਿਕਰ ਹੋਇਆ ਹੈ-'ਜਿਸ ਦਾ ਖੇਤ, ਉਸ ਦੀ ਰੇਤ'। ਇਹ ਬੜੀ ਚੰਗੀ ਪਾਲਿਸੀ ਹੈ ਕਿਉਂਕਿ ਜਿੰਨਾ ਰੇਤਾ ਖੇਤਾਂ ਵਿੱਚ ਆ ਗਿਆ ਹੈ, ਉਸ ਨੂੰ ਰੀਹੈਬਲੀਟੇਟ ਕਰਨ ਦੀ ਲੋੜ ਹੈ ਲੇਕਿਨ ਮੈਨੂੰ ਇਸ ਵਿੱਚ ਇੱਕ ਕਲੈਰੀਫਿਕੇਸ਼ਨ ਚਾਹੀਦੀ ਹੈ। ਜਿਹੜਾ ਦਰਿਆ ਆਪਣਾ ਨੈਚੂਰਲ ਕੋਰਸ ਛੱਡ ਕੇ ਪਿੰਡਾਂ ਵੱਲ ਆ ਗਿਆ ਹੈ, ਪਿੰਡਾਂ ਉਪਰੋਂ ਦਰਿਆ ਦਾ ਪਾਣੀ ਵੱਗ ਗਿਆ, ਉਥੇ ਪ੍ਰਾਈਵੇਟ ਮਾਲਕਾਂ ਦੀ ਜ਼ਮੀਨ ਹੈ। ਉਸ ਵਾਸਤੇ ਕੀ ਪਾਲਿਸੀ ਹੈ? ਪਿੰਡ ਵਾਲੇ ਕਹਿੰਦੇ ਹਨ ਕਿ ਜੇਕਰ ਇੱਥੇ ਮਾਈਨਿੰਗ ਸ਼ੁਰੂ ਹੋ ਗਈ, ਰੇਤਾ ਕੱਢਣਾ ਸ਼ੁਰੂ ਹੋ ਗਿਆ ਤਾਂ ਬਹੁਤ ਭਾਰੀ ਨੁਕਸਾਨ ਹੋਵੇਗਾ। ਇਹ ਹੋਣਾ ਚਾਹੀਦਾ ਹੈ ਕਿ ਮਿੱਟੀ ਪਾ ਕੇ ਪੁਖ਼ਤਾ ਕੰਮ ਕਰਕੇ ਦਰਿਆ ਨੂੰ ਨੈਚੂਰਲ ਕੋਰਸ ਵੱਲ ਮੋੜ ਦਿੱਤਾ ਜਾਵੇ ਲੇਕਿਨ ਜੇ ਉਥੇ ਮਾਈਨਿੰਗ ਹੋ ਗਈ ਤਾਂ ਹਰ rainy season ਵਿੱਚ ਪਿੰਡਾਂ ਵਿੱਚ, ਘਰਾਂ ਵਿੱਚ ਪਾਣੀ ਆ ਜਾਵੇਗਾ। ਸਾਡੇ ਦੀਨਾਨਗਰ ਦੇ ਜਿਹੜੇ ਸੈਲਫ ਸਟਾਈਲਡ ਲੀਡਰ ਹਨ, ਉਹ ਠੇਕੇਦਾਰਾਂ ਦੀ ਸਾਰੀ ਟੀਮ ਲੈ ਕੇ ਮੌਕੇ ਤੇ ਪਹੁੰਚ ਗਏ। ਉਨ੍ਹਾਂ ਨੇ ਵਾਇਰਲ ਹੋ ਕੇ ਇਹ ਕਿਹਾ ਕਿ ਕੱਲ੍ਹ ਤੋਂ ਮਾਈਨਿੰਗ ਸ਼ੁਰੂ ਹੋ ਜਾਵੇਗੀ। ਉਹ ਸਾਰਿਆਂ ਦੇ ਸਾਮ੍ਹਣੇ 15-20 ਟਰੱਕ ਭਰ ਕੇ ਲੈ ਵੀ ਗਏ। ਲੋਕਾਂ ਨੇ ਇਸ ਦਾ ਬਹੁਤ ਵਿਰੋਧ ਕੀਤਾ ਹੈ। ਪੰਚਾਂ-ਸਰਪੰਚਾਂ ਨੇ ਇਕੱਠੇ ਹੋ ਕੇ ਮਤਾ ਦਿੱਤਾ ਹੈ, ਜੋ ਮੈਂ *** ਟੇਬਲ ਤੇ ਰੱਖਣਾ

*** Placed in the approval page file.

ਚਾਹੁੰਦੀ ਹਾਂ। ਇਸ ਸਬੰਧੀ 22 ਸਤੰਬਰ ਦੀ ਟ੍ਰਿਬਿਊਨ ਵਿੱਚ ਖਬਰ ਵੀ ਲੱਗੀ ਸੀ। ਲੋਕਾਂ ਦੇ ਜ਼ਖ਼ਮ ਹਾਲੇ ਠੰਢੇ ਵੀ ਨਹੀਂ ਹੋਏ, ਉਨ੍ਹਾਂ ਨੂੰ ਮਲ੍ਹਮ ਲਗਾਉਣ ਦੀ ਲੋੜ ਹੈ ਅਤੇ ਇਨ੍ਹਾਂ ਨੇ ਇਲਲੀਗਲ ਮਾਈਨਿੰਗ ਦਾ ਕੰਮ ਸ਼ੁਰੂ ਵੀ ਕਰ ਦਿੱਤਾ ਹੈ। ਸੀ.ਐਮ. ਸਾਹਿਬ ਬੈਠੇ ਹਨ, ਮੈਂ ਗੁਜਾਰਿਸ਼ ਕਰਾਂਗੀ ਕਿ ਇਸ ਸਕੀਮ ਵਿੱਚ ਕਲੈਰੀਫਿਕੇਸ਼ਨ ਦਿੱਤੀ ਜਾਵੇ ਕਿ ਜਿਹੜੇ ਪਿੰਡ ਦੇ ਨਾਲ ਦਰਿਆ ਨੇ ਆਪਣਾ ਰਸਤਾ ਮੋੜਿਆ ਹੈ, ਉਥੇ ਪ੍ਰਾਈਵੇਟ ਮਾਲਕਾਂ ਦੀ ਜ਼ਮੀਨ ਨੂੰ ਕਿੰਨਾ ਛੱਡ ਕੇ ਮਾਈਨਿੰਗ ਕਰ ਸਕਦੇ ਹਨ। ਜੇਕਰ ਟੈਕਨੀਕਲ ਟੀਮ ਜਾ ਕੇ ਉਥੇ ਦੇਖ ਲਵੇ ਤਾਂ ਉਹ ਜਿੱਥੇ ਕਹਿਣਗੇ, ਇਹ ਮਾਈਨਿੰਗ ਕਰ ਲੈਣ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ।

**ਮਾਣਯੋਗ ਸਪੀਕਰ** : ਠੀਕ ਹੈ ਜੀ। ਵਾਈਂਡ ਅੱਪ ਕਰੋ ਜੀ।

**ਸ਼੍ਰੀਮਤੀ ਅਰੁਨਾ ਚੌਧਰੀ :** ਸਰ, ਦੂਸਰੀ ਗੱਲ ਮੈਂ ਹੋਰ ਕਰਨੀ ਚਾਹੁੰਦੀ ਹਾਂ। ਮੇਰੇ ਇਲਾਕੇ ਵਿੱਚ ਰਾਵੀ ਅਤੇ ਉਝ ਦਾ ਸੰਗਮ ਹੈ ਜੋ ਕਿ rainy season ਵਿੱਚ ਬੜੀ ਤਬਾਹੀ ਮਚਾਉਂਦਾ ਹੈ। ਇੱਥੇ ਪੱਕਾ ਪੁਲ ਬਣਾਉਣ ਵਾਸਤੇ ਅਗਸਤ, 2021 ਵਿੱਚ 100 ਕਰੋੜ 48 ਲੱਖ ਰੁਪਿਆ ਗੌਰਮਿੰਟ ਆਫ ਇੰਡੀਆ ਨੇ ਸੈਂਟਰਲ ਰੋਡ ਇਨਫ੍ਰਾਸਟ੍ਰਕਚਰ ਫੰਡ ਵਿਚੋਂ ਦਿੱਤਾ ਸੀ ਲੇਕਿਨ ਚਾਰ ਸਾਲ ਹੋ ਗਏ ਹਨ ਪਰ ਅੱਜ ਤੱਕ ਮਕੋੜਾ ਪੱਤਣ ਤੇ ਪੱਕਾ ਪੁਲ ਨਹੀਂ ਬਣ ਸਕਿਆ ਕਿਉਂਕਿ ਸਿਰਫ 4 ਕਰੋੜ ਰੁਪਏ ਦੀ ਲੋੜ ਹੈ ਅਤੇ ਲੋਕਾਂ ਨੂੰ, ਕਿਸਾਨਾਂ ਨੂੰ ਜ਼ਮੀਨ ਦਾ ਅਵਾਰਡ ਦੇਣਾ ਹੈ ਲੇਕਿਨ ਉਸ ਕਰਕੇ ਅਸੀਂ 100 ਕਰੋੜ ਦੀ ਲਾਗਤ ਨਾਲ ਬਣਨ ਵਾਲਾ ਪੁਲ ਵੀ ਨਹੀਂ ਬਣਾ ਸਕੇ।

**Mr. Speaker**: Thank you.

**ਸ਼੍ਰੀਮਤੀ ਅਰੁਨਾ ਚੌਧਰੀ:** ਇੱਕ ਮਿੰਟ ਸਰ। ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਬੇਨਤੀ ਕਰਾਂਗੀ ਕਿ 4 ਕਰੋੜ ਰੁਪਿਆ ਆਪਣੇ ਖ਼ਜਾਨੇ ਵਿਚੋਂ ਕੱਢ ਕੇ ਦਿੱਤਾ ਜਾਵੇ ਤਾਂ ਜੋ ਸਾਡੇ ਲੋਕ, ਜਿਨ੍ਹਾਂ ਦਾ ਲੈਂਡ ਨਾਲ ਡਾਇਰੈਕਟ ਲਿੰਕ ਨਹੀਂ ਹੈ, ਤੁਸੀਂ ਇੱਥੋਂ ਤੱਕ ਮੰਨੋ ਕਿ ਅਸੀਂ ਚੌਥੇ ਦਿਨ ਉਨ੍ਹਾਂ ਨੂੰ ਪੀਣ ਵਾਲਾ ਪਾਣੀ ਪਹੁੰਚਾਇਆ ਹੈ ਅਤੇ ਉਹ ਵੀ ਹੈਲੀਕਾਪਟਰ ਦੇ ਜ਼ਰੀਏ ਗਿਆ ਹੈ। ਅਸੀਂ ਐਡਮਨਿਸਟ੍ਰੇਸ਼ਨ ਨੂੰ ਕਿਹਾ ਕਿ ਪੀਣ ਵਾਲੇ ਪਾਣੀ ਦਾ ਪ੍ਰਬੰਧ ਕੀਤਾ ਜਾਵੇ। ਸਾਨੂੰ ਕਾਲ ਆਈ ਸੀ ਕਿ ਪੀਣ ਵਾਲਾ ਪਾਣੀ ਸਾਡੇ ਤੱਕ ਪਹੁੰਚਾਇਆ ਜਾਵੇ, ਸਾਡੇ ਬੱਚੇ ਵਿਲਕ ਰਹੇ ਹਨ। ਸੋ, ਜੇ ਉਥੇ ਪੁਲ ਬਣਿਆ ਹੁੰਦਾ ਤਾਂ ਇਹ ਨੌਬਤ ਨਹੀਂ ਆਉਣੀ ਸੀ। ਸੋ, ਮਿਹਰਬਾਨੀ ਕਰਕੇ 4 ਕਰੋੜ ਰੁਪਿਆ ਉਥੋਂ ਦੇ ਪੁਲ ਵਾਸਤੇ ਦਿੱਤਾ ਜਾਵੇ ਤਾਂ ਜੋ ਉਸ ਲੈਂਡ ਨਾਲ ਲਿੰਕ ਹੋ ਸਕੇ।

**Mr. Speaker**: Thank you. ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ।

**ਜਲ ਸਰੋਤ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ)** : ਸਪੀਕਰ ਸਾਹਿਬ, ਮਾਣਯੋਗ ਮੈਂਬਰ, ਅਰੁਨਾ ਚੌਧਰੀ ਜੀ ਨੇ ਗੁਰਦਾਸਪੁਰ ਦੀ ਗੱਲ ਕੀਤੀ ਹੈ। ਸੋ, ਪਹਿਲਾਂ ਤਾਂ ਕੋਈ so called ਨਹੀਂ ਹੈ, ਜਿਹੜੇ ਆਗੂ ਸਾਹਿਬਾਨ ਕੰਮ ਕਰਵਾਉਂਦੇ ਹਨ, ਮੈਂ ਸਮਝਦਾ ਹਾਂ ਕਿ ਉਹ ਸਤਿਕਾਰਯੋਗ ਹਨ। ਇਨ੍ਹਾਂ ਨੇ ਖਰਚ ਹੋਏ ਪੈਸੇ ਬਾਰੇ ਜ਼ਿਕਰ ਕੀਤਾ ਹੈ। ਆਹ (ਕਾਗਜ਼ ਦਿਖਾਉਂਦੇ ਹੋਏ) ਮੇਰੇ ਕੋਲ ਪੈਸੇ ਪੈਸੇ ਦੀ ਫਿਗਰ ਹੈ। ਕਦੇ ਕੋਈ ਕਹਿ ਦਿੰਦਾ ਹੈ ਅਤੇ ਫਿਰ ਕੋਈ ਹੋਰ ਕਹਿ ਦਿੰਦਾ ਹੈ ਕਿ ਇਹ 207 ਕਰੋੜ ਰੁਪਿਆ ਕਿੱਥੇ ਖਰਚ ਹੋਇਆ ਅਤੇ ਕਿਵੇਂ ਖਰਚ ਹੋਇਆ। ਪਹਿਲੀ ਗੱਲ ਹੈ ਕਿ ਇਹ ਬਹੁਤ ਲੰਬੇ ਸਮੇਂ ਤੋਂ ਇਸ ਬਾਰੇ ਕਹਿੰਦੇ ਆ ਰਹੇ ਹਨ, ਮੈਂ ਚਾਹੁੰਦਾ ਹਾਂ ਕਿ ਇਹ ਆਰ.ਟੀ.ਆਈ. ਦੇ ਰਾਹੀਂ ਇਸ ਬਾਰੇ ਇਨਫਰਮੇਸ਼ਨ ਲੈ ਲੈਣ। ਜੇ ਨਹੀਂ ਲੈਣੀ ਤਾਂ ਮੈਂ ਸਾਂਝੀ ਕਰ ਦਿੰਦਾ ਹਾਂ। ਇਨ੍ਹਾਂ ਨੇ ਗੁਰਦਾਸਪੁਰ ਦੀ ਲੰਬੇ ਸਮੇਂ ਤੱਕ

ਪ੍ਰਤੀਨਿਧਤਾ ਕੀਤੀ ਹੈ, ਇੱਥੇ ਬਹੁਤ ਆਗੂ ਸਾਹਿਬਾਨ ਗੁਰਦਾਸਪੁਰ ਨਾਲ ਸਬੰਧਤ ਬੈਠੇ ਹਨ। ਜਿਹੜੀ ਡਰੇਨ ਸ਼ਹਿਰ ਦੇ ਵਿੱਚੋਂ ਦੀ ਲੰਘਦੀ ਸੀ, ਅਸੀਂ ਉਹ ਡਰੇਨ ਪੱਕੀ ਕਰਕੇ ਦਿੱਤੀ ਹੈ। ਮੈਂ ਲੇਟੈਸਟ ਤਿੰਨ ਮਹੀਨੇ ਪਹਿਲਾਂ ਉਸ ਦਾ ਉਦਘਾਟਨ ਕਰਕੇ ਆਇਆ ਹਾਂ। ਇਨ੍ਹਾਂ ਨੇ ਨਾਲ ਸੱਕੀ ਨਾਲ਼ੇ ਦੀ ਗੱਲ ਕੀਤੀ ਹੈ। ਇਹ ਇਸ ਸਬੰਧ ਵਿੱਚ ਕੋਈ ਸਮਾਂ ਰੱਖ ਲੈਣ। ਹੁਣ ਇਸ ਗੱਲ ਤੋਂ ਜ਼ਾਹਿਰ ਹੁੰਦਾ ਹੈ ਕਿ ਆਗੂ ਸਾਹਿਬਾਨ ਘਰਾਂ ਵਿੱਚੋਂ ਤਾਂ ਬਾਹਰ ਨਿਕਲਦੇ ਕੋਈ ਨਹੀਂ ਪਰ ਇੱਥੇ ਵਿਧਾਨ ਸਭਾ ਵਿੱਚ ਆ ਕੇ ਜ਼ਿੰਮੇਵਾਰੀ ਲੈ ਲੈਂਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸੱਕੀ ਨਾਲ਼ੇ ਦੇ ਉੱਤੇ ਦੋ ਮਸ਼ੀਨਾਂ ਚਲਦੀਆਂ ਨੂੰ ਤਕਰੀਬਨ ਦੋ-ਤਿੰਨ ਮਹੀਨੇ ਹੋ ਗਏ ਹਨ। ਮੈਂਬਰ ਸਾਹਿਬਾਨ ਮੇਰੇ ਨਾਲ ਸਮਾਂ ਬੰਨ ਲੈਣ ਅਤੇ ਉਥੇ ਜਾ ਕੇ ਦੇਖ ਲੈਣ ਕਿ ਸੱਕੀ ਨਾਲ਼ੇ ਦੀ ਸਫਾਈ ਹੋ ਰਹੀ ਹੈ ਜਾਂ ਨਹੀਂ ਹੋ ਰਹੀ। (ਥੰਪਿੰਗ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀਮਤੀ ਅਰੁਨਾ ਚੌਧਰੀ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਧੰਨਵਾਦ ਜੀ। ਮੈਡਮ ਜੀ, ਤੁਹਾਡੀ ਗੱਲ ਹੋ ਗਈ ਹੈ। ਫਿਰ ਤਾਂ ਕੰਮ ਡਾਇਲਾਗ ਵਿੱਚ ਪੈ ਜਾਵੇਗਾ ਜੀ। ਹਾਂ ਜੀ, ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਸਾਹਿਬ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ):** ਥੈਂਕ ਯੂ, ਸਪੀਕਰ ਸਾਹਿਬ। ਸਪੀਕਰ ਸਾਹਿਬ, ਪੰਜਾਬ ਦੇ ਵਿੱਚ ਜਿਹੜੇ ਕੁਦਰਤੀ ਤੌਰ ਤੇ ਹੜ੍ਹ ਆਏ ਹਨ, ਮੈਂ ਸਵੇਰ ਤੋਂ ਸਾਰਿਆਂ ਦੀ ਡਿਸਕਸ਼ਨ ਇਸ ਬਾਰੇ ਸੁਣੀ ਹੈ ਪਰ ਸਾਰਿਆਂ ਨੇ ਇਹੀ ਗੱਲ ਕਹੀ ਹੈ ਕਿ ਇਸ ਮੁੱਦੇ ਉੱਤੇ ਰਾਜਨੀਤੀ ਨਹੀਂ ਕਰਨੀ ਚਾਹੀਦੀ। ਮੈਂ ਵੀ ਕਹਿੰਦਾ ਹਾਂ ਕਿ ਬਿਲਕੁਲ ਰਾਜਨੀਤੀ ਨਹੀਂ ਕਰਨੀ ਚਾਹੀਦੀ ਕਿਉਂਕਿ ਭਾਵੇਂ ਕਿਸੇ ਦੀ ਵੀ ਸਰਕਾਰ ਹੋਵੇ, ਕੁਦਰਤੀ ਮਾਰ ਕਦੇ ਵੀ ਆ ਸਕਦੀ ਹੈ। ਸਪੀਕਰ ਸਾਹਿਬ, ਤੁਸੀਂ ਵੀ ਕਿਹਾ ਸੀ ਕਿ ਇਸ ਮੁੱਦੇ ਉੱਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ। ਸੀ.ਐਮ. ਸਾਹਿਬ ਵੀ ਇੱਥੇ ਬੈਠੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਹੜ੍ਹਾਂ ਦੌਰਾਨ ਕੰਮ ਕੀਤਾ, ਸਾਰਿਆਂ ਨੇ ਹੀ ਕੀਤਾ ਹੈ ਪਰ ਉਥੇ ਜਿਹੜੀਆਂ ਡਾਇਰੈਕਸ਼ਨਜ਼ ਉਤੋਂ ਜਾਂਦੀਆਂ ਹਨ, ਦੇਖੋ, ਟਰੇਜ਼ਰੀ ਬੈਂਚਿਜ ਵਿੱਚ ਕਿੰਨੇ ਐਮ.ਐਲ.ਏਜ਼ ਸਾਹਿਬਾਨ ਬੈਠੇ ਹਨ ਅਤੇ ਇੱਧਰ ਆਪੋਜ਼ੀਸ਼ਨ ਬੈਂਚਿਜ ’ਤੇ 12-14 ਜਣੇ ਹਾਂ। ਮੈਂ ਉਥੇ ਹੜ੍ਹਾਂ ਦੌਰਾਨ ਵਾਪਰੀ ਇੱਕ ਛੋਟੀ ਜਿਹੀ ਘਟਨਾ ਦੱਸਣੀ ਚਾਹੁੰਦਾ ਹਾਂ। ਉਥੇ ਇੱਕ ਪੇਸ਼ੈਂਟ ਦੀ ਕੀਮੋਥੈਰੇਪੀ ਹੁੰਦੀ ਸੀ, ਜਿਹੜਾ ਕਿ ਨਾਲ਼ੇ ਤੋਂ ਪਾਰ ਰਹਿੰਦਾ ਸੀ, ਉਥੋਂ ਲੰਘਿਆ ਨਹੀਂ ਜਾਂਦਾ ਸੀ। ਮੈਂ ਖੁਦ ਉਥੇ ਹੜ੍ਹਾਂ ਦੌਰਾਨ ਰਿਹਾ ਹਾਂ, ਮੈਂ ਦਿਨ ਵਿੱਚ ਘਰ ਨਹੀਂ ਆਉਂਦਾ ਸੀ, ਸਿਰਫ ਰਾਤ ਨੂੰ ਹੀ ਘਰ ਆਉਂਦਾ ਰਿਹਾ ਹਾਂ। ਉਥੇ ਜਿਹੜੇ ਅਫ਼ਸਰ ਸਰਕਾਰ ਵੱਲੋਂ ਡਿਪਿਊਟ ਕੀਤੇ ਗਏ ਸੀ, ਮੈਂ ਉਸ ਵਿਅਕਤੀ ਸਬੰਧੀ ਉਨ੍ਹਾਂ ਨੂੰ ਰਿਕੁਐਸਟ ਕੀਤੀ। ਉਨ੍ਹਾਂ ਦੇ ਨਾਲ ਫੌਜ ਸੀ ਅਤੇ ਕਿਸ਼ਤੀਆਂ ਵੀ ਸਨ। ਮੈਂ ਕਿਹਾ ਕਿ ਉਸ ਵਿਅਕਤੀ ਦੀ ਹਰ ਤੀਸਰੇ ਦਿਨ ਕੀਮੋਥੈਰੇਪੀ ਹੁੰਦੀ ਹੈ, ਉਸ ਨੂੰ ਲਿਜਾਉਣ ਵਾਸਤੇ ਕਿਸ਼ਤੀ ਦੇ ਦਿਉ। ਉਹ ਕਹਿੰਦੇ ਕਿ ਸਾਨੂੰ ਆਰਡਰ ਹਨ ਕਿ ਜਦੋਂ ਹਲਕਾ ਇੰਚਾਰਜ ਆਵੇਗਾ ਤਾਂ ਕਿਸ਼ਤੀ ਮਿਲਣੀ ਹੈ, ਅਦਰਵਾਈਜ਼ ਨਹੀਂ ਮਿਲਣੀ। ਮੈਨੂੰ ਇਹ ਸੁਣ ਕੇ ਬੜਾ ਦੁੱਖ ਹੋਇਆ ਪਰ ਮੈਂ ਐਫਰਟਸ ਕੀਤੇ ਅਤੇ ਉਸ ਬੰਦੇ ਲਈ ਬੇੜੀ ਅਰੇਂਜ ਕੀਤੀ। ਫਿਰ ਮੈਂ ਇਸ ਕਾਰਨ ਉਥੇ ਲੜਿਆ ਵੀ ਸੀ। ਇੱਕ ਹੋਰ ਕੇਸ ਵੀ ਸੀ, ਆਮ ਆਦਮੀ ਪਾਰਟੀ ਦੀ ਸਰਪੰਚ ਦਾ 7 ਦਿਨ ਦਾ ਪੋਤਰਾ ਸੀ, ਮੈਂ ਉਸ ਨੂੰ ਵੀ ਪਾਣੀ ਵਿੱਚੋਂ ਕੱਢ ਕੇ ਲਿਆਇਆ ਪ੍ਰੰਤੂ ਦੁੱਖ ਇੱਥੇ ਹੁੰਦਾ ਹੈ, ਜਿਵੇਂ ਚੀਮਾ ਸਾਹਿਬ ਤੁਸੀਂ ਕਿਹਾ ਹੈ, ਮੈਂ ਇੰਡੋਰਸ ਕਰਦਾ ਹਾਂ ਕਿ ਪ੍ਰਧਾਨ ਮੰਤਰੀ ਸਾਹਿਬ ਗਵਰਨਰਜ਼ ਦੇ ਥਰੂ ਮੁੱਖ ਮੰਤਰੀ ਸਾਹਿਬਾਨਾਂ ਨੂੰ ਥੱਲੇ ਕਰਦੇ ਹਨ ਕਿਉਂਕਿ ਚੀਫ਼ ਮਨਿਸਟਰ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ ਪਰ ਗਵਰਨਰ ਨਾਮੀਨੇਟਿਡ ਹੈ ਪਰ ਆਪਾਂ ਕੀ ਕਰ ਰਹੇ ਹਾਂ? ਕੀ ਸਾਡੇ

12-14 ਐਮ.ਐਲ.ਏਜ਼ ਸਰਕਾਰ ਕੋਲੋਂ ਹਜ਼ਮ ਨਹੀਂ ਹੁੰਦੇ? ਅਜੇ ਕੱਲ੍ਹ ਤੁਸੀਂ ਪੰਜ ਕਰੋੜ ਰੁਪਿਆ ਦਿੱਤਾ ਹੈ। ਅਸੀਂ ਸਾਰਿਆਂ ਨੂੰ ਕਿਹਾ, ਅਸੀਂ ਸੀ.ਐਮ. ਸਾਹਿਬ ਨੂੰ ਇਸ ਪੰਜ ਕਰੋੜ ਰੁਪਏ ਲਈ ਰਿਕੁਐਸਟ ਕੀਤੀ। ਅਸੀਂ ਕੋਈ ਯੂ.ਪੀ. ਤੋਂ ਥੋੜ੍ਹਾ ਆਏ ਹਾਂ, ਅਸੀਂ ਵੀ ਇਸ ਸਦਨ ਵਿੱਚ ਚੁਣ ਕੇ ਆਏ ਹੋਏ ਹਾਂ। ਅਸੀਂ ਵੀ ਮਿਹਨਤ ਕਰਕੇ ਆਏ ਹਾਂ ਪਰ ਸਾਨੂੰ ਕਿਸੇ ਨੇ ਨਹੀਂ ਪੁੱਛਿਆ। ਚਲੋ, ਕੋਈ ਪ੍ਰਾਬਲਮ ਨਹੀਂ ਹੈ, ਪੰਜ ਕਰੋੜ ਰੁਪਏ ਨਾਲ ਨਾ ਕਿਸੇ ਨੇ ਹਾਰਨਾ ਹੈ ਅਤੇ ਨਾ ਹੀ ਕਿਸੇ ਨੇ ਜਿੱਤ ਜਾਣਾ ਹੈ। ਮੈਂ ਸਿਰਫ ਇੰਨਾ ਤਾਂ ਹੀ ਦੱਸਿਆ ਹੈ ਕਿ ਕਿਸੇ ਉੱਤੇ ਉਂਗਲ ਚੁੱਕਣ ਤੋਂ ਪਹਿਲਾਂ ਅਸੀਂ ਆਪਣੇ ਆਪ ਨੂੰ ਦੇਖੀਏ। ਮੈਂ ਤਾਂ ਇੱਦਾਂ ਹੀ ਕਰਦਾ ਹਾਂ, ਜੇ ਕਿਸੇ ਤੇ ਉਂਗਲ ਚੁੱਕੀਏ ਤਾਂ ਪਹਿਲਾਂ ਮੈਂ ਆਪਣੇ ਉੱਤੇ ਝਾਤੀ ਮਾਰਦਾ ਹਾਂ ਕਿ ਕਿਤੇ ਮੇਰੀ ਕੋਈ ਗਲਤੀ ਤਾਂ ਨਹੀਂ ਹੈ। ਸੋ, ਮੇਰੀ ਇਹ ਬੇਨਤੀ ਹੈ। ਸਪੀਕਰ ਸਾਹਿਬ, ਤੁਹਾਡੇ ਮਾਧਿਅਮ ਰਾਹੀਂ ਮੈਂ ਚੀਫ਼ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿੱਥੇ ਆਪਣੀ ਗਲਤੀ ਹੋਵੇ, ਉਥੇ ਸਾਰਿਆਂ ਨੂੰ ਮੰਨ ਲੈਣੀ ਚਾਹੀਦੀ ਹੈ। ਗਲਤੀਆਂ ਬੰਦੇ ਕੋਲੋਂ ਹੀ ਹੁੰਦੀਆਂ ਹਨ। ਇੱਥੇ ਕੋਈ ਵੀ ਜਿਹੜਾ ਬੈਠਾ ਹੈ, ਉਹ ਰੱਬ ਤਾਂ ਹੈ ਨਹੀਂ। ਜਲ ਸਰੋਤ ਮੰਤਰੀ, ਸ਼੍ਰੀ ਬਰਿੰਦਰ ਗੋਇਲ ਸਾਹਿਬ ਇੱਥੇ ਬੈਠੇ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਐਕਸੀਅਨ, ਸ਼੍ਰੀ ਨਿਤਿਨ ਸੂਦ ਸਸਪੈਂਡ ਕੀਤਾ ਹੈ, ਕੀ ਤੁਹਾਨੂੰ ਪਤਾ ਹੈ ਕਿ ਉਸ ਦੀ ਉਥੇ ਮਾਧੋਪੁਰ ਹੈੱਡਵਰਕਸ ਉੱਤੇ ਕਦੋਂ ਅਪੁਆਇੰਟਮੈਂਟ ਹੋਈ ਹੈ? ਤੁਸੀਂ ਇਸ ਸਬੰਧ ਵਿੱਚ ਅਫ਼ਸਰਾਂ ਨੂੰ ਪੁੱਛ ਲੈਣਾ। ਮੇਰੇ ਖਿਆਲ ਵਿੱਚ ਉਸ ਨੇ 7 ਜੁਲਾਈ ਨੂੰ ਉਥੇ ਜੁਆਇਨ ਕੀਤਾ ਹੈ ਅਤੇ 10-12 ਦਿਨਾਂ ਬਾਅਦ ਹੜ੍ਹ ਆਇਆ ਹੈ। ਅਸੀਂ ਉਸ ਅਫ਼ਸਰ ਨੂੰ ਸਸਪੈਂਡ ਕਰ ਰਹੇ ਹਾਂ ਪ੍ਰੰਤੂ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਇੰਸਟੀਚਿਊਸ਼ਨ ਦਾ ਹੈੱਡ ਐਰੋਗੈਂਟ ਹੋਵੇ, ਜਿਸ ਇੰਸਟੀਚਿਊਸਨ ਦਾ ਹੈੱਡ ਆਪਣੇ ਆਪ ਨੂੰ ਵਨ ਮੈਨ ਸ਼ੋਅ ਕਰਦਾ ਹੋਵੇ ਕਿ ਮੈਂ ਹੀ ਸਾਰਾ ਕੁਝ ਹਾਂ, ਉਹ ਇੰਸਟੀਚਿਊਸ਼ਨ ਕਦੇ ਸਹੀ ਨਹੀਂ ਚਲਦੇ ਹੁੰਦੇ। ਉਸ ਇੰਸਟੀਚਿਊਸ਼ਨ ਦਾ ਵੀ ਬੇੜਾ ਗਰਕ ਹੁੰਦਾ ਹੈ ਅਤੇ ਉਹ ਸਰਕਾਰਾਂ ਦਾ ਵੀ ਬੇੜਾ ਗਰਕ ਕਰ ਦਿੰਦੇ ਹਨ। ਜਦੋਂ ਅਸੀਂ ਇੱਧਰ ਸਰਕਾਰ ਵਿੱਚ ਬੈਠੇ ਸੀ, ਉਦੋਂ ਕਈ ਅਫ਼ਸਰ ਸੀ, ਜਿਹੜੇ ਆਪਣੇ ਆਪ ਨੂੰ ਸਮਝਦੇ ਸੀ ਕਿ ਅਸੀਂ ਮੰਤਰੀਆਂ ਤੋਂ ਵੀ ਉੱਪਰ ਹਾਂ। ਮੈਂ ਇਹ ਗੱਲ ਇਸ ਕਰਕੇ ਕਹਿ ਰਿਹਾ ਹਾਂ, ਅਸੀਂ 117 ਐਮ.ਐਲ.ਏਜ਼. ਇਸ ਸਦਨ ਵਿੱਚ ਚੁਣ ਕੇ ਆਏ ਹਾਂ, ਜੇ ਮੇਰੀ ਗੱਲ ਚੰਗੀ ਲੱਗੇਗੀ ਤਾਂ ਸ਼ਾਇਦ ਤੁਸੀਂ ਦੁਬਾਰਾ ਵੀ ਆ ਜਾਵੋ ਪਰ ਇਹ ਕਦੇ ਨਹੀਂ ਹੋ ਸਕਦਾ ਕਿ ਇੱਕ ਬੰਦਾ ਵਨ ਮੈਨ ਸ਼ੋਅ ਬਣ ਕੇ ਸਰਕਾਰ ਨੂੰ ਟਰੀਟ ਕਰੇ, ਮੰਤਰੀ ਨੂੰ ਟਰੀਟ ਕਰੇ ਅਤੇ ਉਨ੍ਹਾਂ ਦੀ ਗੱਲ ਹੀ ਨਾ ਸੁਣੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਨੁਕਸਾਨ ਲਈ ਉਸ ਇਨਸਾਨ ਦੀ ਜ਼ਿੰਮੇਵਾਰੀ ਫਿਕਸ ਹੋਣੀ ਚਾਹੀਦੀ ਹੈ, ਜਿਹੜਾ ਸੈਕਟਰੀ ਹੈ, ਜਿਹੜਾ ਉਸ ਡਿਪਾਰਟਮੈਂਟ ਦਾ ਹੈੱਡ ਹੈ।

**ਮਾਣਯੋਗ ਸਪੀਕਰ:** ਪਾਹੜਾ ਸਾਹਿਬ, ਇੱਕ ਮਿੰਟ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਸਪੀਕਰ ਸਾਹਿਬ, ਇਹ ਬੜੀ ਇੰਪਾਰਟੈਂਟ ਗੱਲ ਹੈ। ਇਹ ਕੋਈ ਛੋਟੀ ਗੱਲ ਨਹੀਂ ਹੈ।

**ਮਾਣਯੋਗ ਸਪੀਕਰ:** ਪਾਹੜਾ ਸਾਹਿਬ, ਮੈਂ ਤੁਹਾਡੀ ਗੱਲ ਸਮਝਦਾ ਹਾਂ, ਗੱਲਾਂ ਸਾਰੀਆਂ ਹੀ ਇੰਪਾਰਟੈਂਟ ਹਨ। 36 ਪਿੰਡ ਤੁਹਾਡੇ ਹਲਕੇ ਦੇ ਇਫੈਕਟਿਡ ਹਨ, ਤੁਸੀਂ ਉਨ੍ਹਾਂ ਦੀ ਕੋਈ ਗੱਲ ਕਰ ਲਓ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਮੈਂ ਉਨ੍ਹਾਂ ਦੀ ਗੱਲ ਵੀ ਕਰਾਂਗਾ ਜੀ। ਰੱਬ ਨਾ ਕਰੇ, ਕੱਲ੍ਹ ਨੂੰ ਫਿਰ ਇਸ ਤਰ੍ਹਾਂ ਦੀ ਬਿਪਤਾ ਆ ਜਾਂਦੀ ਹੈ ਤਾਂ ਇਸ ਦਾ ਮਤਲਬ ਕੀ ਇਸੇ ਤਰ੍ਹਾਂ ਚਲਦਾ ਰਹੇਗਾ?

**ਮਾਣਯੋਗ ਸਪੀਕਰ:** ਉਹ ਆਪਾਂ ਫਿਰ ਕਰ ਲਵਾਂਗੇ, ਹੁਣ ਆਪਾਂ ਹੜ੍ਹਾਂ 'ਤੇ ਗੱਲ ਕਰੀਏ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਮੈਂ ਖਤਮ ਕਰ ਦਿੰਦਾ ਹਾਂ ਜੀ, ਮੈਂ ਦੂਸਰੀ ਗੱਲ ਕਰ ਲੈਂਦਾ ਹਾਂ। ਮੈਂ ਤਾਂ ਇਹੀ ਕਹਿ ਰਿਹਾ ਹਾਂ ਕਿ ਕਿਤੇ ਨਾ ਕਿਤੇ ਇਸ ਫੈਸਲੇ ਉੱਤੇ ਜ਼ਰੂਰ ਝਾਤੀ ਮਾਰੋ। ਇੱਕ ਐਕਸੀਅਨ ਨੂੰ ਸਸਪੈਂਡ ਕਰਕੇ ਪੱਲਾ ਨਹੀਂ ਝਾੜਨਾ ਚਾਹੀਦਾ। ਜਿਹੜੇ ਜ਼ਿੰਮੇਵਾਰ ਬੰਦੇ ਹਨ, ਉਨ੍ਹਾਂ ਨੂੰ ਫੜੋ। ਸਮਾਂ ਥੋੜ੍ਹਾ ਹੈ, ਮੈਂ ਸਾਰੀ ਗੱਲ ਡੀਪਲੀ ਕਰ ਸਕਦਾ ਹਾਂ ਪਰ ਮੇਰੀ ਇੱਕੋ ਬੇਨਤੀ ਹੈ ਕਿ ਟਰੇਜ਼ਰੀ ਬੈਂਚਿਜ਼ ਵਾਲੇ ਆਪ ਹੀ ਕਈ ਵਾਰ ਕਹਿੰਦੇ ਰਹੇ ਹਨ ਕਿ ਅਸੀਂ ਦਿੱਲੀ ਵਿੱਚ 50 ਹਜ਼ਾਰ ਰੁਪਿਆ ਪ੍ਰਤੀ ਏਕੜ ਗਿਰਦਾਵਰੀਆਂ ਤੋਂ ਪਹਿਲਾਂ ਹੀ ਦੇ ਦਿੰਦੇ ਹਾਂ। ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਇੱਥੇ ਵੀ ਦੇ ਦਿਓ। ਤੁਹਾਡੇ ਖਜ਼ਾਨੇ ਵਿੱਚ ਕੋਈ ਕਮੀ ਨਹੀਂ ਹੈ, ਤੁਸੀਂ ਆਪ ਹੀ ਕਹਿੰਦੇ ਹੋ। ਇਸ ਤੋਂ ਵੱਡੀ ਤ੍ਰਾਸਦੀ ਹੋਰ ਕੋਈ ਨਹੀਂ ਹੋਣੀ। ਪਹਿਲਾਂ ਲੜਾਈ ਲੱਗੀ ਤਾਂ ਉੱਥੇ ਲੋਕ ਮਰ ਗਏ, ਪਿੰਡਾਂ ਦੇ ਪਿੰਡ ਉਜੜ ਗਏ। ਰਾਜਨੀਤੀ ਤਾਂ ਚੱਲਦੀ ਹੀ ਰਹਿਣੀ ਹੈ। ਸਾਡੇ ਤੋਂ ਪਹਿਲਾਂ ਵੀ ਇੱਥੇ ਬਹੁਤ ਆਏ ਅਤੇ ਚਲੇ ਗਏ ਪਰ ਅੱਜ ਸਾਨੂੰ ਪੰਜਾਬ ਨਾਲ ਖਲੋਣ ਦੀ ਜ਼ਰੂਰਤ ਹੈ। ਅਸੀਂ 117 ਪੰਜਾਬ ਨਾਲ ਖਲੋਤੇ ਹਾਂ। ਮੈਂ ਅੱਧੇ ਮਿੰਟ ਵਿੱਚ ਕਨਕਲੂਡ ਕਰ ਰਿਹਾ ਹਾਂ ਜੀ। ਤੁਸੀਂ ਕਹਿੰਦੇ ਹੋ ਕਿ ਅਸੀਂ ਕੇਂਦਰ ਨਾਲ ਰਲ਼ੇ ਹੋਏ ਹਾਂ। ਚੀਮਾ ਸਾਹਿਬ, ਮੈਂ ਗਰੰਟੀ ਦਿੰਦਾ ਹਾਂ, ਅਸੀਂ ਸਾਰੇ ਚੱਲਾਂਗੇ। ਤੁਸੀਂ ਪ੍ਰਧਾਨ ਮੰਤਰੀ ਘਰ ਦੇ ਅੱਗੇ ਧਰਨਾ ਰੱਖੋ, ਜੇਕਰ ਸਭ ਤੋਂ ਅਗਾੜੀ ਮੈਂ ਨਾ ਹੋਵਾਂ ਤਾਂ ਗੱਲ ਕਰਿਓ। ਆਓ ਚੱਲੀਏ, ਅਸੀਂ ਪੰਜਾਬ ਦੇ ਨਾਲ ਹਾਂ। ਇਹ ਭੁਲੇਖਾ ਕੱਢ ਦਿਓ ਕਿ ਅਸੀਂ ਭਾਜਪਾ ਦੇ ਨਾਲ ਹਾਂ। ਨਾਲੇ ਪਤਾ ਲੱਗ ਜਾਵੇਗਾ ਕਿ ਕਿਹੜਾ ਭਾਜਪਾ ਦੇ ਨਾਲ ਹੈ ਅਤੇ ਕਿਹੜਾ ਪੰਜਾਬ ਦੇ ਨਾਲ ਹੈ। ਆਪਾਂ ਤਾਂ ਇੱਥੇ ਵੀ ਲੜ ਸਕਦੇ ਹਾਂ ਅਤੇ ਬਾਹਰ ਵੀ ਲੜ ਸਕਦੇ ਹਾਂ। ਇਹ ਕਿਸੇ ਨੂੰ ਭੁਲੇਖਾ ਨਹੀਂ ਹੈ ਕਿ ਕੇਂਦਰ ਸਰਕਾਰ ਨੂੰ ਪੰਜਾਬ ਚੁਭਦਾ ਹੈ। ਸੋ, ਇਸ ਕਰਕੇ ਅਸੀਂ ਤੁਹਾਡੇ ਨਾਲ ਹਾਂ। ਅਸੀਂ ਠੋਕ ਕੇ ਤੁਹਾਡੇ ਨਾਲ ਖੜ੍ਹਾਂਗੇ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਸਰਦਾਰ ਪਰਗਟ ਸਿੰਘ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਸਪੀਕਰ ਸਾਹਿਬ, ਬੱਸ ਦਸ ਸੈਕਿੰਡ ਜੀ। ਮੇਰੀ ਇੱਕ ਹੋਰ ਬੇਨਤੀ ਹੈ ਕਿ ਮੁੱਖ ਮੰਤਰੀ ਜੀ ਇੱਥੇ ਬੈਠੇ ਹਨ। ਬਾਕੀ ਕੰਮ ਤਾਂ ਚਲਦੇ ਰਹਿਣੇ ਹਨ ਪਰ ਜਿਹੜੇ ਲੋਕਾਂ ਦੀਆਂ ਦੀਆਂ ਘਰਾਂ ਛੱਤਾਂ ਟੁੱਟੀਆਂ ਹਨ, ਉਹ ਤਰਪਾਲਾਂ ਹੇਠਾਂ ਬੈਠੇ ਹਨ। ਉਸ ਕੰਮ ਨੂੰ ਆਪਣੇ ਅਧਿਕਾਰੀਆਂ ਰਾਹੀਂ ਥੋੜ੍ਹਾ ਜਿਹਾ ਸਪੀਡ-ਅੱਪ ਕਰਵਾ ਕੇ ਉਨ੍ਹਾਂ ਲੋਕਾਂ ਨੂੰ ਇਮੀਜੀਏਟਲੀ ਰਿਲੀਫ਼ ਦੇ ਦਿਓ। ਧੰਨਵਾਦ।

**ਸ੍ਰੀਮਤੀ ਅਰੁਨਾ ਚੌਧਰੀ:** ਸਪੀਕਰ ਸਾਹਿਬ, ਮੈਂ ਇੱਕ ਸੁਝਾਅ ਦੇਣਾ ਚਾਹੁੰਦੀ ਹਾਂ ਕਿ ਤਿੰਨ ਮਹੀਨੇ ਪਹਿਲਾਂ ਸਾਰੇ ਪੰਜਾਬ ਵਿੱਚ ਜੀਓ ਟੈਗਿੰਗ ਹੋਈ ਹੈ। ਮੈਂ ਇਸ ਬਾਰੇ ਕੇਂਦਰ ਸਰਕਾਰ ਦੇ ਸਬੰਧਤ ਮੰਤਰੀ ਅਤੇ ਮੋਦੀ ਜੀ ਨੂੰ ਚਿੱਠੀ ਵੀ ਲਿਖੀ ਹੈ ਕਿ ਜਿਹੜੇ ਪਿੰਡਾਂ ਵਿੱਚ ਜੀਓ ਟੈਗਿੰਗ ਹੋ ਚੁੱਕੀ ਹੈ, ਵੈਸੇ ਤਾਂ ਸਾਰੇ ਪੰਜਾਬ ਦੀ ਹੋ ਚੁੱਕੀ ਹੈ, ਉਨ੍ਹਾਂ ਨੂੰ ਪ੍ਰਾਇਰਟੀ ਉਤੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਘਰਾਂ ਦੀ ਰਿਪੇਅਰ ਦੇ ਪੈਸੇ ਜਲਦੀ ਤੋਂ ਜਲਦੀ ਦਿੱਤੇ ਜਾਣ। ਤੁਸੀਂ ਇਸ ਤੇ ਜ਼ਰੂਰ ਫੋਕਸ ਕਰੋ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਸਰਦਾਰ ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ):** ਧੰਨਵਾਦ ਸਪੀਕਰ ਸਾਹਿਬ। ਸਭ ਤੋਂ ਪਹਿਲਾਂ ਗੋਇਲ ਸਾਹਿਬ ਨੇ ਜਿਹੜੇ ਪੰਜ ਮਤੇ ਲਿਆਂਦੇ ਹਨ, ਮੈਂ ਉਨ੍ਹਾਂ ਦੀ ਤਾਈਦ ਕਰਦਾ ਹਾਂ। ਪੰਜਾਬ ਨਾਲ ਬਹੁਤ ਵੱਡੀ ਬੇਇਨਸਾਫੀ ਹੋ ਰਹੀ

ਹੈ ਅਤੇ ਪੰਜਾਬ ਨੂੰ ਮਾਰ ਵੀ ਬਹੁਤ ਵੱਡੀ ਪੈ ਰਹੀ ਹੈ ਕਿਉਂਕਿ ਜੇ ਕਿਤੇ ਲੜਾਈ ਹੋਵੇ ਤਾਂ ਵੀ ਪੰਜਾਬ ਮੂਹਰੇ ਅਤੇ ਜੇ ਹੜ੍ਹਾਂ ਵਿੱਚ ਡੁੱਬੇ ਤਾਂ ਵੀ ਪੰਜਾਬ ਮੂਹਰੇ ਪਰ ਜਦੋਂ ਫਾਇਨਾਂਸਿਜ਼ ਦੀ ਗੱਲ ਹੁੰਦੀ ਹੈ ਤਾਂ ਸਾਰੇ ਕੰਟਰੀ ਦੇ ਪੈਰਾਮੀਟਰਜ਼ ਨੂੰ ਦੇਖਣ ਤੋਂ ਬਾਅਦ ਪੰਜਾਬ ਨੂੰ ਉਨਾ ਕੁ ਹੀ ਦਿੰਦੇ ਹਨ ਕਿ ਇਨ੍ਹਾਂ ਨੂੰ ਤਾਂ ਇੰਨੀ ਕੁ ਹੀ ਜ਼ਰੂਰਤ ਹੈ ਅਤੇ ਇੰਨਾ ਹੀ ਦੇਣਾ ਹੈ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਡੈਮਜ਼ ਤੇ ਭਾਰਤ ਸਰਕਾਰ ਨੇ ਡੈਮ ਸੇਫ਼ਟੀ ਐਕਟ ਲਿਆ ਕੇ ਕਬਜ਼ਾ ਕਰ ਲਿਆ ਹੈ। ਸਪੀਕਰ ਸਾਹਿਬ, ਜਦੋਂ ਕੋਈ ਬੰਦਾ ਡੁੱਬਦਾ ਹੁੰਦਾ ਹੈ, ਉਸ ਨੂੰ ਪਤਾ ਹੁੰਦਾ ਹੈ ਕਿ ਕਦੋਂ ਕੁ ਪਾਣੀ ਛੱਡ ਲੈਣਾ ਹੈ, ਕਿਵੇਂ ਬਚਣਾ ਹੈ, ਕਿੱਥੋਂ ਲੰਘਣਾ ਹੈ, ਕਿੱਥੋਂ ਨਹੀਂ ਲੰਘਣਾ ਹੈ। ਆਪਾਂ ਪਿਛਲੇ ਸਮੇਂ ਸਪੈਸ਼ਲ ਸੈਸ਼ਨ ਵਿੱਚ ਮਤਾ ਵੀ ਪਾਸ ਕੀਤਾ ਸੀ। ਹੁਣ ਵੀ ਆਪਾਂ ਇਹ ਮਤਾ ਪਾਸ ਕਰਨਾ ਹੈ। ਮੁੱਖ ਮੰਤਰੀ ਜੀ, ਜਦੋਂ ਤੱਕ ਆਪਾਂ ਇਨ੍ਹਾਂ ਦੀ ਹਿੱਕ ਵਿੱਚ ਨਹੀਂ ਵੱਜਦੇ, ਇਹ ਸਾਡੇ ਮਤਿਆਂ ਨੂੰ ਕੁਝ ਨਹੀਂ ਸਮਝਦੇ। ਉੱਥੇ ਜਿਹੜਾ ਬਾਬੂ ਬੈਠਾ ਹੁੰਦਾ ਹੈ, ਇਹ ਰਿਐਲਟੀ ਹੈ ਕਿ ਸ਼ਾਇਦ ਉਸ ਕੋਲ ਇਹ ਮਤਾ ਪਹੁੰਚਦਾ ਵੀ ਹੈ ਜਾਂ ਨਹੀਂ। ਤੁਸੀਂ ਆਪ ਹੀ ਕਿਹਾ ਸੀ ਕਿ ਆਪਾਂ ਵੀ ਪੰਜਾਬ ਦਾ ਡੈਮ ਸੇਫ਼ਟੀ ਐਕਟ ਲੈ ਕੇ ਆਵਾਂਗੇ। ਇਸ ਨਾਲ ਆਪਾਂ ਲੀਗਲੀ ਮਾੜੀ-ਮੋਟੀ ਲੱਤ ਅੜਾਉਣ ਜੋਗੇ ਹੋ ਜਾਂਦੇ ਹਾਂ। ਆਪਾਂ ਸਾਰੇ ਇਕੱਠੇ ਹੋਈਏ। ਦੂਜੀ ਗੱਲ ਜਿਹੜਾ ਆਈ.ਐਮ.ਡੀ. ਡਿਪਾਰਟਮੈਂਟ ਹੈ, ਵੈਸੇ ਤਾਂ ਗੋਇਲ ਸਾਹਿਬ ਨੇ ਦੱਸਿਆ ਹੈ ਕਿ 550 ਫੀਸਦੀ ਜਾਂ 600 ਫੀਸਦੀ ਦੀ ਵੈਰੀਏਸ਼ਨ ਹੈ। ਇੱਕ ਦਿਨ ਉਸ ਦੀ 1900 ਫੀਸਦੀ ਦੀ ਵੈਰੀਏਸ਼ਨ ਵੀ ਸੀ, ਜਿਹੜੀ ਕਿ ਮੈਨੂੰ ਨਹੀਂ ਲਗਦਾ ਕਿ ਕਿਸੇ ਵੀ ਅੰਦਾਜ਼ੇ ਦੇ ਮੁਤਾਬਿਕ ਇਸ ਤਰ੍ਹਾਂ ਹੋ ਸਕਦਾ ਹੈ। ਇਹ ਮੰਨਿਆ ਕਿ 10-20 ਪਰਸੈਂਟ ਜਾਂ 20-25 ਪਰਸੈਂਟ ਵੱਧ ਹੋ ਜਾਂਦਾ ਹੈ। ਲੇਕਿਨ ਇੰਨੀ ਜ਼ਿਆਦਾ ਵੈਰੀਏਸ਼ਨ ਅੱਜ ਤੱਕ ਕਦੇ ਹੋਈ ਨਹੀਂ ਹੈ। ਇਸ ਦੇ ਲਈ ਵੀ ਮਤਾ ਲਿਆਈਏ ਕਿ ਇਹ ਕਿਸ ਦੀ ਜਿੰਮੇਵਾਰੀ ਬਣਦੀ ਹੈ, ਕਿਸ ਏਜੰਸੀ ਦਾ ਕੰਮ ਹੈ। ਜੇਕਰ 110 ਐਮ.ਐਮ. ਬਾਰਸ਼ ਹੁੰਦੀ ਤਾਂ 7-8 ਫੁੱਟ ਹੀ ਡੈਮ ਦੇ ਪਾਣੀ ਨੇ ਉੱਪਰ ਆਉਣਾ ਸੀ ਲੇਕਿਨ ਪਾਣੀ ਲਗਭਗ 25 ਫੁੱਟ ਉੱਪਰ ਆਇਆ ਹੈ। ਸੋ, ਸਾਨੂੰ ਮਤਾ ਵੀ ਲਿਆਉਣਾ ਚਾਹੀਦਾ ਹੈ ਅਤੇ ਪ੍ਰੈਜ਼ੀਡੈਂਟ ਨੂੰ ਲਿਖਣਾ ਵੀ ਚਾਹੀਦਾ ਹੈ। ਇਸ ਤਰ੍ਹਾਂ ਦੀਆਂ ਪ੍ਰਾਬਲਮਜ਼ ਸਾਊਥ ਦੇ ਵਿੱਚ ਵੀ ਹਨ। ਇਕੱਲੇ ਆਪਣੇ ਇੱਥੇ ਹੀ ਇਹ ਪ੍ਰਾਬਲਮ ਨਹੀਂ ਹੈ ਲੇਕਿਨ ਸਾਊਥ ਦੇ ਵਿੱਚ ਲੜਾਈ ਹੋਰ ਤਰ੍ਹਾਂ ਲੜੀ ਜਾਂਦੀ ਹੈ। ਇੱਥੇ ਅਸੀਂ ਕਈ ਵਾਰ ਇੱਕ ਦੂਜੇ ਨੂੰ ਕਹਿ ਦਿੰਦੇ ਹਾਂ ਕਿ ਇਹ ਉਸ ਦੇ ਨਾਲ ਮਿਲਿਆ ਹੈ, ਫਲਾਣਾ ਉਸ ਦੇ ਨਾਲ ਮਿਲਿਆ ਹੋਇਆ ਹੈ। ਸੀ.ਐਮ. ਸਾਹਿਬ ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ, ਤੁਸੀਂ ਆਪ ਹੀ 25 ਦਿਨ ਪਹਿਲਾਂ ਕਿਹਾ ਸੀ ਕਿ ਸੀ.ਐਮ. ਰਿਲੀਫ ਫੰਡ ਇੱਕ ਆਥੈਂਟਿਕ ਅਤੇ ਗੌਰਮਿੰਟ ਦੁਆਰਾ ਸਥਾਪਤ ਕੀਤਾ ਗਿਆ ਹੈ, ਜਿਸ ਦਾ ਇੰਟਰਨਲ ਆਡਿਟ ਵੀ ਹੁੰਦਾ ਹੈ, ਉਸ ਦੇ ਵਿੱਚ ਪੈਸੇ ਦਿਉ। ਅਸੀਂ ਇਹ ਗੱਲ ਓਪਨਲੀ ਅਤੇ ਇਸ ਸਦਨ ਦੇ ਵਿੱਚ ਕਹਿੰਦੇ ਹਾਂ ਕਿ ਪੰਜਾਬ ਦੀ ਜਿਸ ਕਿਸੇ ਨੇ ਵੀ contribution ਕਰਨੀ ਹੋਵੇ, ਉਹ ਸੀ.ਐਮ. ਰਿਲੀਫ ਫੰਡ ਦੇ ਵਿੱਚ ਪੈਸੇ ਜ਼ਰੂਰ ਦੇਵੇ ਲੇਕਿਨ ਜਦੋਂ ਕੋਵਿਡ ਆਇਆ ਸੀ, ਤੁਸੀਂ ਪ੍ਰਾਈਮ ਮਨਿਸਟਰ ਕੇਅਰ ਫੰਡ ਦੀ ਗੱਲ ਕਰਦੇ ਹੋਏ ਇਹ ਕਿਹਾ ਸੀ ਕਿ ਇਹ ਠੱਗੀ ਵਾਲਾ ਫੰਡ ਹੈ। ਮੈਂ ਤੁਹਾਡੀ ਇਹ ਸਟੇਟਮੈਂਟ ਕੱਢ ਕੇ ਵੀ ਦਿਖਾ ਦਿਆਂਗਾ ਲੇਕਿਨ ਅੱਜ ਉਹੀ ਪੈਟਰਨ ਅਪਣਾਇਆ ਜਾ ਰਿਹਾ ਹੈ। ਵਿੱਤ ਮੰਤਰੀ ਜੀ, ਤੁਸੀਂ ਇਸ ਸਬੰਧੀ ਐਕਸਪਲੇਨ ਕਰ ਸਕਦੇ ਹੋ।

**ਮੁੱਖ ਮੰਤਰੀ (ਬੈਠੇ ਬੈਠੇ):** ਮੈਂ ਇਸ ਗੱਲ ਦਾ ਜਵਾਬ ਦਿਆਂਗਾ।

**ਸਰਦਾਰ ਪਰਗਟ ਸਿੰਘ ਪੋਆਰ:** ਠੀਕ ਹੈ ਜੀ। ਕੋਈ ਰੌਲਾ ਨਹੀਂ ਹੈ। ਦੂਸਰਾ ਮੇਰਾ ਸੁਜੈਸ਼ਨ ਇਹ ਹੈ ਕਿ ਅੱਜਕਲ੍ਹ Artificial Intelligence data ਵਿੱਚ ਬਹੁਤ ਜ਼ਿਆਦਾ ਕੰਪਨੀਆਂ, ਜਿਵੇਂ ਕਿ ਗੂਗਲ ਵਰਗੀਆਂ ਕੰਪਨੀਆਂ ਐਡਵਾਂਸ ਐਗਰੀਮੈਂਟ ਵੀ ਕਰ ਰਹੀਆਂ ਹਨ, ਜਿੱਥੇ ਖਾਸ ਕਰਕੇ ਨਵੀਨੀਕਰਨਯੋਗ ਬਿਜਲੀ ਦੇਣ ਦੀ ਗੱਲ ਕੀਤੀ ਜਾਂਦੀ ਹੈ।

ਗੁਜਰਾਤ ਨੇ ਲਗਭਗ 35,160 ਮੈਗਾਵਾਟ ਐਸਟੈਬਲਿਸ਼ ਕਰ ਲਈ ਹੈ। ਉਸ ਦੇ ਵਿੱਚੋਂ ਵੀ 30,000 ਹਾਈਬ੍ਰਿਡ ਪਾਰਕ ਬਣ ਰਿਹਾ ਹੈ। ਉਸ ਦੇ ਨਾਲ ਨਾਲ ਪੰਜਾਬ ਦੀ ਹਕੀਕਤ ਇਹ ਹੈ ਕਿ ਪੰਜਾਬ ਕੋਲ 14861 ਮੈਗਾਵਾਟ ਬਿਜਲੀ ਹੈ ਜਿਸ ਦੇ ਵਿੱਚੋਂ ਹਾਲੇ ਵੀ 56% ਕੋਲੇ ਉਤੇ ਹੈ, 23% ਹਾਈਡਰੋ ਉਤੇ ਹੈ ਅਤੇ 17% ਸੋਲਰ ਸਿਸਟਮ ਤੇ ਹੈ। ਨਵੀਨੀਕਰਨਯੋਗ ਸਮਰੱਥਾ 2174 ਮੈਗਾਵਾਟ ਦੀ ਹੈ। ਸਾਨੂੰ ਆਉਣ ਵਾਲੇ ਸਮੇਂ ਨੂੰ visualize ਕਰਨਾ ਚਾਹੀਦਾ ਹੈ। ਬੇਸੀਕਲੀ ਅਸੀਂ ਕਰ ਕੀ ਸਕਦੇ ਹਾਂ, ਇਸ ਲਈ ਫਲੱਡ ਫੋਰਕਾਸਟਿੰਗ ਸੈੱਲ ਬਣਾ ਲਏ ਜਾਣ। ਉਸ ਦੇ ਨਾਲ ਆਉਣ ਵਾਲੇ ਸਮੇਂ ਦੇ ਵਿੱਚ ਡੈਮਾਂ ਤੇ ਹਾਈਡਰੋ ਪ੍ਰਾਜੈਕਟ ਲਗਾ ਸਕਦੇ ਹਾਂ। ਚੰਡੀਗੜ੍ਹ ਤੇ ਰੋਪੜ ਦੇ ਇਲਾਕੇ ਨੂੰ ਗ੍ਰੀਨ ਡਾਟਾ ਜ਼ੋਨ ਬਣਾ ਸਕਦੇ ਹਾਂ। ਇਸ ਤਰ੍ਹਾਂ ਅਸੀਂ ਲੰਬੇ ਸਮੇਂ ਲਈ ਐਗਰੀਮੈਂਟ ਕਰ ਸਕਦੇ ਹਾਂ ਤਾਂ ਕਿ ਵੱਡੀਆਂ ਕੰਪਨੀਆਂ ਇੱਥੇ ਆ ਕੇ ਨਿਵੇਸ਼ ਵੀ ਕਰ ਸਕਣ। ਪੰਜਾਬ ਦਾ ਪਾਣੀ, ਪੰਜਾਬ ਦਾ ਜਵਾਨ ਅਤੇ ਪੰਜਾਬ ਦਾ ਭਵਿੱਖ ਸਮੱਸਿਆ ਨਹੀਂ ਹੈ, ਇਹ ਤਾਂ ਸਾਡੇ ਕੋਲ ਸੋਰਸ ਹਨ। ਅਸੀਂ ਜੇ ਉਸ ਪਾਣੀ ਨੂੰ ਠੀਕ ਤਰ੍ਹਾਂ ਵਰਤ ਲਵਾਂਗੇ ਫਿਰ ਤਾਂ ਉਹ ਸਾਡੇ ਲਈ asset ਹੈ ਤੇ ਜਿਸ ਤਰ੍ਹਾਂ ਅਸੀਂ ਮੈਨੇਜ ਕੀਤਾ ਹੈ, ਗੋਇਲ ਸਾਹਿਬ ਇਸ ਗੱਲ ਨੂੰ ਜ਼ਰੂਰ ਥੋੜ੍ਹਾ ਜਿਹਾ ਐਗਰੀ ਕਰ ਜਾਈਏ ਕਿ ਜੋ ਐਡਵਾਂਸਮੈਂਟ ਸਾਨੂੰ ਕਰਨੀ ਚਾਹੀਦੀ ਸੀ, ਅਸੀਂ ਉਸ ਤੇ ਖਰੇ ਨਹੀਂ ਉੱਤਰੇ ਹਾਂ।

**ਮਾਣਯੋਗ ਸਪੀਕਰ:** ਧੰਨਵਾਦ ਜੀ।

**ਡਾਕਟਰ ਅਮਨਦੀਪ ਕੌਰ ਅਰੋੜਾ (ਮੋਗਾ):** ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਪੰਜਾਬ ਅੱਜ ਬੜੀ ਗੰਭੀਰ ਸਿਚੂਏਸ਼ਨ ਦੇ ਵਿੱਚੋਂ ਨਿਕਲ ਰਿਹਾ ਹੈ, ਅੱਜ ਸਾਰਾ ਸਦਨ ਉਸ ਤੇ ਗੱਲਬਾਤ ਕਰ ਰਿਹਾ ਹੈ। ਮੈਨੂੰ ਮਾਣ ਹੈ ਕਿ ਮੈਂ ਆਮ ਆਦਮੀ ਪਾਰਟੀ ਦੀ ਮੈਂਬਰ ਹਾਂ। ਮੈਨੂੰ ਮਾਣਯੋਗ ਸੀ.ਐਮ. ਸਾਹਿਬ ਤੇ ਵੀ ਮਾਣ ਹੈ ਕਿਉਂਕਿ ਸਾਡੀ ਪਾਰਟੀ ਦੀ ਸਾਰੀ ਸੀਨੀਅਰ ਲੀਡਰਸ਼ਿਪ, ਸਾਡੇ ਮਾਣਯੋਗ ਸੀ.ਐਮ. ਸਾਹਿਬ, ਸਾਡੇ ਮੰਤਰੀ ਸਾਹਿਬਾਨ, ਸਾਡੇ ਐਮ.ਐਲ.ਏ. ਸਾਹਿਬਾਨ, ਸਾਰਿਆਂ ਨੇ voluntarily ਕੰਮ ਕੀਤਾ ਹੈ। ਸਾਡੇ ਸਾਹਮਣੇ ਸਾਡੀ ਸੀਨੀਅਰ ਲੀਡਰਸ਼ਿਪ ਬੈਠੀ ਹੈ। ਅਸੀਂ ਤਾਂ ਪਹਿਲੀ ਵਾਰ ਚੁਣ ਕੇ ਆਏ ਹਾਂ। ਅਸੀਂ ਇੱਕ ਇੱਕ ਘਰ ਦੇ ਵਿੱਚ ਜਾ ਕੇ ਉਨ੍ਹਾਂ ਘਰਦਿਆਂ ਦਾ ਦਰਦ ਸੁਣਿਆ, ਉਨ੍ਹਾਂ ਤੱਕ ਮਦਦ ਪਹੁੰਚਾਈ। ਬਹੁਤ ਸਾਰੇ ਪਿੰਡ ਜਿਸ ਤਰ੍ਹਾਂ ਮੈਂ ਸੁਲਤਾਨਪੁਰ ਲੋਧੀ, ਪੱਟੀ ਹਲਕੇ ਵਿੱਚ, ਜ਼ੀਰਾ, ਫਿਰੋਜ਼ਪੁਰ ਗਈ ਹਾਂ, ਉਥੇ ਸਾਡੇ ਕਿਸਾਨ ਵੀਰਾਂ ਨੇ ਮੰਗ ਕੀਤੀ ਸੀ ਕਿ ਸਾਡੇ ਖੇਤਾਂ ਵਿੱਚ ਬਹੁਤ ਰੇਤ ਆ ਗਈ ਹੈ। ਜਦੋਂ ਪਾਣੀ ਸੁੱਕੇਗਾ ਤਾਂ ਤਕਰੀਬਨ 6 ਤੋਂ 7 ਫੁੱਟ ਰੇਤ ਖੇਤਾਂ ਵਿੱਚ ਹੋਵੇਗੀ। ਉਨ੍ਹਾਂ ਨੇ ਮੰਗ ਪੱਤਰ ਵੀ ਦਿੱਤੇ ਸਨ। ਪਿਛਲੀਆਂ ਸਰਕਾਰਾਂ ਦੁਆਰਾ 15,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਂਦਾ ਸੀ, ਉਨ੍ਹਾਂ ਨੇ ਉਸ ਨੂੰ ਵਧਾਉਣ ਦੀ ਮੰਗ ਰੱਖੀ ਸੀ। ਸਾਡੇ ਮਾਣਯੋਗ ਸੀ.ਐਮ. ਸਾਹਿਬ ਨੇ "ਜਿਸ ਦਾ ਖੇਤ, ਉਸ ਦੀ ਰੇਤ" ਮੰਗ ਨੂੰ ਮੰਨਿਆ ਅਤੇ ਪਹਿਲਾਂ ਦੇ 15,000 ਰੁਪਏ ਦੇ ਮੁਆਵਜ਼ੇ ਨੂੰ ਵਧਾ ਕੇ 20,000 ਰੁਪਏ ਪ੍ਰਤੀ ਏਕੜ ਕੀਤਾ ਹੈ। ਅਸੀਂ ਤਾਂ ਖੁਦ ਚਾਹੁੰਦੇ ਹਾਂ ਕਿ ਕਿਸਾਨਾਂ ਨੂੰ 50,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਮਿਲੇ, ਇਸੇ ਲਈ ਅੱਜ ਅਸੀਂ ਸਾਰੇ ਇਸ ਸਦਨ ਵਿੱਚ ਕੇਂਦਰ ਸਰਕਾਰ ਤੇ ਸਵਾਲ ਚੁੱਕ ਰਹੇ ਹਾਂ ਕਿ ਸਾਡੇ ਪੰਜਾਬ ਦੀ 5 ਲੱਖ ਏਕੜ ਫਸਲ ਦਾ ਨੁਕਸਾਨ ਹੋਇਆ ਹੈ, ਸਾਡੀਆਂ 8500 ਕਿਲੋਮੀਟਰ ਸੜਕਾਂ ਖਰਾਬ ਹੋਈਆਂ ਹਨ, 3200 ਸਕੂਲਾਂ ਦੀਆਂ ਇਮਾਰਤਾਂ ਡੈਮੇਜ ਹੋ ਚੁੱਕੀਆਂ ਹਨ। ਇਨ੍ਹਾਂ ਸਾਰਿਆਂ ਲਈ ਕੇਂਦਰ ਸਰਕਾਰ ਨੇ 1600 ਕਰੋੜ ਰੁਪਿਆ ਅਨਾਊਂਸ ਕੀਤਾ ਹੈ, ਜਿਸ ਨੂੰ ਮੈਂ ਜੁਮਲਾ ਕਹਾਂਗੀ। ਸਾਡੇ ਵਿੱਤ ਮੰਤਰੀ ਜੀ ਨੇ ਕਲੀਅਰ ਕਰ ਦਿੱਤਾ ਹੈ ਕਿ ਹਾਲੇ ਤੱਕ ਇੱਕ ਵੀ ਪੈਨੀ ਸਾਡੇ ਅਕਾਊਂਟ ਵਿੱਚ, ਸਾਡੇ ਖਜ਼ਾਨੇ ਵਿੱਚ ਨਹੀਂ ਆਈ ਹੈ। ਪੰਜਾਬ ਵੱਲੋਂ ਜੋ ਸਾਡੀ ਸਰਕਾਰ ਕਰ ਸਕਦੀ ਸੀ, ਅਸੀਂ ਵੱਧ ਤੋਂ ਵੱਧ ਕੀਤਾ ਹੈ। 2 ਲੱਖ ਕੁਇੰਟਲ ਕਣਕ ਦਾ ਬੀਜ, ਜਿਹੜੀ ਕਿ ਸਾਡੇ ਕਿਸਾਨ ਭਰਾਵਾਂ ਨੇ ਮੰਗ ਰੱਖੀ ਸੀ, ਸਾਡੇ ਸੀ.ਐਮ. ਸਾਹਿਬ ਨੇ ਉਸ ਬਾਰੇ ਅਨਾਊਂਸ ਕਰ ਦਿੱਤਾ ਹੈ। ਜਿਹੜੇ ਘਰ ਡੈਮੇਜ ਹੋਏ ਹਨ, ਉਨ੍ਹਾਂ ਲਈ ਵੀ ਡੇਢ ਮਹੀਨੇ ਦਾ ਸਮਾਂ, 45 ਦਿਨਾਂ ਦਾ ਸਮਾਂ ਮਿੱਥਿਆ ਗਿਆ ਹੈ, ਸਭ ਨੂੰ

ਹੁਕਮ ਕੀਤੇ ਗਏ ਹਨ ਕਿ within 45 days ਉਨ੍ਹਾਂ ਘਰਾਂ ਤੱਕ ਮੁਆਵਜ਼ਾ ਪਹੁੰਚ ਜਾਣਾ ਚਾਹੀਦਾ ਹੈ। ਅਗਰ ਇਹ ਹੜ੍ਹ ਵਰਗੇ ਹਾਲਾਤ ਜਾਂ ਜਿੰਨੇ ਵੀ ਪੰਜਾਬ ਵਿੱਚ ਦੰਗੇ ਹੋਏ, ਹੜ੍ਹ ਆਏ, ਅਗਰ ਇਹ ਸਰਕਾਰਾਂ ਦੇ ਹੱਥ ਵਿੱਚ ਹੁੰਦੇ ਤਾਂ ਮੈਨੂੰ ਨਹੀਂ ਲੱਗਦਾ ਕਿ ਇਹ ਕਦੇ ਹੋਣੇ ਸਨ। ਹਿਮਾਚਲ ਵਿੱਚ ਹਰ ਸਾਲ ਹੀ ਬੱਦਲ ਫੱਟਣ ਕਾਰਨ ਪਾਣੀ ਆਉਂਦਾ ਹੈ, ਲੈਂਡ ਸਲਾਈਡਜ਼ ਹੁੰਦੀਆਂ ਹਨ, ਬਹੁਤ ਜਾਨਾਂ ਜਾਂਦੀਆਂ ਹਨ। ਸੋ, ਮੈਨੂੰ ਇਹ ਲੱਗਦਾ ਹੈ ਕਿ ਇਸ ਵਕਤ ਸਾਨੂੰ ਸਭ ਨੂੰ ਇਕੱਠੇ ਹੋ ਕੇ ਕੇਂਦਰ ਸਰਕਾਰ ਕੋਲ ਮੰਗ ਰੱਖਣੀ ਚਾਹੀਦੀ ਹੈ ਕਿ ਸਾਡੇ 2565 ਪਿੰਡ ਇਨ੍ਹਾਂ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਹਨ। ਜੇਕਰ 1600 ਕਰੋੜ ਰੁਪਿਆ, ਜਿਹੜਾ ਕਿ ਇੱਕ ਜੁਮਲਾ ਹੈ, ਉਹ ਕਹਿ ਰਹੇ ਹਨ ਕਿ ਪੰਜਾਬ ਨੂੰ ਦਿੱਤਾ ਹੈ ਤਾਂ ਉਸ ਹਿਸਾਬ ਨਾਲ ਤਾਂ ਇੱਕ ਪਿੰਡ ਨੂੰ ਇੱਕ ਕਰੋੜ ਰੁਪਿਆ ਵੀ ਨਹੀਂ ਆਵੇਗਾ। ਸਾਨੂੰ ਸਭ ਨੂੰ ਇਕੱਠੇ ਹੋ ਕੇ ਕੇਂਦਰ ਸਰਕਾਰ ਖਿਲਾਫ ਜਾਂ ਸਾਨੂੰ ਮਿਲ ਕੇ ਉਨ੍ਹਾਂ ਕੋਲ ਮੰਗ ਰੱਖਣੀ ਚਾਹੀਦੀ ਹੈ ਕਿ ਪੰਜਾਬ ਦਾ ਬਣਦਾ ਹੱਕ ਸਾਨੂੰ ਦਿੱਤਾ ਜਾਵੇ। ਉਹ ਸਾਡਾ ਆਰ.ਡੀ.ਐਫ. ਰੋਕ ਕੇ ਬੈਠੇ ਹਨ, ਜੀ.ਐਸ.ਟੀ. ਫੰਡ ਰੋਕ ਕੇ ਬੈਠੇ ਹਨ, ਇਸ ਸਮੇਂ ਸਾਨੂੰ ਪੰਜਾਬੀਆਂ ਲਈ ਲੜਨਾ ਚਾਹੀਦਾ ਹੈ, ਨਾ ਕਿ ਸਾਨੂੰ ਆਪਸ ਵਿੱਚ ਤੂੰ ਤੂੰ ਮੈਂ ਮੈਂ ਕਰਨੀ ਚਾਹੀਦੀ ਹੈ। ਸਾਰੇ ਪੰਜਾਬੀ ਸਾਨੂੰ ਦੇਖਦੇ ਹਨ। ਉਹ ਮਾਵਾਂ ਜਿਹੜੀਆਂ ਟੈਂਟ ਲਗਾ ਕੇ ਸੜਕਾਂ ਦੇ ਕਿਨਾਰਿਆਂ ਤੇ ਬੈਠੀਆਂ ਹਨ, ਜਿਹੜੀਆਂ ਇਹ ਦੇਖ ਰਹੀਆਂ ਸਨ ਕਿ 6 ਦਿਨਾਂ ਤੋਂ ਸਾਡੇ ਘਰਾਂ ਵਿੱਚ 6-6, 7-7 ਫੁੱਟ ਪਾਣੀ ਪਿਆ ਹੋਇਆ ਹੈ, ਉਨ੍ਹਾਂ ਦਾ ਫਰਨੀਚਰ ਖਰਾਬ ਹੋ ਗਿਆ ਹੈ। ਉਹ ਉਥੋਂ ਕੁਝ ਵੀ ਚੁੱਕ ਨਹੀਂ ਪਾਏ, ਉਨ੍ਹਾਂ ਦੇ ਘਰਾਂ ਵਿੱਚ ਤਰੇੜਾਂ ਆ ਚੁੱਕੀਆਂ ਹਨ, ਇਹ ਕਿਸੇ ਵੀ ਸਮੇਂ ਡਿੱਗ ਸਕਦੇ ਹਨ। ਅਸੀਂ ਸਭ ਜਾਣਦੇ ਹਾਂ ਕਿ ਔਰਤਾਂ ਅਤੇ ਛੋਟੇ ਬੱਚਿਆਂ ਨੂੰ ਆਪਣੇ ਘਰ ਨਾਲ ਬੜਾ ਲਗਾਵ ਹੁੰਦਾ ਹੈ। ਸਾਨੂੰ ਸਭ ਨੂੰ ਉਨ੍ਹਾਂ ਪਰਿਵਾਰਾਂ ਬਾਰੇ ਸੋਚਣਾ ਚਾਹੀਦਾ ਹੈ। ਮੈਨੂੰ ਸਾਡੀ ਸਰਕਾਰ ਤੇ ਮਾਣ ਹੈ ਕਿ ਸਾਡੇ ਸੀ.ਐਮ. ਸਾਹਿਬ ਨੇ 45 ਦਿਨਾਂ ਦਾ ਸਮਾਂ ਪਾਬੰਦ ਕੀਤਾ ਹੈ। ਸਾਡੀ ਸਰਕਾਰ ਨੇ ਹੋਰ ਵੀ ਜਿੰਨੇ ਫ਼ੈਸਲੇ ਲਏ ਹਨ, ਚਾਹੇ ਉਹ ਕਣਕ ਦੇ ਬੀਜ ਦਾ ਹੋਵੇ, ਚਾਹੇ ਮੌਤਾਂ ਹੋਈਆਂ ਹੋਣ, ਜਿਸ ਦੀ ਮੌਤ ਹੋਈ ਹੈ ਉਨ੍ਹਾਂ ਦੇ ਪਰਿਵਾਰਾਂ ਨੂੰ 4 ਲੱਖ ਰੁਪਿਆ ਪ੍ਰਤੀ ਮੈਂਬਰ ਮੁਆਵਜ਼ਾ ਪਹੁੰਚਾ ਚੁੱਕੀ ਹੈ। ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਮੰਗਾਂ ਮੰਨੀਆਂ ਜਾਣਗੀਆਂ। ਅਸੀਂ ਤਾਂ ਚਾਹੁੰਦੇ ਹਾਂ ਕਿ ਕਿਸਾਨ ਵੀਰਾਂ ਨੂੰ 50-50 ਹਜ਼ਾਰ ਰੁਪਿਆ ਦੇਈਏ। ਉਨ੍ਹਾਂ ਦੀਆਂ ਜਿੰਨੀਆਂ ਵੀ ਮੰਗਾਂ ਹਨ, ਉਹ ਸਾਰੀਆਂ ਸਾਡੇ ਸਿਰ ਮੱਥੇ। ਪਹਿਲਾਂ ਵੀ ਮੰਨੀਆਂ ਹਨ ਅਤੇ ਹੁਣ ਵੀ ਮੰਨਾਂਗੇ। ਮੈਂ ਸਾਰੀ ਸਰਕਾਰ ਦਾ ਅਤੇ ਆਪਣੇ ਸਾਰੇ ਮੰਤਰੀ ਸਾਹਿਬਾਨਾਂ ਦਾ ਅਤੇ ਐਨ.ਜੀ.ਓਜ਼. ਦਾ, ਚਾਹੇ ਕੋਈ ਆਪੋਜ਼ੀਸ਼ਨ ਦੇ ਲੀਡਰ ਸਨ, ਜਿਨ੍ਹਾਂ ਨੇ ਗਰਾਊਂਡ ਲੈਵਲ ਉਤੇ ਕੰਮ ਕੀਤਾ ਹੈ, ਮੈਂ ਸਰਕਾਰ ਵੱਲੋਂ ਸਾਰਿਆਂ ਦਾ ਧੰਨਵਾਦ ਕਰਦੀ ਹਾਂ। ਬਹੁਤ-ਬਹੁਤ ਧੰਨਵਾਦ।

---

## WELCOME ANNOUNCEMENT BY HON'BLE SPEAKER

**ਮਾਣਯੋਗ ਸਪੀਕਰ**: ਅੱਜ ਕਾਫੀ ਸਾਰੇ ਸਕੂਲਾਂ ਦੇ ਬੱਚੇ ਵੀ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਇੱਥੇ ਪਹੁੰਚੇ ਹਨ। ਆਓ, ਆਪਾਂ ਸਾਰੇ ਉਨ੍ਹਾਂ ਸਾਰਿਆਂ ਦਾ ਸਵਾਗਤ ਕਰੀਏ। (ਥੰਪਿੰਗ)

---

## OFFICIAL RESOLUTION REGARDING CONDEMNING UNION GOVERNMENT ON THE INSUFFICIENT, BELATED AND UNDISBURSED FLOOD RELIEF PACKAGE OF RS. 1600 CRORES AND ITS IMMEDIATE AND FULL TRANSFER IN WAKE OF PUNJAB'S WORST DELUGE SINCE 1988 AND URGING THE UNION GOVERNMENT TO SANCTION A

## SUBSTANTIALLY ENHANCED PACKAGE OF NOT LESS THAN RS. 20,000 CRORES FOR THE REHABILITATION OF THE STATE OF PUNJAB *(Resumption)*

**ਸ੍ਰੀ ਨਰਿੰਦਰ ਪਾਲ ਸਿੰਘ ਸਵਨਾ (ਫਾਜ਼ਿਲਕਾ)**: ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਤੁਸੀਂ ਮੈਨੂੰ ਪੰਜਾਬ ਵਿੱਚ ਆਈ ਹੜ੍ਹ ਦੀ ਸਮੱਸਿਆ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੇਰਾ ਹਲਕਾ ਫਾਜ਼ਿਲਕਾ ਵੀ ਬਾਰਡਰ ਉਤੇ ਪੈਂਦਾ ਹੈ। ਸਤਲੁਜ ਦਰਿਆ ਫਿਰੋਜ਼ਪੁਰ ਤੋਂ ਪਾਕਿਸਤਾਨ ਨੂੰ ਜਾਂਦਾ ਹੈ ਅਤੇ ਫਿਰ ਫਾਜ਼ਿਲਕਾ ਦੇ ਪਿੰਡ ਗੁਲਾਬਾ ਭੈਣੀ ਤੋਂ ਫਾਜ਼ਿਲਕਾ ਵਿੱਚ ਦਾਖਲ ਹੁੰਦਾ ਹੈ। ਇਸ ਨਾਲ ਮੇਰੇ ਹਲਕੇ ਦੇ ਪਿੰਡਾਂ ਨੂੰ ਬਹੁਤ ਵੱਡੀ ਮਾਰ ਪੈਂਦੀ ਹੈ। ਸਪੀਕਰ ਸਾਹਿਬ, ਮੇਰੇ ਹਲਕਾ ਫਾਜ਼ਿਲਕਾ ਦੇ ਤਕਰੀਬਨ 56 ਪਿੰਡ ਹੜ੍ਹ ਦੀ ਮਾਰ ਹੇਠ ਆਏ ਹਨ, ਇਨ੍ਹਾਂ ਪਿੰਡਾਂ ਵਿੱਚ ਬਹੁਤ ਵੱਡਾ ਨੁਕਸਾਨ ਹੋਇਆ ਹੈ। ਸਾਡੇ ਹਲਕੇ ਵਿੱਚ ਤਕਰੀਬਨ 60,000 ਦੀ ਅਬਾਦੀ ਹੜ੍ਹ ਦੇ ਪਾਣੀ ਕਰਕੇ ਪ੍ਰਭਾਵਿਤ ਹੋਈ ਹੈ ਅਤੇ 8 ਹਸਪਤਾਲ, 20 ਸਕੂਲ ਅਤੇ 37 ਸੜਕਾਂ ਪ੍ਰਭਾਵਿਤ ਹੋਈਆਂ ਹਨ। ਇਸ ਤਰ੍ਹਾਂ ਹੀ ਬੰਨ੍ਹਾਂ ਦਾ ਵੀ ਨੁਕਸਾਨ ਹੋਇਆ ਹੈ, ਡਰੇਨਾਂ ਦਾ ਵੀ ਨੁਕਸਾਨ ਹੋਇਆ ਹੈ ਅਤੇ ਤਕਰੀਬਨ 31,000 ਏਕੜ ਫਸਲ ਦਾ ਵੀ ਨੁਕਸਾਨ ਹੋਇਆ ਹੈ। ਸਾਡੇ ਹਲਕੇ ਲੋਕਾਂ ਦੇ ਤਕਰੀਬਨ ਅੱਠ ਹਜ਼ਾਰ ਮਕਾਨਾਂ ਦਾ ਨੁਕਸਾਨ ਹੋਇਆ ਹੈ। ਕਈ ਲੋਕਾਂ ਦੇ ਘਰ ਡਿੱਗ ਗਏ ਹਨ, ਕਈਆਂ ਦੇ ਘਰਾਂ ਵਿੱਚ ਤਰੇੜਾਂ ਆ ਗਈਆਂ ਹਨ, ਕਈਆਂ ਦੀਆਂ ਕੰਧਾਂ ਡਿੱਗ ਗਈਆਂ ਹਨ, ਕਈਆਂ ਦੇ ਟੁਆਇਲਟਸ ਡਿੱਗ ਗਏ ਹਨ, ਇਸ ਤਰ੍ਹਾਂ ਬਹੁਤ ਵੱਡਾ ਨੁਕਸਾਨ ਫਾਜ਼ਿਲਕਾ ਵਿੱਚ ਹੋਇਆ ਹੈ। ਸਾਡੇ ਫਾਜ਼ਿਲਕਾ ਦੇ ਪਿੰਡ ਤੇਜਾ ਰਹੇਲਾ, ਚੱਕ ਰਹੇਲਾ ਵਿੱਚ ਅੱਜ ਵੀ ਪਾਣੀ ਖੜ੍ਹਾ ਹੈ ਕਿਉਂਕਿ ਪਾਕਿਸਤਾਨ ਵਾਲੀ ਸਾਈਡ ਤੋਂ ਸਤਲੁਜ ਦਰਿਆ ਆਪਣੇ ਵਾਲੀ ਸਾਈਡ ਤੋਂ ਟੁੱਟਾ ਹੋਇਆ ਹੈ ਉੱਥੇ ਅੱਜ ਵੀ ਖੇਤਾਂ ਵਿੱਚ ਪਾਣੀ ਜਾ ਰਿਹਾ ਹੈ ਅਤੇ ਪਾਣੀ ਅਜੇ ਵੀ ਨਹੀਂ ਨਿਕਲ ਰਿਹਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਫਾਜ਼ਿਲਕਾ ਹਲਕੇ ਦੇ ਲੋਕਾਂ ਤੇ ਬਹੁਤ ਵੱਡੀ ਮੁਸੀਬਤ ਆਈ ਹੈ ਅਤੇ ਇਸ ਦੀ ਭਰਪਾਈ ਸਾਡੀ ਸਰਕਾਰ ਕਰਨ ਲੱਗੀ ਹੋਈ ਹੈ। ਹੜ੍ਹ ਦੇ ਪਾਣੀ ਵਿੱਚ ਸਾਡੇ ਮੰਤਰੀ ਸਾਹਿਬਾਨ, ਸਾਡੇ ਅਫਸਰ ਸਾਹਿਬਾਨਾਂ ਨੇ ਸਾਰਿਆਂ ਨੇ ਰਲ-ਮਿਲ ਕੇ ਲੋਕਾਂ ਦੀ ਸੇਵਾ ਕੀਤੀ, ਲੋਕਾਂ ਨੂੰ ਰਾਸ਼ਨ ਦੀ ਲੋੜ ਸੀ ਤਾਂ ਬੇੜੀਆਂ ਰਾਹੀਂ ਉਨ੍ਹਾਂ ਕੋਲ ਰਾਸ਼ਨ ਪਹੁੰਚਾਉਂਦੇ ਰਹੇ, ਪਸ਼ੂਆਂ ਲਈ ਫੀਡ ਦੀ ਲੋੜ ਸੀ ਤਾਂ ਉਹ ਵੀ ਪਹੁੰਚਾਈ ਕਿਉਂਕਿ ਹੋਰ ਕੋਈ ਰਸਤਾ ਹੀ ਨਹੀਂ ਸੀ। ਜਿੱਥੇ ਜਾਣਾ ਹੁੰਦਾ ਸੀ ਤਾਂ ਬੇੜੀਆਂ ਰਾਹੀਂ ਜਾਂ ਮੋਟਰ ਬੋਟ ਤੇ ਹੀ ਪਿੰਡਾਂ ਵਿੱਚ ਜਾਣਾ ਪੈਂਦਾ ਸੀ । ਸਪੀਕਰ ਸਾਹਿਬ, ਸਾਡੇ ਤਕਰੀਬਨ 20 ਪਿੰਡ ਤਾਂ ਬਿਲਕੁਲ ਹੀ ਕੱਟ-ਆਫ ਸੀ। ਸਾਡੇ ਮਾਣਯੋਗ ਮੰਤਰੀ, ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਜੀ ਸਾਡੇ ਨਾਲ ਜਾ ਕੇ ਲੋਕਾਂ ਤੱਕ ਰਾਸ਼ਨ ਪਹੁੰਚਾਉਂਦੇ ਰਹੇ। ਸਾਡੇ ਖੇਤੀਬਾੜੀ ਅਤੇ ਪਸ਼ੂ ਪਾਲਣ ਮੰਤਰੀ, ਸਰਦਾਰ ਗੁਰਮੀਤ ਸਿੰਘ ਖੁੱਡੀਆਂ ਜੀ ਉੱਥੇ ਪਸ਼ੂਆਂ ਦੀ ਦੇਖਭਾਲ ਲਈ ਟੀਮਾਂ ਲਿਆਉਂਦੇ ਰਹੇ। ਸਾਡੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਡਾਕਟਰ ਬਲਬੀਰ ਸਿੰਘ ਜੀ ਉੱਥੇ ਬੋਟਸ ਉੱਤੇ ਡਾਕਟਰਾਂ ਨੂੰ ਲੈ ਕੇ ਜਾਂਦੇ ਰਹੇ ਅਤੇ ਸਾਡੇ ਮੰਤਰੀ ਸਾਹਿਬਾ, ਡਾਕਟਰ ਬਲਜੀਤ ਕੌਰ ਜੀ ਆਪਣੀਆਂ ਟੀਮਾਂ ਲਿਜਾ ਕੇ ਬੱਚਿਆਂ ਅਤੇ ਲੇਡੀਜ਼ ਦੀ ਸੰਭਾਲ ਕਰਦੇ ਰਹੇ। ਮੈਂ ਸਾਡੇ ਸਾਰੇ ਮੰਤਰੀ ਸਾਹਿਬਾਨਾਂ ਦਾ ਧੰਨਵਾਦ ਕਰਦਾ ਹਾਂ। ਸਾਡੇ ਮੰਤਰੀ, ਸ੍ਰੀ ਬਰਿੰਦਰ ਗੋਇਲ ਜੀ, ਬਿਲਕੁਲ ਹੱਦ ਤੇ ਪਿੰਡ ਮੁਹਾਰ ਜਮਸ਼ੇਰ, ਜਿਹੜਾ ਤਿੰਨ ਪਾਸਿਉਂ ਪਾਕਿਸਤਾਨ ਤੋਂ ਘਿਰਿਆ ਹੈ, ਉੱਥੇ ਜਾ ਕੇ ਆਏ। ਸਾਰੇ ਮੰਤਰੀ ਸਾਹਿਬਾਨ ਜਾ ਕੇ ਆਏ ਹਨ। ਸਾਡੇ ਪਿੰਡਾਂ ਵਿੱਚ ਇੰਨਾ ਨੁਕਸਾਨ ਹੋਇਆ ਹੈ ਪਰ ਸਾਡੇ ਮੁੱਖ ਮੰਤਰੀ ਸਾਹਿਬ ਜੀ ਨੇ ਫੈਸਲਾ ਕੀਤਾ ਕਿ ਜਿਹੜੀ ਰੇਤ ਖੇਤਾਂ ਵਿੱਚ ਆ ਗਈ ਹੈ, ਉਹ ਕਿਸਾਨ ਚੁੱਕ ਕੇ ਵੇਚ ਸਕਦਾ ਹੈ। ਇਸ ਵਾਸਤੇ ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ।

ਇਸ ਦੇ ਨਾਲ ਹੀ ਸਾਡੀ ਇੱਕ ਹੋਰ ਬੜੀ ਵੱਡੀ ਮੁਸੀਬਤ ਆ ਗਈ ਹੈ ਕਿ ਜਿਹੜੀ ਸਰਹੱਦ ਤੇ ਕੰਡਿਆਲੀ ਤਾਰ ਹੈ, ਉਸ ਤੋਂ ਦੂਸਰੀ ਸਾਈਡ ਵੀ ਆਪਣੀਆਂ ਜ਼ਮੀਨਾਂ ਹਨ, ਉੱਥੇ ਵੀ ਬਹੁਤ ਵੱਡੀ ਮਾਤਰਾ ਵਿੱਚ ਰੇਤ ਆ ਗਈ ਹੈ, ਜਿਸ ਨੂੰ ਚੁੱਕਣ ਦੀ ਜ਼ਿੰਮੇਵਾਰੀ ਸੈਂਟਰ ਸਰਕਾਰ ਨੇ ਦੇਣੀ ਹੁੰਦੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਸ ਸਬੰਧ ਵਿੱਚ ਸਦਨ ਸੈਂਟਰ ਸਰਕਾਰ ਨੂੰ ਲਿਖ ਕੇ ਭੇਜੇ। ਇਸ ਤੋਂ ਇਲਵਾ ਬੰਨ੍ਹ ਰਿਪੇਅਰ ਕਰਨ ਦੀ ਅਤੇ ਨਵੇਂ ਬਣਾਉਣ ਦੀ ਲੋੜ ਹੈ। ਮੈਂ, ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਨਵੇਂ ਬੰਨ੍ਹ ਬਣਾਉਣ ਦੇ ਹੁਕਮ ਕਰ ਦਿੱਤੇ ਹਨ। ਸਾਰੀਆਂ ਸੜਕਾਂ ਟੁੱਟ ਗਈਆਂ ਹਨ। ਮੈਂ ਫਿਰ ਤੋਂ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਨਵੀਆਂ ਸੜਕਾਂ ਬਣਾਉਣ ਲਈ ਆਦੇਸ਼ ਕਰ ਦਿੱਤੇ ਹਨ। ਇਨ੍ਹਾਂ ਸੜਕਾਂ ਨੂੰ ਉੱਚੀਆਂ ਚੁੱਕ ਕੇ ਬਣਾਉਣ ਦੀ ਲੋੜ ਹੈ। ਸਾਡਾ ਦਰਿਆ ਸਤਲੁਜ ਕਰਿੱਕਾ ਜਾਂਦਾ ਹੈ ਉਸ ਦੀ ਡੂੰਘਾਈ ਕਰਵਾਉਣ ਦੀ ਬਹੁਤ ਲੋੜ ਹੈ, ਇਸ ਲਈ ਇਹ ਕਰਵਾਈ ਜਾਣੀ ਬੜੀ ਜ਼ਰੂਰੀ ਹੈ, ਉਥੇ ਸਾਡੀਆਂ ਜ਼ਮੀਨਾਂ ਵਿੱਚ ਖੱਡੇ ਪੈ ਗਏ ਹਨ। ਇਹ ਗੱਲ ਅਸੀਂ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਦੱਸੀ ਤਾਂ ਉਨ੍ਹਾਂ ਨੇ ਹੁਕਮ ਕੀਤਾ ਹੈ ਕਿ ਸਰਵੇ ਕੀਤਾ ਜਾਵੇ ਕਿ ਜਿਹੜੀਆਂ ਜ਼ਮੀਨਾਂ ਦੇ ਵਿੱਚ ਖੱਡੇ ਪੈ ਗਏ ਹਨ, ਉਨ੍ਹਾਂ ਨੂੰ ਕੀ ਮਦਦ ਦੀ ਲੋੜ ਹੈ, ਉਨ੍ਹਾਂ ਦੀ ਮਦਦ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਾਡੇ ਕਿਸਾਨਾਂ ਦੀਆਂ ਕੱਚੀਆਂ ਜ਼ਮੀਨਾਂ ਤੇ ਕਦੇ ਮੁਆਵਜ਼ਾ ਨਹੀਂ ਮਿਲਿਆ ਸੀ ਤਾਂ ਉਹ ਗੱਲ ਵੀ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਤੱਕ ਪਹੁੰਚਾਈ ਤਾਂ ਉਨ੍ਹਾਂ ਨੇ ਆਦੇਸ਼ ਕੀਤੇ ਹਨ ਕਿ ਇਸ ਵਾਰ ਕੱਚੀਆਂ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਵੀ ਮੁਆਵਜ਼ਾ ਦਿੱਤਾ ਜਾਵੇਗਾ। ਇਹ ਸਰਕਾਰ ਬਹੁਤ ਵੱਡਾ ਕੰਮ ਕਰ ਰਹੀ ਹੈ। ਸਾਡੇ ਇਲਾਕੇ ਵਿੱਚ ਜਦੋਂ ਪ੍ਰਧਾਨ ਮੰਤਰੀ ਜੀ ਪੰਜਾਬ ਵਿੱਚ ਆਏ ਤਾਂ ਇੱਕ ਕਿਸਾਨ ਨੂੰ ਬੁਲਾਇਆ ਗਿਆ। ਉਸ ਕਿਸਾਨ ਦਾ ਹੜ੍ਹ ਦੇ ਪਿੰਡਾਂ ਨਾਲ ਲਾਗਾ-ਧਾਗਾ ਹੀ ਨਹੀਂ ਸੀ ਜਿਨ੍ਹਾਂ ਦੇ ਇੱਕ ਇੰਚ ਵੀ ਪਾਣੀ ਨਹੀਂ ਆਇਆ ਸੀ। ਉਹ ਆਪਣੇ ਬੀ.ਜੇ.ਪੀ. ਦੇ ਲੀਡਰਾਂ ਨੂੰ ਮਿਲੇ, ਉਹ ਆਮ ਲੋਕਾਂ ਨੂੰ ਨਹੀਂ ਮਿਲੇ।

**ਮਾਣਯੋਗ ਸਪੀਕਰ**: ਵਾਈਂਡ ਅੱਪ ਕਰ ਲਓ।

**ਸ੍ਰੀ ਨਰਿੰਦਰ ਪਾਲ ਸਿੰਘ ਸਵਨਾ**: ਇਨ੍ਹਾਂ ਦੇ ਕੇਂਦਰੀ ਮੰਤਰੀ ਸਰਦਾਰ ਰਵਨੀਤ ਬਿੱਟੂ ਜੀ ਜਲਾਲਾਬਾਦ ਰੇਲ ਗੱਡੀ ਤੋਂ ਉਤਰੇ। ਸਾਡੇ ਫਾਜ਼ਿਲਕਾ ਦੇ 56 ਪਿੰਡ ਸੀ, ਉਹ ਜਲਾਲਾਬਾਦ ਉਤਰੇ ਪਰੰਤੂ ਫਾਜ਼ਿਲਕਾ ਦੇ 56 ਪਿੰਡਾਂ ਵਿੱਚੋਂ ਕਿਸੇ ਪਿੰਡ ਨਹੀਂ ਰੁਕੇ ਅਤੇ ਅਬੋਹਰ ਜਾ ਕੇ ਹੱਸ ਹੱਸ ਕੇ ਆਪਣੇ ਬੀ.ਜੇ.ਪੀ. ਦੇ ਲੀਡਰਾਂ ਨਾਲ ਫੋਟੋਆਂ ਕਰਵਾਉਂਦੇ ਰਹੇ। ਇਨ੍ਹਾਂ ਦੀ ਨੌਟੰਕੀ ਇੱਥੇ ਚੱਲਣ ਵਾਲੀ ਨਹੀਂ ਹੈ। ਇੱਥੇ ਕਾਂਗਰਸੀਆਂ ਦੀ ਗੱਲ ਕਰ ਲਈਏ।

**ਮਾਣਯੋਗ ਸਪੀਕਰ:** ਹਾਂ ਜੀ, ਸ੍ਰੀ ਗੁਰਿੰਦਰ ਸਿੰਘ ਗੈਰੀ ਬੜਿੰਗ।

**ਸ੍ਰੀ ਨਰਿੰਦਰ ਪਾਲ ਸਿੰਘ ਸਵਨਾ:** ਸਰ, ਇੱਕ ਮਿੰਟ ਦਿਉ ਜੀ।

**ਮਾਣਯੋਗ ਸਪੀਕਰ:** ਹੋ ਗਿਆ ਜੀ, ਬੈਠੋ। ਗੈਰੀ ਜੀ ਨਹੀਂ ਹਨ, ਚਲੋ, ਤੁਹਾਨੂੰ ਗੈਰੀ ਜੀ ਦਾ ਸਮਾਂ ਦੇ ਦਿੰਦੇ ਹਾਂ।

**ਸ੍ਰੀ ਨਰਿੰਦਰ ਪਾਲ ਸਿੰਘ ਸਵਨਾ:** ਸਰ, ਕਾਵਾਂਵਾਲੀ ਪੁਲ ਤੋਂ ਅੱਗੇ 20 ਪਿੰਡ ਹਨ। ਰਾਜਾ ਵੜਿੰਗ ਜੀ, ਉਨ੍ਹਾਂ ਦੇ ਐਮ.ਪੀ. ਹਨ ਅਤੇ ਘੁਬਾਇਆ ਜੀ, ਇਹ ਸਾਰੇ ਵੇਖ ਲਵੋ (ਫੋਟੋਆਂ ਲਹਿਰਾਉਂਦੇ ਹੋਏ)। ਲੋਕਾਂ ਦਾ ਪਤਾ ਤਾਂ ਕੀ ਕਰਨਾ ਸੀ, ਇਹ ਸਾਡਾ ਮਜ਼ਾਕ ਉਡਾਉਂਦੇ ਸੀ (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾ)। ਇਹ ਫੋਟੋਆਂ ਹਨ। ਜਿਹੜੇ

ਕ੍ਰਿਸ਼ਨ ਕੁਮਾਰ ਜੀ ਬਾਰੇ ਗੱਲ ਕਰ ਰਹੇ ਸਨ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡਾ ਫਾਜ਼ਿਲਕਾ ਇਲਾਕਾ ਟੇਲਾਂ ਤੇ ਪੈਂਦਾ ਹੈ, ਉਥੇ ਕਦੇ ਪਾਣੀ ਨਹੀਂ ਆਇਆ ਸੀ। ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੇ ਨਿਰਦੇਸ਼ਾਂ ਨਾਲ ਕ੍ਰਿਸ਼ਨ ਕੁਮਾਰ ਜੀ ਉਨ੍ਹਾਂ ਪਿੰਡਾਂ ਵਿੱਚ ਗਏ ਅਤੇ ਇਨ੍ਹਾਂ ਦੇ ਸਾਬਕਾ ਮੰਤਰੀ ** ਵਰਗੇ, ਉਨ੍ਹਾਂ ਦੇ ਸਾਰੇ ਪਰਿਵਾਰ ਪਾਣੀਆਂ ਦੀਆਂ ਚੋਰੀਆਂ ਕਰਦੇ ਸੀ, ਉਨ੍ਹਾਂ ਦੇ ਪਰਿਵਾਰਾਂ ਤੇ ਪਰਚੇ ਦਿੱਤੇ ਹਨ। ਕ੍ਰਿਸ਼ਨ ਕੁਮਾਰ ਜੀ ਨੇ ਲਿਆ ਕੇ ਦਿੱਤੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਇਹ ਹੁਣ ਗੱਲਾਂ ਕਰਦੇ ਹਨ।

**ਮਾਣਯੋਗ ਸਪੀਕਰ:** ਠੀਕ ਹੈ, ਸ੍ਰੀ ਰੁਪਿੰਦਰ ਸਿੰਘ ਹੈਪੀ ਜੀ।

**ਸ੍ਰੀ ਨਰਿੰਦਰ ਪਾਲ ਸਿੰਘ ਸਵਨਾ:** ਸਰ, ਇੱਕ ਮਿੰਟ ਦਿਉ ਜੀ।

**ਮਾਣਯੋਗ ਸਪੀਕਰ:** ਹੋ ਗਿਆ ਜੀ, ਬੈਠੋ ਰਾਣਾ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਨਾਮ ਐਕਸਪੰਜ ਕਰਨ ਲਈ ਬੇਨਤੀ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਨਾਮ ਐਕਸਪੰਜ ਕਰ ਦਿੱਤਾ ਜਾਵੇ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਹੈਪੀ ਜੀ ਦਾ ਟਾਈਮ ਤੁਹਾਨੂੰ ਦਿੱਤਾ ਜਾਂਦਾ ਹੈ।

**ਸ੍ਰੀ ਨਰਿੰਦਰ ਪਾਲ ਸਿੰਘ ਸਵਨਾ :** ਇਹ ਮਾਧੋਪੁਰ ਡੈਮ ਦੀਆਂ ਗੱਲਾਂ ਕਰਦੇ ਹਨ, ਮਾਧੋਪੁਰ ਡੈਮ 1879 ਵਿੱਚ ਬਣਿਆ ਹੈ। ਦੇਸ਼ 1947 ਵਿੱਚ ਅਜ਼ਾਦ ਹੋਇਆ, 78 ਸਾਲ ਹੋ ਗਏ ਹਨ। 75 ਸਾਲ ਕਿਸ ਦੀ ਸਰਕਾਰ ਸੀ? ਉਸ ਦੀ ਦੇਖ-ਰੇਖ ਕਿਸ ਨੇ ਕਰਨੀ ਸੀ? ਅਸੀਂ ਤਾਂ ਹੁਣ ਤਿੰਨ ਸਾਲਾਂ ਦੇ ਆਏ ਹਾਂ। ਤੁਸੀਂ ਸਾਡੇ ਮੰਤਰੀ ਨੂੰ ਕਹਿੰਦੇ ਹੋ ਕਿ ਅਸਤੀਫਾ ਦਿਉ, ਅਸਤੀਫਾ ਤੁਹਾਨੂੰ ਦੇਣਾ ਚਾਹੀਦਾ ਹੈ, ਸਾਡੇ ਮੈਂਬਰ ਸਾਹਿਬ ਕਹਿ ਰਹੇ ਸੀ ਕਿ ਕਾਰਵਾਈ ਹੋਣੀ ਚਾਹੀਦੀ ਹੈ, ਕਾਰਵਾਈ ਇਨ੍ਹਾਂ ਤੇ ਹੋਣੀ ਚਾਹੀਦੀ ਹੈ, ਜਿਨ੍ਹਾਂ ਨੇ ਸੰਵਾਰਿਆ ਨਹੀਂ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਅੱਜ ਸਾਨੂੰ 60,000 ਕਰੋੜ ਰੁਪਏ ਦੀ ਲੋੜ ਹੈ। ਪੰਜਾਬ ਦਾ ਬਕਾਇਆ ਦੇਣਗੇ ਤਾਂ ਕੰਮ ਹੋਣਗੇ। ਇਹ ਜਿਹੜੇ 1600 ਕਰੋੜ ਰੁਪਏ ਕੇਂਦਰ ਦੀ ਸਰਕਾਰ ਦੇਣ ਜਾ ਰਹੀ ਹੈ, ਇਹ ਵੀ ਅਜੇ ਮਿਲਿਆ ਨਹੀਂ ਹੈ। ਮੇਰੇ ਇਕੱਲੇ ਹਲਕੇ ਨੂੰ 500 ਕਰੋੜ ਰੁਪਏ ਦੀ ਲੋੜ ਹੈ ਅਤੇ ਇਹੋ ਜਿਹੇ 78 ਹਲਕੇ ਹਨ ਜਿੱਥੇ ਹੜ੍ਹ ਆਏ ਹਨ ਅਤੇ ਜਿਹੜੇ ਬਾਰਸ਼ ਦੇ ਪਾਣੀ ਨਾਲ ਫਸਲਾਂ ਅਤੇ ਇਲਾਕੇ ਬਰਬਾਦ ਹੋ ਗਏ ਹਨ, ਉਹ 22 ਜ਼ਿਲ੍ਹੇ ਹਨ। ਸਪੀਕਰ ਸਾਹਿਬ, ਇਕੱਲਾ 500 ਕਰੋੜ ਰੁਪਿਆ ਸਾਡੇ ਫਾਜ਼ਿਲਕਾ ਨੂੰ ਚਾਹੀਦਾ ਹੈ ਤਾਂ ਇਸ ਤਰ੍ਹਾਂ ਮਗਰ 1100 ਕਰੋੜ ਰੁਪਏ ਰਹਿ ਗਏ ਹਨ।

---

** Expunged as ordered by the Chair.

**ਮਾਣਯੋਗ ਸਪੀਕਰ:** ਠੀਕ ਹੈ ਜੀ। ਹੁਣ, ਤੁਸੀਂ ਬੈਠੋ। ਸ੍ਰੀ ਗੁਰਲਾਲ ਘਨੌਰ ਜੀ। ਨਹੀਂ ਬੈਠੇ। ਹਾਂ ਜੀ, ਗੋਲਡੀ ਜੀ। ਸ੍ਰੀ ਜਗਦੀਪ ਸਿੰਘ ਗੋਲਡੀ ਕੰਬੋਜ, ਤੁਸੀਂ ਪੰਜ ਮਿੰਟ ਵਿੱਚ ਖਤਮ ਕਰ ਦਿਉ। ਤੁਸੀਂ ਦੋਵੇਂ ਇੱਕੋ ਇਲਾਕੇ ਦੇ ਹੋ।

**ਸ੍ਰੀ ਜਗਦੀਪ ਕੰਬੋਜ ਗੋਲਡੀ (ਜਲਾਲਾਬਾਦ) :** ਸਪੀਕਰ ਸਾਹਿਬ, ਧੰਨਵਾਦ ਜੀ। ਬਿਲਕੁਲ ਸਹੀ ਗੱਲ ਹੈ ਜੀ, ਸਾਡਾ ਛੋਟਾ ਭਰਾ ਫਾਜ਼ਿਲਕਾ ਤੋਂ ਐਮ.ਐਲ.ਏ. ਹੈ। ਦੇਖੋ ਬਾਕੀਆਂ ਲਈ ਤਾਂ ਮੁਸੀਬਤ 15-20 ਦਿਨ ਪਹਿਲਾਂ ਆਈ ਹੈ, ਹੱਦ ਮਹੀਨਾ ਹੋ ਗਿਆ ਹੈ ਜੀ। ਮੇਰੇ ਅਤੇ ਫਾਜ਼ਿਲਕਾ ਹਲਕੇ ਤੋਂ ਸਾਰੀਆਂ ਲਾਸਟ 15 ਡਰੇਨਾਂ ਨਿਕਲਦੀਆਂ ਹਨ, ਉਸ ਤੋਂ ਬਾਅਦ ਪਾਕਿਸਤਾਨ ਆ ਜਾਂਦਾ ਹੈ। 1 ਅਗਸਤ ਤੋਂ ਏਨੀ ਬਾਰਸ਼ ਪਈ ਕਿ ਸਾਡੇ ਤਾਂ ਓਵਰ-ਫਲੋਅ ਕਾਰਨ ਹੜ੍ਹ ਆ ਗਏ ਸੀ, ਸਾਨੂੰ ਪੁੱਛੋ ਕਿ ਕੀ ਹਾਲਾਤ ਹਨ। ਠੀਕ ਹੈ, ਇੱਥੇ ਬਹੁਤ ਕੁਝ ਹੋਇਆ ਹੈ, ਅਸੀਂ ਉਸ ਬਾਰੇ ਬੋਲਣਾ ਨਹੀਂ ਚਾਹੁੰਦੇ ਪਰ ਅੱਜ ਇੱਕੋ ਹੀ ਮੁੱਦਾ ਸੀ ਕਿ ਸਾਨੂੰ ਇਕੱਠੇ ਹੋ ਕੇ ਸਾਰਿਆਂ ਨੂੰ ਪੰਜਾਬ ਦੀ ਲੜਾਈ ਲੜਨੀ ਚਾਹੀਦੀ ਸੀ। 1 ਅਗਸਤ ਤੋਂ ਲੈ ਕੇ ਸਾਡੀ ਅਰਨੀਵਾਲਾ ਬੈਲਟ ਨਰਮਾ ਬੈਲਟ ਹੈ, ਉਥੇ ਬਹੁਤ ਸੇਮ ਹੈ, ਸੇਮ ਦਾ ਪ੍ਰਾਜੈਕਟ ਅਗਲੇ ਹਫਤੇ ਤੋਂ ਸ਼ੁਰੂ ਹੋਣਾ ਹੈ, ਉਸ ਲਈ ਸਰਕਾਰ ਦਾ ਬਹੁਤ ਧੰਨਵਾਦ ਵੀ ਹੈ।

ਸਪੀਕਰ ਸਾਹਿਬ, ਮੇਰੇ ਹਲਕੇ ਦੇ 49 ਪਿੰਡ ਹਨ, 25 ਪਿੰਡ ਅਰਨੀਵਾਲਾ ਬੈਲਟ ਦੇ ਹਨ । ਸਪੀਕਰ ਸਾਹਿਬ, 15 ਅਗਸਤ ਨੂੰ ਅਸੀਂ ਅਜ਼ਾਦੀ ਮਨਾ ਰਹੇ ਸੀ, ਇੱਕ ਦਿਨ ਪਹਿਲਾਂ ਪਾਣੀ ਬਾਰਡਰ ਤੇ ਆ ਗਿਆ ਸੀ, ਉਸ ਦਿਨ ਤੋਂ ਲੈ ਕੇ 24 ਪਿੰਡ ਬਾਰਡਰ ਬੈਲਟ ਦੇ ਹਨ। ਸਾਡੀ ਸਾਰੀ ਰਾਏ ਸਿੱਖ ਬਰਾਦਰੀ ਬਾਰਡਰ ਬੈਲਟ ਤੇ ਬੈਠੀ ਹੈ, ਇਹ ਸਾਡਾ ਗਰੀਬ ਤਬਕਾ ਹੈ, ਇਹ ਮਿਹਨਤ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਸਪੀਕਰ ਸਾਹਿਬ, ਇਹ ਕੰਮ ਤਾਂ ਸਾਰਿਆਂ ਨੇ ਰਲ-ਮਿਲ ਕੇ ਕਰਨਾ ਸੀ, ਬਹੁਤ ਸੰਸਥਾਵਾਂ ਨੇ ਬਹੁਤ ਸਾਥ ਦਿੱਤਾ ਹੈ, ਇਸ ਵਿੱਚ ਕਹਿਣ ਲੱਗਿਆਂ ਕੋਈ ਦੋ ਰਾਏ ਨਹੀਂ ਹੈ। ਬਹੁਤ ਡਾਕਟਰ ਸਾਹਿਬਾਨ ਵੀ ਆਏ, ਕੋਈ ਕੁਝ ਲੈ ਕੇ ਆਇਆ ਸੀ ਅਤੇ ਜਿਸ ਬੰਦੇ ਦੀ ਜਿੰਨੀ ਪੂੰਜੀ ਸੀ, ਉਸ ਮੁਤਾਬਕ ਉਸ ਨੇ ਮਦਦ ਕਰਨ ਦੀ ਕੋਸ਼ਿਸ਼ ਕੀਤੀ। ਕੱਲ੍ਹ ਵੀ ਮੈਂ ਇੱਕ ਪਿੰਡ ਵਿੱਚ ਗਿਆ ਸੀ, ਇੱਕ ਬਾਰਡਰ ਦਾ ਆਖਰੀ ਪਿੰਡ ਢਾਣੀ ਬਚਨ ਸਿੰਘ ਵਾਲਾ ਹੈ, ਉਸ ਪਿੰਡ ਦਾ ਚੱਕ ਖੀਵਾ ਅਤੇ ਢਾਣੀ ਬਚਨ ਸਿੰਘ ਵਾਲਾ ਪਿੰਡ ਦੀ ਹਜ਼ਾਰ ਏਕੜ ਜ਼ਮੀਨ ਖਰਾਬ ਹੋਈ ਹੈ, ਕੱਲ੍ਹ ਮੋਘੇ ਉਤੇ ਦੋ ਪੰਚ ਅਤੇ ਇੱਕ ਜ਼ਿਮੀਂਦਾਰ ਸੀ, ਉਹ ਕਹਿੰਦੇ ਸੀ ਕਿ ਉਨ੍ਹਾਂ ਕੋਲ ਦੋ ਏਕੜ ਜ਼ਮੀਨ ਹੈ ਫਿਰ ਵੀ ਉਨ੍ਹਾਂ ਨੇ ਲੋਕਾਂ ਦੀ ਪੂਰੀ ਮਦਦ ਕੀਤੀ। ਦੁਨੀਆ ਤੋਂ ਸਾਰੇ ਭਰਾਵਾਂ ਦਾ ਧੰਨਵਾਦ ਜਿਨ੍ਹਾਂ ਨੇ ਪੰਜਾਬ ਦਾ ਸਾਥ ਦਿੱਤਾ ਹੈ। ਸਰਕਾਰ ਨੇ ਵੀ ਬਹੁਤ ਜ਼ੋਰ ਲਗਾਇਆ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਮੇਰੇ ਹਲਕੇ ਦਾ ਇੱਕ ਪਿੰਡ ਢਾਣੀ ਫੂਲਾ ਸਿੰਘ ਤੋਂ ਲੈ ਕੇ ਢਾਣੀ ਨੱਥਾ ਸਿੰਘ ਵਾਲੀ ਹੈ, ਜਿੱਥੇ ਦਰਿਆ ਨਾਲ ਕੁਨੈਕਟੀਵਿਟੀ ਟੁੱਟ ਜਾਂਦੀ ਹੈ, ਉਸ ਤੋਂ ਬਾਅਦ ਇਹ ਪਿੰਡ ਆਉਂਦਾ ਹੈ। ਜਦੋਂ 2023 ਵਿੱਚ ਹੜ੍ਹ ਆਏ ਸਨ, ਉਦੋਂ ਵੀ ਇਸ ਪਿੰਡ ਵਾਲਿਆਂ ਨੇ ਮੁਸੀਬਤ ਝੱਲੀ ਸੀ ਅਸੀਂ ਹੜ੍ਹ ਸਮੇਂ ਕਿਸ਼ਤੀਆਂ ਰਾਹੀਂ ਕਰਾਸ ਕਰਕੇ ਜਾਂਦੇ ਸੀ। ਸਰਕਾਰ ਬਣਨ ਤੋਂ ਬਾਅਦ ਸਾਨੂੰ ਪੁੱਛਿਆ ਗਿਆ ਕਿ ਪੰਜਾਬ ਵਿੱਚ ਤੁਸੀਂ ਆਪਣੇ ਹਲਕੇ ਵਿੱਚ ਜਿਹੜੇ ਕੰਮ ਕਰਵਾਉਣੇ ਹਨ, ਉਨ੍ਹਾਂ ਵਿੱਚੋਂ ਕੋਈ ਤਿੰਨ ਪ੍ਰਾਇਰਟੀ ਦੇ ਕੰਮ ਦੱਸ ਦਿਓ। ਸਰ, ਇਹ ਨੋਟ (ਹੱਥ ਵਿੱਚ ਕਾਗਜ਼ ਨੂੰ ਦਿਖਾਉਂਦੇ ਹੋਏ) ਮਿਤੀ 18.07.2022 ਦਾ ਹੈ, ਜੋ ਕਿ ਮੇਰੇ ਵੱਲੋਂ ਮੁੱਖ ਮੰਤਰੀ, ਪੰਜਾਬ ਜੀ ਨੂੰ ਦਿੱਤਾ ਗਿਆ ਸੀ। ਇਸ ਵਿੱਚ ਪਹਿਲਾ ਕੰਮ ਢਾਣੀ ਨੱਥਾ ਸਿੰਘ ਵਾਲੀ ਪੁਲ ਦਾ ਸੀ, ਜੋ 350 ਕਰੋੜ ਰੁਪਏ ਵਿੱਚ ਬਣਾ ਕੇ ਦਿੱਤਾ ਹੈ। ਲੋਕਾਂ ਦੀ ਸਰਕਾਰ ਨੇ ਆਮ ਲੋਕਾਂ ਦੀ ਸਹੂਲਤ ਵਾਸਤੇ ਬਣਾ ਕੇ ਦਿੱਤਾ ਹੈ ਪਰ ਇਨ੍ਹਾਂ ਸਾਰੇ ਕਾਂਗਰਸੀਆਂ ਉੱਤੇ ਸਦਕੇ ਜਾਈਏ, ਉਥੇ ਇਨ੍ਹਾਂ ਦੀ ਪਾਰਟੀ ਦੇ ਪ੍ਰਧਾਨ ਵੜਿੰਗ ਸਾਹਿਬ ਗਏ।

(**ਇੱਕ ਆਵਾਜ਼**: ਉਥੋਂ ਹੀ ਆਏ ਹਾਂ।)

**ਸ਼੍ਰੀ ਜਗਦੀਪ ਕੰਬੋਜ ਗੋਲਡੀ:** ਉਥੇ ਸਾਡੇ ਸਤਿਕਾਰਯੋਗ ਮੈਂਬਰ ਆਫ ਪਾਰਲੀਮੈਂਟ, ਸਰਦਾਰ ਸ਼ੇਰ ਸਿੰਘ ਘੁਬਾਇਆ ਜੀ ਗਏ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ (ਬੈਠੇ-ਬੈਠੇ):** ਤੁਹਾਡੇ ਪ੍ਰਧਾਨ ਰਹੇ ਹਨ।

**ਸ਼੍ਰੀ ਜਗਦੀਪ ਕੰਬੋਜ ਗੋਲਡੀ:** ਬਿਲਕੁਲ ਰਹੇ ਹਨ ਜੀ। ਮੈਂ ਉਨ੍ਹਾਂ ਦੇ ਨਾਲ ਕੰਮ ਕੀਤਾ ਹੈ, ਮੈਂ ਉਨ੍ਹਾਂ ਦੇ ਕੀਤੇ ਕੰਮ ਨੂੰ ਗੌਲਣਾ ਥੋੜ੍ਹਾ ਹੈ ਜੀ। ਮੈਂ ਤਾਂ ਦੱਸਣ ਲੱਗਿਆ ਹਾਂ, ਉਨ੍ਹਾਂ ਨਾਲ ਬਹੁਤ ਪਿਆਰ ਵੀ ਰਿਹਾ ਹੈ, ਇਸੇ ਕਰਕੇ ਦੱਸਣ ਲੱਗਿਆ ਹਾਂ। ਸਰ, ਇਹ (ਕਾਗਜ਼ ਦਿਖਾਉਂਦੇ ਹੋਏ) ਉਸ ਦੀ ਪ੍ਰਸ਼ਾਸਕੀ ਪ੍ਰਵਾਨਗੀ ਵੀ ਹੈ। ਸਰ, ਮਿਤੀ 6.2.2023 ਨੂੰ ਉਥੇ ਜਾ ਕੇ ਇਨ੍ਹਾਂ ਦੇ ਐਮ.ਪੀ. ਸਾਹਿਬ ਝੂਠ ਬੋਲਦੇ ਹਨ ਕਿ ਇਹ ਪੁਲ ਤਾਂ ਸਾਡੇ ਵੇਲੇ ਪਾਸ ਹੋਇਆ ਸੀ ਅਤੇ ਅਸੀਂ ਬਣਾ ਕੇ ਦਿੱਤਾ ਹੈ। ਕ੍ਰਿਪਾ ਕਰਕੇ ਇਹ ਕਾਗਜ਼ ਤੁਸੀਂ ਦੇ ਦਿਓ, ਜੇਕਰ ਮੈਂ ਦੇਵਾਂਗਾ ਤਾਂ ਰੌਲਾ ਪੈ ਜਾਣਾ ਹੈ। ਇਹ ਪੁਲ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬਣਾਇਆ ਹੈ। ਇਹ ਪੁਲ ਸਾਡੇ ਮੁੱਖ ਮੰਤਰੀ ਸਾਹਿਬ ਅਤੇ ਸਾਡੇ ਈ.ਟੀ.ਓ. ਸਾਹਿਬ ਜੀ ਦੀ ਕ੍ਰਿਪਾ ਨਾਲ ਬਣਿਆ ਹੈ। ਸਰ, ਇਸ ਵਾਰ ਗੱਡੀਆਂ ਸ਼ੂਕਦੀਆਂ ਆਉਂਦੀਆਂ ਰਹੀਆਂ ਹਨ, ਸਾਨੂੰ ਕੋਈ ਕਿਸ਼ਤੀਆਂ ਨਾਲ ਕਰਾਸ ਕਰਨ ਦੀ ਲੋੜ ਨਹੀਂ ਪਈ। (ਥੰਪਿੰਗ) ਸਰ, ਇਸ ਵਾਰ ਲਗਾਤਾਰ ਦੋ ਮਹੀਨੇ ਪਾਣੀ ਰਿਹਾ ਹੈ, ਉਨ੍ਹਾਂ ਨੇ ਕੋਈ ਪਰਵਾਹ ਨਹੀਂ ਕੀਤੀ। ਜਲਾਲਾਬਾਦ ਵਿੱਚ ਦੋ ਮਹੀਨੇ ਪਾਣੀ ਰਿਹਾ ਹੈ। ਸਾਰੇ ਬਠਿੰਡੇ, ਮੁਕਤਸਰ, ਫਾਜ਼ਿਲਕਾ ਦਾ ਪਾਣੀ ਜਲਾਲਾਬਾਦ ਨੂੰ ਆਉਂਦਾ ਸੀ ਕਿਉਂਕਿ ਪਾਣੀ ਨੂੰ ਤਾਂ ਕੋਈ ਰੋਕ ਨਹੀਂ ਸਕਦਾ ਹੈ, ਨਾ ਹੀ ਕਿਸੇ ਦੀ ਔਕਾਤ ਹੈ ਕਿ ਉਹ ਪਾਣੀ ਨੂੰ ਰੋਕ ਲਵੇ ਪਰ ਇਹ ਜ਼ਰੂਰ ਹੈ ਕਿ ਲੋਕਾਂ ਨੇ ਮਦਦ ਵਾਲੀ ਕਮਾਲ ਕਰ ਦਿੱਤੀ ਹੈ। ਸਰ, ਸਭ ਤੋਂ ਵੱਡੀ ਗੱਲ ਇਹ ਹੈ ਕਿ ਕਈ ਪੁਲ ਟੁੱਟ ਵੀ ਗਏ ਹਨ। ਸਰ, ਢਾਣੀ ਬਚਨ ਸਿੰਘ ਵਾਲੇ ਤੋਂ ਧੁੰਨਕੀਆਂ ਦੇ ਵਿੱਚ ਇੱਕ ਬੰਨ੍ਹ ਬਣਿਆ ਸੀ, ਉਹ ਬੰਨ੍ਹ ਵੀ ਟੁੱਟ ਗਿਆ ਹੈ। ਸਾਡੇ 49 ਪਿੰਡਾਂ ਦਾ ਨੁਕਸਾਨ ਹੋਇਆ ਹੈ ਕਿਉਂਕਿ ਜੇਕਰ ਨਰਮੇ ਵਿੱਚੋਂ ਇੱਕ ਦਿਨ ਪਾਣੀ ਨਿਕਲ ਜਾਵੇ ਤਾਂ ਨਰਮਾ ਖਰਾਬ ਹੋ ਜਾਂਦਾ ਹੈ। ਸਰ, ਐਤਕੀਂ ਇੱਕ-ਇੱਕ ਮਹੀਨਾ ਪਾਣੀ ਖੜ੍ਹਾ ਰਿਹਾ ਹੈ। ਮੇਰੀ ਹੱਥ ਜੋੜ ਕੇ ਸਦਨ ਵਿੱਚ ਇਹੀ ਬੇਨਤੀ ਹੈ ਕਿ ਅਰਨੀਵਾਲਾ ਔਰ ਜਲਾਲਾਬਾਦ ਦੇ ਜਿਹੜੇ 49 ਪਿੰਡਾਂ ਦਾ ਅਤੇ ਦੋ ਪੁਲਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇ। ਸਰ, ਪਿੰਡ ਆਤੂਵਾਲਾ ਦੀ ਕੁਨੈਕਟੀਵਿਟੀ ਟੁੱਟ ਗਈ ਹੈ ਔਰ ਦੂਜੀ ਢਾਣੀ ਚੱਕ ਖਿਵਾ ਤੋਂ ਢਾਣੀ ਬਚਨ ਸਿੰਘ ਵਾਲੇ ਪਿੰਡਾਂ ਦੀ ਕੁਨੈਕਟੀਵਿਟੀ ਵੀ ਟੁੱਟ ਗਈ ਹੈ, ਮੈਂ ਉਸ ਪੁਲ ਨੂੰ ਬਣਾਉਣ ਲਈ ਬੇਨਤੀ ਕਰਦਾ ਹਾਂ। ਸਪੀਕਰ ਸਾਹਿਬ, ਬਹੁਤ ਸਾਰੇ ਸਰਪੰਚਾਂ ਨੇ ਵੀ ਸਾਥ ਦਿੱਤਾ ਹੈ। ਹਰ ਘਰ ਵਿੱਚ ਮਦਦ ਪਹੁੰਚਾਈ ਗਈ ਹੈ। ਇਸ ਲਈ ਮੈਂ ਆਪਣੇ ਹਲਕੇ ਦੇ ਡੀ.ਸੀ. ਐਸ.ਐਸ.ਪੀ. ਅਤੇ ਐਸ.ਡੀ.ਐਮ. ਦਾ ਵੀ ਧੰਨਵਾਦੀ ਹਾਂ। ਐਸ.ਡੀ.ਐਮ. ਸਾਹਿਬ ਵੱਲੋਂ ਕਿਹਾ ਗਿਆ ਕਿ ਵੱਡੇ ਪਿੰਡ ਤੁਸੀਂ ਸੰਭਾਲ ਲਓ, ਬਾਕੀ ਟੀਮ ਮੈਨੂੰ ਦੇ ਦਿਓ। ਢਾਣੀਆਂ ਮੈਂ ਭੁਗਤਾ ਦੇਵਾਂਗਾ, ਕੋਈ ਅਫਸਰ ਇਸ ਤਰ੍ਹਾਂ ਕੰਮ ਨਹੀਂ ਕਰਦਾ ਹੈ, ਇਹ ਬਹੁਤ ਵੱਡੀ ਗੱਲ ਹੈ। ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਮੈਂ ਆਪਣੀ ਆਮ ਆਦਮੀ ਪਾਰਟੀ ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਦਿਨ-ਰਾਤ ਇੱਕ ਕਰਕੇ ਲੋਕਾਂ ਦਾ ਸਾਥ ਦਿੱਤਾ ਹੈ। ਮੁਆਵਜ਼ਾ ਜਲਦੀ ਆ ਜਾਣਾ ਹੈ। ਸਪੀਕਰ ਸਾਹਿਬ, ਇਨ੍ਹਾਂ ਦੇ ਮੁਆਵਜ਼ੇ ਦੇ ਪੈਸੇ ਵੀ ਪਾ ਦਿਓ, ਨਹੀਂ ਤਾਂ ਫਿਰ ਅਗਲੇ ਸੈਸ਼ਨ ਵਿੱਚ ਰੌਲਾ ਪਾਉਣਗੇ। ਸਭ ਦਾ ਧੰਨਵਾਦ ਜੀ।

**ਸਰਦਾਰ ਰੁਪਿੰਦਰ ਸਿੰਘ (ਬੱਸੀ ਪਠਾਣਾ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਲਈ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਸਾਰਿਆਂ ਨੇ ਹੜ੍ਹਾਂ ਬਾਰੇ, ਹੜ੍ਹਾਂ ਦੀ ਸਥਿਤੀ ਬਾਰੇ ਅਤੇ ਹੜ੍ਹਾਂ ਦੇ

ਨੁਕਸਾਨ ਬਾਰੇ ਬਹੁਤ ਹੀ ਵਿਸਥਾਰਪੂਰਵਕ ਦੱਸਿਆ ਹੈ ਅਤੇ ਜੋ-ਜੋ ਸਰਕਾਰ ਕੰਮ ਕਰ ਰਹੀ ਹੈ, ਉਸ ਬਾਰੇ ਵੀ ਬੜਾ ਵਿਸਥਾਰਪੂਰਵਕ ਦੱਸਿਆ ਹੈ। ਮੈਂ ਉਥੇ ਖੁਦ ਦੋ-ਤਿੰਨ ਦਿਨ ਗਿਆ ਅਤੇ ਰੈਗੂਲਰ ਰਿਹਾ। ਮੈਂ ਆਪਣਾ ਤਜਰਬਾ ਜ਼ਰੂਰ ਸਾਂਝਾ ਕਰਨਾ ਚਾਹਾਂਗਾ। ਜਦੋਂ ਅਸੀਂ ਪਿੰਡਾਂ ਵਿੱਚ ਗਏ ਅਤੇ ਉਥੇ ਜਾ ਕੇ ਦੇਖਿਆ ਕਿ ਲੋਕ ਇਸ ਗੱਲ ਤੋਂ ਸੰਤੁਸ਼ਟ ਸੀ ਕਿ ਜਿਹੜੀ ਸਰਕਾਰ ਹੈ, ਉਨ੍ਹਾਂ ਕੋਲ ਚੱਲ ਕੇ ਗਈ ਹੈ। ਮੈਂ ਬਹੁਤ ਸਾਰੇ ਪਿੰਡਾਂ ਵਿੱਚ ਗਿਆ। ਜਿੱਥੇ ਅਸੀਂ ਕਿਸੇ ਨੂੰ ਪੁੱਛਦੇ ਸੀ ਕਿ ਬਾਪੂ ਜੀ ਕੀ ਹਾਲ ਹੈ ਤਾਂ ਉਹ ਕਹਿੰਦੇ ਸੀ ਕਿ ਪੁੱਤ ਚੜ੍ਹਦੀਕਲਾ ਹੈ, ਇਹ ਬਹੁਤ ਵੱਡੀ ਗੱਲ ਹੈ। ਉਸ ਸਮੇਂ ਜਦੋਂ ਲੋਕ ਪਾਣੀ ਵਿੱਚ ਘਿਰੇ ਹੋਏ ਸਨ, ਉਸ ਸਮੇਂ ਵੀ ਲੋਕਾਂ ਨੇ ਹੌਂਸਲਾ ਨਹੀਂ ਹਾਰਿਆ। ਲੋਕਾਂ ਨੇ ਸਰਕਾਰ ਪ੍ਰਤੀ ਪੂਰਾ ਸਤਿਕਾਰ ਜ਼ਾਹਿਰ ਕੀਤਾ ਕਿ ਸਰਕਾਰ ਉਨ੍ਹਾਂ ਲਈ ਕੰਮ ਕਰ ਰਹੀ ਹੈ। ਹੜ੍ਹ ਆਉਣਾ ਇੱਕ ਕੁਦਰਤੀ ਆਫਤ ਹੈ। ਜਿਵੇਂ ਕਿ ਪਹਿਲਾਂ ਵੀ ਕਿਹਾ ਗਿਆ ਹੈ ਕਿ ਇਸ ਨੂੰ ਕੋਈ ਰੋਕ ਨਹੀਂ ਸਕਦਾ। ਫਸਲਾਂ ਦਾ ਨੁਕਸਾਨ ਹੋਇਆ, ਸਕੂਲਾਂ-ਕਾਲਜਾਂ ਦਾ ਨੁਕਸਾਨ ਹੋਇਆ ਅਤੇ ਲੋਕਾਂ ਦੇ ਘਰਾਂ ਦਾ ਨੁਕਸਾਨ ਹੋਇਆ। ਆਪਾਂ ਘਰ ਦੁਬਾਰਾ ਬਣਾ ਲਵਾਂਗੇ, ਫਸਲਾਂ ਦੀ ਭਰਪਾਈ ਕਰ ਲਵਾਂਗੇ ਪਰੰਤੂ ਜਿਹੜੇ ਲੋਕਾਂ ਦੇ ਇਮੋਸ਼ਨਜ਼ ਹਨ, ਉਨ੍ਹਾਂ ਬੀਬੀਆਂ ਦੇ ਇਮੋਸ਼ਨਜ਼, ਜਿਨ੍ਹਾਂ ਨੇ ਪਾਈ-ਪਾਈ ਜੋੜ ਕੇ ਘਰ ਬਣਾਏ ਸੀ, ਉਨ੍ਹਾਂ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ ਪਰੰਤੂ ਮੈਂ ਇੱਥੇ ਜ਼ਰੂਰ ਦੱਸਣਾ ਚਾਹਾਂਗਾ ਕਿ ਜਿੱਥੇ ਇਹ ਆਫਤ ਆਈ ਸੀ, ਉਥੇ ਸਾਡੇ ਪੰਜਾਬੀਆਂ ਨੇ ਹਿੱਕ ਨਾਲ ਹਿੱਕ ਡਾਹ ਕੇ ਅਤੇ ਮੋਢੇ ਨਾਲ ਮੋਢਾ ਜੋੜ ਕੇ ਇਸ ਆਫਤ ਦਾ ਸਾਹਮਣਾ ਕੀਤਾ ਅਤੇ ਸਾਰਿਆਂ ਦਾ ਸਾਥ ਦਿੱਤਾ। ਸਾਰਿਆਂ ਨੇ ਆਪਣਾ ਬਣਦਾ ਸਹਿਯੋਗ ਦਿੱਤਾ। ਸਾਡੀਆਂ ਐਨ.ਜੀ.ਓਜ਼. ਵੱਖ ਵੱਖ ਸੰਸਥਾਵਾਂ, ਵੱਖ ਵੱਖ ਲੋਕ ਜਿਨ੍ਹਾਂ ਦੀ ਜਿੰਨੀ ਵੀ ਪਹੁੰਚ ਸੀ, ਉਨ੍ਹਾਂ ਨੇ ਆਪਣਾ ਵੱਖ ਵੱਖ ਯੋਗਦਾਨ ਦਿੱਤਾ। ਮੈਂ ਹਮੇਸ਼ਾ ਇਹ ਗੱਲ ਕਰਦਾ ਹੁੰਦਾ ਸੀ ਕਿ ਜੇਕਰ ਕੋਈ ਪੈਸਾ ਦੇ ਸਕਦਾ ਹੈ ਤਾਂ ਉਹ ਪੈਸਾ ਦੇਵੇ, ਜੇਕਰ ਕੋਈ ਰਾਸ਼ਨ ਦੇ ਸਕਦਾ ਹੈ ਤਾਂ ਉਹ ਰਾਸ਼ਨ ਦੇਵੇ, ਕੋਈ ਉੱਥੇ ਜਾ ਕੇ ਮਦਦ ਕਰ ਸਕਦਾ ਹੈ ਤਾਂ ਮਦਦ ਕਰੇ, ਜੇਕਰ ਫਿਰ ਵੀ ਕੋਈ ਕੁਝ ਨਹੀਂ ਕਰ ਸਕਦਾ ਤਾਂ ਉਹ ਘਰ ਬੈਠ ਕੇ ਅਰਦਾਸ ਕਰੇ ਕਿ ਲੋਕ ਦੁਬਾਰਾ ਆਪਣਾ ਜੀਵਨ ਸ਼ੁਰੂ ਕਰ ਸਕਣ ਤਾਂ ਕਿ ਪੰਜਾਬ ਮੁੜ ਲੀਹ ਤੇ ਆ ਸਕੇ। ਸਾਰਿਆਂ ਨੇ ਬਹੁਤ ਸਹਿਯੋਗ ਦਿੱਤਾ ਹੈ। ਲੋਕਾਂ ਦੀਆਂ ਅਰਦਾਸਾਂ ਸਦਕਾ, ਲੋਕਾਂ ਦੇ ਸਹਿਯੋਗ ਸਦਕਾ ਅੱਜ ਪੰਜਾਬ ਨੂੰ ਦੁਬਾਰਾ ਲੀਹਾਂ ਤੇ ਲਿਆਉਣ ਲਈ ਇਹ ਸੈਸ਼ਨ ਬੁਲਾਇਆ ਗਿਆ ਹੈ। ਸਪੀਕਰ ਸਾਹਿਬ, ਅਸੀਂ ਸਾਰਿਆਂ ਨੇ ਇੱਕ-ਦੂਜੇ ਬਾਰੇ ਵੀ ਬੋਲ ਲੈਣਾ ਹੈ, ਇੱਕ ਦੂਜੇ ਦੀਆਂ ਗੱਲਾਂ ਵੀ ਕਰ ਲੈਣੀਆਂ ਹਨ ਪਰ ਮਦਦ ਤਾਂ ਸਿਰ ਜੋੜ ਕੇ ਹੀ ਹੋਣੀ ਹੈ ਅਤੇ ਇੱਕ ਦੂਜੇ ਨਾਲ ਸਲਾਹ ਮਸ਼ਵਰਾ ਕਰਕੇ ਹੀ ਹੋਣੀ ਹੈ। ਮੈਂ ਆਪਣੇ ਯੂਥ ਵਿੰਗ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਬਹੁਤ ਕੰਮ ਕੀਤਾ ਹੈ, ਨੌਜਵਾਨਾਂ ਅਤੇ ਮਹਿਲਾ ਵਿੰਗ ਨੇ ਬਹੁਤ ਕੰਮ ਕੀਤਾ ਹੈ, ਸਰਕਾਰ ਨੇ ਵੀ ਬਹੁਤ ਕੰਮ ਕੀਤਾ ਹੈ। ਸਾਰੇ ਐਮ.ਐਲ.ਏ ਸਾਹਿਬਾਨ, ਜੋ ਪਬਲਿਕ ਦੇ ਚੁਣੇ ਹੋਏ ਨੁਮਾਇੰਦੇ ਹਨ, ਸਭ ਨੇ ਆਪਣਾ ਬਣਦਾ ਯੋਗਦਾਨ ਦਿੱਤਾ ਹੈ। ਮੈਂ ਇੱਥੇ ਇੱਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਜਦੋਂ ਲੋਕ ਪਾਣੀ ਦੇ ਨਾਲ ਡੁੱਬੇ ਹੋਏ ਸਨ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਬਹੁਤ ਪਾਣੀ ਸੀ ਤਾਂ ਅਸੀਂ ਇੱਕ ਪਿੰਡ ਵਿੱਚ ਰਾਸ਼ਨ ਲੈ ਕੇ ਗਏ। ਉੱਥੇ ਜਾ ਕੇ ਅਸੀਂ ਪਿੰਡ ਵਾਲਿਆਂ ਨੂੰ ਕਿਹਾ ਕਿ ਤੁਸੀਂ ਇਹ ਰਾਸ਼ਨ ਲੈ ਲਓ। ਉਹ ਕਹਿੰਦੇ ਕਿ ਸਾਡੇ ਪਿੰਡ ਕੁਝ ਪਰਿਵਾਰ ਹਨ, ਜਿਨ੍ਹਾਂ ਨੂੰ ਲੋੜ ਹੈ, ਬਾਕੀ ਤਾਂ ਅਸੀਂ ਸਾਰ ਲਵਾਂਗੇ। ਉੱਥੋਂ ਪਿੰਡ ਵਿੱਚੋਂ ਕੁਝ ਬਜ਼ੁਰਗ ਅਤੇ ਬੀਬੀਆਂ ਨੇ ਕਿਹਾ ਕਿ ਪੁੱਤ ਇੱਕ ਕੰਮ ਕਰ ਦਿਓ ਕਿ ਫਲਾਣੇ ਏਰੀਏ ਵਿੱਚ ਜਾਇਓ, ਉੱਥੇ ਪਾਣੀ ਤਾਂ ਬਹੁਤ ਹੈ, ਜੇਕਰ ਤੁਸੀਂ ਰਿਸਕ ਲੈ ਸਕਦੇ ਹੋ ਤਾਂ ਜਾ ਆਇਓ। ਅਸੀਂ ਕਿਹਾ ਕੰਮ ਦੱਸੋ। ਉਹ ਕਹਿੰਦੇ ਕਿ ਉੱਥੇ ਮੋਰ ਰਹਿੰਦੇ ਹਨ, ਉਨ੍ਹਾਂ ਨੇ ਪਿਛਲੇ 5-6 ਦਿਨ ਤੋਂ ਦਾਣਾ ਨਹੀਂ ਖਾਧਾ, ਤੁਸੀਂ ਉੱਥੇ ਜਾ ਕੇ ਉਨ੍ਹਾਂ ਨੂੰ ਜ਼ਰੂਰ ਦਾਣਾ ਪਾ ਕੇ ਆਓ। ਅਸੀਂ ਉਸ ਪਿੰਡ ਦੇ ਸਾਥੀਆਂ ਨੂੰ ਨਾਲ ਲੈ ਕੇ ਗਏ ਅਤੇ ਉਨ੍ਹਾਂ ਮੋਰਾਂ ਨੂੰ ਦਾਣਾ ਪਾ ਕੇ ਆਏ। ਸਾਡੇ ਪੰਜਾਬੀਆਂ ਦਾ ਦਿਲ ਦੇਖੋ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿੱਥੇ ਲੋਕ ਮੁਸੀਬਤ ਨਾਲ ਇੰਨਾ ਘਿਰੇ ਹੋਏ ਸਨ ਪਰ ਉਨ੍ਹਾਂ ਲੋਕਾਂ ਨੇ ਇਨਸਾਨੀਅਤ ਦਿਖਾਈ। ਉਨ੍ਹਾਂ ਲੋਕਾਂ ਦੀ ਇਨਸਾਨੀਅਤ

ਕਰਕੇ ਅੱਜ ਪੰਜਾਬ ਫਿਰ ਦੁਬਾਰਾ ਲੀਹ ਉਤੇ ਅਤੇ ਚੰਗੇ ਪਾਸੇ ਨੂੰ ਤੁਰਨ ਦੀ ਕਗਾਰ ਤੇ ਖੜ੍ਹਾ ਹੈ। ਮੈਂ ਇਸ ਗੱਲ ਦੀ ਸੰਤੁਸ਼ਟੀ ਪ੍ਰਗਟ ਕਰਦਾ ਹਾਂ ਕਿ ਜਿੱਥੇ ਮਾਨ ਸਰਕਾਰ ਨੇ ਲੋਕਾਂ ਨੂੰ ਦੁਬਾਰਾ ਲੀਹ ਤੇ ਲੈ ਕੇ ਆਉਣ ਲਈ ਉਪਰਾਲਾ ਕੀਤਾ ਉੱਥੇ ਸਾਡੀਆਂ ਸਾਰੀਆਂ ਸੰਸਥਾਵਾਂ ਨੇ ਜਿਨ੍ਹਾਂ ਨੇ ਜਿੰਨਾ ਵੀ ਯੋਗਦਾਨ ਪਾਇਆ, ਅਸੀਂ ਉਨ੍ਹਾਂ ਦਾ ਧੰਨਵਾਦ ਵੀ ਕਰਦੇ ਹਾਂ। ਪੰਜਾਬ ਹਮੇਸ਼ਾ ਚੜ੍ਹਦੀਕਲਾ ਵਿੱਚ ਸੀ, ਚੜ੍ਹਦੀਕਲਾ ਵਿੱਚ ਹੈ ਅਤੇ ਹਮੇਸ਼ਾ ਚੜ੍ਹਦੀਕਲਾ ਵਿੱਚ ਰਹੇਗਾ। ਮੈਂ ਅਖੀਰ ਵਿੱਚ ਇਹੀ ਕਹਿਣਾ ਚਾਹੁੰਦਾ ਹਾਂ ਕਿ ਨਾਨਕ ਨਾਮ ਚੜ੍ਹਦੀਕਲਾ, ਤੇਰੇ ਭਾਣੇ ਸਰਬੱਤ ਦਾ ਭਲਾ। ਧੰਨਵਾਦ ਜੀ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ (ਧਰਮਕੋਟ):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਇਸ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਕਿਉਂਕਿ ਜਿਹੜਾ ਮੇਰਾ ਹਲਕਾ ਧਰਮਕੋਟ ਹੈ, ਸਤਲੁਜ ਦਰਿਆ ਉਸ ਵਿੱਚੋਂ ਵੀ ਲੰਘਦਾ ਹੈ। ਤਕਰੀਬਨ ਇਸ ਆਫਤ ਨਾਲ ਮੇਰੇ ਹਲਕੇ ਦੇ 29 ਪਿੰਡ ਪ੍ਰਭਾਵਿਤ ਹੋਏ ਹਨ। ਮੇਰੇ 4-5 ਪਿੰਡ ਅਜਿਹੇ ਹਨ ਜਿਨ੍ਹਾਂ ਦਾ ਇਸ ਵੇਲੇ ਕੋਈ ਸੁਰ-ਸੁਰਾਗ ਵੀ ਨਹੀਂ ਹੈ, ਉਨ੍ਹਾਂ ਵਿੱਚੋਂ ਪਿੰਡ ਪਰਲੀਵਾਲਾ, ਪਿੰਡ ਮਹਿਰੂਵਾਲਾ ਅਤੇ ਪਿੰਡ ਬੱਸੀਆਂ ਨੂੰ ਤਾਂ ਦਰਿਆ ਰੋੜ੍ਹ ਕੇ ਲੈ ਗਿਆ। ਪਿੰਡ ਮਹਿਰੂਵਾਲਾ ਦੇ ਸਰਪੰਚ ਸਰਦਾਰ ਮੱਖਣ ਸਿੰਘ ਦਾ ਘਰ ਮੈਂ ਆਪਣੀਆਂ ਅੱਖਾਂ ਦੇ ਸਾਹਮਣੇ ਰੁੜ੍ਹਦਾ ਵੇਖਿਆ ਹੈ। ਉਸ ਸਾਰੇ ਪਰਿਵਾਰ ਨੂੰ ਅਸੀਂ ਆਪਣੇ ਸਾਧਨਾਂ ਤੇ, ਕਿਸ਼ਤੀਆਂ ਤੇ ਕੱਢ ਕੇ ਲੈ ਕੇ ਗਏ ਪਰ ਜਿਹੜੇ ਉਨ੍ਹਾਂ ਦੇ ਜਾਨਵਰ, ਉਨ੍ਹਾਂ ਦੀਆਂ ਮੱਝਾਂ ਸਨ, ਉਹ ਸਾਰੀਆਂ ਪਾਣੀਆਂ ਵਿੱਚ ਰੁੜ੍ਹ ਗਈਆਂ। ਤਕਰੀਬਨ ਮੇਰੇ ਹਲਕੇ ਵਿੱਚ 6,000 ਹੈਕਟੇਅਰ ਤੋਂ ਵੱਧ ਫਸਲ ਨੁਕਸਾਨੀ ਗਈ ਹੈ। ਬਾਕੀ ਜਿਹੜੇ ਪਿੰਡ ਸਨ, ਉਹ ਪਿੰਡ ਬੰਨ੍ਹ ਤੋਂ ਬਾਹਰ ਹਨ ਪਰ ਉਨ੍ਹਾਂ ਦੀਆਂ ਜ਼ਮੀਨਾਂ ਸਾਰੀਆਂ ਬੰਨ੍ਹ ਦੇ ਅੰਦਰ ਹਨ। ਉਨ੍ਹਾਂ ਦੇ ਡੰਗਰਾਂ ਵਾਸਤੇ ਚਾਰਾ, ਫੀਡ ਅਤੇ ਦਾਣੇ ਤਕਰੀਬਨ ਇੱਕ ਮਹੀਨਾ ਸਾਡੀਆਂ ਟੀਮਾਂ ਹਰੇਕ ਚੀਜ਼ ਉੱਥੇ ਪਹੁੰਚਾਉਂਦੀਆਂ ਰਹੀਆਂ। ਮੈਂ ਇਸ ਗੱਲ ਤੇ ਹੈਰਾਨ ਹਾਂ ਕਿ ਕੇਂਦਰ ਸਰਕਾਰ ਦੇ ਦੋ ਵਜ਼ੀਰ ਸਾਡੇ ਹਲਕੇ ਵਿੱਚ ਆਏ। ਉਨ੍ਹਾਂ ਨੇ ਫੋਟੋ ਸੈਸ਼ਨ ਤੋਂ ਬਿਨਾਂ ਇੱਕ ਵੀ ਰੁਪਿਆ ਜਾਂ ਕਿਸੇ ਨੂੰ ਦਿਲਾਸਾ ਨਹੀਂ ਦਿੱਤਾ ਕਿਉਂਕਿ ਉਨ੍ਹਾਂ ਦੇ ਜਿਹੜੇ ਪ੍ਰਧਾਨ ਮੰਤਰੀ ਸਨ, ਉਨ੍ਹਾਂ ਵੱਲੋਂ 1600 ਕਰੋੜ ਰੁਪਏ ਦਾ ਐਲਾਨ ਕੀਤਾ ਗਿਆ ਸੀ, ਉਹ ਸਾਰੇ ਉਸ ਗੱਲ ਦੇ ਨਾਲ ਹੀ ਸਾਰਦੇ ਰਹੇ ਕਿ ਅਸੀਂ ਪੰਜਾਬ ਨੂੰ 1600 ਕਰੋੜ ਰੁਪਏ ਦੇ ਚੁੱਕੇ ਹਾਂ ਪਰ ਅੱਜ ਸਾਡੇ ਵਿੱਤ ਮੰਤਰੀ ਸਾਹਿਬ ਨੇ ਉਸ ਜੁਮਲੇ ਦਾ ਖੁਲਾਸਾ ਵੀ ਕਰ ਦਿੱਤਾ ਹੈ ਕਿ ਇੱਕ ਵੀ ਰੁਪਿਆ ਅਜੇ ਤੱਕ ਸਾਡੇ ਖਾਤੇ ਵਿੱਚ ਨਹੀਂ ਆਇਆ ਹੈ। ਸੋ, ਜਿਹੜਾ ਇਹ 1600 ਕਰੋੜ ਰੁਪਿਆ ਹੈ, ਉਸ ਨੂੰ ਅਸੀਂ ਸਿਰੇ ਤੋਂ ਨਕਾਰਦੇ ਹਾਂ। ਜਿਵੇਂ ਮੁੱਖ ਮੰਤਰੀ ਸਾਹਿਬ ਜੀ ਨੇ ਵੀ ਕਿਹਾ ਹੈ ਕਿ ਸਾਡਾ ਤਕਰੀਬਨ 20 ਹਜ਼ਾਰ ਕਰੋੜ ਰੁਪਏ ਤੋਂ ਉੱਪਰ ਦਾ ਨੁਕਸਾਨ ਹੋਇਆ ਹੈ ਤੇ ਸਾਨੂੰ ਇਸ ਤੋਂ ਵੱਧ ਪੈਸੇ ਦੀ ਲੋੜ ਹੈ। ਜੇਕਰ ਮੈਂ ਆਪਣੇ ਹਲਕੇ ਦੇ ਖਰਚੇ ਦੀ ਗੱਲ ਕਰਾਂ ਤੇ ਜੇਕਰ ਆਪਾਂ ਜ਼ਿੰਦਗੀ ਨੂੰ ਦੁਬਾਰਾ ਲੀਹ ਤੇ ਲੈ ਕੇ ਆਉਣਾ ਹੈ, ਜਿਨ੍ਹਾਂ ਦਾ ਨੁਕਸਾਨ ਹੋਇਆ ਹੈ, ਉਸ ਤੇ ਤਕਰੀਬਨ 300 ਕਰੋੜ ਰੁਪਏ ਤੋਂ ਵੱਧ ਦਾ ਖਰਚਾ ਆਵੇਗਾ। ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਅਨਾਊਂਸ ਕੀਤਾ ਹੈ ਕਿ ਤਕਰੀਬਨ 5 ਲੱਖ ਹੈਕਟੇਅਰ ਜ਼ਮੀਨ ਜਿੱਥੇ ਕਣਕ ਦੀ ਬਿਜਾਈ ਹੋਣੀ ਹੈ, ਉਸ ਦਾ ਬੀਜ ਸਰਕਾਰ ਵੱਲੋਂ ਮੁਫਤ ਦਿੱਤਾ ਜਾ ਰਿਹਾ ਹੈ। ਬਾਜਵਾ ਸਾਹਿਬ ਗੱਲ ਕਰ ਰਹੇ ਸਨ ਕਿ ਪਿਛਲੇ ਸਮੇਂ ਵਿੱਚ ਇਸ ਸਰਕਾਰ ਨੇ ਇੱਕ ਵੀ ਰੁਪਿਆ ਕਿਸੇ ਬੰਨ੍ਹ ਲਈ, ਕਿਸੇ ਬੰਨ੍ਹ ਦੀ ਰਿਪੇਅਰ ਲਈ ਜਾਂ ਸੇਮ ਨਾਲਿਆਂ ਦੀ ਸਾਫ ਸਫਾਈ ਲਈ ਨਹੀਂ ਵਰਤਿਆ। ਸੋ, ਮੈਂ ਇਨ੍ਹਾਂ ਦੀ ਜਾਣਕਾਰੀ ਦੇ ਵਿੱਚ ਵਾਧਾ ਕਰਨਾ ਚਾਹੁੰਦਾ ਹਾਂ ਕਿ ਮੇਰੇ ਹਲਕਾ ਧਰਮਕੋਟ ਵਿੱਚ 25 ਸਾਲਾਂ ਬਾਅਦ ਜਿਹੜਾ ਬੰਨ੍ਹ ਹੈ, ਉਸ ਨੂੰ 3 ਤੋਂ 4 ਫੁੱਟ ਮਿੱਟੀ ਪਾ ਕੇ ਉੱਚਾ ਕੀਤਾ ਗਿਆ ਹੈ। ਮਾਣਯੋਗ ਮੁੱਖ ਮੰਤਰੀ ਸਾਹਿਬ ਵੱਲੋਂ ਕਰੋੜਾਂ ਰੁਪਏ ਉਸ ਬੰਨ੍ਹ ਤੇ ਲਗਾਏ ਗਏ ਹਨ, ਕਈ ਸਪੱਰ ਬਣਾਏ ਗਏ ਅਤੇ ਕਈ ਨੋਚਾਂ ਬਣਾਈਆਂ ਗਈਆਂ ਹਨ। ਚਾਹੇ ਅਜੇ ਵੀ ਉਹ ਨੋਚਾਂ ਘੱਟ ਹਨ ਪਰ ਸਾਨੂੰ ਕਈ ਪਿੰਡਾਂ ਵਿੱਚ ਜਿਵੇਂ ਗੱਟੀ, ਭੈਣੀ, ਬੱਸੀਆਂ ਵਿੱਚ ਹੋਰ ਨੋਚਾਂ ਦੀ ਲੋੜ ਹੈ। ਜੇਕਰ ਮੈਂ ਮੁਆਵਜ਼ੇ ਦੀ ਗੱਲ ਕਰਾਂ ਤਾਂ

ਜਿਹੜਾ ਇਹ 20 ਹਜ਼ਾਰ ਰੁਪਏ ਦਾ ਮੁਆਵਜ਼ਾ ਦੇਣਾ ਹੈ, ਮੈਂ ਇਸ ਲਈ ਮਾਣਯੋਗ ਮੁੱਖ ਮੰਤਰੀ ਸਾਹਿਬ ਜੀ ਦਾ ਧੰਨਵਾਦੀ ਹਾਂ ਕਿਉਂਕਿ ਇੰਡੀਆ ਵਿੱਚ ਕਿਸੇ ਰਾਜ ਨੇ ਅਜੇ ਤੱਕ ਇੰਨਾ ਮੁਆਵਜ਼ਾ ਨਹੀਂ ਦਿੱਤਾ। ਮੈਂ ਇਸ ਵਿੱਚ ਇੱਕ ਦੋ ਗੱਲਾਂ ਐਡ ਕਰਨੀਆਂ ਚਾਹੁੰਦਾ ਹਾਂ ਕਿ ਜਿਹੜਾ ਮੁਆਵਜ਼ਾ ਹੈ, ਉਹ ਜ਼ਮੀਨ ਮਾਲਕ ਨੂੰ ਨਾ ਮਿਲੇ ਬਲਕਿ ਕਾਸ਼ਤਕਾਰ ਨੂੰ ਮਿਲੇ ਕਿਉਂਕਿ ਸਾਡੇ ਹਲਕੇ ਵਿੱਚ ਕਾਫੀ ਜ਼ਮੀਨ ਸੈਂਟਰ ਸਰਕਾਰ ਦੀ ਹੈ, ਜੇ ਇਹ ਮੁਆਵਜ਼ਾ ਸੈਂਟਰ ਸਰਕਾਰ ਦੇ ਖਾਤੇ ਵਿੱਚ ਚਲਿਆ ਗਿਆ ਤਾਂ ਜਿਹੜੇ ਕਾਸ਼ਤਕਾਰ ਹਨ, ਜਿਹੜੇ ਖੇਤੀ ਕਰਦੇ ਹਨ, ਉਨ੍ਹਾਂ ਦਾ ਬਹੁਤ ਵੱਡਾ ਨੁਕਸਾਨ ਹੋ ਜਾਵੇਗਾ। ਦੂਸਰਾ, ਜਿਹੜਾ ਕੇਂਦਰ ਸਰਕਾਰ ਵੱਲੋਂ 5 ਕਿੱਲਿਆਂ ਦੀ ਕੈਪਿੰਗ ਲਗਾਈ ਗਈ ਹੈ, ਉਹ ਕੈਪਿੰਗ ਨਹੀਂ ਹੋਣੀ ਚਾਹੀਦੀ ਜਿਸ ਦੇ 5 ਕਿੱਲੇ ਤੋਂ ਵੱਧ ਹਨ, ਉਨ੍ਹਾਂ ਨੂੰ ਵੀ ਇਹ ਮੁਆਵਜ਼ਾ ਮਿਲਣਾ ਚਾਹੀਦਾ ਹੈ। ਇੱਕ ਮੇਰੇ ਹਲਕੇ ਦੀ ਖਾਸ ਮੰਗ ਹੈ ਕਿ ਮੇਰੇ ਹਲਕੇ ਦੇ ਵਿੱਚ ਇੱਕ 7 ਕਿਲੋਮੀਟਰ ਦਾ ਕੈਰੋਂ ਸਰਵੇਅ ਬੰਨ੍ਹ ਹੈ। ਜੇ ਇਹ ਬੰਨ੍ਹ ਬੱਝ ਜਾਂਦਾ ਹੈ ਤਾਂ ਮੇਰੇ ਹਲਕੇ ਦੇ 7 ਪਿੰਡ, ਜਿਨ੍ਹਾਂ ਵਿੱਚ ਪਾਣੀ ਆਉਂਦਾ ਹੈ, ਉਨ੍ਹਾਂ ਪਿੰਡਾਂ ਦਾ ਬਚਾਅ ਹੋ ਸਕਦਾ ਹੈ। ਸੋ, ਇੰਨੀ ਕੁ ਮੇਰੀ ਅਪੀਲ ਹੈ ਕਿ ਜਿਹੜਾ ਕੈਰੋਂ ਸਰਵੇਅ ਬੰਨ੍ਹ ਹੈ, ਉਸ ਨੂੰ ਮਨਜ਼ੂਰ ਕੀਤਾ ਜਾਵੇ। ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਸਮਾਂ ਦੇਣ ਲਈ ਬਹੁਤ ਬਹੁਤ ਧੰਨਵਾਦ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ):** ਸਪੀਕਰ ਸਾਹਿਬ, ਧੰਨਵਾਦ, ਤੁਸੀਂ ਇਸ ਸਪੈਸ਼ਲ ਸੈਸ਼ਨ ਵਿੱਚ ਜੋ ਪੰਜਾਬ ਉੱਪਰ ਹੜ੍ਹਾਂ ਦੀ ਮਾਰ ਪਈ ਹੈ, ਉਸ ਸਬੰਧ ਵਿੱਚ ਜਿਹੜੇ ਮਤੇ ਲਿਆਂਦੇ ਹਨ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਪਿਛਲੇ ਸਮੇਂ ਦੌਰਾਨ ਪਹਾੜੀ ਇਲਾਕਿਆਂ ਵਿੱਚ ਭਾਰੀ ਵਰਖਾ ਹੋਣ ਕਰਕੇ, ਪੰਜਾਬ ਵਿੱਚ ਵੀ ਜ਼ਿਆਦਾ ਮੀਂਹ ਪੈਣ ਕਰਕੇ ਅਤੇ ਕਈ ਜਗ੍ਹਾ ਬੱਦਲ ਫੱਟਣ ਕਰਕੇ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਵਿੱਚ ਹੜ੍ਹ ਆਏ ਹਨ ਜਿਸ ਕਰਕੇ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ, ਫਸਲਾਂ ਦਾ ਨੁਕਸਾਨ ਹੋਇਆ, ਪਸ਼ੂ ਮਾਲ ਡੰਗਰ ਦਾ ਨੁਕਸਾਨ ਹੋਇਆ, ਘਰਾਂ ਦਾ ਵੀ ਨੁਕਸਾਨ ਹੋਇਆ। ਇਸ ਦੇ ਨਾਲ ਨਾਲ ਬਹੁਤ ਸਾਰੀਆਂ ਬਿਲਡਿੰਗਾਂ ਜਿਵੇਂ ਸਕੂਲਾਂ ਦੀਆਂ ਇਮਾਰਤਾਂ ਅਤੇ ਹਸਪਤਾਲਾਂ ਦਾ ਭਾਰੀ ਨੁਕਸਾਨ ਹੋਇਆ। ਇਸ ਸਮੇਂ ਦੌਰਾਨ ਦੇਖਿਆ ਗਿਆ ਹੈ ਕਿ ਖਾਸ ਤੌਰ ਤੇ ਨੌਜਵਾਨਾਂ ਦਾ ਬਹੁਤ ਵੱਡਾ ਰੋਲ ਰਿਹਾ ਹੈ। ਸਮੁੱਚੇ ਪੰਜਾਬ ਦੇ ਨੌਜਵਾਨਾਂ ਨੇ ਹੜ੍ਹਾਂ ਵਿੱਚ, ਬਹੁਤ ਸਾਰੀਆਂ ਐਨ.ਜੀ.ਓਜ਼. ਨੇ, ਸਮਾਜ ਸੇਵੀ ਸੰਸਥਾਵਾਂ ਨੇ ਬਹੁਤ ਵਧੀਆ ਰੋਲ ਨਿਭਾਇਆ ਹੈ। ਠੀਕ ਹੈ, ਸਰਕਾਰਾਂ ਦੀ ਤਾਂ ਜ਼ਿੰਮੇਵਾਰੀ ਬਣਦੀ ਹੈ ਲੇਕਿਨ ਇਨ੍ਹਾਂ ਸੰਸਥਾਵਾਂ ਨੇ ਉਨ੍ਹਾਂ ਇਲਾਕਿਆਂ ਦੇ ਵਿੱਚ ਜਾ ਕੇ ਜਿੱਥੇ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਉਸ ਦੇ ਨਾਲ ਨਾਲ ਮੈਂ ਕਈ ਜਗ੍ਹਾ ਤੇ ਦੇਖਿਆ ਹੈ ਕਿ ਜਿੱਥੇ ਬੰਨ੍ਹ ਕਮਜ਼ੋਰ ਸੀ, ਜਿਹੜੇ ਟੁੱਟਣ ਵਾਲੇ ਸੀ, ਉਨ੍ਹਾਂ ਬੰਨ੍ਹਾਂ ਦੇ ਉੱਪਰ ਵੀ ਨੌਜਵਾਨਾਂ ਨੇ ਦਿਨ-ਰਾਤ ਮਿਹਨਤ ਕਰਕੇ ਚਾਹੇ ਉੱਥੇ ਬੋਰੀਆਂ ਲਗਾਉਣ ਦੀ ਲੋੜ ਸੀ, ਮਿੱਟੀ ਦੀਆਂ ਬੋਰੀਆਂ ਭਰ ਕੇ ਲਾਉਣ ਦੀ ਲੋੜ ਸੀ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਉਹ ਨੌਜਵਾਨ ਵੱਖ-ਵੱਖ ਬੰਨ੍ਹਾਂ ਦੇ ਉੱਪਰ ਕੰਮ ਕਰਦੇ ਦੇਖੇ ਗਏ। ਇੱਕ ਚੰਗਾ ਮੈਸੇਜ ਗਿਆ ਹੈ ਕਿ ਪੰਜਾਬ ਦਾ ਨੌਜਵਾਨ ਅੱਜ ਵੀ ਕੁਦਰਤੀ ਆਫਤਾਂ ਨਾਲ ਲੜਨ ਦੀ ਸਮਰੱਥਾ ਤੇ ਹਿੰਮਤ ਰੱਖਦਾ ਹੈ।

ਸੋ, ਜਿਹੜਾ ਨੁਕਸਾਨ ਹੋਇਆ ਹੈ, ਉਸ ਦੀ ਕੇਂਦਰ ਸਰਕਾਰ ਤੋਂ ਜਿਹੜੀ 20,000 ਕਰੋੜ ਰੁਪਏ ਦੀ ਮੰਗ ਕੀਤੀ ਗਈ ਹੈ, ਅਸੀਂ ਬਿਲਕੁਲ ਉਸ ਨਾਲ ਸਹਿਮਤ ਹਾਂ ਕਿ ਕਿਸਾਨਾਂ ਦਾ ਜਿੰਨਾ ਵੀ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਪੂਰਾ ਮੁਆਵਜ਼ਾ ਮਿਲਣਾ ਚਾਹੀਦਾ ਹੈ। ਕੇਂਦਰ ਸਰਕਾਰ ਨੂੰ ਇਸ ਸਮੇਂ ਵਿੱਚ ਪੰਜਾਬ ਦੇ ਕਿਸਾਨਾਂ ਦੀ, ਮਜ਼ਦੂਰਾਂ ਦੀ ਅਤੇ ਲੋੜਵੰਦਾਂ ਦੀ ਬਾਂਹ ਫੜਨੀ ਚਾਹੀਦੀ ਹੈ ਕਿਉਂਕਿ ਪੰਜਾਬ ਨੇ ਜਿਥੇ ਹਮੇਸ਼ਾ ਹੀ ਦੇਸ਼ ਦੀ ਅਜ਼ਾਦੀ ਵਿੱਚ, ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦਿਆਂ ਮਹਾਨ ਕੁਰਬਾਨੀਆਂ ਦਿੱਤੀਆਂ, ਉੱਥੇ ਸਮੁੱਚੇ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਵਿੱਚ ਪੰਜਾਬ ਦੇ ਕਿਸਾਨਾਂ ਦਾ ਬਹੁਤ ਵੱਡਾ ਯੋਗਦਾਨ ਹੈ ਲੇਕਿਨ ਹਮੇਸ਼ਾ ਹੀ ਪੰਜਾਬ ਨਾਲ ਕੇਂਦਰ ਦੀ ਸਰਕਾਰ ਵੱਲੋਂ ਵਿਤਕਰੇ ਕੀਤੇ

ਗਏ ਹਨ। ਸੋ, ਇਸ ਸਮੇਂ ਕਿਸਾਨਾਂ ਨੂੰ ਪੂਰਾ ਮੁਆਵਜ਼ਾ ਚਾਹੀਦਾ ਹੈ। ਸਪੀਕਰ ਸਾਹਿਬ, ਉਨ੍ਹਾਂ ਦੀਆਂ ਫਸਲਾਂ ਦਾ ਘੱਟੋ ਘੱਟ 50,000 ਰੁਪਏ ਤੋਂ ਲੈ ਕੇ 70,000 ਰੁਪਏ ਪ੍ਰਤੀ ਏਕੜ ਦਾ ਨੁਕਸਾਨ ਹੋਇਆ ਹੈ, ਉਹ ਮੁਆਵਜ਼ਾ ਮਿਲਣਾ ਚਾਹੀਦਾ ਹੈ ਅਤੇ ਨਾਲ ਹੀ ਜਿਹੜਾ ਪਸ਼ੂਆਂ ਦਾ ਨੁਕਸਾਨ ਹੋਇਆ ਹੈ, ਉਹ ਮੁਆਵਜ਼ਾ ਵੀ ਮਿਲਣਾ ਚਾਹੀਦਾ ਹੈ। ਜਿਹੜੇ ਲੋਕਾਂ ਦੇ ਘਰਾਂ ਦਾ ਨੁਕਸਾਨ ਹੋਇਆ ਹੈ, ਬਹੁਤ ਸਾਰੇ ਘਰ ਦੇਖੇ ਗਏ ਹਨ ਜਿੱਥੇ ਹੜ੍ਹ ਆਏ ਲੇਕਿਨ ਉਸ ਤੋਂ ਬਿਨਾਂ ਵੀ ਸਾਰੇ ਪੰਜਾਬ ਵਿੱਚ ਬਰਸਾਤ ਕਰਕੇ ਬਹੁਤ ਸਾਰੇ ਲੋਕਾਂ ਦੇ ਘਰਾਂ ਦੀਆਂ ਛੱਤਾਂ ਡਿੱਗੀਆਂ ਹਨ। ਸੋ, ਮੈਂ ਸਰਕਾਰ ਤੋਂ ਇਹ ਮੰਗ ਕਰਦਾ ਹਾਂ ਕਿ ਜਲਦੀ ਤੋਂ ਜਲਦੀ ਉਨ੍ਹਾਂ ਸਾਰੇ ਮਿਹਨਤਕਸ਼, ਲੋੜਵੰਦ, ਗਰੀਬ ਪਰਿਵਾਰਾਂ ਦੀਆਂ, ਜਿਨ੍ਹਾਂ ਦੀਆਂ ਛੱਤਾਂ ਡਿੱਗੀਆਂ ਹਨ, ਉਨ੍ਹਾਂ ਦੀ ਜਲਦੀ ਤੋਂ ਜਲਦੀ ਮਦਦ ਕੀਤੀ ਜਾਵੇ। ਸੋ, ਇਸ ਦੇ ਨਾਲ ਹੀ ਜਿਹੜੇ ਹੜ੍ਹ ਆਏ ਹਨ, ਠੀਕ ਹੈ ਇਸ ਲਈ ਅਸੀਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਾਂ ਕਿਉਂਕਿ ਭਾਖੜਾ ਡੈਮ ਦਾ ਅਤੇ ਪੌਂਗ ਡੈਮ ਦਾ ਕੰਟਰੋਲ ਬੀ.ਬੀ.ਐਮ.ਬੀ. ਕੋਲ ਹੈ ਲੇਕਿਨ ਉਸ ਦੇ ਨਾਲ ਹੀ ਜਿਹੜਾ ਰਣਜੀਤ ਸਾਗਰ ਡੈਮ ਹੈ, ਉਹ ਪੰਜਾਬ ਸਰਕਾਰ ਦੇ ਕੰਟਰੋਲ ਥੱਲੇ ਹੈ। ਠੀਕ ਹੈ, ਜੋ ਵੀ ਨੁਕਸਾਨ ਹੋਇਆ ਹੈ, ਉਸ ਵਿੱਚ ਪੰਜਾਬ ਸਰਕਾਰ ਦੀ ਵੀ ਜਵਾਬਦੇਹੀ ਬਣਦੀ ਹੈ। ਸੋ, ਬੀ.ਬੀ.ਐਮ.ਬੀ. ਦੇ ਬਾਰੇ ਪਿਛਲੇ ਸਮੇਂ ਵਿੱਚ ਵੀ ਗੱਲ ਕੀਤੀ ਗਈ ਹੈ, ਜਦੋਂ ਪਾਣੀਆਂ ਦੇ ਮੁੱਦੇ ਤੇ ਡਿਬੇਟ ਹੋਈ ਸੀ ਕਿ ਗੈਰ-ਸੰਵਿਧਾਨਕ ਢੰਗ ਨਾਲ ਬੀ.ਬੀ.ਐਮ.ਬੀ. ਬੋਰਡ ਬਣਾਇਆ ਗਿਆ ਹੈ। ਉਸ ਲਈ 1966 ਦੇ ਪੰਜਾਬ ਪੁਨਰਗਠਨ ਐਕਟ ਦੀ ਧਾਰਾ 79 ਨੂੰ ਚੈਲੰਜ ਕਰਨਾ ਚਾਹੀਦਾ ਹੈ, ਮੈਂ ਪਹਿਲਾਂ ਵੀ ਇਹ ਗੱਲ ਕੀਤੀ ਹੈ।

ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੱਕ ਵਿਧਾਨ ਸਭਾ ਦੀ ਸਾਂਝੀ ਕਮੇਟੀ ਬਣਾਈ ਜਾਵੇ, ਪਿਛਲੇ ਜਿਹੜੇ ਇਹ ਨੁਕਸਾਨ ਹੋਏ ਹਨ, ਉਸ ਦੇ ਕਾਰਨ ਕੀ ਹਨ, ਹੜ੍ਹ ਕਿਉਂ ਆਏ ਹਨ, ਨੁਕਸਾਨ ਕਿੰਨਾ ਹੋਇਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਅਸੀਂ ਕਿਸ ਢੰਗ ਨਾਲ ਪੰਜਾਬ ਦੇ ਕਿਸਾਨਾਂ ਨੂੰ ਇਨ੍ਹਾਂ ਹੜ੍ਹਾਂ ਤੋਂ ਬਚਾਅ ਸਕਦੇ ਹਾਂ, ਉਸ ਦੇ ਨਾਲ ਹੀ ਜਿਹੜੀ ਧਾਰਾ 79 ਹੈ, ਜਿਹੜਾ ਬੀ.ਬੀ.ਐਮ.ਬੀ. ਨੂੰ ਚੈਲੰਜ ਕਰਨਾ ਹੈ, ਇਸ ਸਾਰੇ ਉਤੇ ਉਸ ਕਮੇਟੀ ਵੱਲੋਂ ਵਿਚਾਰ ਹੋਣੀ ਚਾਹੀਦੀ ਹੈ। ਵਿਧਾਨ ਸਭਾ ਦੀ ਇਹ ਕਮੇਟੀ ਤਿੰਨ ਮਹੀਨੇ ਦੇ ਵਿੱਚ ਆਪਣੀ ਰਿਪੋਰਟ ਪੇਸ਼ ਕਰੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਹੜ੍ਹਾਂ ਤੋਂ ਅਸੀਂ ਪੰਜਾਬ ਦੇ ਕਿਸਾਨਾਂ ਨੂੰ, ਪੰਜਾਬ ਦੀਆਂ ਜ਼ਮੀਨਾਂ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਬਚਾਅ ਸਕੀਏ। ਸੋ, ਇਸ ਵਿੱਚ ਇੱਕ ਵੱਡਾ ਕਾਰਨ ਡੀ-ਸਿਲਟਿੰਗ ਹੈ। ਜੇ ਆਪਾਂ ਡੀ-ਸਿਲਟਿੰਗ ਦੀ ਗੱਲ ਕਰੀਏ ਜਿੰਨੇ ਦਰਿਆ ਹਨ, ਦੇਖੋ ਜਿਹੜਾ ਹੁਣ ਪਾਣੀ ਚੱਲ ਰਿਹਾ ਹੈ, ਪਿਛਲੇ ਸਮੇਂ ਵਿੱਚ ਜਿੰਨੀ ਵੀ ਮਾਈਨਿੰਗ ਹੋਈ ਹੈ, ਉਹ ਬੰਨ੍ਹਾਂ ਦੇ ਨਾਲ ਹੋਈ ਹੈ, ਪਾਣੀ ਦਾ ਸਾਰਾ ਪ੍ਰੈਸ਼ਰ ਬੰਨ੍ਹਾਂ ਦੇ ਨਾਲ ਚੱਲ ਰਿਹਾ ਹੈ। ਜੇ ਦਰਿਆ ਦਾ ਅਸੀਂ ਸੈਂਟਰ ਦੇਖਦੇ ਹਾਂ, ਉਹ ਬਹੁਤ ਜ਼ਿਆਦਾ ਉੱਚਾ ਹੈ। ਉਸ ਵਿੱਚ ਰੇਤ ਭਰੀ ਹੋਈ ਹੈ, ਉਸ ਜਗ੍ਹਾ ਡੀ-ਸਿਲਟਿੰਗ ਹੋਣ ਵਾਲੀ ਹੈ। ਸੋ, ਜੇਕਰ ਪਰਾਪਰ ਢੰਗ ਦੇ ਨਾਲ ਇਨ੍ਹਾਂ ਦਰਿਆਵਾਂ ਦੇ ਸੈਂਟਰ ਵਿੱਚ ਪਾਣੀ ਨੂੰ ਚੈਨੇਲਾਈਜ਼ ਕਰਕੇ ਨਹਿਰ ਬਣਾਈ ਜਾਵੇ। ਇਹ ਨਹਿਰ ਘੱਟੋ-ਘੱਟੋ 2000 ਫੁੱਟ ਚੌੜੀ ਅਤੇ ਉਸ ਦੀ ਡੂੰਘਾਈ ਘੱਟੋ ਘੱਟ 30-40 ਫੁੱਟ ਹੋਣੀ ਚਾਹੀਦੀ ਹੈ। ਡੀ-ਸਿਲਟਿੰਗ ਕਰਕੇ ਇੱਕ ਤਾਂ ਬੰਨ੍ਹ ਤਿੰਨ ਚਾਰ ਗੁਣਾ ਚੌੜੇ ਹੋ ਜਾਣਗੇ ਅਤੇ ਜਿਹੜਾ ਸਾਈਡਾਂ ਤੇ ਪਾਣੀ ਚੱਲ ਰਿਹਾ ਹੈ, ਜਿਹੜਾ ਬੰਨ੍ਹਾਂ ਨੂੰ ਢਾਹ ਲਗਾ ਰਿਹਾ ਹੈ, ਉਹ ਪਾਣੀ ਵਿਚਾਲੇ ਸੈਂਟਰ ਦੇ ਵਿੱਚ ਚੱਲੇਗਾ, ਇਹ ਸਭ ਤੋਂ ਵੱਡੀ ਲੋੜ ਹੈ। ਉਸ ਦੇ ਨਾਲ ਦੇਖੋ, ਦਰਿਆ ਚੱਲ ਰਹੇ ਹਨ, ਇਸ ਵਿੱਚ ਕਿਤੇ ਤਾਂ ਕੇਂਦਰ ਸਰਕਾਰ ਦੀਆਂ ਜ਼ਮੀਨਾਂ ਹਨ, ਕਈ ਜਗ੍ਹਾ ਪੰਜਾਬ ਸਰਕਾਰ ਦੀਆਂ ਜ਼ਮੀਨਾਂ ਹਨ ਅਤੇ ਕਈ ਜਗ੍ਹਾ ਦਰਿਆਪੁਰ ਦੀਆਂ ਜ਼ਮੀਨਾਂ ਹਨ ਅਤੇ ਕਈ ਜ਼ਮੀਨਾਂ ਲੋਕਾਂ ਦੀ ਮਾਲਕੀ ਦੀਆਂ ਹਨ। ਜਿੱਥੋਂ ਵੀ ਸੈਂਟਰ ਵਿੱਚ ਨਹਿਰਾਂ ਬਣਨੀਆਂ ਹਨ, ਉਹ ਜ਼ਮੀਨਾਂ ਐਕੁਆਇਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਕਿਸਾਨਾਂ ਨੂੰ ਉਸ ਦਾ ਮੁਆਵਜ਼ਾ ਮਿਲਣਾ ਚਾਹੀਦਾ ਹੈ ਅਤੇ ਉਸ ਦੀ ਪਰਾਪਰ ਢੰਗ ਨਾਲ ਪੁਟਾਈ ਹੋਣੀ ਚਾਹੀਦੀ ਹੈ। ਫਿਰ ਜਿੰਨੇ ਵੀ ਤੁਹਾਡੇ ਹੈੱਡਵਰਕਸ ਹਨ, ਮੇਰਾ ਖਿਆਲ ਹੈ ਕਿ ਅੱਜ ਉਨ੍ਹਾਂ ਦੀ ਕੈਪੇਸਿਟੀ 30% ਵੀ ਨਹੀਂ ਹੋਣੀ। ਜਿੰਨੀ

ਉਨ੍ਹਾਂ ਵਿੱਚ ਡੀ-ਸਿਲਟਿੰਗ ਹੋਣ ਵਾਲੀ ਹੈ, ਉਨ੍ਹਾਂ ਦੀ ਕੈਪੇਸਿਟੀ ਵੀ ਬਿਲਕੁਲ ਖਤਮ ਹੈ। ਸੋ, ਹਰੀਕੇ ਤੋਂ ਅੱਗੇ ਜਿਹੜਾ ਇਹ ਪਾਣੀ ਜਾ ਰਿਹਾ ਹੈ, ਲੋਕਾਂ ਦੀਆਂ ਜ਼ਮੀਨਾਂ ਵਿੱਚੋਂ ਜਾ ਰਿਹਾ ਹੈ। ਜਦੋਂ ਹਾਈਵੇਅ ਲਈ ਜ਼ਮੀਨਾਂ ਐਕੁਆਇਰ ਕੀਤੀਆਂ ਜਾ ਰਹੀਆਂ ਹਨ ਤਾਂ ਜਿੱਥੋਂ ਵੀ ਦਰਿਆ ਨੇ ਲੰਘਣਾ ਹੈ, ਜਿੱਥੇ ਦਰਿਆ ਦੇ ਅੰਦਰ ਨਹਿਰਾਂ ਬਣਨੀਆਂ ਹਨ, ਇਸ ਦੇ ਨਾਲ ਜਿਹੜਾ ਸਾਡਾ ਧਰਤੀ ਹੇਠਲਾ ਪਾਣੀ ਹੇਠਾਂ ਜਾ ਰਿਹਾ ਹੈ, ਉਸ ਪਾਣੀ ਦੀ ਰੀ-ਚਾਰਜਿੰਗ ਵੀ ਹੋਣੀ ਹੈ।

**ਮਾਣਯੋਗ ਸਪੀਕਰ :** ਕਨਕਲੂਡ ਕਰੋ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਸਪੀਕਰ ਸਾਹਿਬ, ਮੈਂ ਇਸ ਦੇ ਨਾਲ ਇੱਕ ਹੋਰ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਉੱਥੇ ਟੈਂਪਰੇਰੀ ਚੈੱਕ ਡੈਮ ਬਣਨੇ ਚਾਹੀਦੇ ਹਨ ਤਾਂ ਜੋ ਹਮੇਸ਼ਾ ਹੀ ਦਰਿਆਵਾਂ ਦੇ ਵਿੱਚ ਆਫ ਸੀਜ਼ਨ ਦੌਰਾਨ ਵੀ ਪਾਣੀ ਖੜ੍ਹਾ ਰਹੇ ਅਤੇ ਜਿੰਨੀ ਲੋੜ ਹੈ, ਉਤਨਾ ਪਾਣੀ ਅੱਗੇ ਜਾਂਦਾ ਰਹੇ। ਇਸ ਦੇ ਨਾਲ ਕੁਦਰਤੀ ਤੌਰ ਤੇ ਪਾਣੀ ਉਤੇ ਗੁਜ਼ਾਰਾ ਕਰਨ ਵਾਲੇ ਜਾਨਵਰ ਵੀ ਜੀਵਤ ਰਹਿਣਗੇ ਅਤੇ ਪਾਣੀ ਦਾ ਲੈਵਲ ਵੀ ਅੱਪ ਆਵੇਗਾ। ਸੋ, ਇਸ ਪਾਸੇ ਸਾਨੂੰ ਵਿਸ਼ੇਸ਼ ਤੌਰ ਤੇ ਧਿਆਨ ਦੇਣ ਦੀ ਲੋੜ ਹੈ। ਅੱਜ ਮਸਲੇ ਬਹੁਤ ਸੀ, ਠੀਕ ਹੈ ਕਿ ਤੁਸੀਂ ਇੰਨਾ ਸਮਾਂ ਦਿੱਤਾ। ਅਸੀਂ ਮੰਗ ਕਰਦੇ ਹਾਂ ਕਿ ਲੋਕਾਂ ਦਾ ਜੋ ਵੀ ਨੁਕਸਾਨ ਹੋਇਆ ਹੈ, ਉਸ ਦਾ ਪੂਰਾ ਮੁਆਵਜ਼ਾ ਕੇਂਦਰ ਸਰਕਾਰ ਵੀ ਦੇਵੇ ਅਤੇ ਇਸ ਸਮੇਂ ਵਿੱਚ ਪੰਜਾਬ ਸਰਕਾਰ ਵੀ ਲੋਕਾਂ ਦੀ ਬਾਂਹ ਫੜੇ। ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਇਸ ਅਹਿਮ ਮੁੱਦੇ ਉੱਤੇ ਬੋਲਣ ਦਾ ਮੌਕਾ ਦਿੱਤਾ।

**ਮਾਣਯੋਗ ਸਪੀਕਰ**: ਧੰਨਵਾਦ। ਡਾਕਟਰ ਚਰਨਜੀਤ ਸਿੰਘ ਜੀ।

**ਡਾਕਟਰ ਚਰਨਜੀਤ ਸਿੰਘ (ਚਮਕੌਰ ਸਾਹਿਬ, ਐਸ.ਸੀ.)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਪੰਜਾਬ ਉਤੇ ਇੱਕ ਬਹੁਤ ਵੱਡੀ ਬਿਪਤਾ ਪਈ ਹੈ, ਜੇਕਰ ਅੱਜ ਪਿਛਲੇ 50 ਸਾਲ ਦਾ ਰਿਕਾਰਡ ਵੀ ਲੈ ਲਈਏ ਤਾਂ ਮੇਰੇ ਖਿਆਲ ਵਿੱਚ ਇਸ ਵਾਰ ਪੰਜਾਬ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਹੈ, ਜਿਸ ਵਿੱਚ ਪੰਜ ਲੱਖ ਏਕੜ ਜ਼ਮੀਨ ਤੇ ਲੱਗੀ ਫਸਲ ਤਬਾਹ ਹੋਈ ਹੈ ਔਰ 2300 ਪਿੰਡ ਇਸ ਦੀ ਗ੍ਰਿਫਤ ਵਿੱਚ ਆਏ ਹਨ। ਬਹੁਤ ਸਾਰੇ ਲੋਕਾਂ ਦੇ ਮਕਾਨ ਢਹਿ ਗਏ। 8500 ਕਿਲੋਮੀਟਰ ਸੜਕਾਂ ਬਹਿ ਗਈਆਂ, 3200 ਦੇ ਕਰੀਬ ਸਕੂਲ ਨੁਕਸਾਨੇ ਗਏ । ਜੇਕਰ ਇਸ ਦਾ ਓਵਰਆਲ ਅੰਦਾਜ਼ਾ ਲਗਾਈਏ ਤਾਂ ਪੰਜਾਬ ਦਾ 13,000 ਤੋਂ 14,000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਹ ਪਹਿਲੀ ਵਾਰੀ ਹੋਇਆ ਹੈ ਕਿ ਪੰਜਾਬ ਵਿੱਚ ਇੰਨਾ ਪਾਣੀ ਆਇਆ ਹੈ। ਸਾਲ 2023 ਵਿੱਚ ਵੀ ਪਾਣੀ ਆਇਆ ਸੀ ਪਰ ਇਸ ਵਾਰ ਜੋ ਰਿਕਾਰਡ ਤੋੜ ਪਾਣੀ ਆਇਆ, ਉਸ ਕਰਕੇ ਇਹ ਤਬਾਹੀ ਹੋਈ ਹੈ। ਜੇ ਮੈਂ ਆਪਣੇ ਹਲਕੇ ਦੀ ਗੱਲ ਕਰਾਂ ਤਾਂ ਜੇਕਰ ਇਹ ਬਚਿਆ ਹੈ ਤਾਂ ਇਸੇ ਕਰਕੇ ਹੀ ਬਚਿਆ ਹੈ ਕਿ ਉੱਥੇ 15 ਦਿਨ ਬੰਨ੍ਹ ਤੇ ਮੁਸ਼ੱਕਤ ਕੀਤੀ ਗਈ ਸੀ। ਉਥੇ ਆਰਮੀ ਵੀ ਆਈ, ਸਾਰੇ ਸਰਕਾਰੀ ਅਫਸਰ, ਇਲਾਕੇ ਦੀ ਸੰਗਤ ਅਤੇ ਜਿੰਨੀਆਂ ਵੀ ਸਮਾਜ ਸੇਵੀ ਸੰਸਥਾਵਾਂ ਹਨ, ਉਨ੍ਹਾਂ ਨੇ ਮਿਲ ਕੇ, ਜਿਹੜੇ ਬੰਨ੍ਹ ਦੋ ਜਗ੍ਹਾ ਲੱਗੇ ਹੋਏ ਸਨ, ਉਨ੍ਹਾਂ ਨੂੰ ਮਜ਼ਬੂਤ ਕੀਤਾ ਅਤੇ ਸਾਡੇ ਹਲਕੇ ਵਿੱਚ ਇੱਕ ਵੀ ਤੁਪਕਾ ਪਾਣੀ ਦਾ ਨਹੀਂ ਆਉਣ ਦਿੱਤਾ ਗਿਆ ਜਦ ਕਿ ਸਾਡਾ ਹਲਕਾ ਬਿਲਕੁਲ ਦਰਿਆ ਦੇ ਕੰਢੇ ਤੇ ਹੈ। ਸਭ ਤੋਂ ਪਹਿਲਾਂ ਮੈਂ ਉਨ੍ਹਾਂ ਸੰਸਥਾਵਾਂ ਦਾ, ਲੋਕਾਂ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਸਾਡੇ ਹਲਕੇ ਅਤੇ ਨਾਲ ਲੱਗਦੇ ਸਮਰਾਲਾ ਹਲਕੇ ਨੂੰ ਬਚਾਇਆ ਹੈ। ਪੰਜਾਬ ਵਿੱਚ ਇੱਕ ਬਹੁਤ ਵੱਡਾ ਨੁਕਸਾਨ ਹੋਇਆ ਹੈ। ਸੈਂਟਰ ਨੂੰ ਚਾਹੀਦਾ ਸੀ ਕਿ ਮੋਦੀ ਸਾਹਿਬ ਇੱਥੇ ਆ ਕੇ ਇੱਕ ਬਹੁਤ ਵੱਡਾ ਐਲਾਨ ਕਰਦੇ ਔਰ ਦਿਖਾਉਂਦੇ ਕਿ 56 ਇੰਚ ਦਾ ਸੀਨਾ ਕਿੰਨਾ ਹੁੰਦਾ ਹੈ ਪਰ ਪਤਾ ਨਹੀਂ ਜਦ ਪੰਜਾਬ ਵਿੱਚ ਆਉਂਦੇ ਹਨ ਤਾਂ ਉਨ੍ਹਾਂ ਦਾ ਸੀਨਾ 6 ਇੰਚ ਦਾ ਕਿਉਂ ਰਹਿ ਜਾਂਦਾ ਹੈ? ਬੀ.ਜੇ.ਪੀ. ਦੇ ਜਿਹੜੇ ਦੋ ਵਿਧਾਇਕ ਹਨ, ਅੱਜ ਉਨ੍ਹਾਂ ਨੂੰ ਇੱਥੇ ਬੈਠ ਕੇ ਜਵਾਬ ਦੇਣਾ ਚਾਹੀਦਾ ਸੀ ਕਿ ਉਹ ਸੈਂਟਰ ਤੋਂ

ਕੀ ਲੈ ਕੇ ਆਉਣਗੇ ਔਰ ਉਨ੍ਹਾਂ ਦੇ ਮੰਤਰੀ ਬਿੱਟੂ ਜੀ, ਜਿਹੜੇ ਮਾੜੀ ਮਾੜੀ ਗੱਲ ਤੇ ਸਾਹਮਣੇ ਆਉਂਦੇ ਹਨ, ਉਹ ਕਹਿ ਰਹੇ ਸਨ ਕਿ ਇਹ ਤਾਂ ਇੱਕ ਛੋਟਾ ਜਿਹਾ ਐਲਾਨ ਕੀਤਾ ਹੈ ਅਤੇ ਫਾਈਨਲ ਐਲਾਨ ਅਜੇ ਹੋਣਾ ਹੈ ਤਾਂ ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਫਾਈਨਲ ਐਲਾਨ ਕਦੋਂ ਕਰਨਾ ਹੈ? ਮੈਂ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਸ ਦੌਰਾਨ ਆਪਣੇ ਵੱਲੋਂ ਕਿਸਾਨਾਂ ਨੂੰ 20,000 ਰੁਪਏ ਪ੍ਰਤੀ ਏਕੜ ਅਤੇ ਜੇਕਰ ਕਿਸੇ ਦੀ ਮੌਤ ਹੋਈ ਹੈ ਤਾਂ ਉਸ ਦੇ ਵਾਰਸਾਂ ਨੂੰ ਚਾਰ ਲੱਖ ਰੁਪਏ ਮੁਆਵਜ਼ਾ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਹਲਕੇ ਵਿੱਚ ਵੀ ਇੱਕ ਬੱਚੇ ਦੀ ਸੇਵਾ ਕਰਦੇ ਕਰਦੇ ਹੋਏ ਸ਼ਹਾਦਤ ਹੋਈ ਸੀ, ਜਿਸ ਸਬੰਧੀ ਵੀ ਮੁਆਵਜ਼ਾ ਰਾਸ਼ੀ ਦੇ ਦਿੱਤੀ ਗਈ ਹੈ। ਸੋ, ਮੈਂ ਇਹ ਵੀ ਮੰਗ ਕਰਦਾ ਹਾਂ ਕਿ ਕਿਸਾਨੀ ਦੇ ਨਾਲ ਨਾਲ, ਜਿਹੜੇ ਗਰੀਬ ਲੋਕਾਂ ਦੀਆਂ ਦਿਹਾੜੀਆਂ ਮਾਰੀਆਂ ਗਈਆਂ, ਉਨ੍ਹਾਂ ਬਾਰੇ ਕਿਸੇ ਨੇ ਗੱਲ ਨਹੀਂ ਕੀਤੀ, ਉਨ੍ਹਾਂ ਦੀ ਵੀ ਗੱਲ ਕਰਦੇ ਹੋਏ, ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕਰਨੀਆਂ ਚਾਹੀਦੀਆਂ ਹਨ। ਜਿੰਨੇ ਵੀ ਘਰ ਡਿੱਗੇ ਹਨ, ਉਹ ਐਸ.ਸੀ. ਜਾਂ ਗਰੀਬ ਪਰਿਵਾਰਾਂ ਦੇ ਡਿੱਗੇ ਹਨ, ਉਨ੍ਹਾਂ ਨੂੰ ਵੀ ਮੁਆਵਜ਼ਾ ਵੱਧ ਤੋਂ ਵੱਧ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਮੈਂ ਇਹ ਗੱਲ ਜ਼ਰੂਰ ਕਰਨਾ ਚਾਹੁੰਦਾ ਹਾਂ ਕਿ ਆਪੋਜ਼ੀਸ਼ਨ ਬੈਂਚਿਜ਼ ਤੋਂ ਇਹ ਅਵਾਜ਼ ਆਈ ਹੈ ਕਿ ਕੋਈ ਡੋਨੇਟ ਨਾ ਕਰੇ, ਇਹ ਰੰਗਲਾ ਪੰਜਾਬ ਹੈ। ਮੈਂ ਉਨ੍ਹਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪੰਜਾਬੀ ਲੋਕ ਬਾਬਾ ਨਾਨਕ ਦੀ ਤੋਰੀ ਹੋਈ ਲੀਹ ਅਨੁਸਾਰ ਚੱਲਦੇ ਹਨ, ਤੁਹਾਡੇ ਕਹਿਣ ਨਾਲ ਕਿਸੇ ਪੰਜਾਬੀ ਨੇ ਤੁਹਾਡੀ ਗੱਲ ਨਹੀਂ ਮੰਨਣੀ। ਪੰਜਾਬੀ ਇਸੇ ਪ੍ਰਕਾਰ ਹੀ ਆਪਣੀ ਦਰਿਆਦਿਲੀ ਦਿਖਾਉਂਦੇ ਰਹਿਣਗੇ। ਸਪੀਕਰ ਸਾਹਿਬ, ਇੱਕ ਬਹੁਤ ਵੱਡਾ ਝਟਕਾ ਪੰਜਾਬ ਨੂੰ ਲੱਗਿਆ ਹੈ ਅਤੇ ਪੰਜਾਬ ਇਸ ਵਿਚੋਂ ਵੀ ਨਿਕਲੇਗਾ। It is very well said, even Christ (Jesus Christ) said "Oh God, don't put me to test", I think ਇਹ ਪੰਜਾਬ ਦੀ ਵਾਰ ਵਾਰ ਅਜ਼ਮਾਇਸ਼ ਹੋ ਰਹੀ ਹੈ ਅਤੇ ਇਸ ਅਜ਼ਮਾਇਸ਼ ਵਿਚੋਂ ਵੀ ਪੰਜਾਬ ਸੁਰਖ਼ਰੂ ਹੋ ਕੇ ਨਿਕਲੇਗਾ।

**Mr. Speaker:** Thank you.

**ਡਾਕਟਰ ਚਰਨਜੀਤ ਸਿੰਘ:** ਜਿਹੜੇ ਲੋਕ ਸਾਡੇ ਮੁੱਖ ਮੰਤਰੀ ਤੇ ਉਂਗਲਾਂ ਚੁੱਕਦੇ ਹਨ, ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਮੁੱਖ ਮੰਤਰੀ ਨੇ ਕੋਈ ਸੁੱਖ ਵਿਲਾਸ ਨਹੀਂ ਬਣਾਏ, ਉਨ੍ਹਾਂ ਨੇ ਕੋਈ ਸਿਸਵਾਂ ਰੰਗ ਮਹਿਲ ਨਹੀਂ ਬਣਾਏ। ਉਨ੍ਹਾਂ ਤੇ ਉਂਗਲ ਨਹੀਂ ਚੁੱਕਣੀ ਚਾਹੀਦੀ ਕਿਉਂਕਿ ਉਨ੍ਹਾਂ ਤੇ ਇੱਕ ਪੈਸੇ ਦਾ ਵੀ ਇਲਜ਼ਾਮ ਨਹੀਂ ਹੈ। (ਥੰਪਿੰਗ)

**Mr. Speaker:** Thank you.

**ਡਾਕਟਰ ਚਰਨਜੀਤ ਸਿੰਘ :** ਬਲਕਿ ਇਨ੍ਹਾਂ ਲੋਕਾਂ ਨੂੰ ਤਾਂ ਸੋਚਣਾ ਚਾਹੀਦਾ ਹੈ। ਸਾਡੇ ਕੋਲ ਤਾਂ ਜਿੰਨੇ ਪੈਸੇ ਹਨ, ਉਹ ਸਾਡੀਆਂ ਜੇਬਾਂ ਵਿੱਚ ਹੁੰਦੇ ਹਨ। ਸਾਡੇ ਕੋਲ ਕੋਈ ਨੋਟ ਗਿਣਨ ਵਾਲੀਆਂ ਮਸ਼ੀਨਾਂ ਨਹੀਂ ਹਨ। ਸੋ, ਮੈਂ ਇੱਕ ਵਾਰ ਫੇਰ ਸਾਰੀ ਸੰਗਤ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਸ ਕਰੋਪੀ ਵਿਚੋਂ ਪੰਜਾਬ ਨੂੰ ਕੱਢਿਆ ਅਤੇ ਅੱਗੋਂ ਵਾਸਤੇ ਵੀ ਕੱਢਣਗੇ। ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ ॥

**ਮਾਣਯੋਗ ਸਪੀਕਰ :** ਧੰਨਵਾਦ ਜੀ, ਡਾਕਟਰ ਨਛੱਤਰ ਪਾਲ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ) :** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਤੁਸੀਂ ਅੱਜ ਮੈਨੂੰ "ਪੰਜਾਬ ਦਾ ਪੁਨਰਵਾਸ" ਮਤੇ ਉਤੇ ਚਰਚਾ ਕਰਨ ਲਈ ਇਸ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਸਾਡੇ

ਸਤਿਕਾਰਯੋਗ ਕੈਬਨਿਟ ਮੰਤਰੀ, ਸ੍ਰੀ ਬਰਿੰਦਰ ਕੁਮਾਰ ਗੋਇਲ ਜੀ ਜਿਹੜਾ ਮਤਾ ਲੈ ਕੇ ਆਏ ਹਨ, ਮੈਂ ਉਸ ਦੀ ਤਾਈਦ ਕਰਦਾ ਹਾਂ। ਪੰਜਾਬ ਉਤੇ ਹੜ੍ਹਾਂ ਦੀ ਮਾਰ ਪਈ, ਜਿਸ ਨਾਲ ਕਰੀਬ 5 ਲੱਖ ਏਕੜ ਵਿੱਚ ਫਸਲਾਂ, ਹਜ਼ਾਰਾਂ ਘਰ, ਬੇਵਕਤੀ ਮੌਤਾਂ, ਪਸ਼ੂ ਧਨ, ਘਰੇਲੂ ਸਮਾਨ, ਕੱਪੜੇ-ਲੀੜੇ, ਕਾਗਜ਼-ਪੱਤਰ, ਗਹਿਣਾ-ਗੱਟਾ, ਸਾਰਾ ਕੁਝ ਤਬਾਹ ਹੋ ਗਿਆ। ਮਾਣਯੋਗ ਸਪੀਕਰ ਸਾਹਿਬ, ਮੇਰੇ ਹਲਕੇ ਨਵਾਂ ਸ਼ਹਿਰ ਵਿਚੋਂ ਲਗਭਗ 40 ਕਿਲੋਮੀਟਰ ਵਿੱਚ ਸਤਲੁਜ ਦਰਿਆ ਲੰਘਦਾ ਹੈ ਅਤੇ ਇਹ ਹਰੇਕ ਸਾਲ ਨੁਕਸਾਨ ਕਰਦਾ ਹੈ। ਇਸ ਵਾਰ ਵੀ ਢੇਗੜਪੁਰ ਬੰਨ੍ਹ, ਤਾਜੋਵਾਲ ਬੰਨ੍ਹ, ਤਲਵੰਡੀ ਸੀਬੋ, ਬੁਰਜ ਟਹਿਲ ਦਾਸ, ਪੰਦਰਾਵਲ ਬੰਨ੍ਹ, ਇਹ ਬੁਰੀ ਤਰ੍ਹਾਂ ਤਹਿਸ-ਨਹਿਸ ਹੋਏ ਹਨ, ਜਿਸ ਕਾਰਨ ਫਸਲਾਂ, ਜ਼ਮੀਨਾਂ, ਦਰੱਖਤਾਂ ਦਾ ਬਹੁਤ ਵੱਡਾ ਨੁਕਸਾਨ ਕੀਤਾ ਹੈ। ਬੁਰਜ ਟਹਿਲ ਦਾਸ ਦਾ ਬੰਨ੍ਹ ਟੁੱਟ ਗਿਆ ਸੀ ਪਰੰਤੂ ਪਾਣੀ ਨੀਵਾਂ ਹੋਣ ਕਾਰਨ ਉਹ ਬਾਹਰ ਨਹੀਂ ਆ ਸਕਿਆ। ਸਾਡੇ ਜ਼ਿਲ੍ਹਾ ਪ੍ਰਸ਼ਾਸਨ, ਸਿਵਲ, ਪੁਲਿਸ ਅਤੇ ਇਵਨ ਜੁਡੀਸ਼ਰੀ ਦੇ ਸਾਥੀ ਵੀ ਸਾਡੇ ਨਵਾਂ ਸ਼ਹਿਰ ਵਿੱਚ ਸੇਵਾ ਵਿੱਚ ਹਾਜ਼ਰ ਹੋਏ। ਇਲਾਕੇ ਦੀਆਂ ਸੰਗਤਾਂ, ਸਮਾਜ ਸੇਵਕ, ਧਾਰਮਿਕ, ਰਾਜਨੀਤਿਕ ਅਤੇ ਸਾਰੀਆਂ ਪਾਰਟੀਆਂ ਦੇ ਆਗੂ ਸਾਹਿਬਾਨ, ਐਨ.ਆਰ.ਆਈ. ਵੀਰਾਂ ਅਤੇ ਸੰਤ-ਮਹਾਂਪੁਰਖਾਂ ਦੇ ਸਹਿਯੋਗ ਨਾਲ ਦਰਿਆ ਦੇ ਬੰਨ੍ਹ ਬੰਨੇ ਗਏ। ਵਰਲਡ ਵਾਈਡ ਬੀ.ਐਸ.ਪੀ. ਸਪੋਰਟਰ ਦੇ ਸਾਥੀ, ਸਤਿਕਾਰਯੋਗ ਖਾਲਸਾ ਏਡ ਦੇ ਸਾਥੀਆਂ ਅਤੇ ਬੇਗਮਪੁਰਾ ਏਡ ਦੇ ਸਾਥੀਆਂ ਨੇ ਆਪਣੇ ਯਤਨਾਂ ਰਾਹੀਂ ਉਥੇ ਸਹਿਯੋਗ ਕੀਤਾ। ਜਿੱਥੇ ਕਿਸਾਨਾਂ ਦਾ ਨੁਕਸਾਨ ਹੋਇਆ, ਉਥੇ ਨਾਲ ਹੀ ਦੁਕਾਨਦਾਰ, ਵਪਾਰੀ, ਆੜ੍ਹਤੀਆਂ ਅਤੇ ਮਜ਼ਦੂਰ ਜਿਹੜੇ ਵੀ ਕਿਸਾਨੀ ਤੇ ਨਿਰਭਰ ਸਨ, ਉਨ੍ਹਾਂ ਦਾ ਵੀ ਨੁਕਸਾਨ ਹੋਇਆ ਹੈ। ਜਿਹੜੇ ਮਜ਼ਦੂਰਾਂ ਦੀ ਰੋਜ਼ੀ-ਰੋਟੀ ਇਸ ਨਾਲ ਜੁੜੀ ਸੀ, ਜਿਹੜੇ ਆਪਣਾ ਪਰਿਵਾਰ ਮਿਹਨਤ ਕਰਕੇ ਪਾਲਦੇ ਸਨ, ਜਿਨ੍ਹਾਂ ਦੇ ਘਰ ਢਹਿ ਗਏ, ਉਨ੍ਹਾਂ ਨੂੰ ਵੀ ਰਾਹਤ ਦਾ ਪੈਕੇਜ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਪ੍ਰਤੀ ਏਕੜ 50,000 ਦਾ ਮੁਆਵਜ਼ਾ ਅਤੇ ਡਿੱਗੇ ਘਰਾਂ ਨੂੰ ਬਣਾ ਕੇ ਦਿੱਤਾ ਜਾਵੇ। ਪੰਜਾਬ ਸਰਕਾਰ ਫਸਲਾਂ ਦੇ ਬੀਮੇ ਦਾ ਪ੍ਰੀਮੀਅਮ ਸਬਸਿਡੀ ਰਾਹੀਂ ਦੇਵੇ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਬੱਚਿਆਂ ਦੀਆਂ ਫੀਸਾਂ ਦਾ ਵੀ ਸਾਨੂੰ ਪ੍ਰਬੰਧ ਕਰਨਾ ਚਾਹੀਦਾ ਹੈ। ਪੰਜਾਬ ਵਿੱਚ ਹੜ੍ਹਾਂ ਦੇ ਆਉਣ ਦਾ ਕਾਰਨ ਜੇਕਰ ਦੇਖਿਆ ਜਾਵੇ ਤਾਂ ਲੰਬੇ ਸਮੇਂ ਤੋਂ ਡੈਮਾਂ ਦੀ ਸਫਾਈ ਅਤੇ ਡੀ-ਸਿਲਟਿੰਗ ਨਹੀਂ ਕੀਤੀ ਗਈ, ਜਿਸ ਨਾਲ ਪਾਣੀ ਦਾ ਪੱਧਰ ਵਧਿਆ ਅਤੇ ਅੰਦਾਜ਼ੇ ਤੋਂ ਵੱਧ ਬਾਰਸ਼ਾਂ ਹੋਣਾ ਵੀ ਇਸ ਦੇ ਵੱਡੇ ਕਾਰਨ ਹਨ। ਸਤਿਕਾਰਯੋਗ ਸਪੀਕਰ ਸਾਹਿਬ, ਜਿੱਥੇ ਦਰਿਆਵਾਂ ਦੇ ਬੰਨ੍ਹਾਂ ਨੂੰ ਉੱਚਾ, ਲੰਬਾ ਅਤੇ ਚੌੜਾ ਬਣਾਉਣਾ ਚਾਹੀਦਾ ਹੈ, ਉਥੇ 500 ਮੀਟਰ ਉਤੇ ਠੋਕਰਾਂ ਵੀ ਲਗਾਉਣੀਆਂ ਚਾਹੀਦੀਆਂ ਹਨ। ਜੇਕਰ ਹੋ ਸਕੇ ਤਾਂ ਬੰਨ੍ਹਾਂ ਨੂੰ ਕੰਕਰੀਟ ਦਾ ਬਣਾਇਆ ਜਾਵੇ ਤਾਂ ਜੋ ਹੋਣ ਵਾਲੀ ਤਬਾਹੀ ਨੂੰ ਆਪਾਂ ਰੋਕ ਸਕੀਏ। ਸਪੀਕਰ ਸਾਹਿਬ, ਜਿੱਥੇ ਲੋਕ ਹੜ੍ਹਾਂ ਨਾਲ ਜੂਝ ਰਹੇ ਸਨ, ਉਥੇ ਦੂਜੇ ਪਾਸੇ ਜਲੰਧਰ ਪ੍ਰਸ਼ਾਸਨ, ਸ੍ਰੀ ਗੁਰੂ ਰਵਿਦਾਸ ਧੁਲੇਤਾ ਦੀਆਂ ਦੀਵਾਰਾਂ ਢਾਹੁਣ ਲੱਗਿਆ ਹੋਇਆ ਸੀ। ਸ੍ਰੀ ਗੁਰੂ ਰਵਿਦਾਸ ਮੰਦਰ, ਕਾਲੀਆ ਕਲੋਨੀ ਵਿੱਚ ਮੁਹੱਲਾ ਕਲੀਨਿਕ ਬਣਾਇਆ ਜਾ ਰਿਹਾ ਸੀ। ਬਟਾਲਾ ਵਿੱਚ ਸਤਿਗੁਰੂ ਕਬੀਰ ਜੀ ਦਾ ਮੰਦਰ ਤੋੜਿਆ ਜਾ ਰਿਹਾ ਸੀ। ਚਾਂਗ ਬਿਛੋਈ ਦੇ ਗੁਰੂ ਘਰ ਦੀਆਂ ਚਾਬੀਆਂ ਪ੍ਰਸ਼ਾਸਨ ਲੈ ਗਿਆ। ਪੰਜਾਬ ਅੰਦਰ ਅਜਿਹੇ ਸਮੇਂ ਸਫਾਈ ਮਜ਼ਦੂਰ ਠੇਕੇਦਾਰੀ ਸਿਸਟਮ ਦੇ ਖਿਲਾਫ ਪ੍ਰਦਰਸ਼ਨ ਕਰ ਰਹੇ ਹਨ ਅਤੇ ਸਾਰੇ ਹੜਤਾਲ ਤੇ ਹਨ। ਕਿਰਪਾ ਕਰਕੇ ਉਨ੍ਹਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਜਾਣ ਤਾਂ ਜੋ ਕਿਸੇ ਭਿਆਨਕ ਬਿਮਾਰੀ ਤੋਂ ਆਪਾਂ ਬੱਚ ਸਕੀਏ।

**ਮਾਣਯੋਗ ਸਪੀਕਰ:** ਧੰਨਵਾਦ ਜੀ।

**ਡਾਕਟਰ ਨਛੱਤਰ ਪਾਲ:** ਮਾਣਯੋਗ ਸਪੀਕਰ ਸਾਹਿਬ, ਮੈਂ ਇੱਕ ਮਿੰਟ ਲੈਣਾ ਹੈ। ਪੰਜਾਬ ਦੇਸ਼ ਦੇ ਅੰਦਰ ਡੇਢ ਪਰਸੈਂਟ ਹਿੱਸਾ ਹੈ, ਜਿਹੜਾ ਕੇਂਦਰੀ ਪੂਲ ਤੋਂ 40 ਤੋਂ 45% ਕਣਕ ਅਤੇ 20 ਤੋਂ 25% ਝੋਨਾ ਅਤੇ ਹੋਰ ਫਸਲਾਂ ਦਾ ਯੋਗਦਾਨ

ਪਾਉਂਦਾ ਹੈ। ਇਸ ਔਖੀ ਘੜੀ ਦੇ ਅੰਦਰ ਕੇਂਦਰ ਦੀ ਸਰਕਾਰ ਨੂੰ ਪੰਜਾਬ ਦੇ ਨਾਲ ਖੜ੍ਹਨਾ ਚਾਹੀਦਾ ਹੈ। ਮਾਣਯੋਗ ਸਪੀਕਰ ਸਾਹਿਬ, ਮੈਂ ਦੇਖਿਆ ਹੈ ਕਿ ਸਾਲ 2014-15 ਦੇ ਅੰਦਰ ਬਿਹਾਰ ਅਤੇ ਆਂਧਰਾ ਪ੍ਰਦੇਸ਼ ਦੇ ਵਿੱਚ ਅਜਿਹੀ ਸਥਿਤੀ ਬਣੀ ਸੀ ਤਾਂ ਬਿਹਾਰ ਨੂੰ 11,500 ਕਰੋੜ ਰੁਪਿਆ ਅਤੇ ਆਂਧਰਾ ਪ੍ਰਦੇਸ਼ ਨੂੰ 15,000 ਕਰੋੜ ਰੁਪਿਆ ਕੇਂਦਰ ਸਰਕਾਰ ਨੇ ਦਿੱਤਾ ਸੀ। ਫਿਰ ਇਸ ਵਾਰ ਪੰਜਾਬ ਦੇ ਨਾਲ ਇੰਨਾ ਵੱਡਾ ਵਿਤਕਰਾ ਕਿਉਂ ਹੈ? ਪੰਜਾਬ ਨੂੰ ਵੀ 20,000 ਕਰੋੜ ਰੁਪਏ ਦਾ ਪੈਕੇਜ ਕੇਂਦਰ ਸਰਕਾਰ ਨੂੰ ਦੇਣਾ ਚਾਹੀਦਾ ਹੈ ਤਾਂ ਜੋ ਆਪਾਂ ਪੰਜਾਬ ਨੂੰ ਖੁਸ਼ਹਾਲ ਬਣਾ ਸਕੀਏ। ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਤੁਹਾਡੇ ਰਾਹੀਂ ਇਹ ਐਲਾਨ ਕੀਤਾ ਸੀ ਕਿ ਸਮੁੱਚਾ ਸਦਨ ਆਪਣੀ ਸੈਲਰੀ ਦੇਵੇ। ਸਮੁੱਚੇ ਸਦਨ ਦੇ ਸਾਰੇ ਆਗੂ ਸਾਹਿਬਾਨਾਂ ਅਤੇ ਮੈਂਬਰ ਸਾਹਿਬਾਨਾਂ ਨੇ ਉਸ ਗੱਲ ਨੂੰ ਮੰਨਿਆ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਸਰਦਾਰ ਲਾਲਜੀਤ ਸਿੰਘ ਭੁੱਲਰ ਜੀ।

**ਟਰਾਂਸਪੋਰਟ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ):** ਧੰਨਵਾਦ ਮਾਣਯੋਗ ਸਪੀਕਰ ਸਾਹਿਬ। ਤੁਸੀਂ ਪੰਜਾਬ ਪੁਨਰਵਾਸ ਦੇ ਅਹਿਮ ਮੁੱਦੇ ਉੱਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਜਿਹੜੀ ਪੰਜਾਬ ਵਿੱਚ ਹੜ੍ਹਾਂ ਦੇ ਕਾਰਨ ਤ੍ਰਾਸਦੀ ਹੋਈ ਹੈ, ਮੇਰਾ ਵਿਧਾਨ ਸਭਾ ਹਲਕਾ ਪੱਟੀ ਹੈ। ਜੇਕਰ ਹੜ੍ਹਾਂ ਕਾਰਨ ਕਿਸਾਨ ਦੀ ਇੱਕ ਵਾਰੀ ਫਸਲ ਮਾਰੀ ਜਾਵੇ ਤਾਂ ਕਿਸਾਨ ਤੋਂ ਅਗਲੇ 10 ਸਾਲਾਂ ਤੱਕ ਕਰਜ਼ਾ ਨਹੀਂ ਲਹਿੰਦਾ ਅਤੇ ਉਸ ਤੋਂ ਆਪਣਾ ਲੱਕ ਸਿੱਧਾ ਨਹੀਂ ਕੀਤਾ ਜਾਂਦਾ। ਗੁਰਦਾਸਪੁਰ, ਅਜਨਾਲਾ, ਡੇਰਾ ਬਾਬਾ ਨਾਨਕ ਅਤੇ ਰਮਦਾਸ ਵਾਲੀ ਸਾਈਡ ’ਤੇ ਹੜ੍ਹ ਆਏ ਹਨ, ਇੱਥੇ ਬੜਾ ਨੁਕਸਾਨ ਹੋਇਆ ਹੈ। ਜੇ ਮੈਂ ਆਪਣੇ ਵਿਧਾਨ ਸਭਾ ਹਲਕੇ ਪੱਟੀ ਦੀ ਗੱਲ ਕਰਾਂ, ਸਾਡੇ ਹਰੀਕੇ ਆ ਕੇ ਸਤਲੁਜ ਅਤੇ ਬਿਆਸ ਦੋਵੇਂ ਦਰਿਆ ਇਕੱਠੇ ਹੁੰਦੇ ਹਨ, ਭਾਵੇਂ ਹੜ੍ਹ ਸਤਲੁਜ ਵਿੱਚ ਆਉਣ ਅਤੇ ਭਾਵੇਂ ਬਿਆਸ ਦਰਿਆ ਵਿੱਚ ਆਉਣ ਤਾਂ ਸਾਡੇ ਪੱਟੀ ਹਲਕੇ ਦਾ 10-12 ਹਜ਼ਾਰ ਏਕੜ ਰਕਬਾ ਜਿਸ ਵਿੱਚ ਲਗਭੱਗ 20 ਤੋਂ 25 ਪਿੰਡ ਆਉਂਦੇ ਹਨ, ਉਥੇ ਹਰ ਤੀਜੇ ਚੌਥੇ ਸਾਲ ਬਾਅਦ ਹੜ੍ਹਾਂ ਦੀ ਮਾਰ ਕਾਰਨ ਜ਼ਮੀਨਾਂ ਪੁੱਟੀਆਂ ਜਾਂਦੀਆਂ ਹਨ, ਫ਼ਸਲਾਂ ਬਰਬਾਦ ਹੋ ਜਾਂਦੀਆਂ ਹਨ। ਇਸ ਦਰਿਆਈ ਏਰੀਏ ਵਿੱਚ ਜਿਹੜੇ ਕਿਸਾਨਾਂ ਦੇ ਘਰ ਹਨ, ਉਨ੍ਹਾਂ ਦੇ ਘਰ ਢਹਿ ਜਾਂਦੇ ਹਨ, ਘਰਾਂ ਵਿੱਚ ਤ੍ਰੇੜਾਂ ਪੈ ਜਾਂਦੀਆਂ ਹਨ ਅਤੇ ਛੱਤਾਂ ਡਿੱਗ ਜਾਂਦੀਆਂ ਹਨ। ਸਾਡੇ ਏਰੀਏ ਵਿੱਚ ਸਾਲ 2019 ਤੋਂ ਲੈ ਕੇ ਹੁਣ 2025 ਤੱਕ ਛੇ ਸਾਲ ਹੋ ਗਏ ਹਨ, ਇਨ੍ਹਾਂ ਛੇ ਸਾਲਾਂ ਦੌਰਾਨ ਸਾਲ 2019 ਵਿੱਚ ਵੀ ਹੜ੍ਹ ਆਏ, ਸਾਲ 2023 ਵਿੱਚ ਵੀ ਹੜ੍ਹ ਆਏ ਅਤੇ ਹੁਣ ਸਾਲ 2025 ਵਿੱਚ ਫਿਰ ਹੜ੍ਹ ਆਏ ਹਨ। ਇਸ ਤਰ੍ਹਾਂ ਪਿਛਲੇ ਛੇ ਸਾਲਾਂ ਵਿੱਚ ਤਿੰਨ ਵਾਰੀ ਹੜ੍ਹ ਆਏ ਹਨ, ਯਾਨੀ ਕਿ ਜਿਹੜਾ ਸਾਡਾ ਇਲਾਕਾ ਹੈ, ਇੱਥੇ ਲੱਗਭਗ ਹਰ ਤੀਜੇ ਚੌਥੇ ਸਾਲ ਬਾਅਦ ਹੜ੍ਹ ਆਉਂਦੇ ਹੀ ਆਉਂਦੇ ਹਨ ਅਤੇ ਹਰ ਵਾਰੀ ਇਸੇ ਤਰ੍ਹਾਂ ਹੀ ਨੁਕਸਾਨ ਹੁੰਦਾ ਹੈ। ਸਾਡੇ ਕਾਂਗਰਸ ਪਾਰਟੀ ਦੇ ਸਾਥੀ ਮੈਂਬਰ ਸਾਹਿਬਾਨ ਕਹਿੰਦੇ ਕਿ ਮੁੱਖ ਮੰਤਰੀ ਰਿਲੀਫ ਫੰਡ ਵਿੱਚ ਕੋਈ ਵੀ ਪੰਜਾਬੀ ਤੇ ਭਾਰਤ ਦਾ ਵਾਸੀ ਪੈਸੇ ਨਾ ਦੇਵੇ, ਸਾਨੂੰ ਤਾਂ ਸਾਰਿਆਂ ਨੂੰ ਪੰਜਾਬ ਵਾਲਿਆਂ ਨੇ ਚੁਣ ਕੇ ਸਦਨ ਵਿੱਚ ਭੇਜਿਆ ਹੈ। ਸਾਨੂੰ ਪੰਜਾਬ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨਾ ਚਾਹੀਦਾ ਹੈ ਨਾ ਕਿ ਸਾਨੂੰ ਇਹ ਕਹਿਣਾ ਚਾਹੀਦਾ ਹੈ ਕਿ ਜਿੱਥੇ ਪੰਜਾਬੀਆਂ ਦੀ ਮਦਦ ਹੋਣੀ ਹੈ, ਉਥੇ ਪੈਸੇ ਨਾ ਦਿੱਤੇ ਜਾਣ। ਸਾਨੂੰ ਤਾਂ ਇਸ ਬਾਰੇ ਕੇਂਦਰ ਸਰਕਾਰ ਨਾਲ ਲੜਾਈ ਲੜਨੀ ਚਾਹੀਦੀ ਹੈ। ਪੰਜਾਬ ਦੇ ਲੋਕ ਜੁਝਾਰੂ ਹਨ, ਜੇ ਪੰਜਾਬ ਦੇ ਲੋਕ ਇਸ ਵੇਲੇ ਮਦਦ ਕਰਨੀ ਚਾਹੁੰਦੇ ਹਨ ਤਾਂ ਸਾਨੂੰ ਰੋਕਣਾ ਨਹੀਂ ਚਾਹੀਦਾ ਸੀ। ਸਗੋਂ ਸਾਨੂੰ ਲੋਕਾਂ ਨੂੰ ਮਦਦ ਵਾਸਤੇ ਉਤਸ਼ਾਹਿਤ ਕਰਨਾ ਚਾਹੀਦਾ ਹੈ। ਜੇ ਆਪਾਂ ਆਪ ਕੁਝ ਦੇਣ ਜੋਗੇ ਨਹੀਂ ਹਾਂ ਤਾਂ ਸਾਨੂੰ ਕਿਸੇ ਹੋਰ ਨੂੰ ਰੋਕਣਾ ਵੀ ਨਹੀਂ ਚਾਹੀਦਾ।

ਜੇ ਮੈਂ ਆਪਣੇ ਵਿਧਾਨ ਸਭਾ ਹਲਕੇ ਦੀ ਗੱਲ ਕਰਾਂ ਤਾਂ ਸਾਡੇ ਹਲਕੇ ਵਿੱਚ ਜਿਹੜਾ ਨੁਕਸਾਨ ਹੋਇਆ ਹੈ, ਉਹ ਕਾਫ਼ੀ ਹੋਇਆ ਹੈ । ਹੜ੍ਹਾਂ ਦੌਰਾਨ ਜਿਹੜੇ ਜੀਅ ਮਰੇ ਹਨ, ਉਹ 59 ਦੇ ਕਰੀਬ ਤਸਦੀਕ ਹੋਏ ਹਨ ਪ੍ਰੰਤੂ ਜਿਹੜੇ ਜੀਅ ਹੜ੍ਹ ਆਉਣ ਕਾਰਨ ਸਦਮੇ ਨਾਲ ਮਰ ਗਏ ਹਨ, ਉਨ੍ਹਾਂ ਦੀ ਗਿਣਤੀ ਤਾਂ ਤੱਥਾਂ ਤੋਂ ਬਾਹਰ ਹੈ, ਉਨ੍ਹਾਂ ਬਾਰੇ ਤਾਂ ਆਪਾਂ ਨੂੰ ਪਤਾ ਹੀ ਨਹੀਂ। ਮੇਰੇ ਹਲਕੇ ਵਿੱਚ ਇੱਕ ਛਿੰਦਰ ਸਿੰਘ ਨਾਮ ਦਾ 50-55 ਸਾਲ ਦਾ ਵਿਅਕਤੀ ਸੀ, ਜਦੋਂ ਹੜ੍ਹ ਆਏ ਤਾਂ ਗਮ ਨਾਲ ਸੋਚ ਸੋਚ ਕੇ ਉਸ ਨੂੰ ਬੁਖਾਰ ਚੜ੍ਹ ਗਿਆ ਅਤੇ ਉਸ ਕੋਲੋਂ ਢੰਗ ਨਾਲ ਇਲਾਜ ਨਾ ਕਰਵਾਇਆ ਗਿਆ, ਪੰਜ ਸੱਤ ਦਿਨਾਂ ਬਾਅਦ ਉਸ ਵਿਚਾਰੇ ਦੀ ਮੌਤ ਹੋ ਗਈ। ਉਸ ਦੀ ਮੌਤ ਹੋਣ ਉਪਰੰਤ ਜਦੋਂ ਉਸ ਦੇ ਫੁੱਲ ਚੁਗੇ ਗਏ ਤਾਂ ਉਸ ਦਾ ਭਤੀਜਾ ਜਿਸ ਦੀ ਉਮਰ 26-27 ਸਾਲ ਦੀ ਸੀ, ਉਸ ਨੂੰ ਬੁਖਾਰ ਚੜ੍ਹ ਗਿਆ, ਉਸ ਦਾ ਵੀ ਇਲਾਜ ਨਾ ਹੋ ਸਕਿਆ। ਮੈਂ ਉਨ੍ਹਾਂ ਦੇ ਘਰ ਪਤਾ ਲੈਣ ਲਈ ਗਿਆ ਅਤੇ ਕਿਹਾ ਕਿ ਤੁਹਾਡੇ ਪਰਿਵਾਰ ਵਿੱਚੋਂ ਇੱਕ ਜੀਅ ਪਹਿਲਾਂ ਚਲਿਆ ਗਿਆ ਹੈ, ਤੁਸੀਂ ਇਸ ਨੂੰ ਪੀ.ਜੀ.ਆਈ. ਲੈ ਕੇ ਚੱਲੋ। ਜੇ ਉਥੇ ਕੋਈ ਖਰਚਾ ਆਵੇਗਾ ਤਾਂ ਉਹ ਮੈਂ ਕਰ ਦੇਵਾਂਗਾ। ਉਥੇ ਸਰਕਾਰ ਵੱਲੋਂ ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲੋਂ ਫਰੀ ਦੇ ਵਿੱਚ ਇਲਾਜ ਕਰਵਾਇਆ ਜਾਂਦਾ ਹੈ। ਮੈਂ ਉਨ੍ਹਾਂ ਨੂੰ ਜੋ ਵੀ ਸਰਦੀ ਪੁੱਜਦੀ ਮਦਦ ਕਰਨੀ ਸੀ, ਉਹ ਕੀਤੀ ਅਤੇ ਉਨ੍ਹਾਂ ਨੂੰ ਕਿਹਾ ਕਿ ਇਸ ਲੜਕੇ ਨੂੰ ਪੀ.ਜੀ.ਆਈ. ਲੈ ਜਾਵੋ। ਉਨ੍ਹਾਂ ਵਾਸਤੇ ਮੈਂ ਸਾਰਾ ਇੰਤਜ਼ਾਮ ਕਰ ਦਿੱਤਾ, ਉਹ ਇੰਨੇ ਦੁੱਖ ਦੇ ਵਿੱਚ ਸੀ ਕਿ ਉਸ ਮੁੰਡੇ ਦਾ ਭਾਰ ਪਹਿਲਾਂ 60-65 ਕਿੱਲੋ ਸੀ, ਉਸ ਦਾ ਭਾਰ ਘੱਟ ਕੇ 30 ਤੋਂ 35 ਕਿੱਲੋ ਹੀ ਰਹਿ ਗਿਆ, ਸਿਰਫ ਹੱਡੀਆਂ ਹੀ ਸਰੀਰ ਉੱਤੇ ਰਹਿ ਗਈਆਂ, ਉਸ ਦੇ ਸਰੀਰ ਉੱਤੇ ਕਿਤੇ ਮਾਸ ਦਿਖਦਾ ਹੀ ਨਹੀਂ ਸੀ। ਤਿੰਨ ਚਾਰ ਦਿਨਾਂ ਬਾਅਦ ਉਸ ਮੁੰਡੇ ਦੀ ਵੀ ਡੈੱਥ ਹੋ ਗਈ। ਇੱਕੋ ਪਰਿਵਾਰ ਵਿੱਚੋਂ ਇੱਕ ਚਾਚਾ ਅਤੇ ਦੂਜਾ ਭਤੀਜਾ, ਦੋਵਾਂ ਦੀ ਮੌਤ ਹੋ ਗਈ। ਭਤੀਜੇ ਦਾ ਨਾਮ ਅਰਸ਼ਦੀਪ ਸਿੰਘ ਸੀ ਅਤੇ ਚਾਚੇ ਦਾ ਨਾਮ ਛਿੰਦਰ ਸਿੰਘ ਸੀ। ਇਸ ਤਰ੍ਹਾਂ ਹੜ੍ਹਾਂ ਕਾਰਨ ਬੜੇ ਪਰਿਵਾਰਾਂ ਵਿੱਚ ਸਦਮੇ ਕਾਰਨ ਮੌਤਾਂ ਹੋਈਆਂ ਹਨ। ਜਿਸ ਦਿਨ ਅਰਸ਼ਦੀਪ ਦੀ ਮੌਤ ਹੁੰਦੀ ਹੈ, ਉਸੇ ਦਿਨ ਜਦੋਂ ਮੈਂ ਹੋਰ ਕਿਸਾਨਾਂ ਦੇ ਘਰਾਂ ਵਿੱਚ ਗਿਆ, ਉਨ੍ਹਾਂ ਨੇ ਉਤਸ਼ਾਹ ਵਿੱਚ ਸਾਡੇ ਲਈ ਤੰਬੂ ਲਗਾਏ, ਮੇਰੇ ਕੋਲੋਂ ਵੀ ਰਿਹਾ ਨਾ ਗਿਆ, ਮੇਰੀਆਂ ਅੱਖਾਂ ਵਿੱਚ ਵੀ ਪਾਣੀ ਆ ਗਿਆ ਪਰ ਮੈਂ ਉੱਥੇ ਜ਼ਿਕਰ ਨਹੀਂ ਕੀਤਾ ਕਿ ਇਸ ਤਰ੍ਹਾਂ ਮੌਤਾਂ ਹੋਈਆਂ ਕਿਉਂਕਿ ਜੇਕਰ ਆਪਾਂ ਹੜ੍ਹਾਂ ਦੌਰਾਨ ਅਜਿਹੀਆਂ ਗੱਲਾਂ ਕਰਦੇ ਤਾਂ ਹੋ ਸਕਦਾ ਹੈ ਕਿ ਹੋਰ ਲੋਕ ਵੀ ਹੌਂਸਲਾ ਛੱਡ ਜਾਂਦੇ ਅਤੇ ਸਦਮੇ ਨਾਲ ਹੋਰ ਮੌਤਾਂ ਹੋ ਜਾਂਦੀਆਂ। ਮੈਂ ਇਹੀ ਬੇਨਤੀ ਕਰਨੀ ਹੈ ਕਿ ਇੱਕ ਤਾਂ ਫਸਲਾਂ ਦਾ ਵੱਡਾ ਨੁਕਸਾਨ ਹੋਇਆ ਹੈ, ਨਾਲੇ ਜੀਆਂ ਦਾ ਵੀ ਵੱਡਾ ਨੁਕਸਾਨ ਹੋਇਆ ਹੈ। ਮੇਰੇ ਹਲਕੇ ਦੇ ਕੀੜੀਆਂ ਪਿੰਡ ਵਿੱਚ ਜ਼ਿਆਦਾਤਰ ਗਰੀਬ ਪਰਿਵਾਰ ਹਨ, ਕਿਸੇ ਕੋਲ ਦੋ ਕਿੱਲੇ ਅਤੇ ਕਿਸੇ ਕੋਲ ਤਿੰਨ ਕਿੱਲੇ ਜ਼ਮੀਨ ਹੈ। ਉਸ ਪਿੰਡ ਵਿੱਚ 50 ਏਕੜ ਜ਼ਮੀਨ ਨੂੰ ਦਰਿਆ ਨੇ ਢਾਹ ਲਗਾ ਲਈ ਹੈ ਅਤੇ ਜਿਹੜੀ ਜ਼ਮੀਨ 50-55 ਫੁੱਟ ਉੱਚੀ ਸੀ, ਦਰਿਆ ਨੇ ਉਹ ਸਾਰੀ ਜ਼ਮੀਨ ਖੋਰ ਦਿੱਤੀ, ਹੁਣ ਉੱਥੇ 20-20 ਫੁੱਟ ਪਾਣੀ ਚੱਲ ਰਿਹਾ ਹੈ। ਇਹ ਜ਼ਮੀਨ ਸਿਰਫ਼ ਕਾਗਜ਼ਾਂ ਵਿੱਚ ਰਹਿ ਜਾਣੀ ਹੈ, ਨਾ ਉੱਥੇ ਕਣਕ ਬੀਜੀ ਜਾਣੀ ਹੈ ਅਤੇ ਨਾ ਝੋਨਾ ਬੀਜਿਆ ਜਾਣਾ ਹੈ। ਮੈਂ ਕੇਵਲ ਕੀੜੀਆਂ ਪਿੰਡ ਦੀ ਗੱਲ ਕਰ ਰਿਹਾ ਹਾਂ। ਇਸੇ ਤਰ੍ਹਾਂ ਮਰੜਾਂ ਪਿੰਡ ਦੀ ਜ਼ਮੀਨ ਨੂੰ ਵੀ ਢਾਹ ਲੱਗ ਗਈ ਹੈ, ਹਰੀਕੇ ਪਿੰਡ ਦੀ ਜ਼ਮੀਨ ਨੂੰ ਢਾਹ ਲੱਗ ਗਈ ਹੈ, ਜੱਲੋਕੇ ਪਿੰਡ ਦੀ ਜ਼ਮੀਨ ਨੂੰ ਢਾਹ ਲੱਗ ਗਈ ਹੈ, ਜਿੱਥੋਂ ਦੀ ਮੈਂ ਗੱਲ ਕਰ ਰਿਹਾ ਹਾਂ ਕਿ ਚਾਚਾ ਭਤੀਜਾ ਦੋਵੇਂ ਸੋਚ-ਸੋਚ ਕੇ ਮਰ ਗਏ, ਉਸ ਪਿੰਡ ਵਿੱਚ ਵੀ 100 ਏਕੜ ਜ਼ਮੀਨ ਤੇ ਢਾਹ ਲੱਗ ਗਈ ਹੈ। ਉਸ ਜ਼ਮੀਨ ਵਿੱਚ ਐਨੀ ਮਿੱਟੀ ਵੀ ਕੋਈ ਨਹੀਂ ਪਾ ਸਕਦਾ ਅਤੇ ਜੇਕਰ ਪਾ ਵੀ ਲਈ ਤਾਂ ਜਿਹੜੀ ਜ਼ਮੀਨ ਤੇ ਦਰਿਆ ਆਪਣਾ ਘਰ ਬਣਾ ਲੈਂਦਾ ਹੈ, ਉੱਥੇ ਆਪਾਂ ਜਿੰਨੀ ਮਰਜ਼ੀ ਮਿੱਟੀ ਪਾ ਲਈਏ, ਅਗਲੇ ਸਾਲ ਦਰਿਆ ਨੇ ਉੱਥੇ ਫਿਰ ਮਾਰ ਕਰਨੀ ਹੈ। ਇੱਥੇ ਸਾਡੇ ਸਾਥੀ ਮੈਂਬਰ ਕਹਿੰਦੇ ਹਨ ਕਿ ਇਸ ਵਾਸਤੇ ਕੋਈ ਪੈਸੇ ਨਾ ਦੇਵੇ। ਸਾਨੂੰ ਆਪਣੇ ਪੰਜਾਬ ਨਾਲ ਖੜ੍ਹਨਾ ਚਾਹੀਦਾ ਹੈ, ਡੱਟਣਾ ਚਾਹੀਦਾ ਹੈ। ਜਦੋਂ ਆਪਾਂ ਲੋਕਾਂ ਵਿੱਚ ਰਹਿੰਦੇ ਹਾਂ ਤਾਂ ਕਈ ਸਾਥੀ ਕਹਿੰਦੇ ਹਨ ਕਿ ਐਮ.ਐਲ.ਏ., ਮੰਤਰੀ ਅਤੇ ਮੁੱਖ ਮੰਤਰੀ ਦਾ ਕੰਮ ਹੁੰਦਾ

ਕਿ ਉਹ ਦਫ਼ਤਰ ਵਿੱਚ ਬੈਠ ਕੇ ਆਦੇਸ਼ ਕਰੇ। ਜਦੋਂ ਆਪਾਂ ਲੋਕਾਂ ਦੇ ਵਿੱਚ ਜਾਂਦੇ ਹਾਂ, ਜਦੋਂ ਕਿਸੇ ਦਾ ਜੀਅ ਚਲਿਆ ਜਾਵੇ ਅਤੇ ਅਸੀਂ ਉੱਥੇ ਦੁੱਖ ਵੰਡਾਉਣ ਜਾਂਦੇ ਹਾਂ ਤਾਂ ਅਸੀਂ ਜੀਅ ਨੂੰ ਬੇਸ਼ੱਕ ਉਠਾ ਨਹੀਂ ਲੈਂਦੇ ਪਰ ਪਰਿਵਾਰ ਦਾ ਹੌਸਲਾ ਵੱਧ ਜਾਂਦਾ ਹੈ ਕਿ ਸਾਡਾ ਕੋਈ ਭੈਣ-ਭਰਾ, ਸਾਡਾ ਲੀਡਰ ਸਾਡੇ ਨਾਲ ਦੁੱਖ ਸਾਂਝਾ ਕਰਨ ਆਇਆ ਹੈ। ਜਦੋਂ ਦੁੱਖ ਵੰਡਾ ਲਈਏ ਤਾਂ ਬੰਦੇ ਦਾ ਦੁੱਖ ਅੱਧਾ ਨਹੀਂ ਸਾਰਾ ਹੀ ਖਤਮ ਹੋ ਜਾਂਦਾ ਹੈ। ਅਸੀਂ ਤ੍ਰਾਸਦੀ ਵਿੱਚ ਲੋਕਾਂ ਦੇ ਵਿਚਕਾਰ ਗਏ ਅਤੇ ਲੋਕਾਂ ਦਾ ਦੁੱਖ ਵੰਡਾਇਆ। ਅਸੀਂ ਲੋਕਾਂ ਵਿੱਚ ਗਏ ਹਾਂ ਪਰ ਅਸੀਂ ਉੱਥੇ ਵੀਡੀਓਜ਼ ਨਹੀਂ ਬਣਾ ਸਕਦੇ ਸੀ। ਲੋਕਾਂ ਨੇ ਕਿਹਾ ਕਿ ਸਾਡਾ ਮੰਤਰੀ ਸਾਡੇ ਕੋਲ ਆ ਗਿਆ, ਸਾਡਾ ਮੁੱਖ ਮੰਤਰੀ ਸਾਡੇ ਕੋਲ ਆ ਗਿਆ, ਸਾਡੇ ਦੁੱਖ ਟੁੱਟ ਗਏ ਹਨ। ਲੋਕ ਕਹਿੰਦੇ ਕਿ ਤੁਹਾਨੂੰ ਬਿਠਾਉਣ ਵਾਸਤੇ ਥਾਂ ਨਹੀਂ ਲੱਭ ਰਹੀ ਤੇ ਸਾਡੇ ਸਾਥੀ ਕਹਿੰਦੇ ਹਨ ਕਿ ਐਮ.ਐਲ.ਏ., ਮੰਤਰੀ ਅਤੇ ਮੁੱਖ ਮੰਤਰੀ ਦਾ ਕੰਮ ਦਫ਼ਤਰ ਵਿੱਚ ਬੈਠਣਾ ਹੁੰਦਾ ਹੈ। ਜੇਕਰ ਐਮ.ਐਲ.ਏ., ਮੰਤਰੀ ਅਤੇ ਮੁੱਖ ਮੰਤਰੀ ਲੋਕਾਂ ਵਿੱਚ ਗਏ ਤਾਂ ਅਫ਼ਸਰਾਂ ਨੇ ਵੀ ਕੰਮ ਕੀਤਾ ਹੈ। ਜਿਹੜੇ ਅਫਸਰਾਂ ਨੇ ਕੰਮ ਕੀਤਾ ਹੈ, ਉਨ੍ਹਾਂ ਦੀ ਤਾਰੀਫ਼ ਵੀ ਕਰਾਂਗੇ। ਡਿਪਟੀ ਕਮਿਸ਼ਨਰ, ਸ੍ਰੀ ਅੰਮ੍ਰਿਤਸਰ ਸਾਹਿਬ ਮੈਡਮ ਸਾਕਸ਼ੀ ਸਾਹਨੀ, ਸਾਡੀ ਭੈਣ ਨੇ ਪੰਜਾਬ ਦੀ ਧੀ ਬਣ ਕੇ ਕੰਮ ਕੀਤਾ ਹੈ। ਐਸ.ਐਸ.ਪੀ. ਸ੍ਰੀ ਅੰਮ੍ਰਿਤਸਰ ਸਾਹਿਬ, ਮਨਿੰਦਰ ਜੀ ਨੇ ਵੀ ਦਿਨ-ਰਾਤ ਕੰਮ ਕੀਤਾ ਹੈ। ਇਸੇ ਤਰ੍ਹਾਂ ਹੀ ਸਾਡੇ ਐਮ.ਐਲ.ਏ. ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਮੰਤਰੀ ਸ੍ਰੀ ਲਾਲ ਚੰਦ ਜੀ, ਮੰਤਰੀ ਹਰਜੋਤ ਬੈਂਸ ਜੀ, ਮੰਤਰੀ ਹਰਪਾਲ ਚੀਮਾ ਜੀ, ਮੁੱਖ ਮੰਤਰੀ, ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਜੀ, ਸਾਡੇ ਸਾਰੇ ਹੀ ਐਮ.ਐਲ.ਏ. ਸਾਹਿਬਾਨ, ਸਾਰੀ ਲੀਡਰਸ਼ਿਪ, ਸਪੀਕਰ ਸਾਹਿਬ, ਤੁਸੀਂ ਵੀ ਹੜ੍ਹ ਪੀੜਤ ਇਲਾਕੇ ਵਿੱਚ ਜਾ ਕੇ ਲੋਕਾਂ ਦੀ ਮਦਦ ਕਰਦੇ ਰਹੇ ਹੋ। ਕਾਂਗਰਸ ਦੇ ਐਮ.ਐਲ.ਏ. ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਨੇ ਵੀ ਬਹੁਤ ਮਿਹਨਤ ਕੀਤੀ ਹੈ। ਇਨ੍ਹਾਂ ਦਾ ਵੀ ਧੰਨਵਾਦ ਹੈ। ਜਿਹੜਾ ਬੰਦਾ ਵੀ ਕੰਮ ਕਰਦਾ ਹੈ, ਉਸ ਦਾ ਧੰਨਵਾਦ ਕਰਨਾ ਚਾਹੀਦਾ ਹੈ। ਇਹ ਨਹੀਂ ਕਿ ਜੇਕਰ ਆਪਾਂ ਵਿਰੋਧੀ ਹਾਂ ਤਾਂ ਆਪਾਂ ਹਰ ਚੰਗੇ ਕੰਮ ਦਾ ਵਿਰੋਧ ਕਰਨਾ ਹੈ। ਬਾਜਵਾ ਸਾਹਿਬ ਹਰ ਚੰਗੇ ਕੰਮ ਦਾ ਵਿਰੋਧ ਕਰਦੇ ਹਨ। ਜਿਹੜਾ ਕੋਈ ਪੰਜਾਬ ਦੇ ਹੱਕ ਲਈ, ਹਿੱਤ ਲਈ ਚੰਗਾ ਕੰਮ ਕਰਦਾ ਹੈ, ਉਸ ਦੇ ਹੱਕ ਵਿੱਚ ਖਲੋਣਾ ਚਾਹੀਦਾ ਹੈ। ਮੈਂ ਆਪਣੇ ਹਲਕੇ ਦੇ ਪਿੰਡਾਂ ਦੀ ਗੱਲ ਕਰਦਾ ਹਾਂ। ਰਾਮ ਸਿੰਘ ਆਲਾ, ਮੁੱਠਿਆਂ ਆਲਾ, ਝੁੱਗੀਆਂ ਨੂਰ ਮੁਹੰਮਦ, ਝੁੱਗੀਆਂ ਨੱਥਾ ਸਿੰਘ, ਝੁੱਗੀਆਂ ਪੀਰ ਬਖਸ਼, ਜਦਾਈਕੇ, ਜੱਲੋਕੇ, ਭਾਣੇਕੇ, ਗੱਗੜਕੇ, ਸਭਰਾ, ਬਸਤੀ ਲਾਲ ਸਿੰਘ, ਘੜੂੰਮ, ਹਰੀਕੇ, ਇਨ੍ਹਾਂ ਪਿੰਡਾਂ ਵਿੱਚ ਬਹੁਤ ਨੁਕਸਾਨ ਹੋਇਆ ਹੈ। ਲੋਕਾਂ ਦੇ ਘਰ ਕੁਝ ਢਹਿ ਗਏ ਹਨ ਅਤੇ ਕੁਝ ਢਹਿਣ ਦੇ ਕਿਨਾਰੇ ਹਨ। ਜਿਹੜੇ ਸਾਡੇ ਐਸ.ਸੀ. ਪਰਿਵਾਰ ਹਨ, ਕਈ ਐਸ.ਸੀ. ਪਰਿਵਾਰ ਅਜਿਹੇ ਹਨ, ਜਿਨ੍ਹਾਂ ਕੋਲ ਕਮਾਈ ਦਾ ਕੋਈ ਸਾਧਨ ਨਹੀਂ ਹੈ, ਉਨ੍ਹਾਂ ਦੇ ਵੀ ਘਰ ਢਹਿ ਗਏ ਹਨ। ਮੈਂ ਪੰਜਾਬ ਸਰਕਾਰ ਨੂੰ ਇਹ ਬੇਨਤੀ ਕਰਦਾ ਹਾਂ ਅਤੇ ਨਾਲੇ ਸਾਡੇ ਜਿੰਨੇ ਵੀ ਸਾਥੀ ਹਨ, ਭਾਵੇਂ ਕਾਂਗਰਸ ਦੇ ਹਨ, ਭਾਵੇਂ ਬੀ.ਜੇ.ਪੀ. ਦੇ ਹਨ, ਭਾਵੇਂ ਅਕਾਲੀ ਦਲ ਦੇ ਹਨ, ਆਪਾਂ ਸਾਰਿਆਂ ਨੂੰ ਇੱਕਮੁੱਠ ਹੋ ਕੇ ਕੇਂਦਰ ਕੋਲ ਮੰਗ ਉਠਾਉਣੀ ਚਾਹੀਦੀ ਹੈ ਅਤੇ ਲੜਾਈ ਲੜਨੀ ਚਾਹੀਦੀ ਹੈ ਕਿ ਪੰਜਾਬ ਨੂੰ ਵੱਡੇ ਤੋਂ ਵੱਡਾ ਪੈਕੇਜ ਦਿੱਤਾ ਜਾਵੇ। 1600 ਕਰੋੜ ਨਾਲ ਨਹੀਂ ਸਰਨਾ। 300-400 ਕਰੋੜ ਦਾ ਇਕੱਲਾ ਮੇਰੇ ਪੱਟੀ ਹਲਕੇ ਵਿੱਚ ਨੁਕਸਾਨ ਹੋ ਗਿਆ ਹੈ। ਪੰਜਾਬ ਦੇ 23 ਜ਼ਿਲ੍ਹਿਆਂ ਵਿਚੋਂ 12 ਜ਼ਿਲ੍ਹੇ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ। ਮਤਲਬ ਅੱਧਾ ਪੰਜਾਬ ਹੜ੍ਹਾਂ ਦੀ ਤ੍ਰਾਸਦੀ ਵਿੱਚ ਲਪੇਟਿਆ ਗਿਆ। ਸਾਨੂੰ 1600 ਕਰੋੜ ਦਾ ਨਹੀਂ ਬਲਕਿ ਘੱਟੋ-ਘੱਟ 20,000 ਕਰੋੜ ਰੁਪਏ ਦਾ ਪੈਕੇਜ ਚਾਹੀਦਾ ਹੈ, ਜਿਹੜੀ ਕਿ ਸਾਡੇ ਮੁੱਖ ਮੰਤਰੀ, ਸਰਦਾਰ ਭਗਵੰਤ ਮਾਨ ਜੀ ਵੱਲੋਂ ਪਹਿਲਾਂ ਮੰਗ ਕੀਤੀ ਗਈ ਸੀ। ਇਸ ਨਾਲ ਪੰਜਾਬ ਮਾੜਾ ਮੋਟਾ ਪੈਰਾਂ ਸਿਰ ਹੋਵੇਗਾ। ਇਸ ਨਾਲ ਸਾਡੇ ਜਿਹੜੇ ਗਰੀਬ ਐਸ.ਸੀ. ਪਰਿਵਾਰ ਜਾਂ ਜਿਹੜੇ ਸਾਡੇ ਕਿਸਾਨ ਪਰਿਵਾਰ ਹਨ, ਜਿਨ੍ਹਾਂ ਦੇ ਘਰ ਢਹਿ ਗਏ, ਉਨ੍ਹਾਂ ਦੇ ਘਰ ਬਣ ਜਾਣਗੇ। ਮਾਣਯੋਗ ਸਪੀਕਰ ਸਾਹਿਬ, ਮੈਂ ਇੱਥੇ ਇਹ ਵੀ ਦੱਸਣਾ ਚਾਹਾਂਗਾ ਕਿ ਜਦੋਂ ਅਫਗਾਨਿਸਤਾਨ ਨੂੰ ਲੋੜ ਪਈ ਤਾਂ ਸਾਡੇ ਮਾਣਯੋਗ ਪ੍ਰਧਾਨ ਮੰਤਰੀ, ਸ੍ਰੀ ਨਰਿੰਦਰ ਮੋਦੀ ਜੀ

ਨੇ ਦਿਲ ਖੋਲ੍ਹ ਕੇ ਅਫਗਾਨਿਸਤਾਨ ਵਿੱਚ ਮਦਦ ਕੀਤੀ ਹੈ। ਅਫਗਾਨਿਸਤਾਨ ਉਹ ਦੇਸ਼ ਹੈ ਜਿਥੋਂ ਦੇ ਮੁਗਲਾਂ ਨੇ ਜਦੋਂ ਭਾਰਤ ਦੇ ਉੱਤੇ ਹਮਲਾ ਕੀਤਾ ਤਾਂ ਦਿੱਲੀ ਤੋਂ ਪੈਸਾ ਲੁੱਟ ਲੈਣਾ, ਹੀਰੇ ਲੁੱਟ ਲੈਣੇ, ਉੱਥੋਂ ਧੀਆਂ-ਭੈਣਾਂ ਨੂੰ ਚੁੱਕ ਕੇ ਲੈ ਜਾਣਾ ਲੇਕਿਨ ਜਿਹੜੇ ਇਹ ਕਹਿੰਦੇ ਹਨ ਕਿ ਸਿੱਖਾਂ ਦੇ 12.00 ਵੱਜ ਗਏ ਜਾਂ ਸਰਦਾਰਾਂ ਦੇ 12.00 ਵੱਜ ਗਏ, ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੋਣਾ ਫਿਰ ਇਨ੍ਹਾਂ ਨੇ ਅਹਿਮਦ ਸ਼ਾਹ ਅਬਦਾਲੀ ਹੋਰਾਂ ਨੂੰ ਦੁਰਾਨੀ ਹੋਰਾਂ ਨੂੰ ਜੰਗ ਦੇ ਵਿੱਚ ਕੁੱਟਣਾ ਤੇ ਉੱਥੋਂ ਭਜਾਉਣਾ ਤੇ ਧੀਆਂ-ਭੈਣਾਂ ਨੂੰ ਵਾਪਸ ਦਿੱਲੀ ਜਾਂ ਦੂਜੀਆਂ ਸਟੇਟਾਂ ਜਿੱਥੋਂ ਵੀ ਉਨ੍ਹਾਂ ਨੂੰ ਲਿਆਉਂਦੇ ਸੀ, ਉੱਥੇ ਵਾਪਸ ਕਰਨਾ। ਜਿਹੜਾ ਪੈਸਾ ਉਨ੍ਹਾਂ ਨੇ ਦਿੱਲੀ ਜਾਂ ਹੋਰ ਥਾਵਾਂ ਤੋਂ ਲੁੱਟਿਆ ਹੋਣਾ, ਉਸ ਪੈਸੇ ਨੂੰ ਉਨ੍ਹਾਂ ਤੋਂ ਖੋਹ ਕੇ ਗਰੀਬ ਲੋਕਾਂ ਵਿੱਚ, ਸਿੱਖ ਰਾਜ ਦੇ ਲੋਕਾਂ ਵਿੱਚ, ਲਾਹੌਰ ਦੇ ਲੋਕਾਂ ਵਿੱਚ ਤਕਸੀਮ ਕਰਨਾ। ਮਾਣਯੋਗ ਸਪੀਕਰ ਸਾਹਿਬ, ਇਹ ਅਫਗਾਨਿਸਤਾਨ ਨੂੰ ਵੀ ਪੈਸੇ ਦੇ ਦਿੰਦੇ ਪਰ ਪੰਜਾਬ ਭਾਰਤ ਦੇਸ਼ ਦੀ ਸਟੇਟ ਹੈ। ਇਹ ਸਾਨੂੰ ਅਫਗਾਨਿਸਤਾਨ ਨਾਲੋਂ ਵੀ ਮਾੜਾ ਸਮਝਦੇ ਹਨ। ਇਹ ਪੰਜਾਬ ਵਾਲਿਆਂ ਨੂੰ ਅਫਗਾਨਿਸਤਾਨ ਵਾਲਿਆਂ ਤੋਂ ਵੀ ਨੀਵਾਂ ਸਮਝਦੇ ਹਨ। ਪੰਜਾਬ ਨੂੰ ਪੈਕੇਜ ਦੇਣਾ ਚਾਹੀਦਾ ਹੈ, ਪੰਜਾਬ ਨੂੰ ਵੱਡਾ ਪੈਕੇਜ ਦੇਣਾ ਚਾਹੀਦਾ ਹੈ, ਖੁੱਲ੍ਹ-ਦਿਲੀ ਨਾਲ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਇੱਥੇ ਸੈਂਟਰ ਦੇ ਖੇਤੀਬਾੜੀ ਮੰਤਰੀ ਮਾਣਯੋਗ ਸ਼ਿਵ ਰਾਜ ਚੌਹਾਨ ਜੀ ਆਏ ਸਨ, ਉਨ੍ਹਾਂ ਨੇ ਇੰਨਾ ਕਹਿ ਕੇ ਹੀ ਪੱਲਾ ਝਾੜ ਲਿਆ ਕਿ ਪੰਜਾਬ ਵਿੱਚ ਮਾਈਨਿੰਗ ਹੋਈ ਹੈ ਤਾਂ ਹੜ੍ਹ ਆਏ ਹਨ। ਮਾਈਨਿੰਗ ਨਾਲ ਕਿਤੇ ਧਰਤੀ ਥੱਲਿਓ ਤਾਂ ਪਾਣੀ ਬਾਹਰ ਨਹੀਂ ਆਇਆ ਸੀ। ਸਾਡੀ ਸਰਕਾਰ ਦੇ ਵਿੱਚ ਤਾਂ ਜੋ ਲੀਗਲ ਖੱਡਾਂ ਚੱਲੀਆਂ, ਉਸ ਤੋਂ ਬਿਨਾਂ ਤਾਂ ਕਿਸੇ ਨੇ ਇੱਕ ਟਿੱਪਰ ਵੀ ਨਹੀਂ ਪੁੱਟਿਆ। ਮਾਣਯੋਗ ਸਪੀਕਰ ਸਾਹਿਬ, ਮੈਂ ਇੱਥੇ ਇਹੋ ਬੇਨਤੀ ਕਰਾਂਗਾ ਕਿ ਕੇਂਦਰ ਵਿੱਚ ਜਿਹੜੀ ਵੀ ਸਰਕਾਰ ਬਣੀ ਹੈ ਭਾਵੇਂ ਕਾਂਗਰਸ ਦੀ ਸਰਕਾਰ ਬਣੀ ਹੈ, ਭਾਵੇਂ ਬੀ.ਜੇ.ਪੀ. ਦੀ ਸਰਕਾਰ ਬਣੀ ਹੈ, ਸਾਰਿਆਂ ਨੇ ਲਗਾਤਾਰ ਪੰਜਾਬ ਨਾਲ ਧੱਕਾ ਕੀਤਾ ਹੈ, ਜਿਸ ਨੇ ਵੀ ਪੰਜਾਬ ਨਾਲ ਧੱਕਾ ਕੀਤਾ ਹੈ, ਉਸ ਨੂੰ ਮੂੰਹ ਦੀ ਖਾਣੀ ਪਈ ਹੈ। 1988 ਦੇ ਵਿੱਚ ਲੋਕਾਂ ਨੂੰ ਅਲਰਟ ਵੀ ਨਹੀਂ ਕੀਤਾ ਗਿਆ ਸੀ, ਰਾਤੋ-ਰਾਤ ਪਾਣੀ ਛੱਡ ਦਿੱਤਾ ਗਿਆ। ਉਸ ਸਮੇਂ ਸੈਂਟਰ ਦੇ ਵਿੱਚ ਕਾਂਗਰਸ ਦੀ ਸਰਕਾਰ ਸੀ। ਸਾਡੇ ਇਲਾਕੇ ਦੇ ਵਿੱਚ ਅਤੇ ਪੂਰੇ ਪੰਜਾਬ ਦੇ ਵਿੱਚ ਹੀ ਇਸ ਤਰ੍ਹਾਂ ਹੋਇਆ, ਸਾਡੇ ਇਲਾਕੇ ਦੇ ਵਿੱਚ ਲੋਕ ਰਾਤ ਨੂੰ ਮੰਜਿਆਂ ਤੇ ਸੁੱਤੇ ਪਏ ਹੀ ਰੁੜ੍ਹ ਗਏ, ਲੋਕਾਂ ਦੇ ਪਸ਼ੂ ਰੁੜ੍ਹ ਗਏ। ਉਸ ਸਮੇਂ ਗਰੀਬੀ ਦੀ ਹਾਲਤ ਸੀ। ਲੋਕਾਂ ਦੇ ਘਰ ਕੱਚੇ ਸੀ, ਕੱਚੇ ਘਰ ਵੀ ਰੁੜ੍ਹ ਗਏ। ਸਿਰਫ ਉਹੀ ਜੀਅ ਬਚੇ ਜਿਹੜੇ ਕਿਸੇ ਰਿਸ਼ਤੇਦਾਰਾਂ ਕੋਲ ਗਏ ਸੀ ਜਾਂ ਜਿਹੜੇ ਆਪਣੀ ਛੱਤ ਤੇ ਸੁੱਤੇ ਪਏ ਸੀ। ਉਦੋਂ ਵੀ ਬੜਾ ਨੁਕਸਾਨ ਹੋਇਆ ਸੀ। ਹੁਣ ਉਸ ਨਾਲੋਂ ਵੀ ਕਈ ਗੁਣਾ ਵੱਡਾ ਨੁਕਸਾਨ ਹੋਇਆ ਹੈ। ਇੱਕ ਮਹੀਨੇ ਤੋਂ ਵੱਧ ਸਮਾਂ ਪਾਣੀ ਚੱਲਿਆ, ਜਿਸ ਦੇ ਨਾਲ ਜਨ-ਜੀਵਨ ਪ੍ਰਭਾਵਿਤ ਹੋਇਆ। ਲੋਕਾਂ ਦੀਆਂ ਮੌਤਾਂ ਹੋਈਆਂ, ਬੜਾ ਵੱਡਾ ਨੁਕਸਾਨ ਹੋਇਆ। ਮੈਂ ਇਹੋ ਬੇਨਤੀ ਕਰਾਂਗਾ ਕਿ ਆਪਾਂ ਸਾਰਿਆਂ ਨੂੰ ਰਲ ਕੇ ਵਿੱਚੋ ਕਾਂਗਰਸ ਦੇ ਮੈਂਬਰ, ਵਿੱਚੋ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਮੈਂਬਰ ਤੇ ਸਾਡੀ ਸਮੁੱਚੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ, ਸਾਨੂੰ ਜੋ ਵੀ ਲੜਾਈ ਲੜਨੀ ਪਵੇ, ਸਾਨੂੰ ਪੰਜਾਬ ਦੇ ਹਿੱਤਾਂ ਲਈ ਲੜਨੀ ਚਾਹੀਦੀ ਹੈ। ਜੋ ਵੀ ਯੋਗਦਾਨ ਭਾਰਤ ਦੇ ਲੋਕ ਪਾਉਣਾ ਚਾਹੁੰਦੇ ਹਨ, ਉਹ ਮੁੱਖ ਮੰਤਰੀ ਰਿਲੀਫ ਫੰਡ ਮਿਸ਼ਨ ਚੜ੍ਹਦੀਕਲਾ ਵਿੱਚ ਪਾ ਸਕਦੇ ਹਨ। ਆਪਾਂ ਵੱਧ ਤੋਂ ਵੱਧ ਯੋਗਦਾਨ ਪਾਈਏ। ਇਸ ਵਿੱਚ ਇੱਕ ਰੁਪਏ ਦਾ ਵੀ ਹੇਰ-ਫੇਰ ਨਹੀਂ ਹੋਵੇਗਾ। ਇੱਕ ਇੱਕ ਰੁਪਿਆ ਪੰਜਾਬ ਦੇ ਕਿਸਾਨਾਂ ਤੇ ਪੰਜਾਬ ਦੇ ਮਜ਼ਦੂਰਾਂ ਤੇ ਪੰਜਾਬ ਦੇ ਗਰੀਬਾਂ ਤੇ ਲਗਾਇਆ ਜਾਏਗਾ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਰਾਣਾ ਇੰਦਰ ਪ੍ਰਤਾਪ ਸਿੰਘ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ):** ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਸਰ ਮੇਰੇ ਇਲਾਕੇ ਵਿੱਚ 40,000 ਏਕੜ ਦਾ ਨੁਕਸਾਨ ਹੋਇਆ ਹੈ। ਸਪੀਕਰ ਸਾਹਿਬ, ਮੇਰੇ ਕੋਲੋਂ ਚਾਰ ਮਿੰਟਾਂ ਵਿੱਚ ਸਾਰਾ ਕੁਝ ਨਹੀਂ ਬੋਲਿਆ ਜਾਣਾ ਜੀ।

**ਮਾਣਯੋਗ ਸਪੀਕਰ:** ਆਪਣੇ ਡੈਡੀ ਦਾ ਹੱਥ ਫੜ੍ਹ ਲਿਆ ਕਰੋ, ਜੇਕਰ ਟਾਈਮ ਜ਼ਿਆਦਾ ਲੈਣਾ ਹੈ।

**ਰਾਣਾ ਇੰਦਰ ਪ੍ਰਤਾਪ ਸਿੰਘ:** ਸਪੀਕਰ ਸਾਹਿਬ, ਪਹਿਲਾਂ ਤਾਂ ਚੀਮਾ ਸਾਹਿਬ ਦੀ ਕਲੈਰਿਟੀ ਕਰ ਦੇਵਾਂ ਕਿ ਮੈਂ ਚਾਚਾ ਜੀ ਦੇ ਬੰਬੂਕਾਟ ਉਤੇ ਨਹੀਂ ਚੜ੍ਹਿਆ ਤੇ ਨਾ ਹੀ ਚੜ੍ਹਨ ਦੀ ਇੱਛਾ ਸੀ। ਮੈਂ ਆਪਣੇ ਇਲਾਕੇ ਵਿੱਚ ਆਪਣਾ ਬੇੜਾ ਬਣਾਇਆ ਹੋਇਆ ਹੈ, ਜਿਸ ਦੇ ਵਿੱਚ 25-30 ਡੰਗਰ ਚੜ੍ਹ ਜਾਂਦੇ ਹਨ ਅਤੇ ਲੋਕਾਂ ਨੂੰ evacuate ਕਰਨ ਲਈ 5-7 ਟਰੈਕਟਰ ਵੀ ਚੜ੍ਹ ਜਾਂਦੇ ਹਨ।

**ਟਰਾਂਸਪੋਰਟ ਮੰਤਰੀ (ਬੈਠੇ-ਬੈਠੇ):** ਸਾਨੂੰ ਬੰਬੂਕਾਟ ਨੂੰ ਵੇਖ ਕੇ ਹੈਰਾਨੀ ਬੜੀ ਹੋਈ ਕਿ ਕਿਤੇ ਬਾਜਵਾ ਸਾਹਿਬ ਆਰਮੀ ਵਿੱਚ ਭਰਤੀ ਤਾਂ ਨਹੀਂ ਹੋ ਗਏ।

**ਰਾਣਾ ਇੰਦਰ ਪ੍ਰਤਾਪ ਸਿੰਘ :** ਸਪੀਕਰ ਸਾਹਿਬ, ਆਪਾਂ ਸਾਰੇ ਹੜ੍ਹ ਮੁਕਤ ਪੰਜਾਬ ਚਾਹੁੰਦੇ ਹਾਂ। ਇਹ ਕਰਨਾ ਔਖਾ ਨਹੀਂ ਹੈ ਪਰ ਸਾਡੀ ਨੀਅਤ ਸੱਚੀ ਹੋਣੀ ਚਾਹੀਦੀ ਹੈ। ਸਰ, ਮੈਂ ਕੋਈ ਇੰਜੀਨੀਅਰ ਨਹੀਂ ਹਾਂ। ਮੈਂ 14 ਜੁਲਾਈ ਨੂੰ ਇਸ ਸਦਨ ਵਿੱਚ ਕਾਲ ਅਟੈਂਸ਼ਨ ਨੋਟਿਸ ਲੈ ਕੇ ਆਇਆ ਸੀ। ਤੁਹਾਡੇ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਂਦਾ ਕਿ ਬਾਰਸ਼ਾਂ ਬਹੁਤ ਹੋ ਰਹੀਆਂ ਹਨ, ਡੈਮਾਂ ਵਿੱਚੋਂ ਪਾਣੀ ਕੰਟਰੋਲ ਕਰਕੇ ਰਿਲੀਜ਼ ਕੀਤਾ ਜਾਵੇ। ਇਸ ਤੋਂ ਬਾਅਦ 14 ਅਗਸਤ ਨੂੰ ਮੈਂ ਪ੍ਰੈਸ ਕਾਨਫਰੰਸ ਕੀਤੀ ਅਤੇ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਕਿ ਜੇ ਆਪਾਂ ਪਾਣੀ ਰਿਲੀਜ਼ ਨਾ ਕੀਤਾ ਤਾਂ ਪੰਜਾਬ ਵਿੱਚ 10-12 ਦਿਨਾਂ ਵਿੱਚ ਤਬਾਹੀ ਮੱਚ ਜਾਣੀ ਹੈ। ਮੈਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਅਵਾਜ਼ਾਂ ਮਾਰੀਆਂ, ਬੁਲਾਇਆ ਕਈ ਵਾਰ ਵੀ, ਕਿਸੇ ਨੇ ਮੇਰੀ ਗੱਲ ਹੀ ਨਹੀਂ ਸੁਣੀ। ਮੇਰਾ ਸੁਲਤਾਨਪੁਰ ਡੁੱਬਿਆ, ਮੇਰਾ ਪੰਜਾਬ ਡੁੱਬਿਆ। ਗੱਲ ਇਹ ਹੈ ਕਿ ਅੱਜ ਜਿਹੜਾ ਨੁਕਸਾਨ ਹੋਇਆ ਹੈ, ਉਸ ਦੀ ਭਰਪਾਈ ਕਰਨ ਦੀ ਲੋੜ ਹੈ।

ਮੁੱਖ ਮੰਤਰੀ ਸਾਹਿਬ ਵੀ ਬੈਠੇ ਹਨ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੁਝ ਕਮੀਆਂ ਭਾਰਤ ਸਰਕਾਰ ਦੀ Rehabilitation ਸਕੀਮ ਵਿੱਚ ਹਨ। 5 ਏਕੜ ਤੋਂ ਜ਼ਿਆਦਾ ਲਈ ਮੁਆਵਜ਼ਾ ਨਹੀਂ ਮਿਲਦਾ ਹੈ। ਇੱਕ ਟੱਬਰ ਵਿੱਚ ਚਾਰ ਭਰਾ ਹਨ ਤੇ ਜ਼ਮੀਨ ਇੱਕ ਦੇ ਨਾਂ ਹੈ ਤਾਂ ਬਾਕੀਆਂ ਦਾ ਕੀ ਕਸੂਰ ਹੈ? ਉਨ੍ਹਾਂ ਦੀ ਕੀ ਗਲਤੀ ਹੈ? ਬਾਪੂ ਚਾਰਾਂ ਦੇ ਨਾਂ ਜ਼ਮੀਨ ਨਹੀਂ ਕਰਵਾਉਂਦਾ, ਇਕੱਲੀ ਬਾਪੂ ਦੇ ਨਾਂ ਹੈ ਤਾਂ ਉਨ੍ਹਾਂ ਨੂੰ ਮੁਆਵਜ਼ਾ ਕਿਉਂ ਨਾ ਮਿਲੇ? ਜਿਹੜੇ ਲੋਕ ਸਰਕਾਰੀ ਜ਼ਮੀਨਾਂ ਤੇ ਕਾਬਜ਼ ਹਨ, ਬੰਨ੍ਹਾਂ ਦੇ ਨਾਲ-ਨਾਲ, ਦਰਿਆ ਦੇ ਨਾਲ-ਨਾਲ, ਸਰਕਾਰਾਂ ਨੇ ਹੀ ਜ਼ਿਮੀਂਦਾਰਾਂ ਨੂੰ ਜ਼ਮੀਨਾਂ ਵੇਚੀਆਂ ਹਨ, ਬਾਅਦ ਵਿੱਚ ਉਹੀ ਰਜਿਸਟਰੀਆਂ ਕੈਂਸਲ ਹੋ ਗਈਆਂ ਹਨ। ਅਜਿਹੀਆਂ ਜ਼ਮੀਨਾ ਉਤੇ ਲੋਕ 50 ਸਾਲਾਂ ਤੋਂ ਕਾਬਜ਼ ਹਨ, ਪਿਛਲੀ ਵਾਰ ਵੀ ਉਨ੍ਹਾਂ ਨੂੰ ਮੁਆਵਜ਼ਾ ਨਹੀਂ ਮਿਲਿਆ ਸੀ। ਮੈਂ ਬੇਨਤੀ ਕਰਾਂਗਾ ਕਿ ਐਤਕੀਂ ਉਨ੍ਹਾਂ ਦਾ ਧਿਆਨ ਰੱਖਿਆ ਜਾਵੇ। ਉਥੇ ਸਾਲ 2019 ਵਿੱਚ ਹੜ੍ਹ ਆਏ, 2023 ਵਿੱਚ ਆਏ ਅਤੇ ਹੁਣ 2025 ਵਿੱਚ ਵੀ ਆਏ। ਸਰ, ਛੋਟੇ ਵਪਾਰੀ, ਕਿਸੇ ਦੀ ਖਾਦ ਦੀ ਦੁਕਾਨ ਸੀ, ਕਿਸੇ ਦੀ ਕਰਿਆਨੇ ਦੀ ਦੁਕਾਨ ਸੀ, ਕਿਸੇ ਦੀ ਆਟੇ ਦੀ ਚੱਕੀ ਸੀ, ਪਤਾ ਹੀ ਨਹੀਂ ਲੱਗਾ ਅਤੇ ਸਮਾਨ ਰੁੜ੍ਹ ਗਿਆ, ਉਨ੍ਹਾਂ ਬਾਰੇ ਸੋਚਣ ਦੀ ਲੋੜ ਹੈ। ਗਰੀਬ ਜਨਤਾ ਜਿਸ ਦੇ ਕੋਠੇ ਢਹਿ ਗਏ, ਜਿਹੜੇ ਮਜ਼ਦੂਰ ਵੀਰ ਹਨ, ਦਿਹਾੜੀਆਂ ਕਰਨੋਂ ਰਹਿ ਗਏ, ਉਨ੍ਹਾਂ ਬਾਰੇ ਵੀ ਸੋਚਣ ਦੀ ਲੋੜ ਹੈ। ਸਰ, ਇਨ੍ਹਾਂ ਹੜ੍ਹਾਂ

ਕਾਰਨ ਪੰਜਾਬ ਦਾ ਬੜਾ ਵੱਡਾ ਨੁਕਸਾਨ ਹੋਇਆ ਹੈ। 1000 ਕਰੋੜ ਰੁਪਏ ਦੀ ਬਿਜਲੀ ਦਾ ਨੁਕਸਾਨ ਹੋਇਆ ਹੈ, ਬਿਜਲੀ ਮੰਤਰੀ ਸਾਹਿਬ ਬੈਠੇ ਹਨ। ਜਿਹੜਾ ਪਾਣੀ ਰਿਲੀਜ਼ ਹੋਇਆ, ਅਸੀਂ ਉਸ ਤੋਂ ਬਿਜਲੀ ਨਹੀਂ ਬਣਾ ਸਕੇ। (ਘੰਟੀ)

ਸਪੀਕਰ ਸਾਹਿਬ, ਘੰਟੀ ਨਾ ਮਾਰੋ, ਮੈਨੂੰ ਘਬਰਾਹਟ ਹੋ ਜਾਂਦੀ ਹੈ, ਹਾਲੇ ਤਾਂ ਮੈਂ ਮਸਾਂ ਹੀ ਅੱਧੇ ਕੁ ਰਾਹ ਪਹੁੰਚਿਆ ਹਾਂ। ਮੈਂ ਅਮਰੀਕਾ ਗਿਆ ਹੋਇਆ ਸੀ, ਤੁਹਾਡਾ ਹੁਕਮ ਹੋਇਆ ਤਾਂ ਮੈਂ ਅਮਰੀਕਾ ਤੋਂ ਇਸ ਸਦਨ ਵਾਸਤੇ ਵਾਪਸ ਆਇਆ ਹਾਂ। ਸੋ, ਮੈਨੂੰ ਬੋਲ ਲੈਣ ਦਿਉ। ਸਰ, ਨਹੀਂ ਤਾਂ ਮੈਂ ਐਤਕੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਕੇ ਟਾਈਮ ਲੈ ਲੈਣਾ ਹੈ।

**ਮੁੱਖ ਮੰਤਰੀ (ਬੈਠੇ-ਬੈਠੇ)** : ਬੋਲ ਲਵੋ, ਬੋਲ ਲਵੋ।

**ਰਾਣਾ ਇੰਦਰ ਪ੍ਰਤਾਪ ਸਿੰਘ** : ਸਰ, ਡੈਮ ਖਾਲੀ ਕਰਨੇ ਬੜਾ ਇੰਪਾਰਟੈਂਟ ਹੈ। ਇਸ ਦਾ ਕਾਰਨ ਕੀ ਹੈ ਕਿ ਜਿਹੜਾ ਭਾਖੜੇ ਤੋਂ ਪਾਣੀ ਨਿਕਲਦਾ ਹੈ, ਉਹ ਹਰਿਆਣਾ ਜਾਂਦਾ ਹੈ ਅਤੇ ਸਿਰਫ 12000 ਕਿਊਸਿਕ ਪਾਣੀ ਜਾ ਸਕਦਾ ਹੈ। ਰਾਜਸਥਾਨ ਨੂੰ 18000 ਕਿਊਸਿਕ ਪਾਣੀ ਜਾ ਸਕਦਾ ਹੈ। ਸਰ, ਅਸਲੀਅਤ ਇਹ ਹੈ ਕਿ ਜਿੰਨਾ ਪਾਣੀ ਸਾਡੇ ਪੰਜਾਬ ਕੋਲ ਹੈ, ਸਾਨੂੰ ਉਸ ਨੂੰ ਐਫੀਸ਼ੈਂਟਲੀ ਯੂਟੇਲਾਈਜ਼ ਕਰਨਾ ਚਾਹੀਦਾ ਹੈ ਜਿਹੜਾ ਕਿ ਅਸੀਂ ਯੂਟੇਲਾਈਜ਼ ਨਹੀਂ ਕਰ ਪਾ ਰਹੇ। ਸਰ, ਸਾਡਾ ਜਿਹੜਾ ਜਰਖੇਜ਼ ਪਾਣੀ ਹੈ, ਉਹ ਪਾਣੀ ਪਾਕਿਸਤਾਨ ਨੂੰ ਚਲਾ ਜਾਂਦਾ ਹੈ। ਜਿਹੜਾ ਪੁਣਿਆ ਪਾਣੀ ਹੈ, ਡੈਮਾਂ ਰਾਹੀਂ ਉਹ ਸਾਨੂੰ ਪੰਜਾਬ ਨੂੰ ਮਿਲਦਾ ਹੈ।

**ਮਾਣਯੋਗ ਸਪੀਕਰ**: ਜਿਸ ਵਿੱਚੋਂ ਬਿਜਲੀ ਕੱਢੀ ਹੁੰਦੀ ਹੈ? (ਹਾਸਾ)

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, ਸਿਲਟ ਥੱਲੇ ਬਹਿ ਜਾਂਦੀ ਹੈ ਤੇ ਇਹ ਸਿਲਟ ਖੇਤਾਂ ਲਈ ਵੀ ਵਧੀਆ ਹੈ। ਸੋ, ਜਿਹੜੇ ਡੈਮਾਂ ਦੇ ਲੈਵਲ 15 ਜੂਨ ਤੋਂ 30 ਸਤੰਬਰ ਤੱਕ ਡਾਊਨ ਕਰਨੇ ਹੁੰਦੇ ਹਨ, ਐਤਕੀਂ ਭਾਖੜੇ ਦਾ ਲੈਵਲ 113 ਫੁੱਟ ਹੋਰ ਡਾਊਨ ਜਾ ਸਕਦਾ ਸੀ ਜਿਹੜਾ ਕਿ ਅਸੀਂ ਨਹੀਂ ਕਰ ਸਕੇ, ਪੌਂਗ ਡੈਮ ਦਾ 46 ਫੁੱਟ ਅਤੇ ਰਣਜੀਤ ਸਾਗਰ ਡੈਮ ਦਾ 59 ਫੁੱਟ ਡਾਊਨ ਕੀਤਾ ਜਾ ਸਕਦਾ ਸੀ। ਸਰ, ਜੇ ਭਾਰਤ ਸਰਕਾਰ ਬੀ.ਬੀ.ਐਮ.ਬੀ. ਪਾਣੀ ਦੇ ਲੈਵਲ ਡਾਊਨ ਕਰ ਲੈਂਦੀ ਤਾਂ ਪੰਜਾਬ ਵਿੱਚ ਹੜ੍ਹ ਨਹੀਂ ਆਉਣੇ ਸਨ। ਸਾਨੂੰ ਪਾਣੀ ਰਿਲੀਜ਼ ਨਹੀਂ ਕਰਨਾ ਪੈਣਾ ਸੀ। ਅੱਜ ਭਾਰਤ ਸਰਕਾਰ ਦਿੱਲੀ ਤੋਂ ਕਹਿੰਦੀ ਹੈ ਕਿ ਅਸੀਂ ਪਾਕਿਸਤਾਨ ਨੂੰ ਪਾਣੀ ਨਹੀਂ ਜਾਣ ਦੇਣਾ। ਮੰਤਰੀ ਜੀ ਇੱਥੇ ਬੈਠੇ ਹਨ, ਇਹ ਵੀ ਇਸ ਚੀਜ਼ ਨੂੰ ਜਨਤਕ ਕਰਨਗੇ ਕਿ ਦਿੱਲੀ ਤੋਂ ਚਿੱਠੀਆਂ ਆਉਂਦੀਆਂ ਹਨ ਕਿ ਪਾਕਿਸਤਾਨ ਨੂੰ ਪਾਣੀ ਨਹੀਂ ਜਾਣ ਦੇਣਾ। ਸਰ, ਗੱਲ ਇਹ ਹੈ ਕਿ ਜੇ ਪਾਕਿਸਤਾਨ ਨੂੰ ਪਾਣੀ ਨਹੀਂ ਭੇਜਣਾ ਹੈ ਤਾਂ ਇਸ ਨੂੰ ਪੰਜਾਬ ਵਿੱਚ ਵਰਤੀਏ। ਸਾਡਾ ਇਨਫਰਾਸਟ੍ਰਕਚਰ ਲੰਗੜਾ ਹੋਇਆ ਫਿਰਦਾ ਹੈ। ਸਾਡੀਆਂ ਨਹਿਰਾਂ ਤੇ, ਸਾਡੇ ਸੂਇਆਂ ਤੇ ਕੰਮ ਕਰਨ ਦੀ ਲੋੜ ਹੈ ਤਾਂ ਕਿ ਅਸੀਂ ਉਨ੍ਹਾਂ ਨੂੰ ਯੂਟੇਲਾਈਜ਼ ਕਰੀਏ। ਭਾਵੇਂ ਦਸੰਬਰ ਦਾ ਮਹੀਨਾ ਹੋਵੇ, ਭਾਵੇਂ ਨਵੰਬਰ ਦਾ ਮਹੀਨਾ ਹੋਵੇ, ਪਾਣੀ ਉਨ੍ਹਾਂ ਵਿੱਚ ਭਰ ਕੇ ਰੱਖੀਏ। ਸਰ, ਇਸ਼ੂ ਇਹ ਹੈ ਕਿ ਜੂਨ ਤੋਂ ਲੈ ਕੇ ਸਤੰਬਰ ਤੋਂ ਬਾਅਦ ਪੰਜਾਬ ਵਿੱਚ ਪਾਣੀ ਦੀ ਕੰਜ਼ਪਸ਼ਨ ਨਹੀਂ ਹੁੰਦੀ ਕਿਉਂਕਿ ਅਸੀਂ ਕਣਕ ਬੀਜਦੇ ਹਾਂ, ਕਣਕ ਨੂੰ ਕੋਈ ਜ਼ਿਆਦਾ ਪਾਣੀ ਨਹੀਂ ਚਾਹੀਦਾ ਹੁੰਦਾ, ਜਦੋਂ ਬਾਅਦ ਵਿੱਚ ਝੋਨਾ ਬੀਜਦੇ ਹਾਂ ਤਾਂ ਬਾਰਸ਼ਾਂ ਆ ਜਾਂਦੀਆਂ ਹਨ। ਭਾਰਤ ਸਰਕਾਰ ਕਹਿੰਦੀ ਹੈ ਕਿ ਪਾਕਿਸਤਾਨ ਨੂੰ ਪਾਣੀ ਨਹੀਂ ਛੱਡਣਾ ਤੇ ਫਿਰ ਡੈਮ ਦੇ ਪਾਣੀ ਦਾ ਲੈਵਲ ਵਧਾਉਂਦੇ ਰਹਿੰਦੇ ਹਨ ਅਤੇ ਫਿਰ ਇੱਕਦਮ ਪਾਣੀ ਛੱਡਿਆ ਜਾਂਦਾ ਹੈ, ਜਿਸ ਨਾਲ ਪੰਜਾਬ ਦੀ ਤਬਾਹੀ ਹੁੰਦੀ ਹੈ। ਸੋ, ਇਹ ਪਲਾਨਡ ਤਰੀਕੇ ਨਾਲ ਪੰਜਾਬ ਦੀ ਡਿਸਟ੍ਰਕਸ਼ਨ ਹੋ ਰਹੀ ਹੈ।

**ਮਾਣਯੋਗ ਸਪੀਕਰ**: ਕਨਕਲੂਡ ਕਰ ਲਵੋ ਪਿਆਰੇ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, ਬਸ ਦੋ-ਤਿੰਨ ਮਿੰਟ ਦੇ ਦਿਓ।

**ਮਾਣਯੋਗ ਸਪੀਕਰ**: ਕਨਕਲੂਡ ਕਰ ਲਵੋ। ਤੁਸੀਂ ਤਾਂ ਸੀ.ਐਮ. ਸਾਹਿਬ ਦੇ ਹਿੱਸੇ ਦਾ ਟਾਇਮ ਵੀ ਲੈ ਗਏ ਹੋ।

**ਮੁੱਖ ਮੰਤਰੀ (ਬੈਠੇ-ਬੈਠੇ):** ਮੇਰੇ ਕੋਟੇ ਦਾ ਟਾਈਮ ਤਾਂ ਖਤਮ ਹੋ ਗਿਆ ਜੀ, ਹੁਣ ਤਾਂ ਤੁਹਾਡੇ ਨਾਂ ਤੇ ਹੈ। (ਹਾਸਾ)

**ਰਾਣਾ ਇੰਦਰ ਪ੍ਰਤਾਪ ਸਿੰਘ:** ਸਰ, ਮੈਂ ਦੋ-ਤਿੰਨ ਮਿੰਟ ਵਿੱਚ ਕਨਕਲੂਡ ਕਰ ਦਿੰਦਾ ਹਾਂ। ਸਰ, ਇਸ ਦਾ ਹੱਲ ਇਹ ਹੈ ਕਿ ਸਾਨੂੰ ਨਹਿਰਾਂ ਨੂੰ, ਡਰੇਨਾਂ ਨੂੰ, ਕੱਸੀਆਂ ਨੂੰ ਪਾਣੀ ਨਾਲ ਭਰ ਕੇ ਰੱਖਣਾ ਚਾਹੀਦਾ ਹੈ ਤਾਂ ਕਿ ਸਾਡਾ ਵਾਟਰ ਟੇਬਲ ਵੀ ਰਾਈਜ਼ ਕਰੇ ਅਤੇ ਇਸ ਨਾਲ ਬਿਜਲੀ ਦੀ ਪਾਵਰ ਸਬਸਿਡੀ ਵੀ ਰਿਡਿਊਸ ਹੋਵੇਗੀ। ਸਰ, ਸਾਲ 2019 ਅਤੇ 2023 ਵਿੱਚ ਪੌਂਗ ਡੈਮ ਤੇ ਭਾਖੜਾ ਡੈਮ ਉਤੇ ਦਿੱਲੀ ਵਾਲੇ ਕੰਟਰੋਲ ਕਰਦੇ ਸਨ। ਉਨ੍ਹਾਂ ਨੇ ਸਾਨੂੰ ਉਦੋਂ ਵੀ ਮਾਰਿਆ। ਮੈਂ ਬਸ ਕਨਕਲੂਡ ਕਰ ਰਿਹਾ ਹਾਂ। ਉਦੋਂ ਅਸੀਂ ਰਣਜੀਤ ਸਾਗਰ ਡੈਮ ਨਾਲ ਨਹੀਂ ਮਰੇ ਸੀ। ਅੱਜ ਮੰਤਰੀ ਜੀ ਨੇ ਬੜੀ ਵਧੀਆ ਗੱਲ ਕਹੀ ਕਿ ਫੋਰਕਾਸਟਿੰਗ ਹੁੰਦੀ ਹੈ। ਐਤਕੀਂ ਆਈ.ਐਮ.ਡੀ. ਨੇ 105% ਮੌਨਸੂਨ ਦੀ ਫੋਰਕਾਸਟ ਕੀਤੀ ਸੀ। ਡੈਮ ਲੈਵਲ ਵਧਦੇ ਰਹੇ ਤੇ ਅਸੀਂ ਅੱਖਾਂ ਬੰਦ ਕਰਕੇ ਬੈਠੇ ਰਹੇ। ਸਰ, ਮੰਤਰੀ ਜੀ ਨੇ ਦੱਸਿਆ ਕਿ ਪਲਾਨਡ ਮੈਨਰ ਵਿੱਚ ਉਝ ਰਿਵਰ ਵਿੱਚ 24 ਜਾਂ 26 ਤਰੀਕ ਨੂੰ ਪਾਣੀ ਵਧਿਆ ਤੇ ਡੈਮਾਂ ਦੇ ਰੂਲਾਂ ਦੇ ਹਿਸਾਬ ਨਾਲ ਜਿੰਨਾ ਇਨਫਲੋਅ ਹੋਵੇ, ਉਨਾ ਹੀ ਆਊਟਫਲੋਅ ਕੱਢਣਾ ਪੈਂਦਾ ਹੈ। ਜਨਾਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ 1 ਅਗਸਤ ਤੋਂ 22 ਅਗਸਤ ਤੱਕ ਉਹ ਰੂਲ ਫਾਲੋ ਕਿਉਂ ਨਹੀਂ ਹੋਇਆ? 80,000 ਕਿਊਸਿਕ ਪਾਣੀ ਆਇਆ ਲੇਕਿਨ ਛੱਡਿਆ 4600 ਕਿਊਸਿਕ। 31,000 ਕਿਊਸਿਕ ਪਾਣੀ ਆਇਆ ਤੇ 17 ਤਰੀਕ ਨੂੰ 174 ਕਿਊਸਿਕ ਪਾਣੀ ਛੱਡਿਆ ਅਤੇ 24 ਤਰੀਕ ਨੂੰ ਅਸੀਂ ਦੋ ਲੱਖ ਕਿਊਸਿਕ ਪਾਣੀ ਛੱਡ ਦਿੰਦੇ ਹਾਂ। ਸਰ ਨੇ ਕਿਹਾ ਕਿ ਬੀ.ਬੀ.ਐਮ.ਬੀ. ਬੋਰਡ ਤੇ ਸਾਡਾ ਕੰਟਰੋਲ ਹੋਣਾ ਚਾਹੀਦਾ ਹੈ, ਇਹ ਬਹੁਤ ਮਹੱਤਵਪੂਰਣ ਚੀਜ਼ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਫਲੱਡ ਫੋਰਕਾਸਟਿੰਗ ਕਮੇਟੀ ਬਣਨੀ ਚਾਹੀਦੀ ਹੈ। ਜੇ ਬੀ.ਬੀ.ਐਮ.ਬੀ. ਨੇ ਸਾਨੂੰ ਪਾਣੀ ਨਹੀਂ ਛੱਡਣ ਦਿੱਤਾ ਤਾਂ ਮੰਤਰੀ ਜੀ ਉਦੋਂ ਅਸੀਂ ਕੁੰਡਾ ਲਗਾ ਕੇ ਚੁੱਪ ਕਿਉਂ ਰਹੇ? ਤੁਸੀਂ ਰੌਲਾ ਕਿਉਂ ਨਹੀਂ ਪਾਇਆ? ਪੰਜਾਬ ਨੂੰ ਕਿਉਂ ਨਹੀਂ ਦੱਸਿਆ ਕਿ ਬੀ.ਬੀ.ਐਮ.ਬੀ. ਸਾਨੂੰ ਪਾਣੀ ਨਹੀਂ ਛੱਡਣ ਦੇ ਰਿਹਾ ਤੇ ਪੰਜਾਬ ਨੂੰ ਡੋਬ ਰਿਹਾ ਹੈ। ਪੰਜਾਬ ਨਾਲ ਧੱਕਾ ਹੋ ਰਿਹਾ ਹੈ। ਸਾਨੂੰ ਇਸ ਤੇ ਸਟੈਂਡ ਲੈਣ ਦੀ ਲੋੜ ਹੈ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਨੂੰ ਕੋਈ ਠੋਕ ਨਾ ਸਕੇ।

**ਮਾਣਯੋਗ ਸਪੀਕਰ**: ਧੰਨਵਾਦ, ਧੰਨਵਾਦ। ਸਰਦਾਰ ਕੁਲਵੰਤ ਸਿੰਘ ਪੰਡੋਰੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ.):** ਧੰਨਵਾਦ, ਸਪੀਕਰ ਸਾਹਿਬ, ਤੁਸੀਂ ਮੈਨੂੰ ਬਹੁਤ ਹੀ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਵੇਰ ਤੋਂ ਬਹੁਤ ਹੀ ਗੰਭੀਰ ਮਸਲੇ ਤੇ ਬਹੁਤ ਵਧੀਆ ਢੰਗ ਨਾਲ ਡਿਬੇਟ ਹੋ ਰਹੀ ਹੈ। ਅੱਜ ਆਪਾਂ ਸਾਰੇ ਜਾਣਦੇ ਹਾਂ ਕਿ ਸਾਡਾ ਪੰਜਾਬ ਕੁਦਰਤੀ ਕਰੋਪੀ ਕਰਕੇ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ ਪਰ ਆਪਣੀ ਬਦਕਿਸਮਤੀ ਹੈ ਕਿ ਆਪਾਂ ਇਸ ਵਿੱਚ ਅਜੇ ਵੀ ਰਾਜਨੀਤੀ ਕਰ ਰਹੇ ਹਾਂ। ਉਹ ਹਾਲਾਤ ਦੇਖਣ ਵਾਲੇ ਸੀ। ਮੈਂ ਫਿਰੋਜ਼ਪੁਰ ਹਲਕੇ ਵਿੱਚ ਜਾ ਕੇ ਦੇਖਿਆ ਕਿ ਕਈ ਪਰਿਵਾਰਾਂ ਨੇ ਪੁੱਤਾਂ ਵਾਂਗੂ ਡੰਗਰ ਪਾਲੇ ਹੋਏ ਸੀ। ਮੈਂ ਇੱਕ ਵੀਡੀਓ ਦੇਖੀ ਕਿ ਇੱਕ ਬੰਦਾ ਆਪਣੀ ਝੋਟੀ ਦਾ ਸੰਗਲ ਖੋਲ੍ਹ ਰਿਹਾ ਸੀ ਤਾਂ ਮੈਨੂੰ ਪਤਾ ਹੈ ਕਿ ਉਹ ਦੇਖ ਕੇ ਹਰੇਕ ਦਾ ਦਿਲ ਰੋਂਦਾ ਸੀ। ਉਸ ਦੀਆਂ ਇੰਨੀਆਂ ਰੋਣ ਵਾਲੀਆਂ ਗੱਲਾਂ ਸੀ ਕਿ ਉਸ ਦੀਆਂ ਆਪਣੀਆਂ ਪਾਲੀਆਂ-ਪੋਸੀਆਂ ਝੋਟੀਆਂ ਪਾਣੀ ਵਿੱਚ

ਰੁੜ੍ਹ ਗਈਆਂ। ਗਰੀਬਾਂ ਦੇ ਘਰ ਰੁੜ੍ਹ ਗਏ ਕਿਉਂਕਿ ਗਰੀਬਾਂ ਨੇ ਤਾਂ ਉਹੀ ਕੰਮ ਕਰਨਾ ਹੁੰਦਾ ਹੈ ਤੇ ਉਹੀ ਖਾਣਾ ਹੁੰਦਾ ਹੈ। ਇਹ ਬਹੁਤ ਵੱਡੀ ਕਰੋਪੀ ਆਈ ਹੈ। ਮੈਂ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰੀ ਇੰਨਾ ਪਾਣੀ ਆਉਂਦਾ ਦੇਖਿਆ ਹੈ। ਆਪਾਂ ਇਸ ਵਿੱਚ ਰਾਜਨੀਤੀ ਨਾ ਕਰੀਏ ਤੇ ਆਪਾਂ ਜਿੰਨੀ ਵੀ ਲੋਕਾਂ ਦੀ ਬਾਂਹ ਫੜ ਸਕਦੇ ਹਾਂ, ਉਹ ਫੜੀਏ। ਮੈਂ ਦੇਖਿਆ ਕਿ ਅਸੀਂ ਜਦੋਂ ਆਪਣੇ ਇਲਾਕੇ ਵਿੱਚ ਲੋਕਾਂ ਨੂੰ ਅਪੀਲ ਕੀਤੀ ਤਾਂ ਜੇ ਕਿਸੇ ਕੋਲ ਪਸ਼ੂਆਂ ਲਈ ਦੋ ਏਕੜ ਅਚਾਰ ਪਿਆ ਸੀ ਤਾਂ ਉਨ੍ਹਾਂ ਨੇ ਸਾਨੂੰ ਦੋ ਦਾ ਦੋ ਏਕੜ ਹੀ ਦੇ ਦਿੱਤਾ। ਜਦੋਂ ਪਾਣੀ ਆਇਆ ਤਾਂ ਤੀਜੇ ਦਿਨ ਹੀ ਅਸੀਂ 13 ਟਰਾਲੀਆਂ ਅਚਾਰ ਦੀਆਂ ਫਿਰੋਜ਼ਪੁਰ ਵਿੱਚ ਲੈ ਕੇ ਗਏ ਸੀ। ਮੇਰਾ ਕਹਿਣ ਦਾ ਭਾਵ ਹੈ ਕਿ ਲੋਕਾਂ ਨੇ ਸਾਨੂੰ ਜਵਾਬ ਨਹੀਂ ਦਿੱਤਾ। ਮੈਂ ਤਾਂ ਸ਼ੁਕਰ ਕਰਦਾ ਹਾਂ ਕਿ ਅਸੀਂ ਬਾਬੇ ਨਾਨਕ ਦੀ ਧਰਤੀ ਤੇ ਜਨਮ ਲਿਆ ਹੈ। ਇੱਥੇ ਆਪਾਂ ਨੂੰ ਇੰਨਾ ਵਧੀਆ ਵਿਰਸਾ ਮਿਲਿਆ ਹੋਇਆ ਹੈ, ਸਾਡੇ ਗੁਰੂਆਂ ਦੀ ਸਾਡੇ ਤੇ ਇੰਨੀ ਵੱਡੀ ਰਹਿਮਤ ਹੈ। ਬਾਹਰਲੇ ਰਾਜਾਂ ਵਿੱਚ ਜਾ ਕੇ ਦੇਖਿਆ ਹੈ, ਉੱਥੇ ਕੋਈ ਪੁੱਛਦਾ ਹੀ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਬਹੁਤ ਮਾੜੇ ਹਾਲਾਤ ਹਨ, ਜਦੋਂ ਇਹੋ ਜਿਹੀ ਕੋਈ ਕਰੋਪੀ ਆ ਜਾਂਦੀ ਹੈ। ਸਾਡੇ ਤਾਂ ਹਰ ਤਿੰਨ ਕਿਲੋਮੀਟਰ ਤੇ ਗੁਰੂ ਮਹਾਰਾਜ ਦੀ ਕ੍ਰਿਪਾ ਹੈ ਕਿ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਚੱਲੀ ਜਾਂਦੀ ਹੈ, ਲੰਗਰ ਲੱਗੇ ਹੋਏ ਹਨ। ਸਾਨੂੰ ਇਹ ਵਿਰਾਸਤ ਵਿੱਚ ਮਿਲਿਆ ਹੈ, ਅਸੀਂ ਇਸ ਨੂੰ ਸਾਂਭ ਕੇ ਰੱਖੀਏ। ਆਪਾਂ ਇੱਕ ਦੂਜੇ ਤੇ ਦੂਸ਼ਣਬਾਜ਼ੀ ਨਾ ਹੀ ਕਰੀਏ। ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਨੂੰ ਦਿਲੋਂ ਦੇਖਿਆ ਹੈ, ਪਹਿਲਾਂ ਭਾਵੇਂ ਜਦੋਂ ਇਹ ਐਮ.ਪੀ. ਹੁੰਦੇ ਸੀ, ਇਹ ਸਾਲ ਬਾਅਦ ਆਪਣੇ ਇੱਕ ਇੱਕ ਰੁਪਏ ਦਾ ਹਿਸਾਬ ਹਰ ਸਾਲ ਲੋਕਾਂ ਨੂੰ ਦਿੰਦੇ ਸੀ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਹਰ ਸਾਲ ਬਾਅਦ, ਭਾਵੇਂ ਪਿਛਲਾ ਕੁਝ ਵਿਆਜ ਵੀ ਹੁੰਦਾ ਸੀ, ਉਹ ਵੀ ਦੱਸ ਦਿੰਦੇ ਸੀ ਕਿ ਇੰਨਾ ਵਿਆਜ ਸੀ ਅਤੇ ਇਸ ਪਿੰਡ ਨੂੰ ਦਿੱਤਾ ਹੈ, ਯਾਨੀ ਕਿ ਇਹ ਇੱਕ ਇੱਕ ਰੁਪਏ ਦਾ ਹਿਸਾਬ ਰੱਖਦੇ ਹਨ। ਮੈਨੂੰ ਪੂਰਾ ਮਾਣ ਹੈ ਕਿ ਇਹ ਇੱਕ ਰੁਪਏ ਦਾ ਸਵਾ ਰੁਪਏ ਬਣਾ ਕੇ ਲਗਾਉਣਗੇ। ਅਸੀਂ ਵੱਧ ਤੋਂ ਵੱਧ ਸਾਰੇ ਪੰਜਾਬੀਆਂ ਨੂੰ, ਜਿੰਨੇ ਵੀ ਆਪਣੇ ਦੋਸਤ-ਮਿੱਤਰ ਦੂਰ ਬੈਠੇ ਹਨ, ਉਨ੍ਹਾਂ ਸਾਰਿਆਂ ਨੂੰ ਅਪੀਲ ਕਰੀਏ ਕਿ ਮੁੱਖ ਮੰਤਰੀ ਰਿਲੀਫ ਫੰਡ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਈਏ ਤਾਂ ਕਿ ਜਿਨ੍ਹਾਂ ਭਰਾਵਾਂ ਤੇ ਬਹੁਤ ਵੱਡੀ ਕਰੋਪੀ ਆਈ ਹੈ, ਉਨ੍ਹਾਂ ਨੂੰ ਕੁਝ ਰਾਹਤ ਮਿਲ ਸਕੇ। ਇੱਥੇ ਸਾਡੇ ਮਾਲਵੇ ਦੇ ਛੋਟੇ ਬੱਚਿਆਂ ਨੇ ਆਪਣੀਆਂ ਹੱਟੜੀਆਂ ਵਿੱਚੋਂ ਪੈਸੇ ਕੱਢ-ਕੱਢ ਕੇ ਯੋਗਦਾਨ ਪਾਇਆ ਹੈ। ਹੁਣ ਵੀ ਕੋਈ ਘਾਟ ਨਹੀਂ ਛੱਡਦੇ ਕਿਉਂਕਿ ਇੰਨਾ ਰਾਸ਼ਨ ਜਾ ਰਿਹਾ ਹੈ, ਇੰਨਾ ਪਸ਼ੂਆਂ ਲਈ ਅਚਾਰ ਜਾ ਰਿਹਾ ਹੈ। ਹਰ ਰੋਜ਼ ਮੇਰੇ ਹਲਕੇ ਵਿੱਚੋਂ ਟਰਾਲੀਆਂ ਲੈ ਕੇ ਜਾਂਦੀਆਂ ਹਨ, ਹਰਿਆਣਾ, ਰਾਜਸਥਾਨ ਅਤੇ ਯੂ.ਪੀ. ਤੋਂ ਜਾਂਦੇ ਹਨ, ਬਹੁਤ ਵੱਡੀ ਰਾਹਤ ਦਿੱਤੀ ਜਾ ਰਹੀ ਹੈ। ਅੱਗੇ ਤੋਂ ਇਹੀ ਅਪੀਲ ਕਰਦੇ ਹਾਂ ਕਿ ਅਸੀਂ ਸਾਰੇ ਰਲ-ਮਿਲ ਕੇ ਜਿੰਨਾ ਵੀ ਨੁਕਸਾਨ ਹੋਇਆ ਹੈ, ਉਸ ਦੀ ਭਰਪਾਈ ਕਰਨ ਲਈ ਹਰ ਤਰ੍ਹਾਂ ਦਾ ਯਤਨ ਕਰੀਏ। ਮੈਂ ਪਹਿਲੀ ਵਾਰੀ ਮੰਤਰੀ ਦੇਖੇ ਹਨ ਜਿਨ੍ਹਾਂ ਨੇ ਗਰਾਊਂਡ ਲੈਵਲ ਤੇ ਸੇਵਾ ਕੀਤੀ ਹੈ। ਆਪਣੇ ਧਾਲੀਵਾਲ ਸਾਹਿਬ, ਡਾ. ਬਲਬੀਰ ਜੀ, ਕਟਾਰੂਚਕ ਜੀ, ਭੁੱਲਰ ਸਾਹਿਬ, ਚੀਮਾ ਸਾਹਿਬ, ਸਾਰੇ ਬੈਠੇ ਹਨ, ਸਾਡੇ ਵੀ ਏਰੀਏ ਦੇ ਅਫਸਰ ਸਾਹਿਬਾਨਾਂ ਦੀਆਂ ਡਿਊਟੀਆਂ ਲਗਾਈਆਂ ਸੀ ਕਿ ਜਾ ਕੇ ਉੱਥੇ ਖੜ੍ਹੋ ਯਾਨੀ ਕਿ ਸਭ ਤੋਂ ਵੱਡੀ ਸੇਵਾ ਆਪਾਂ ਜਿੰਨੇ ਵੀ ਐਮ.ਐਲ.ਏ. ਸਾਹਿਬਾਨ ਬੈਠੇ ਹਨ, ਜਿੰਨਾ ਬਣਦਾ ਯੋਗਦਾਨ ਸੀ, ਸਭ ਨੇ ਪਾਇਆ ਹੈ। ਅੱਗੇ ਤੋਂ ਮੈਂ ਇਹੀ ਆਸ ਕਰਦਾ ਹਾਂ ਕਿ ਕੁਦਰਤੀ ਆਫਤ ਵਿੱਚ ਅਸੀਂ ਸਾਰੇ ਹਿੱਸੇਦਾਰ ਬਣੀਏ ਅਤੇ ਆਪਣੇ ਸਾਰੇ ਦੋਸਤਾਂ ਨੂੰ ਵੀ ਬਣਾਈਏ। ਸਾਰਿਆਂ ਦਾ ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ:** ਆਪਾਂ ਸੱਚੀਂ ਬਾਬੇ ਨਾਨਕ ਜੀ ਦੀ ਇਸ ਬਖਸ਼ੀ ਹੋਈ ਧਰਤੀ ਤੇ ਹਾਂ। ਜਦੋਂ ਦੇਸ਼ ਦੇ ਹੋਰ ਥਾਵਾਂ ਅਤੇ ਹੋਰ ਸੂਬਿਆਂ ਵਿੱਚ ਕੋਈ ਕੁਦਰਤੀ ਆਫਤ ਆਉਂਦੀ ਹੈ ਤਾਂ ਉੱਥੇ ਕੀਮਤਾਂ ਵੱਧ ਜਾਂਦੀਆਂ ਹਨ। ਪਾਣੀ ਦੀ ਬੋਤਲ 400/- ਤੋਂ 500/- ਰੁਪਏ ਵਿੱਚ ਵਿਕਦੀ ਹੈ। ਇੱਥੇ ਇੰਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਮਤ ਹੈ ਕਿ ਲੰਗਰ ਲੱਗ ਜਾਂਦੇ

ਹਨ, ਇੱਥੇ ਖਾਣ-ਪੀਣ ਦੀ ਕੋਈ ਤੋਟ ਨਹੀਂ ਰਹਿੰਦੀ। ਸੋ, ਹੁਣ, ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ):** ਮਾਣਯੋਗ ਸਪੀਕਰ ਸਾਹਿਬ, ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਬਹੁਤ ਧੰਨਵਾਦ, ਬਹੁਤ ਬਹੁਤ ਸ਼ੁਕਰੀਆ। ਅੱਜ "ਪੰਜਾਬ ਪੁਨਰਵਾਸ" ਦੇ ਬਹੁਤ ਗੰਭੀਰ ਮੁੱਦੇ ਉਤੇ ਇਸ ਮੁਕੱਦਸ ਹਾਊਸ ਵਿੱਚ ਬਹਿਸ ਚੱਲ ਰਹੀ ਹੈ। ਜਿੰਨੀ ਜਿੰਨੀ ਪ੍ਰਮਾਤਮਾ ਨੇ ਜਿਸ ਨੂੰ ਬੁੱਧੀ ਬਖਸ਼ੀ ਹੈ, ਉਨੀ-ਉਨੀ ਉਨ੍ਹਾਂ ਨੇ ਇੱਥੇ ਬੋਲ ਕੇ ਵਰਤ ਲਈ ਹੈ। ਕਿਸੇ ਨੂੰ ਵੱਧ ਹੈ, ਕਿਸੇ ਨੂੰ ਘੱਟ ਹੈ, ਕੋਈ ਨਹੀਂ ਵੀ ਬੋਲਿਆ, ਉਹ ਕਹਿੰਦਾ ਕਿ ਚਲੋ ਕੋਈ ਨਹੀਂ ਅਗਲੀ ਵਾਰ ਬੋਲ ਲਵਾਂਗੇ। ਕੋਈ ਬਹੁਤਾ ਜ਼ਿਆਦਾ ਬੋਲ ਗਿਆ, ਜਿੰਨਾ ਪ੍ਰਮਾਤਮਾ ਨੇ ਬਲ ਬਖਸ਼ਿਆ ਹੈ, ਉਨਾ ਕੁ ਉਹ ਬੋਲੀ ਜਾਂਦੇ ਹਨ। ਕਿਸੇ ਦੀ ਵੱਧ ਬੋਲੀ ਗੱਲ ਦਾ ਵੀ ਅਸਰ ਨਹੀਂ ਹੁੰਦਾ, ਕੋਈ ਥੋੜ੍ਹਾ ਜਿਹਾ ਬੋਲ ਕੇ ਵੀ ਆਪਣੀ ਛਾਪ ਛੱਡ ਜਾਂਦਾ ਹੈ। ਪੰਜਾਬ ਬਹੁਤ ਵੱਡੀ ਤ੍ਰਾਸਦੀ ਵਿੱਚੋਂ ਨਿਕਲ ਰਿਹਾ ਹੈ। ਅਜੇ ਨਿਕਲਿਆ ਨਹੀਂ ਹੈ, ਨਿਕਲ ਰਿਹਾ ਹੈ। ਅਜੇ ਪਹਿਲਾ ਪੜਾਅ ਰਾਹਤ ਵਾਲਾ ਪਾਰ ਕੀਤਾ ਹੈ, ਜਾਨ- ਮਾਲ ਨੂੰ ਬਚਾਉਣ ਵਾਲਾ, ਜਿਸ ਵਿੱਚ ਤੁਸੀਂ ਹੁਣੇ ਹੀ ਬੋਲਿਆ ਹੈ ਕਿ ਸਾਨੂੰ ਵਰਦਾਨ ਪ੍ਰਾਪਤ ਹੈ ਕਿ ਭਾਵੇਂ ਤੁਰਕੀ ਵਿੱਚ ਭੂਚਾਲ ਆਇਆ ਹੋਵੇ, ਭਾਵੇਂ ਦੇਸ਼ ਦੇ ਕਿਸੇ ਸੂਬੇ ਵਿੱਚ ਕੋਈ ਸੁਨਾਮੀ ਜਾਂ ਨੇਪਾਲ ਜਾਂ ਭੁਜ ਵਿੱਚ ਭੂਚਾਲ ਆਇਆ ਹੋਵੇ, ਉੱਥੇ ਰੈੱਡ ਕਰਾਸ ਪਹੁੰਚੇ ਜਾਂ ਨਾ ਪਹੁੰਚੇ ਪਰ ਸਾਡਾ ਗੁਰੂ ਸਾਹਿਬ ਦਾ 20 ਰੁਪਏ ਵਾਲਾ ਲੰਗਰ ਪਹਿਲਾਂ ਚੱਲ ਪੈਂਦਾ ਹੈ ਜੀ। ਸੋ, ਕੁਦਰਤੀ ਆਫਤਾਂ ਵਿੱਚ ਪੰਜਾਬੀਆਂ ਨੂੰ ਇੱਕ ਬਲ, ਸੁਮੱਤ ਗੁਰੂ ਸਾਹਿਬ ਜੀ ਵੱਲੋਂ ਬਖਸ਼ੀ ਹੋਈ ਹੈ, ਉਹ ਉੱਥੇ ਖਿੱਚ ਕੇ ਲੈ ਜਾਂਦੀ ਹੈ, ਉਹ ਆਪਣੇ ਕੰਮ ਛੱਡ ਕੇ ਉੱਥੇ ਚਲੇ ਜਾਂਦੇ ਹਨ। ਜਦੋਂ ਕੋਈ ਸੋਸ਼ਲ cause ਜਾਂ ਕਾਮਨ cause ਹੋਵੇ, ਮੈਂ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਅਤੇ ਧਾਰਮਿਕ ਸੰਸਥਾਵਾਂ ਦਾ ਧੰਨਵਾਦ ਕਰਦਾ ਹਾਂ, ਬਹੁਤ ਸਾਰੇ ਇੰਡੀਵਿਜੂਅਲ ਲੱਖਾਂ ਨੌਜਵਾਨਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਛਾਤੀ ਤੱਕ ਦੇ ਪਾਣੀ ਵਿੱਚ ਵੜ ਕੇ, ਆਪਣੀਆਂ ਜਾਨਾਂ ਖਤਰੇ ਵਿੱਚ ਪਾ ਕੇ, ਲੱਖਾਂ ਲੋਕਾਂ ਦੀਆਂ ਜਾਨਾਂ ਬਚਾਈਆਂ ਹਨ ਕਿਉਂਕਿ ਇਕੱਲਾ ਗੌਰਮਿੰਟਾਂ ਉੱਤੇ ਛੱਡ ਕੇ ਅਜਿਹੀਆਂ ਕੁਦਰਤੀ ਆਫਤਾਂ ਦਾ ਸਾਹਮਣਾ ਨਹੀਂ ਕੀਤਾ ਜਾ ਸਕਦਾ ਹੈ। ਇਸ ਨੂੰ ਇੱਕ ਲੋਕ ਲਹਿਰ ਬਣਾਉਣ ਦੀ ਲੋੜ ਹੁੰਦੀ ਹੈ।

ਮੇਰੇ ਕੋਲ ਅੰਕੜੇ ਹਰ ਰੋਜ਼ ਆਉਂਦੇ ਹਨ। ਮੇਰੇ ਟਿੱਪਸ ’ਤੇ ਇਹ ਅੰਕੜੇ ਪਏ ਹਨ। ਹਿਸਟਰੀ ਵਿੱਚ ਐਨਾ ਪਾਣੀ ਕਦੇ ਨਹੀਂ ਆਇਆ। ਸਰ, 1988 ਤਾਂ ਬਹੁਤ ਪਿੱਛੇ ਰਹਿ ਗਿਆ ਹੈ, ਜਿੰਨਾ ਪਾਣੀ ਇਸ ਵਾਰ ਪੰਜਾਬ ਨੇ ਝੱਲਿਆ ਹੈ। ਸਪੀਕਰ ਸਾਹਿਬ, ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਆਫਤਾਂ ਵਿੱਚ ਵੀ ਕੁਝ ਲੋਕ ਅਵਸਰ ਭਾਲਦੇ ਹਨ, ਮੌਕਾ ਭਾਲਦੇ ਹਨ ਕਿ ਚਲੋ ਸ਼ੁਕਰ ਹੈ, ਹੜ੍ਹ ਆਏ ਹਨ ਅਤੇ ਭਗਵੰਤ ਮਾਨ ਨੂੰ ਗਾਲ੍ਹਾਂ ਕੱਢਣ ਦਾ ਮੌਕਾ ਮਿਲ ਗਿਆ ਹੈ। ਭਗਵੰਤ ਮਾਨ ਨੂੰ ਗਾਲ੍ਹਾਂ ਕੱਢੀਏ ਕਿ ਹੜ੍ਹ ਉਹ ਲੈ ਕੇ ਆਇਆ ਹੈ। ਮੈਂ ਕਹਿੰਦਾ ਹਾਂ ਕਿ Little knowledge is too dangerous. ਸਪੀਕਰ ਸਾਹਿਬ, ਕਹਿੰਦੇ ਹਨ ਕਿ ਖੱਡਾਂ ਕਿਹੜੀਆਂ ਹਨ। ਕਹਿੰਦੇ ਹਨ ਕਿ ਰਣਜੀਤ ਸਾਗਰ ਡੈਮ ਤੋਂ ਥੱਲੇ ਤਾਂ ਕੋਈ ਖੱਡ ਹੀ ਨਹੀਂ ਹੈ। ਮਾਣਯੋਗ ਭਾਜਪਾ ਦੇ ਪ੍ਰਧਾਨ, ਜੋ ਕਿ ਡੇਢ ਸਾਲ ਗੁਰਦਾਸਪੁਰ ਤੋਂ ਐਮ.ਪੀ. ਵੀ ਰਹੇ ਹਨ। ਮਾਣਯੋਗ ਐਲ.ਓ.ਪੀ. ਸਾਹਿਬ ਬੈਠੇ ਹਨ, ਉਹ ਇਸ ਏਰੀਏ ਤੋਂ ਬਿਲੌਂਗ ਕਰਦੇ ਹਨ। ਇਹ ਵੀ ਐਮ.ਪੀ. ਰਹੇ ਹਨ ਅਤੇ ਇਲਾਕੇ ਦੇ ਐਮ.ਐਲ.ਏ. ਵੀ ਹਨ। ਇਹ ਕਹਿੰਦੇ ਹਨ ਕਿ ਉਹ ਕਿਹੜੀਆਂ ਖੱਡਾਂ ਹਨ? ਸਾਨੂੰ ਦੱਸੋ। ਤੁਸੀਂ ਐਵੇਂ ਹੀ ਕਹੀ ਜਾਂਦੇ ਹੋ। ਉਥੇ ਤਾਂ ਕੋਈ ਖੱਡ ਹੈ ਹੀ ਨਹੀਂ ਹੈ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਇਹ ਹੋਮਵਰਕ ਕਰਕੇ ਆ ਜਾਇਆ ਕਰਨ ਤਾਂ ਸ਼ਾਇਦ ਤੁਹਾਡੀ ਪਾਰਟੀ ਦਾ ਇਹ ਹਾਲ ਨਹੀਂ ਹੋਣਾ ਸੀ। ਹੋਮਵਰਕ ਤੋਂ ਬਿਨਾਂ ਕੁਝ ਵੀ ਨਹੀਂ ਹੋ ਸਕਦਾ। ਇਹ ਕਹਿੰਦੇ ਚਲੋ ਮੌਕਾ ਮਿਲ ਗਿਆ ਹੈ, ਬੋਲੀ ਜਾਓ। ਮੈਂ ਹੁਣ ਖੱਡਾਂ ਦੱਸਣ ਲੱਗਿਆ ਹਾਂ।

ਜਿਹੜੀਆਂ ਖੱਡਾਂ ਵਿੱਚ ਪਾਣੀ ਆਇਆ ਹੈ ਅਤੇ ਕਿੰਨਾ ਪਾਣੀ ਆਇਆ ਹੈ, ਇਹ ਸਭ ਦੱਸਾਂਗਾ। ਅੱਜ ਪਾਣੀ ਦਾ ਪਾਣੀ ਅਤੇ ਦੁੱਧ ਦਾ ਦੁੱਧ ਹੋ ਜਾਵੇਗਾ, ਥੋੜ੍ਹਾ ਚਿਰ ਬੈਠੇ ਰਹੋ। ਮੈਂ ਅੱਜ ਰੁਪਿਆਂ ਦਾ ਅਤੇ ਪਾਣੀ ਦੀ ਇੱਕ-ਇੱਕ ਬੂੰਦ ਦਾ ਸਾਰਾ ਹਿਸਾਬ ਦੇ ਕੇ ਜਾਵਾਂਗਾ। ਸਰ, ਪਾਕਿਸਤਾਨ ਨਾਲ ਸਬੰਧਤ ਬੈਣ ਨਾਲਾ ਅਤੇ ਬਸੰਤਰ ਨਾਲਾ ਦੋ ਖੱਡਾਂ ਹਨ। ਜਿਹੜੇ ਸਾਡੇ ਡੈਮ ਹਨ, ਉਸ ਵਿੱਚ ਦੋ ਲੱਖ ਤੋਂ ਵੱਧ ਪਾਣੀ ਉਝ ਦਰਿਆ ਤੋਂ ਆਇਆ ਹੈ। ਰਣਜੀਤ ਸਾਗਰ ਡੈਮ ਵਿੱਚ 2 ਲੱਖ 15 ਹਜ਼ਾਰ ਕਿਊਸਿਕ ਪਾਣੀ ਆਇਆ ਹੈ। ਹੁਣ ਜਿਹੜੀਆਂ ਜੰਮੂ ਕਸ਼ਮੀਰ ਤੋਂ ਖੱਡਾਂ ਆਉਂਦੀਆਂ ਹਨ, ਉਨ੍ਹਾਂ ਦੇ ਨਾਂ ਵੀ ਸੁਣ ਲਓ। ਸ਼ਿੰਗਾਰਵਾਨ, ਜਲਾਲੀਆ, ਖ਼ੂਨੀ ਨਾਲਾ, ਤਰਨਾ ਨਾਲਾ, ਨੂਰਾ ਖੱਡ, ਸੁਖਰਾਲ ਖੱਡ, ਬਸੰਤਪੁਰ, ਭਟਿੰਡੀ ਨਾਲਾ, ਬਰਨੀ ਖੱਡ, ਕਿਆਲਾ ਖੱਡ, ਧਨਾ ਖੱਡ, ਵਿਨਾਟ ਖੱਡ, ਧਨੋਟ ਖੱਡ ਤੇ ਕਰਦੋ ਖੱਡ ਜੰਮੂ ਕਸ਼ਮੀਰ ਤੋਂ ਆਉਣ ਵਾਲੀਆਂ ਖੱਡਾਂ ਹਨ। ਜਿਹੜੀਆਂ ਪੰਜਾਬ ਵਿੱਚ ਖੱਡਾਂ ਹਨ, ਉਨ੍ਹਾਂ ਵਿੱਚ ਸ਼ਹਿਰਚੰਨੀ ਖੱਡ, ਨੌਮਨੀ ਨਾਲਾ, ਸੱਕੀ ਨਾਲਾ, ਸਲਾਰੀ ਖੱਡ, ਮੱਟੀ ਖੱਡ ਹਨ। ਇਨ੍ਹਾਂ ਜੰਮੂ-ਕਸ਼ਮੀਰ ਅਤੇ ਪੰਜਾਬ ਵਾਲੀਆਂ ਖੱਡਾਂ ਵਿੱਚ 9 ਲੱਖ 89 ਹਜ਼ਾਰ 836 ਕਿਊਸਿਕ ਪਾਣੀ ਆਇਆ ਹੈ। ਦੁਬਾਰਾ ਬੋਲ ਦਿੰਦਾ ਹਾਂ ਕਿਉਂਕਿ ਇੱਥੇ ਅੰਗਰੇਜ਼ੀ ਵਾਲੇ ਵੀ ਬੈਠੇ ਹਨ ਕਿਉਂਕਿ 89 ਦਾ ਮਤਲਬ ਕਈ ਵਾਰੀ ਨਹੀਂ ਪਤਾ ਹੁੰਦਾ ਹੈ। Nine Lakh Eighty Nine thousand eight hundred and thirty six ਕਿਊਸਿਕ ਵਾਟਰ ਆਇਆ ਹੈ। ਜਿਹੜਾ ਇਹ ਕਹਿੰਦੇ ਹਨ ਕਿ ਪਾਣੀ ਕਿਉਂ ਛੱਡਿਆ ਹੈ। ਇਹ ਉਹ ਖੱਡਾਂ ਹਨ, ਜਿੱਥੇ ਕਦੇ ਵੀ ਪਾਣੀ ਆ ਜਾਂਦਾ ਹੈ। ਜਿਵੇਂ ਬੱਦਲ ਫੱਟ ਗਿਆ ਤਾਂ ਨਾ ਉਨ੍ਹਾਂ ਨੂੰ ਪਤਾ ਲੱਗਿਆ ਅਤੇ ਨਾ ਸਾਨੂੰ ਦੱਸਣ ਦਾ ਮੌਕਾ ਮਿਲਿਆ। ਇਹ ਉਹ ਖੱਡਾਂ ਹਨ, ਜਿਨ੍ਹਾਂ ਨੂੰ ਬਰਸਾਤੀ ਨਾਲੇ ਵੀ ਕਹਿ ਲੈਂਦੇ ਹਾਂ। ਟੋਟਲ 14 ਲੱਖ ਕਿਊਸਕ ਪਾਣੀ ਵਿੱਚੋਂ 9 ਲੱਖ ਕਿਊਸਕ ਪਾਣੀ ਇੱਧਰ ਆਇਆ ਹੈ। ਸਪੀਕਰ ਸਾਹਿਬ, ਦਸ ਲੱਖ ਹੀ ਕਹਿ ਲਓ। ਇਹ ਕਹਿੰਦੇ ਹਨ ਕਿ ਕਿਹੜੀ ਖੱਡ ਚੱਲੀ ਹੈ, ਉਥੇ ਤਾਂ ਕੋਈ ਖੱਡ ਹੈ ਨਹੀਂ ਹੈ ਕਿਉਂਕਿ ਇਨ੍ਹਾਂ ਨੂੰ ਉਨ੍ਹਾਂ ਖੱਡਾਂ ਤੇ ਜਾਣ ਦੀ ਆਦਤ ਨਹੀਂ ਹੈ। ਇਹ (ਵਿਰੋਧੀ ਧਿਰ ਦੇ ਨੇਤਾ ਵੱਲ ਇਸ਼ਾਰਾ ਕਰਦੇ ਹੋਏ) ਐਮ.ਪੀ. ਵੀ ਰਹੇ ਹਨ, ਕੈਬਨਿਟ ਮੰਤਰੀ ਵੀ ਰਹੇ ਹਨ, ਰਾਜ ਸਭਾ ਦੇ ਮੈਂਬਰ ਵੀ ਰਹੇ ਹਨ ਪਰ ਇਹ ਉਸ ਇਲਾਕੇ ਵਿੱਚ ਨਹੀਂ ਜਾ ਸਕਦੇ ਹਨ ਕਿਉਂਕਿ ਇਨ੍ਹਾਂ ਨੇ ਧਰਤੀ ਨਹੀਂ ਦੇਖੀ। ਧਰਤੀ ਤੇ ਰਹਿਣਾ ਬੜਾ ਜ਼ਰੂਰੀ ਹੈ। ਇਹ ਗਮਲਿਆਂ ਵਾਲੇ ਬੂਟੇ ਹਨ। ਗਮਲੇ ਵਾਲਾ ਬੂਟਾ ਜੇਕਰ ਥੋੜ੍ਹੀ ਜਿਹੀ ਹਵਾ ਵਿੱਚ ਆ ਜਾਵੇ ਤਾਂ ਗਮਲਾ ਅਤੇ ਬੂਟਾ ਦੋਨੋਂ ਟੁੱਟ ਜਾਂਦੇ ਹਨ। ਸਾਡੇ ਵਾਲੇ ਸਾਰੇ, ਅਸੀਂ ਬੋਹੜ ਹਾਂ। ਸਾਡੀਆਂ ਤਾਂ ਜੜ੍ਹਾਂ ਧਰਤੀ ਨਾਲ ਲੱਗੀਆਂ ਹੋਈਆਂ ਹਨ, ਜਿੰਨੇ ਮਰਜ਼ੀ ਤੂਫਾਨ ਆ ਜਾਣ, ਜਿੰਨੀਆਂ ਮਰਜ਼ੀ ਗਾਲ੍ਹਾਂ ਕੱਢ ਲੈਣ, ਜਿੰਨੀ ਮਰਜ਼ੀ ਆਲੋਚਨਾ ਕਰ ਲੈਣ, ਅਸੀਂ ਆਪਣੀ ਥਾਂ ਤੇ ਹੀ ਖੜ੍ਹੇ ਰਹਿੰਦੇ ਹਾਂ ਕਿਉਂਕਿ ਅਸੀਂ ਆਪਣੀ ਧਰਤੀ ਨਾਲ ਜੁੜੇ ਹੋਏ ਹਾਂ। ਅਸੀਂ ਪਿੰਡਾਂ ਨਾਲ ਜੁੜੇ ਹੋਏ ਹਾਂ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਇਹ ਗਮਲੇ ਅਤੇ ਬੋਹੜ ਦਾ ਫਰਕ ਹੈ ਜੀ। ਸਪੀਕਰ ਸਾਹਿਬ, ਇੱਕ jonga ਜਿਹਾ ਬਣਾ ਲਿਆ, ਉਹ ਬਣਾ ਕੇ ਕਹਿੰਦੇ ਕਿ ਚਲੋ ਯਾਰ, ਮੌਕਾ ਵਧੀਆ ਹੈ, ਫੋਟੋ ਖਿਚਵਾਈਏ। ਰਾਣਾ ਜੀ, (ਆਜ਼ਾਦ ਮੈਂਬਰ, ਰਾਣਾ ਇੰਦਰ ਪ੍ਰਤਾਪ ਸਿੰਘ ਵੱਲ ਇਸ਼ਾਰਾ ਕਰਦੇ ਹੋਏ) ਸਭ ਤੋਂ ਵੱਧ ਹੱਸ ਰਹੇ ਹਨ। ਉਸ ਦੀ 12 ਬੰਦਿਆਂ ਦੀ ਕੈਪੇਸਿਟੀ ਹੈ, 9 ਬੰਦੇ ਤਾਂ ਆਪਣੇ ਘਰੋਂ ਹੀ ਲੈ ਗਏ, 3 ਬੰਦੇ ਰਹਿ ਗਏ। ਤਿੰਨ ਬੰਦਿਆਂ ਨੂੰ ਬਚਾ ਸਕਦੇ ਹਨ। ਉਹ ਜਾਂਦੇ ਹੋਏ ਫੋਟੋ ਪਿੱਛੇ ਲੜ ਪਏ, ਕਹਿੰਦੇ ਬੜਾ ਵਧੀਆ ਮੌਕਾ ਹੈ, ਫੋਟੋ ਖਿਚਾ ਕੇ ਸ਼ਾਮ ਨੂੰ ਭਗਵੰਤ ਮਾਨ ਨੂੰ ਗਾਲ੍ਹਾਂ ਵੀ ਕੱਢਣੀਆਂ ਹਨ, ਪਰ੍ਹਾਂ ਹੋ ਜਾਓ, ਮੇਰੀ ਫੋਟੋ ਆ ਲੈਣ ਦਿਉ। ਜਿਹੜੀਆਂ ਤਿੰਨ ਸੀਟਾਂ ਰਹਿ ਗਈਆਂ ਸਨ, ਉਹ ਕਿਹੜੇ ਤਿੰਨ ਬਚਾ ਕੇ ਲਿਆਂਦੇ ਹਨ? ਮੈਂ ਪਾਸ ਬਣਾ ਦੇਵਾਂਗਾ, ਉਹ ਕੱਲ੍ਹ ਨੂੰ ਇੱਥੇ ਪੇਸ਼ ਕਰ ਦੇਣ। ਥੋੜ੍ਹੇ ਜਿਹੇ ਪਾਣੀ ਵਿੱਚ ਗਏ। ਕਹਿੰਦੇ, ਫੋਟੋਆਂ ਹੋ ਗਈਆਂ, ਚਲੋ ਹੁਣ ਮੋੜ ਲਓ। ਉਸ ਤੋਂ ਬਾਅਦ ਨਾ ਤਾਂ ਜੋਂਗਾ ਲੱਭਿਆ ਹੈ, ਨਾ ਆਪ ਲੱਭੇ ਹਨ। ਕੀ ਇਸ ਤਰ੍ਹਾਂ ਹੜ੍ਹਾਂ ਤੋਂ ਬਚਾਅ ਹੋ ਜਾਂਦਾ ਹੈ? ਇਸ ਵਾਸਤੇ ਪਾਣੀ ਵਿੱਚ ਵੜਨਾ ਪੈਂਦਾ ਹੈ। ਸਰਦਾਰ ਕੁਲਦੀਪ ਸਿੰਘ ਧਾਲੀਵਾਲ ਦੇ ਹੜ੍ਹਾਂ ਦੇ ਪਾਣੀ ਵਿੱਚ ਪੈਰ ਗਲ਼ ਗਏ, ਭੁੱਲਰ ਸਾਹਿਬ ਦੇ ਪੈਰ ਗਲ਼ ਗਏ। ਜਿੰਨੇ

ਵੀ ਮੰਤਰੀ, ਐਮ.ਐਲ.ਏ. ਸਾਹਿਬਾਨ ਹਨ, ਸਭ ਨੇ ਮਿਹਨਤ ਕੀਤੀ ਹੈ। ਪਾਣੀ ਵਿੱਚ ਵੜਨਾ ਪੈਂਦਾ ਹੈ। ਇਨ੍ਹਾਂ ਨੂੰ ਇਸ ਬਾਰੇ ਕੀ ਪਤਾ ਹੈ। ਇਹ ਨਾ ਤਾਂ ਨੱਕੇ ਤੇ ਗਏ ਹਨ, ਜਿਹੜੇ ਮੂੰਹ ਵਿੱਚ ਸੋਨੇ ਦੇ ਬਿਸਕੁਟ ਲੈ ਕੇ ਜੰਮੇ ਹੋਣ, ਉਨ੍ਹਾਂ ਨੂੰ ਨੱਕਿਆਂ ਤੇ ਜਾਂ ਮੋਘਿਆਂ ਤੇ ਜਾਣ ਦੀ ਕੀ ਲੋੜ ਹੈ? ਇਨ੍ਹਾਂ ਨੇ ਬਸ ਗਾਲ੍ਹਾਂ ਕੱਢਣੀਆਂ ਹਨ, ਉਹ ਕਢਵਾ ਲਓ। ਕਿਰਪਾ ਕਰਕੇ ਇੱਥੇ ਰਾਜਨੀਤੀ ਨਾ ਕਰੋ। ਅਸੀਂ ਸੈਸ਼ਨ ਬੁਲਾਇਆ ਹੈ। ਅਸੀਂ ਗਾਲ੍ਹਾਂ ਖਾਣ ਵਾਸਤੇ ਸੈਸ਼ਨ ਨਹੀਂ ਬੁਲਾਇਆ ਕਿ ਤੁਸੀਂ ਉਲਾਂਭੇ ਦੇ ਕੇ ਤੁਰ ਪਵੋ। ਹਾਲਾਂਕਿ ਤੁਸੀਂ ਵਿਰੋਧੀ ਪਾਰਟੀ ਵਿੱਚ ਹੋ। ਕੇਂਦਰ ਨਾਲ ਗੱਲ ਕਰਨ ਦਾ ਆਪਣਾ ਫਰਜ਼ ਬਣਦਾ ਹੈ। 20-25 ਦਿਨਾਂ ਬਾਅਦ, ਮਹੀਨੇ ਬਾਅਦ ਇਨ੍ਹਾਂ ਦੇ ਜਨਰਲ ਸੈਕਟਰੀ ਆ ਗਏ, ਦੇਸ਼ ਦੇ ਲੀਡਰ ਹਨ, ਉਨ੍ਹਾਂ ਨੂੰ ਪਰਾਪਰ ਜਿੰਨੀ ਸਕਿਉਰਿਟੀ ਚਾਹੀਦੀ ਹੈ, Z++ ਕੈਟਾਗਰੀ ਹੈ, ਉਨ੍ਹਾਂ ਨੂੰ ਅਸੀਂ ਦਿੱਤੀ ਪਰ ਉਹ ਜ਼ਿੱਦ ਕਰ ਬੈਠੇ ਕਿ ਰਾਵੀ ਦੇ ਪਰਲੇ ਪਾਸੇ 5-7 ਪਿੰਡ ਹਨ, ਉੱਥੇ ਜਾਣਾ ਹੈ। ਰਾਵੀ ਏਨੇ ਜ਼ਿਆਦਾ ਫਲੋਅ ਵਿੱਚ ਵਹਿ ਰਹੀ ਹੈ ਕਿ ਜੇਕਰ ਮੋਟਰ ਬੋਟ ਵੀ ਹੋਵੇਗੀ ਤਾਂ ਉਹ ਜਾਂਦੀ ਜਾਂਦੀ ਹਿੱਲੇਗੀ, ਉਹ ਸਿੱਧੀ ਨਹੀਂ ਜਾਵੇਗੀ। 800 ਮੀਟਰ ਤੇ ਉੱਥੇ ਪਾਕਿਸਤਾਨ ਦਾ ਬਾਰਡਰ ਹੈ। ਉਹ ਜਾਂਦੀ ਜਾਂਦੀ 800 ਮੀਟਰ ਤੋਂ ਬਾਹਰ ਹੋ ਗਈ ਫਿਰ ਕੀ ਕਰੋਗੇ? ਫਿਰ ਕਹੋਗੇ ਕਿ ਸਾਡਾ ਰਾਹੁਲ ਗਾਂਧੀ ਪਾਕਿਸਤਾਨ ਭੇਜ ਦਿੱਤਾ। ਫਿਰ ਉਸ ਨੂੰ ਲੈ ਕੇ ਆਓ। ਉਹੀ ਹਾਲ ਉਨ੍ਹਾਂ ਪਿੰਡਾਂ ਦਾ ਹੈ, ਜਿੱਥੇ ਖੜ੍ਹੇ ਸਨ। ਉੱਥੇ ਮੈਂ ਵੀ ਨਹੀਂ ਗਿਆ। ਉੱਥੇ ਤਾਂ ਕੋਈ ਵੀ ਨਹੀਂ ਗਿਆ। ਉੱਥੇ ਫੌਜ ਦੇ ਹੈਲੀਕਾਪਟਰ ਗਏ ਹਨ, ਉੱਥੇ ਰਾਸ਼ਨ ਪਾਣੀ ਭੇਜਿਆ ਗਿਆ ਹੈ। ਉੱਥੇ ਐਵੇਂ ਹੀ ਛੋਟੇ ਛੋਟੇ ਅਫਸਰਾਂ ਨਾਲ ਇਹ ਬਹਿਸੀ ਜਾਂਦੇ ਹਨ।

ਮੇਰੇ ਕੋਲ ਸਾਰਾ ਡਾਟਾ ਪਿਆ ਹੈ। ਇਹ ਹੜ੍ਹ ਇਕੱਲਾ ਪਾਣੀ ਹੀ ਨਹੀਂ ਲੈ ਕੇ ਆਇਆ, ਇਹ ਇਕੱਲੇ ਮੱਝਾਂ-ਗਾਵਾਂ, ਬੰਦੇ ਜਾਂ ਘਰ ਨਹੀਂ ਰੋੜ੍ਹ ਕੇ ਲੈ ਗਿਆ, ਇਹ ਲੱਖਾਂ ਲੋਕਾਂ ਦੇ ਸੁਪਨੇ ਰੋੜ੍ਹ ਕੇ ਲੈ ਕੇ ਗਿਆ ਹੈ। ਇਹ ਸੱਧਰਾਂ ਰੋੜ੍ਹ ਕੇ ਲੈ ਕੇ ਗਿਆ ਹੈ। ਇਸ ਬਾਰੇ ਕਿਸੇ ਨੇ ਗੱਲ ਨਹੀਂ ਕੀਤੀ। ਬਹੁਤ ਸਾਰੇ ਪਿੰਡਾਂ ਵਿੱਚ ਬੱਚਿਆਂ ਦੇ ਸਿਲੇਬਸ ਦੀਆਂ ਕਿਤਾਬਾਂ ਰੁੜ੍ਹ ਗਈਆਂ। ਜਦੋਂ ਘਰ ਹੀ ਰੁੜ੍ਹ ਗਿਆ ਤਾਂ ਕਿਤਾਬਾਂ ਵੀ ਰੁੜ੍ਹ ਗਈਆਂ। ਬੱਚੇ ਕਿਵੇਂ ਪੇਪਰ ਦੇਣਗੇ? ਕੀ ਇਸ ਬਾਰੇ ਕਿਸੇ ਨੇ ਗੱਲ ਕੀਤੀ ਹੈ? ਕਹਿੰਦੇ ਭਗਵੰਤ ਮਾਨ ਨੇ ਇਹ ਹੜ੍ਹ ਲਿਆਂਦਾ ਹੈ। ਕੀ ਮੈਂ ਸੁੱਖੂ ਤੋਂ ਪਹਾੜ ਉਧਾਰੇ ਲੈ ਕੇ ਆਇਆ ਹਾਂ ਕਿ ਪਹਾੜਾਂ ਦੇ ਪਹਾੜ ਆ ਗਏ? ਕੀ ਤੁਹਾਡੇ ਤੋਂ ਉੱਥੇ ਪ੍ਰਬੰਧ ਹੋ ਗਿਆ? ਉੱਥੇ ਤਾਂ ਤੁਹਾਡੀ ਸਰਕਾਰ ਹੈ? ਤੁਸੀਂ ਉੱਥੇ ਰੋਕ ਲੈਂਦੇ। ਕੀ ਤੁਸੀਂ ਉੱਥੇ ਡੀ-ਸਿਲਟਿੰਗ ਨਹੀਂ ਕੀਤੀ? ਡੀ-ਸਿਲਟਿੰਗ ਦਾ ਕਾਨੂੰਨ ਕਾਂਗਰਸ ਨੇ ਬਣਾਇਆ ਹੈ। ਕਾਂਗਰਸ ਨੇ ਇਹ ਕਿਹਾ ਕਿ ਜਦੋਂ ਰਣਜੀਤ ਸਾਗਰ ਡੈਮ ਦੇ ਪਾਣੀ ਦਾ ਲੈਵਲ 524 ਫੁੱਟ ਤੱਕ ਜਾਵੇਗਾ ਤਾਂ ਉਸ ਤੋਂ ਬਾਅਦ ਪਾਣੀ ਛੱਡਾਂਗੇ। ਇਹ ਕਾਂਗਰਸ ਨੇ ਲਿਖਿਆ ਹੋਇਆ ਹੈ, ਇਹ ਕਾਂਗਰਸ ਦੀ ਸਰਕਾਰ ਵੇਲੇ ਹੋਇਆ। ਕੀ ਹੁਣ ਸਾਰਾ ਕੁਝ ਤਿੰਨ ਸਾਲਾਂ ਵਿੱਚ ਹੀ ਹੋ ਗਿਆ? ਕੀ ਇਸ ਤੋਂ ਪਹਿਲਾਂ ਕਦੇ ਕੁਝ ਹੋਇਆ ਹੀ ਨਹੀਂ ਸੀ? ਤੁਸੀਂ ਹਰ ਗੱਲ ਉਤੇ ਰਾਜਨੀਤੀ ਨਾ ਕਰੋ ਕਿਉਂਕਿ ਅਸੀਂ ਅੰਕੜਿਆਂ ਨਾਲ ਬੋਲਦੇ ਹਾਂ। ਜਿਹੜੇ ਕਹਿੰਦੇ ਸੀ ਕਿ ਆਈ.ਐਮ.ਡੀ. ਮੀਹਾਂ, ਬਾਰਸ਼ਾਂ ਦੇ ਅੰਦਾਜ਼ੇ ਲਗਾਉਂਦੀ ਹੈ ਤੇ ਸਾਰਾ ਦੇਸ਼ ਉਸ ਹਿਸਾਬ ਨਾਲ ਪ੍ਰਬੰਧ ਕਰਦਾ ਹੈ। ਆਈ.ਐਮ.ਡੀ. ਨੇ ਕੀ ਕਿਹਾ, ਜਿਵੇਂ ਸਰਦਾਰ ਪਰਗਟ ਸਿੰਘ ਜੀ ਨੇ ਕਿਹਾ ਕਿ 17-08-2025 ਨੂੰ 9 ਮਿਲੀਮੀਟਰ ਬਾਰਸ਼ ਦੀ ਭਵਿੱਖਬਾਣੀ ਕੀਤੀ ਗਈ, ਅਸਲ ਵਿੱਚ 185.5 ਮਿਲੀਮੀਟਰ ਬਾਰਸ਼ ਹੋਈ ਭਾਵ ਕਿ 1961% ਜ਼ਿਆਦਾ ਬਾਰਸ਼ ਹੋਈ। 18 ਤਾਰੀਖ ਨੂੰ 15 ਮਿਲੀਮੀਟਰ ਦੀ ਭਵਿੱਖਬਾਣੀ ਕੀਤੀ ਗਈ ਅਤੇ 4.5 ਮਿਲੀਮੀਟਰ ਬਾਰਸ਼ ਪਈ ਭਾਵ ਕਿ ਮਾਈਨਸ 70% ਮੀਂਹ ਪਿਆ। 19 ਤਾਰੀਖ ਨੂੰ 9 ਮਿਲੀਮੀਟਰ ਬਾਰਸ਼ ਦੀ ਭਵਿੱਖਬਾਣੀ ਕੀਤੀ ਗਈ ਪਰ 15 ਮਿਲੀਮੀਟਰ ਬਾਰਸ਼ ਹੋਈ ਭਾਵ ਕਿ 69% ਜ਼ਿਆਦਾ ਬਾਰਸ਼ ਹੋਈ। 20 ਤਾਰੀਖ ਨੂੰ 74 ਮਿਲੀਮੀਟਰ ਬਾਰਸ਼ ਦੀ ਭਵਿੱਖਬਾਣੀ ਕੀਤੀ ਗਈ ਪਰ 4 ਮਿਲੀਮੀਟਰ ਬਾਰਸ਼ ਪਈ ਭਾਵ ਕਿ ਮਾਈਨਸ 43% ਬਾਰਸ਼ ਪਈ, ਮਤਲਬ ਇਹ ਵੀ ਗਲਤ ਹੋ ਰਿਹਾ ਹੈ, ਜੇਕਰ ਮਾਈਨਸ 43% ਹੋ ਰਹੀ ਹੈ ਤਾਂ ਇਹ ਵੀ ਗਲਤ ਹੈ। 21 ਤਰੀਕ ਨੂੰ 5 ਮਿਲੀਮੀਟਰ ਦੀ ਬਾਰਸ਼ ਦੀ ਭਵਿੱਖਬਾਣੀ ਕੀਤੀ

ਗਈ ਪਰ ਉਸ ਵੇਲੇ ਕੋਈ ਮੀਂਹ ਨਹੀਂ ਪਿਆ। 22 ਤਰੀਕ ਨੂੰ 5 ਮਿਲੀਮੀਟਰ ਬਾਰਸ਼ ਦੀ ਭਵਿੱਖਬਾਣੀ ਕੀਤੀ ਗਈ ਪਰ ਕੋਈ ਮੀਂਹ ਨਹੀਂ ਪਿਆ। 23 ਤਾਰੀਖ ਨੂੰ 8 ਮਿਲੀਮੀਟਰ ਬਾਰਸ਼ ਦੀ ਭਵਿੱਖਬਾਣੀ ਕੀਤੀ ਗਈ ਪਰ 39.5 ਮਿਲੀਮੀਟਰ ਬਾਰਸ਼ ਪਈ, ਭਾਵ ਕਿ 394% ਜ਼ਿਆਦਾ ਬਾਰਸ਼ ਪਈ। 24 ਤਾਰੀਖ ਨੂੰ 21 ਮਿਲੀਮੀਟਰ ਬਾਰਸ਼ ਦੀ ਭਵਿੱਖਬਾਣੀ ਕੀਤੀ ਗਈ ਪਰ 163 ਮਿਲੀਮੀਟਰ ਬਾਰਸ਼ ਪਈ ਭਾਵ ਕਿ 676% ਜ਼ਿਆਦਾ ਬਾਰਸ਼ ਪਈ। 25 ਤਾਰੀਖ ਨੂੰ 18 ਮਿਲੀਮੀਟਰ ਬਾਰਸ਼ ਦੀ ਭਵਿੱਖਬਾਣੀ ਕੀਤੀ ਗਈ 163 ਮਿਲੀਮੀਟਰ ਮੀਂਹ ਪਿਆ ਭਾਵ ਕਿ 676% ਜ਼ਿਆਦਾ ਮੀਂਹ ਪਿਆ। 25 ਤਰੀਕ ਨੂੰ 18 ਮਿਲੀਮੀਟਰ ਬਾਰਸ਼ ਦੀ ਭਵਿੱਖਬਾਣੀ ਕੀਤੀ ਗਈ ਪਰ 147 ਮਿਲੀਮੀਟਰ ਮੀਂਹ ਪਿਆ, ਭਾਵ ਕਿ 717% ਜ਼ਿਆਦਾ ਮੀਂਹ ਪਿਆ। 26 ਤਰੀਕ ਨੂੰ 13 ਮਿਲੀਮੀਟਰ ਬਾਰਸ਼ ਦੀ ਭਵਿੱਖਬਾਣੀ ਕੀਤੀ ਗਈ ਪਰ 90 ਮਿਲੀਮੀਟਰ ਮੀਂਹ ਪਿਆ ਭਾਵ ਕਿ 596% ਜ਼ਿਆਦਾ ਮੀਂਹ ਪਿਆ। 27 ਅਗਸਤ ਨੂੰ 5 ਮਿਲੀਮੀਟਰ ਦੀ ਭਵਿੱਖਬਾਣੀ ਕੀਤੀ ਗਈ ਪਰ 57 ਮਿਲੀਮੀਟਰ ਮੀਂਹ ਪਿਆ, ਇਹ 1040% ਜ਼ਿਆਦਾ ਪਿਆ। ਜਨਾਬ, ਇਸ ਏਜੰਸੀ ਨੂੰ ਕੋਈ ਇੱਥੇ ਰਹਿਣ ਦਾ ਹੱਕ ਹੈ? ਸਾਨੂੰ ਇਹ ਕਿਹੜੇ ਅੰਕੜੇ ਦੇ ਰਹੇ ਹਨ, ਮੈਨੂੰ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਨੇ ਆਪਣੇ Classfellow ਰੱਖੇ ਹੋਣੇ। ਉਹੋ ਜਿਹਾ ਉਹ ਪੜ੍ਹੇ ਹੋਣਗੇ, ਉਹ ਕੋਠੇ ਤੇ ਚੜ੍ਹ ਕੇ ਦੱਸਦੇ ਹੋਣੇ ਹਨ ਕਿ ਮੀਂਹ ਪਊ ਜਾਂ ਨਹੀਂ ਪਊ, ਚਲੋ ਲਿਖ ਦਿਓ। ਜਨਾਬ, ਜ਼ਮਾਨਾ ਕਿੱਥੇ ਚਲਾ ਗਿਆ ਹੈ, ਪੰਜ ਪੰਜ ਮਿੰਟਾਂ ਦੀਆਂ ਭਵਿੱਖਬਾਣੀਆਂ ਕੀਤੀਆਂ ਹਨ। ਇਸ ਨਾਲੋਂ ਤਾਂ ਅਸੀਂ ਗੂਗਲ ਤੇ ਹੀ weather ਦੇਖ ਲੈਂਦੇ। ਉਹ ਜ਼ਿਆਦਾ ਵਧੀਆ ਦੱਸ ਦਿੰਦਾ ਹੈ। ਇਹ ਬਾਬੂ ਉੱਥੇ ਬੈਠੇ ਤਨਖਾਹਾਂ ਲਈ ਜਾਂਦੇ ਹਨ। ਸੋ, ਇਸ ਕਰਕੇ ਸਾਡੇ ਡੈਮਾਂ ਦੀ ਹਾਲਤ ਦੇਖ ਲਵੋ। ਸਾਲ 1988 ਵਿੱਚ ਪੌਂਗ ਡੈਮ ਵਿੱਚ ਇੱਕ ਦਿਨ ਦਾ ਫਲੋਅ 33,50,000 ਕਿਊਸਿਕ ਪਾਣੀ ਸੀ। ਇਸ ਸਾਲ 2025 ਵਿੱਚ 53,75,000 ਕਿਊਸਿਕ ਪਾਣੀ ਦਾ ਫਲੋਅ ਸੀ, ਇਸ ਤਰ੍ਹਾਂ 60.4% ਪਾਣੀ ਜ਼ਿਆਦਾ ਆਇਆ ਹੈ। ਰਣਜੀਤ ਸਾਗਰ ਡੈਮ ਹਾਲਾਂ ਕਿ 1988 ਤੋਂ ਬਾਅਦ ਵਿੱਚ ਬਣਿਆ ਹੈ, ਉੱਥੇ ਸਾਲ 2023 ਵਿੱਚ 12 ਲੱਖ 40 ਹਜ਼ਾਰ ਕਿਊਸਿਕ ਪ੍ਰਤੀ ਦਿਨ ਫਲੋਅ ਆਇਆ। ਇਸ ਸਾਲ 20 ਲੱਖ 50 ਹਜ਼ਾਰ ਕਿਊਸਿਕ ਪਾਣੀ ਸੀ, ਇਹ ਵੀ 65.3 % ਜ਼ਿਆਦਾ ਆਇਆ ਹੈ। ਭਾਖੜਾ ਡੈਮ ਵਿੱਚ 41 ਲੱਖ 40 ਹਜ਼ਾਰ ਕਿਊਸਿਕ ਪਾਣੀ, ਇਸ ਵਾਰ 42 ਲੱਖ 50 ਹਜ਼ਾਰ ਕਿਊਸਿਕ ਪਾਣੀ ਦਾ ਫਲੋਅ ਸੀ, ਜਿਹੜਾ ਕਿ 2.65 % ਜ਼ਿਆਦਾ ਆਇਆ ਹੈ। ਇਹ ਡੈਮਾਂ ਦੀ ਹਾਲਤ ਹੈ। ਹੁਣ ਭਾਖੜਾ ਅਤੇ ਪੌਂਗ ਡੈਮ, ਬੀ.ਬੀ.ਐਮ.ਬੀ. ਕੋਲ ਹਨ। ਅਸੀਂ ਕਹਿੰਦੇ ਰਹੇ ਹਾਂ ਕਿ ਜਨਾਬ ਜੀ, ਐਲ.ਓ.ਪੀ. ਸਾਹਿਬ ਨੇ ਕਿਹਾ ਹੈ ਕਿ ਤੁਸੀਂ ਤਾਂ ਚਿੱਠੀ ਨਹੀਂ ਲਿਖੀ, ਤੁਸੀਂ ਤਾਂ ਚਿੱਠੀ ਹੀ ਇੰਨੀ ਤਾਰੀਖ ਨੂੰ ਲਿਖੀ ਹੈ। ਸਰ, ਡੀ-ਸਿਲਟਿੰਗ ਦੀਆਂ ਚਿੱਠੀਆਂ ਦੀ ਗੱਲ ਤੁਹਾਨੂੰ ਦੱਸ ਦਿੰਦਾ ਹਾਂ, ਸਭ ਤੋਂ ਪਹਿਲਾਂ ਇਨ੍ਹਾਂ ਨੇ ਕਿਹਾ ਹੈ ਕਿ ਘੱਗਰ ਵਿੱਚ ਡੀ-ਸਿਲਟਿੰਗ ਨਹੀਂ ਕੀਤੀ। ਇਹ ਤੁਹਾਡੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਐਮ.ਐਲ.ਏ. ਨੇ ਦੱਸਿਆ ਹੈ। ਘੱਗਰ ਵਿੱਚ ਡੀ-ਸਿਲਟਿੰਗ ਕੀਤੀ ਹੈ, ਘੱਗਰ ਡੀ-ਸਿਲਟਿੰਗ ਕਰਕੇ ਹੀ ਬਚਿਆ ਹੈ। ਸਰ, ਘੱਗਰ 13 ਵਾਰ ਟੁੱਟਿਆ ਹੈ। ਇਸ ਵਾਰ ਪਹਿਲੀ ਵਾਰ ਹੋਇਆ ਹੈ ਕਿ ਘੱਗਰ ਵਿੱਚ ਪਾਣੀ ਸਭ ਤੋਂ ਜ਼ਿਆਦਾ ਆਇਆ ਪਰ ਘੱਗਰ ਵਿੱਚੋਂ ਇੱਕ ਬੂੰਦ ਵੀ ਓਵਰ ਫਲੋਅ ਹੋ ਕੇ ਇੱਧਰ ਨੂੰ ਨਹੀਂ ਹੋਇਆ। ਇਤਿਹਾਸ ਵਿੱਚ ਇੰਨਾ ਪਾਣੀ ਕਦੇ ਨਹੀਂ ਆਇਆ ਪਰ ਘੱਗਰ ਸੇਫ ਲੰਘ ਗਿਆ। ਮੰਤਰੀ ਸਾਹਿਬ ਦਾ ਏਰੀਆ ਘੱਗਰ ਦਾ ਹੀ ਹੈ। ਫਿਰ ਇਹ ਡਰੇਨਾਂ ਦੀ ਸਫਾਈ ਦੀ ਗੱਲ ਕਰਦੇ ਸੀ, ਅਸੀਂ ਇਨ੍ਹਾਂ ਨੂੰ ਦੱਸ ਦਿੰਦੇ ਹਾਂ ਕਿ ਇਨ੍ਹਾਂ ਦੀ ਗੌਰਮਿੰਟ ਵੇਲੇ ਡਰੇਨਾਂ ਦੀ ਸਫਾਈ ਦਾ ਕਿੰਨੇ ਕਿਲੋਮੀਟਰ ਏਰੀਆ ਕੀਤਾ ਗਿਆ ਅਤੇ ਅਸੀਂ ਕਿੰਨਾ ਕੀਤਾ ਹੈ। ਮੇਰੇ ਕੋਲ ਡਾਟਾ ਪਿਆ ਹੈ, ਮੈਂ ਇਸੇ ਕਰਕੇ ਕਹਿੰਦਾ ਹਾਂ ਕਿ ਥੋੜ੍ਹਾ ਜਿਹਾ ਸੁਣ ਕੇ ਜਾਇਓ ਕਿਉਂਕਿ ਤੁਸੀਂ ਆਪਣੇ ਟਾਈਮ ਤੇ ਪਹਿਲਾਂ ਬੋਲ ਕੇ ਚਲੇ ਜਾਂਦੇ ਹੋ ਪਰ ਉਹ ਤਾਂ ਅੱਜ ਆਇਆ ਹੀ ਨਹੀਂ ਜਿਹੜਾ ਬੋਲ ਕੇ ਚਲਾ ਜਾਂਦਾ ਹੈ। ਉਹ ਤਾਂ ਕਿਤੇ ਕਸੌਲੀ ਵਗੈਰਾ ਫਿਰਦਾ ਹੋਣਾ, ਉਹ ਤਾਂ ਕਹਿੰਦਾ ਹੋਣਾ ਕਿ ਮੈਨੂੰ ਤਾਂ ਫੜ੍ਹਨਗੇ, ਉਸ ਨੂੰ ਐਵੇਂ ਹੀ ਡਰ ਪਿਆ ਹੋਇਆ ਹੈ। ਅਸੀਂ ਬਿਨਾਂ ਕਿਸੇ ਸਬੂਤ ਤੋਂ ਕਿਸੇ ਨੂੰ ਕੁਝ

ਨਹੀਂ ਕਹਿੰਦੇ। ਸੋ, 60 ਸਾਲਾਂ ਤੋਂ ਭਾਖੜਾ ਡੈਮ ਤੇ ਪੌਂਗ ਡੈਮ ਦੀ ਕਦੇ ਡੀ-ਸਿਲਟਿੰਗ ਨਹੀਂ ਹੋਈ, ਨਾ ਹੀ ਕਦੇ ਸਫਾਈ ਹੋਈ ਅਤੇ ਨਾ ਹੀ ਕਦੇ ਮਾਧੋਪੁਰ ਡੈਮ ਦੀ ਗ੍ਰੀਸਿੰਗ ਹੋਈ ਹੈ। ਅਸੀਂ ਐਸ.ਓ.ਪੀ. ਬਣਾ ਕੇ ਹੁਣ ਇਹ ਕੰਮ ਕੀਤਾ ਹੈ। ਇਹ ਐਸ.ਡੀ.ਆਰ.ਐਫ. ਦਾ ਕਹਿੰਦੇ ਹਨ, ਸਾਲ 2001 ਵਿੱਚ ਇਸ ਨੂੰ Calamity Relief Fund ਕਹਿੰਦੇ ਸੀ, ਬਾਅਦ ਵਿੱਚ ਇਸ ਨੂੰ ਐਸ.ਡੀ.ਆਰ.ਐਫ.ਕਹਿਣ ਲੱਗ ਪਏ। ਮੇਰੇ ਕੋਲ ਸਾਲ 2001 ਤੋਂ ਲੈ ਕੇ 2025 ਤੱਕ 25 ਸਾਲ ਦਾ ਡਾਟਾ ਹੈ ਜਿਸ ਵਿੱਚ 22 ਸਾਲ ਇਨ੍ਹਾਂ ਦੀਆਂ ਸਰਕਾਰਾਂ ਰਹੀਆਂ ਹਨ। ਇਨ੍ਹਾਂ ਵਿੱਚੋਂ 12 ਸਾਲ ਅਕਾਲੀ ਦਲ ਅਤੇ 10 ਸਾਲ ਕਾਂਗਰਸ ਸਰਕਾਰ ਰਹੀ ਹੈ। ਇਹ ਪੈਸਾ ਇਨ੍ਹਾਂ ਨੇ ਵੀ ਵਰਤਿਆ ਹੈ। ਸੈਂਟਰ ਸਰਕਾਰ ਵੱਲੋਂ 25 ਸਾਲਾਂ ਵਿੱਚ ਟੋਟਲ 6190 ਕਰੋੜ ਰੁਪਿਆ ਆਇਆ ਹੈ। ਮੇਰੇ ਕੋਲ ਇਹ ਅੰਕੜਾ ਹੈ (ਹੱਥ ਵਿੱਚ ਕਾਗਜ਼ ਦਿਖਾਉਂਦੇ ਹੋਏ।) ਇਹ ਓਪਨਿੰਗ ਬੈਲੇਂਸ ਨੂੰ ਦੇਖੀ ਜਾਂਦੇ ਹਨ, ਉਸ ਵਿੱਚ 2042 ਕਰੋੜ ਪੰਜਾਬ ਨੇ ਪਾਇਆ ਹੈ, 7123 ਕਰੋੜ ਰੁਪਏ ਵਿਆਜ ਦਾ ਹੈ, ਇਹ ਪੈਸਾ ਤਾਂ ਪੰਜਾਬ ਦਾ ਹੈ। 2042 ਕਰੋੜ ਰੁਪਏ ਅਤੇ 7123 ਕਰੋੜ ਰੁਪਿਆ ਤਾਂ ਪੰਜਾਬ ਦਾ ਪੈਸਾ ਹੈ। ਇਸ ਵਿੱਚ ਸੈਂਟਰ ਨੇ ਕਿੰਨਾ ਦਿੱਤਾ ਹੈ? ਜਿਹੜੇ ਕਹਿੰਦੇ ਹਨ ਕਿ ਅਸੀਂ 12,000 ਕਰੋੜ ਰੁਪਿਆ ਪਹਿਲਾਂ ਹੀ ਭੇਜ ਦਿੱਤਾ ਸੀ। 6090 ਕਰੋੜ ਰੁਪਏ 25 ਸਾਲਾਂ ਵਿੱਚ ਭੇਜਿਆ ਹੈ। ਇਹ ਮੇਰੇ ਕੋਲ ਅੰਕੜੇ ਪਏ ਹਨ। ਇਹ ਕਿਹੜੇ 12,000 ਕਰੋੜ ਰੁਪਏ ਦੀ ਗੱਲ ਕਰਦੇ ਹਨ? ਇਹ ਕਹਿੰਦੇ ਹਨ ਕਿ 12,000 ਕਰੋੜ ਰੁਪਿਆ ਕਿੱਥੇ ਗਿਆ, ਇਹ ਪੈਸਾ ਖਾ ਗਏ। ਐਲ.ਓ.ਪੀ. ਸਾਹਿਬ ਬੜੀਆਂ ਬਾਂਹਾਂ ਕੱਢ ਕੱਢ ਬੋਲਦੇ ਸਨ ਕਿ ਇਹ ਪੈਸਾ ਕਿੱਥੇ ਹੈ? ਇਹ ਪੈਸਾ ਤੁਹਾਡੀਆਂ ਸਰਕਾਰਾਂ ਵੇਲੇ ਸੀ। ਮੈਂ ਤੁਹਾਨੂੰ ਦੱਸ ਦਿੰਦਾ ਹਾਂ, ਤੁਸੀਂ ਕਿਹੜੇ ਸਾਲ ਦਾ ਪੁੱਛਣਾ ਹੈ? ਇਹ ਕਹਿੰਦੇ ਕਿ ਚਿੱਠੀ ਕਿਉਂ ਨਹੀਂ ਲਿਖੀ? ਮੈਂ ਦੱਸ ਦਿੰਦਾ ਹਾਂ ਕਿ ਸਭ ਤੋਂ ਪਹਿਲਾਂ cleaning of drains water 2017-18, 2018-19, 2019-20, 2020-21 ਅਤੇ 2021-22 ਵਿੱਚ ਇਨ੍ਹਾਂ ਨੇ 2066 ਕਿਲੋਮੀਟਰ ਡਰੇਨ ਦੀ ਸਫਾਈ ਕੀਤੀ। ਡੀ-ਸਿਲਟਿੰਗ ਕਹਿ ਲਵੋ ਜਾਂ ਸਫਾਈ ਕਹਿ ਲਵੋ। ਸਾਡੇ ਤਿੰਨ ਸਾਲਾਂ ਵਿੱਚ ਸਾਲ 2022-23, 2023-24 ਅਤੇ 2024-25 ਵਿੱਚ ਅਸੀਂ 3825 ਕਿਲੋਮੀਟਰ ਡਰੇਨਾਂ ਦੀ ਸਫਾਈ ਕਰ ਚੁੱਕੇ ਹਾਂ। ਤੁਸੀਂ ਕਿਵੇਂ ਕਹਿੰਦੇ ਹੋ ਕਿ ਡੀ-ਸਿਲਟਿੰਗ ਨਹੀਂ ਕਰਦੇ? ਹੁਣ ਮਾਈਨਿੰਗ ਵਾਲੇ ਠੇਕੇਦਾਰ ਕੌਣ ਹਨ? ਸਾਰੇ ਇਨ੍ਹਾਂ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਦੇ ਹਨ। ਮਾਈਨਿੰਗ ਨੂੰ ਹੁਣ ਤੁਸੀਂ ਕੀ ਕਹੋਗੇ? ਤੁਸੀਂ ਕਹੋਗੇ ਕਿ ਦਰਿਆ ਖੋਰ ਦਿੱਤਾ, ਜੇ ਅਸੀਂ ਨਹੀਂ ਕੀਤੀ ਤਾਂ ਕਹਿੰਦੇ ਹਨ ਕਿ ਮਿੱਟੀ ਕਿਉਂ ਨਹੀਂ ਚੁੱਕੀ। ਜੇ ਮਿੱਟੀ ਚੁੱਕਦੇ ਹਾਂ ਤਾਂ ਕਹਿੰਦੇ ਹਨ ਕਿ ਮਾਈਨਿੰਗ ਕਰਵਾਈ ਹੈ। ਹੁਣ ਮਾਣਯੋਗ ਹਾਈ ਕੋਰਟ ਨੇ ਸਾਨੂੰ ਮੌਕਾ ਦੇ ਦਿੱਤਾ ਹੈ ਕਿ ਹਾਂ ਤੁਸੀਂ ਚੁਕਾ ਲਵੋ, जिसका खेत, उसका रेत, ਜਿਸ ਦਾ ਖੇਤ ਉਸ ਦਾ ਰੇਤ, ਉਹ ਵੀ ਅਸੀਂ ਕਰਾਂਗੇ। ਅਸੀਂ ਚੁੱਕ ਰਹੇ ਹਾਂ, ਅਗਲੀ ਫਸਲ ਵਾਸਤੇ ਤਿਆਰੀ ਕਰਨੀ ਹੈ। ਕਣਕ ਤਾਂ ਹੀ ਬੀਜੀ ਜਾਵੇਗੀ ਜੇ ਉਨ੍ਹਾਂ ਜ਼ਮੀਨਾਂ ਵਿਚੋਂ ਮਿੱਟੀ ਚੁੱਕੀ ਜਾਵੇਗੀ ਕਿਉਂਕਿ ਮਿੱਟੀ, ਰੇਤ 7-8 ਫੁੱਟ ਤੱਕ ਆ ਗਈ ਹੈ। ਜਿਨ੍ਹਾਂ ਕੋਲ ਟਰੈਕਟਰ ਨਹੀਂ, ਅਸੀਂ ਟਰੈਕਟਰ ਦੇਵਾਂਗੇ, ਜੇ.ਸੀ.ਬੀ. ਨਹੀਂ ਤਾਂ ਜੇ.ਸੀ.ਬੀ. ਦੇਵਾਂਗੇ। ਇਹ ਮੌਕਾ ਹੈ, second phase ਹੈ, ਕਿਸਾਨਾਂ ਨੇ ਖੇਤੀ ਫੇਰ ਕਰਨੀ ਹੈ, ਬੱਚਿਆਂ ਨੇ ਸਕੂਲ ਫੇਰ ਜਾਣਾ ਹੈ, ਨੌਜਵਾਨਾਂ ਨੇ ਡਿਗਰੀਆਂ ਲੈ ਕੇ ਆਪਣੇ ਸੁਪਨੇ ਪੂਰੇ ਕਰਨੇ ਹਨ। 19 ਕਾਲਜ, 3200 ਸਕੂਲ ਮਲਬੇ ਦਾ ਢੇਰ ਬਣ ਗਏ ਹਨ। 8500 ਕਿਲੋਮੀਟਰ ਸੜਕਾਂ ਟੁੱਟ ਗਈਆਂ, 2500 ਪੁਲ ਅਤੇ ਛੋਟੀਆਂ-ਛੋਟੀਆਂ ਪੁਲੀਆਂ ਟੁੱਟ ਗਈਆਂ ਹਨ। 5 ਲੱਖ ਬੰਦਾ ਬੇਘਰ ਹੋ ਗਿਆ ਹੈ, 20 ਲੱਖ ਬੰਦਾ ਪ੍ਰਭਾਵਿਤ ਹੋ ਗਿਆ, 58-59 ਜਾਨਾਂ ਚਲੀਆਂ ਗਈਆਂ, ਪਸ਼ੂਆਂ ਦਾ ਹਿਸਾਬ ਅਜੇ ਲਗਾ ਰਹੇ ਹਾਂ। ਉੱਥੇ ਵੀ ਰਾਜਨੀਤੀਆਂ ਕਰੀ ਜਾਂਦੇ ਹਨ। ਉਹ ਦਿੱਲੀ ਵਾਲੇ ਮੰਤਰੀ ਸਾਹਿਬਾਨ ਹਨ, ਉਨ੍ਹਾਂ ਨੇ ਹਰ ਰੋਜ਼ ਤਿੰਨ ਬੰਦਿਆਂ ਦੀ ਡਿਊਟੀ ਲਗਾ ਰੱਖੀ ਸੀ। ਉਹ ਪਜਾਮਾ ਚੁੱਕ ਕੇ ਅਤੇ ਫੋਟੋ ਖਿਚਵਾ ਕੇ ਚਲੇ ਜਾਂਦੇ ਸੀ। ਅਸੀਂ ਵੀ ਨਹੀਂ ਰੋਕਿਆ, ਅਸੀਂ ਕਿਹਾ ਕਿ ਫੋਟੋ ਹੀ ਖਿਚਵਾਉਂਦੇ ਹਨ, ਇਹ ਕਿਹੜਾ ਵਿਚਾਰੇ ਕਿਸੇ ਨੂੰ ਕੁਝ ਕਹਿੰਦੇ ਹਨ ਅਤੇ ਨਾ ਹੀ ਇਨ੍ਹਾਂ ਦੇ ਹੱਥ ਵਿੱਚ ਕੁਝ ਹੈ। ਹਰ ਕੋਈ ਕਹਿੰਦਾ ਸੀ ਕਿ ਦਿੱਲੀ ਜਾ ਕੇ ਗੱਲ ਕਰਕੇ ਰਿਪੋਰਟ ਦੇਵਾਂਗੇ।

ਅਸੀਂ ਕਿਹਾ ਸਾਨੂੰ ਪਤਾ ਹੈ, ਤੁਸੀਂ ਦਿੱਲੀ ਵਾਲੀ ਰਿਪੋਰਟ ਦੇ ਦੇਣਾ। ਤੁਹਾਡੀ ਫੋਟੋ ਵਧੀਆ ਹੋ ਗਈ, ਚਲੋ ਠੀਕ ਹੈ। ਸਾਨੂੰ, ਡੀ.ਸੀਜ਼. ਨੂੰ ਕੰਮ ਕਰ ਲੈਣ ਦੇਵੋ, ਉਹ ਤੁਹਾਡੇ ਨਾਲ ਫਿਰਦੇ ਹਨ। ਤੁਸੀਂ ਆਪਣਾ ਜਹਾਜ਼ ਚੜ੍ਹ ਜਾਵੋ। ਬੜੇ ਆਏ ਅਤੇ ਚੈੱਕ ਕਰਕੇ ਚਲੇ ਗਏ। ਪ੍ਰਧਾਨ ਮੰਤਰੀ ਸਾਹਿਬ ਆਏ, ਉਹ ਕਾਂਗੜੇ ਤੋਂ ਆਏ, ਹੈਲੀਕਾਪਟਰ ਵਿੱਚੋਂ ਦੀ ਦੇਖਿਆ, ਥੱਲੇ ਫੌਜ ਦੇ ਨਾਲ ਸਾਰੇ ਆਪਣੇ ਹੀ ਬੰਦੇ ਬਿਠਾ ਰੱਖੇ ਸੀ। ਉਥੇ ਭਾਜਪਾ ਦਾ ਸਾਰਾ ਕਾਂਗਰਸ ਵਿੰਗ ਬੈਠਾ ਸੀ। ਜਿਹੜੇ ਅਸਲੀ ਭਾਜਪਾ ਵਾਲੇ, ਅਸ਼ਵਨੀ ਕੁਮਾਰ ਹੋਰੀਂ, ਉਹ ਤਾਂ ਵਿਚਾਰੇ ਪਿੱਛੇ ਬੈਠੇ ਸੀ ਤਾਂ ਹੀ ਉਹ ਸ਼ਾਇਦ ਅੱਜ ਨਹੀਂ ਆਏ ਹੋਣੇ, ਉਹ ਕਹਿੰਦੇ ਹੋਣੇ ਕਿ ਇੱਥੇ ਸਾਡਾ ਤਾਂ ਕੋਈ ਕੰਮ ਹੀ ਨਹੀਂ ਹੈ। ਸਾਨੂੰ ਕਿਹੜਾ ਕੋਈ ਇੱਥੇ ਬੁਲਾਉਂਦਾ ਹੈ ਜਾਂ ਤਾਂ ਉਹ ਇਹ ਕਹਿੰਦੇ ਹੋਣੇ ਕਿ ਭਾਜਪਾ ਦਾ ਹਿਸਾਬ ਤਾਂ ਸਾਨੂੰ ਦੇਣਾ ਪੈਂਦਾ ਹੈ, ਮੂਹਰੇ ਪ੍ਰਧਾਨ ਮੰਤਰੀ ਨਾਲ ਕੋਈ ਹੋਰ ਆ ਜਾਂਦਾ ਹੈ। ਇਸ ਕਰਕੇ 1600 ਕਰੋੜ ਰੁਪਿਆ ਅਨਾਊਂਸ ਕਰ ਗਏ। ਫਿਲਹਾਲ 2305 ਪਿੰਡ ਹਨ, ਜੇ ਆਪਾਂ ਇਨ੍ਹਾਂ ਨੂੰ 2305 ਹੀ ਮੰਨ ਲਈਏ, ਪਰਮਾਤਮਾ ਕਰੇ ਹੋਰ ਕੋਈ ਪਿੰਡ ਨਾ ਡੁੱਬਿਆ ਹੋਵੇ। 2305 ਨੂੰ 1600 ਕਰੋੜ ਰੁਪਿਆ ਵੰਡਣਾ ਹੋਵੇ ਤਾਂ ਇੱਕ ਪਿੰਡ ਨੂੰ 80 ਲੱਖ ਰੁਪਿਆ ਵੀ ਨਹੀਂ ਆਇਆ। ਉਨ੍ਹਾਂ ਦੇ ਘਰ, ਉਨ੍ਹਾਂ ਦੇ ਪਸ਼ੂ, ਉਨ੍ਹਾਂ ਦੇ ਖੇਤ, ਟਰੈਕਟਰ, ਮਸ਼ੀਨਰੀ, ਮਜ਼ਦੂਰੀ ਜਿਹੜੀ ਮਰ ਗਈ ਕਿਉਂਕਿ ਫਸਲਾਂ ਕਰਕੇ ਮਜ਼ਦੂਰਾਂ ਦੀ ਵੀ ਦਿਹਾੜੀ ਮਰ ਗਈ, ਇਹ ਸਭ ਕਿਵੇਂ ਦੇਵਾਂਗੇ? 1600 ਕਰੋੜ ਰੁਪਿਆ ਦੇ ਕੇ ਕਹਿੰਦੇ, बहुत दे दिया, बहुत दे दिया, 1500 ਕਰੋੜ ਰੁਪਿਆ ਹਿਮਾਚਲ ਪ੍ਰਦੇਸ਼ ਨੂੰ ਦੇ ਗਏ ਅਤੇ 1600 ਕਰੋੜ ਰੁਪਿਆ ਸਾਨੂੰ ਦੇ ਗਏ। ਮੈਂ ਉਸ ਦਿਨ ਹਸਪਤਾਲ ਵਿੱਚ ਸੀ ਤਾਂ ਇਸ ਤੇ ਵੀ ਰਾਜਨੀਤੀ ਕੀਤੀ ਜਾ ਰਹੀ ਹੈ ਕਿ ਜਾਣ-ਬੁੱਝ ਕੇ ਪੈ ਗਏ। ਕੀ ਕੋਈ ਬਿਮਾਰ ਜਾਣ-ਬੁੱਝ ਕੇ ਹੁੰਦਾ ਹੈ? ਇਹ ਸਮਾਂ ਤਾਂ ਕਿਸੇ ਤੇ ਵੀ ਆ ਸਕਦਾ ਹੈ। ਤੁਸੀਂ ਕਹਿੰਦੇ ਹੋ ਕਿ ਇੱਕ ਮੀਟਿੰਗ ਨਹੀਂ ਕੀਤੀ, 4 ਅਪ੍ਰੈਲ ਨੂੰ ਅਸੀਂ ਪਹਿਲੀ ਮੀਟਿੰਗ ਕੀਤੀ ਸੀ। ਉਦੋਂ ਬਾਜਵਾ ਸਾਹਿਬ ਅਮਰੀਕਾ ਗਏ ਹੋਏ ਸਨ। ਮੈਂ ਇਨ੍ਹਾਂ ਦਾ ਟਵੀਟ ਪੜ੍ਹਦਾ ਸੀ, ਇਨ੍ਹਾਂ ਨੇ ਕਿਹਾ ਸੀ ਕਿ ਮੈਂ ਇਸ ਐਡਰੈੱਸ ਤੇ ਹਾਂ, ਜੇ ਕਿਸੇ ਨੇ ਆਉਣਾ ਹੈ ਤਾਂ ਆ ਜਾਵੋ। ਉੱਥੇ ਕਾਂਗਰਸ ਦੇ ਵੱਡੇ ਸੰਗਠਨ ਹਨ, ਮਿਲਣ ਆ ਗਏ ਹੋਣਗੇ। ਜਦੋਂ ਮੀਂਹ ਪੈ ਰਿਹਾ ਸੀ, ਜਦੋਂ ਉੱਤੋਂ ਪਾਣੀ ਥੋੜ੍ਹਾ ਥੋੜ੍ਹਾ ਆਉਣ ਲੱਗ ਗਿਆ ਸੀ, ਉਦੋਂ ਇਹ ਆਸਟ੍ਰੇਲੀਆ ਗਏ ਸਨ। ਮੈਲਬੋਰਨ ਦੇ ਨੇੜੇ ਕਿਤੇ ਕਰੂਜ਼ ਵਿੱਚ ਫਿਰਦੇ ਸੀ। ਠੀਕ ਹੈ, ਇਸ ਕਰਕੇ ਇਹ ਨਹੀਂ ਕਰਨਾ ਚਾਹੀਦਾ ਕਿ ਕਿਸੇ ਦੀ ਬਿਮਾਰੀ ਦਾ ਤੁਸੀਂ ਮਜ਼ਾਕ ਉਡਾਓ। ਕਹਿੰਦੇ ਕਿ ਮੈਂ ਉਸ ਦੇ ਮੱਥੇ ਹੀ ਨਹੀਂ ਲੱਗਣਾ ਚਾਹੁੰਦਾ, ਮੈਂ ਤਾਂ ਕਹਿੰਦਾ ਹਾਂ ਕਿ ਹਸਪਤਾਲ ਵਿੱਚੋਂ ਵਾਪਸ ਹੀ ਨਾ ਆਵੇ। ਜਨਾਬ ਜੀ, ਤੁਸੀਂ ਭਾਗਯ-ਵਿਧਾਤਾ ਨਹੀਂ, ਤੁਸੀਂ ਹੱਥਾਂ ਵਾਲੀਆਂ ਰੋਟੀਆਂ ਤਾਂ ਖੋਹ ਲਵੋਗੇ, ਮੱਥੇ ਵਾਲੀਆਂ ਲਕੀਰਾਂ ਕਿਵੇਂ ਖੋਹਵੋਗੇ? ਅਸੀਂ ਇੱਥੇ ਹੀ ਰਹਾਂਗੇ, ਐਵੇਂ ਕਿਤੇ ਨਹੀਂ ਜਾਂਦੇ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਤੁਸੀਂ ਜਿੰਨੀ ਮਰਜ਼ੀ ਸੁੱਖਣਾ ਸੁੱਖ ਲਵੋ, ਤੁਸੀਂ ਜਿਸ ਨੂੰ ਵੀ ਮੰਨਦੇ ਹੋ, ਜਿੰਨੀਆਂ ਮਰਜ਼ੀ ਸੁੱਖਣਾ ਸੁੱਖ ਲਵੋ। ਅਸੀਂ ਐਵੇਂ ਨਹੀਂ ਜਾਂਦੇ, ਪਹਿਲਾਂ ਤਾਂ ਤੁਹਾਡੀਆਂ ਜੜ੍ਹਾਂ ਵਿੱਚ ਬੈਠਾਂਗੇ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)।

ਸੋ, ਮੈਂ ਕਹਿੰਦਾ ਹਾਂ ਕਿ ਜੇ ਹਾਂਸੀ-ਬੁਟਾਣਾ ਕਨਾਲ ਹੈ ਤਾਂ ਕੀ ਹਰਿਆਣੇ ਨੇ ਉਹ ਰਾਤੋ-ਰਾਤ ਬਣਾ ਦਿੱਤੀ? ਨਹੀਂ, ਕਈ ਸਾਲਾਂ ਤੋਂ ਬਣਾਈ ਗਏ, ਬਣਾਈ ਗਏ, ਜਦੋਂ ਸਮਾਣੇ ਨਹਿਰ ਦੇ ਨੇੜੇ ਆ ਗਏ, ਉਦੋਂ ਨਾਲ ਜੋੜਨੀ ਸੀ ਤਾਂ ਉਦੋਂ ਅਸੀਂ ਇਜਾਜ਼ਤ ਨਹੀਂ ਦਿੱਤੀ। ਅਸੀਂ ਕਿਹਾ ਇਹ ਤੁਸੀਂ ਸਾਨੂੰ ਪੁੱਛੇ ਬਿਨਾਂ ਕਿਵੇਂ ਬਣਾ ਲਈ? ਤੁਸੀਂ ਇਸ ਤਰ੍ਹਾਂ ਸਾਡੇ ਇਲਾਕੇ ਵਿੱਚ ਕਿਵੇਂ ਬਣਾ ਲਵੋਗੇ? ਉਦੋਂ ਤਾਂ ਪਤਾ ਕੀਤਾ ਨਹੀਂ ਕਿ ਉਹ ਨਹਿਰ ਬਣਾਉਂਦੇ ਆਉਂਦੇ ਹਨ। ਸਾਨੂੰ ਕਹਿੰਦੇ, ਸੁੱਤੇ ਪਏ ਸੀ, ਆਹ ਸੀ, ਉਹ ਸੀ। ਕਮਾਲ ਹੈ ਯਾਰ, ਤੁਸੀਂ ਕਿਹੜੇ ਵਿਜ਼ਨ ਵਿੱਚ ਫਿਰਦੇ ਹੋ। ਚਿੱਠੀ ਕਦੋਂ ਲਿਖੀ ਹੈ? ਚਿੱਠੀਆਂ ਤਾਂ ਅਸੀਂ ਡੀ-ਸਿਲਟਿੰਗ ਲਈ ਬਹੁਤ ਚਿਰ ਪਹਿਲਾਂ ਤੋਂ ਪ੍ਰਧਾਨ ਮੰਤਰੀ ਨੂੰ ਲਿਖੀ ਜਾਂਦੇ ਹਾਂ। ਮੇਰੇ ਕੋਲ ਸਾਰਾ ਸਮਾਨ ਪਿਆ ਹੈ। ਨਾਲੇ ਤੁਸੀਂ ਚਿੱਠੀਆਂ ਦੀ ਗੱਲ ਕਰਦੇ ਹੋ, ਆਹ (ਹੱਥ ਵਿੱਚ ਕਾਗਜ਼-ਪੱਤਰ ਦਿਖਾਉਂਦੇ ਹੋਏ) ਮਾਧੋਪੁਰ ਵਾਲੀ ਚਿੱਠੀ ਹੈ। ਕਦੋਂ ਲਿਖੀ ਹੈ, ਮਿਤੀ 04-04-2025 ਨੂੰ ਮਾਧੋਪੁਰ ਵਾਲੀ ਚਿੱਠੀ ਲਿਖੀ ਕਿ ਸਾਨੂੰ ਡੀ-ਸਿਲਟਿੰਗ ਦੀ ਇਜਾਜ਼ਤ

ਦਿੱਤੀ ਜਾਵੇ। ਤੁਸੀਂ ਚਿੱਠੀਆਂ ਦੀਆਂ ਗੱਲਾਂ ਕਿਉਂ ਕਰਦੇ ਹੋ, ਤੁਹਾਡੀਆਂ ਚਿੱਠੀਆਂ ਤਾਂ ਉਹ ਡਸਟਬਿਨ ਵਿੱਚ ਸੁੱਟਦਾ ਰਿਹਾ ਹੈ। ਚਿੱਠੀ ਤਾਂ ਕੈਪਟਨ ਨੇ ਪ੍ਰਧਾਨ ਨੂੰ ਵੀ ਲਿਖੀ ਸੀ ਕਿ 40 ਐਮ.ਐਲ.ਏਜ਼. ਸਮੱਗਲਿੰਗ ਵਿੱਚ ਹਨ। ਫਿਰ ਉਸ ਚਿੱਠੀ ਦਾ ਕੀ ਬਣਿਆ? ਆਪਣੀ ਪੀੜ੍ਹੀ ਥੱਲੇ ਸੋਟਾ ਫੇਰ ਲਵੋ, ਇਸ ਤਰ੍ਹਾਂ ਕਿਉਂ ਕਰ ਰਹੇ ਹੋ? ਮੈਂ ਅੱਜ ਰਾਜਨੀਤੀ ਤੇ ਬਿਲਕੁਲ ਨਹੀਂ ਬੋਲਣਾ ਚਾਹੁੰਦਾ ਸੀ ਪਰ ਇਨ੍ਹਾਂ ਨੇ ਪੰਗੇ ਲਈ ਜਾਣੇ ਹਨ, ਲਈ ਜਾਣੇ ਹਨ, ਕੰਮ ਹੀ ਇਹ ਆਉਂਦਾ ਹੈ, ਹੋਰ ਕੁਝ ਆਉਂਦਾ ਹੀ ਨਹੀਂ। ਸੋਸ਼ਲ ਸਰਵਿਸ ਤਾਂ ਕਦੇ ਕੀਤੀ ਨਹੀਂ। ਜਦੋਂ ਕੀਤੀ ਹੈ ਤਾਂ ਸਿਰਫ ਨੁਕਤਾਚੀਨੀ ਹੀ ਕੀਤੀ ਹੈ। ਇਹ ਮੇਰੇ ਕੋਲ ਮਾਧੋਪੁਰ ਵਾਲੀਆਂ ਚਿੱਠੀਆਂ ਪਈਆਂ ਹਨ। ਆਹ, ਮੇਰੇ ਕੋਲ ਹੋਰ ਰਿਕਾਰਡ ਪਿਆ ਹੈ। ਤੁਸੀਂ ਕਿਹਾ ਕਿ ਇਹ ਮੀਟਿੰਗ ਤਾਂ 6 ਜੂਨ ਨੂੰ ਕੀਤੀ ਹੈ, ਜਦ ਕਿ ਅਸੀਂ ਮੀਟਿੰਗ ਪਹਿਲਾਂ ਕਰ ਲਈ ਸੀ। ਉਦੋਂ ਤੁਸੀਂ ਇੱਧਰ ਉੱਧਰ ਗਏ ਹੋਵੋਗੇ। ਤੁਹਾਡੀ ਸਰਕਾਰ ਵੇਲੇ ਸਾਲ 2019-20 ਦੌਰਾਨ 19 ਜੁਲਾਈ, 2019 ਨੂੰ ਮੀਟਿੰਗ ਹੋਈ ਸੀ। ਸਾਲ 2018-19 ਦੌਰਾਨ 1 ਜੁਲਾਈ, 2018 ਨੂੰ ਮੀਟਿੰਗ ਕੀਤੀ ਸੀ, ਸਾਲ 2017-18 ਦੌਰਾਨ 12 ਜੂਨ, 2017 ਨੂੰ ਮੀਟਿੰਗ ਕੀਤੀ ਸੀ। ਇਹ ਲਿਖਿਆ ਪਿਆ ਹੈ। ਉਸ ਵੇਲੇ ਤੁਸੀਂ ਚਿੱਠੀਆਂ ਲਿਖ ਰਹੇ ਸਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ(ਬੈਠੇ- ਬੈਠੇ)**: ਮੀਟਿੰਗਾਂ ਪਹਿਲਾਂ ਹੋਈਆਂ ਸਨ।

**ਮੁੱਖ ਮੰਤਰੀ**: **

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ -ਬੈਠੇ)**: ਕੜਛੀ ਤਾਂ ਤੁਹਾਡੇ ’ਤੇ ਫੇਰਾਂਗੇ।

**ਮੁੱਖ ਮੰਤਰੀ** : ਕੋਈ ਗੱਲ ਨਹੀਂ, ਉਹ ਤਾਂ ਲੋਕ ਕੜਛੀ ਫੇਰਨਗੇ, ਉਦੋਂ ਲੋਕ ਦੱਸ ਦੇਣਗੇ। ਪਿਛਲੇ 70 ਸਾਲਾਂ ਤੋਂ ਭਾਖੜਾ ਅਤੇ ਪੌਂਗ ਡੈਮ ਦੀ ਕੋਈ ਡੀ-ਸਿਲਟਿੰਗ ਨਹੀਂ ਹੋਈ। ਭਾਰਤ ਸਰਕਾਰ ਅਤੇ ਹਰਿਆਣਾ ਸਰਕਾਰ ਵੱਲੋਂ ਇਨ੍ਹਾਂ ਡੈਮਾਂ ਵਿੱਚ ਪਾਣੀ ਦਾ ਪੱਧਰ ਉੱਚਾ ਚੁੱਕਣ ਨੂੰ ਕਿਹਾ ਗਿਆ ਹੈ ਪਰੰਤੂ ਡੀ-ਸਿਲਟਿੰਗ ਬਾਰੇ ਕਦੇ ਧਿਆਨ ਨਹੀਂ ਦਿੱਤਾ। ਅਸੀਂ ਬੀ.ਬੀ.ਐਮ.ਬੀ. ਨੂੰ ਲਿਖਦੇ ਰਹੇ ਹਾਂ। ਮੈਂ ਬੀ.ਬੀ.ਐਮ.ਬੀ. ਨੂੰ ਚਿੱਟਾ ਹਾਥੀ ਕਹੀ ਜਾਂਦਾ ਹਾਂ, ਇਹ ਸਾਨੂੰ ਸਫੈਦ ਹਾਥੀ ਬੰਨ ਦਿੱਤਾ ਹੈ। ਅਸੀਂ ਖਰਚਾ ਦਿੰਦੇ ਹਾਂ ਅਤੇ ਉਹ ਸਾਡੇ ਤੇ ਹੀ ਕੇਸ ਕਰ ਦਿੰਦੇ ਹਨ। ਅਸੀਂ ਵਕੀਲ ਦਾ ਖਰਚਾ ਵੀ ਦਿੰਦੇ ਹਾਂ। ਕਹਿੰਦੇ ਨਹੀਂ, ਅਸੀਂ ਪਾਣੀ ਦਾ ਲੈਵਲ ਰੱਖਣਾ ਹੈ। ਹਾਈ ਕੋਰਟ ਵਿੱਚ ਚੇਅਰਮੈਨ ਬੋਲ ਰਿਹਾ ਹੈ ਕਿ ਉਦੋਂ ਹਰਿਆਣੇ ਨੂੰ ਪਾਣੀ ਨਹੀਂ ਛੱਡਣ ਦਿੱਤਾ। ਕਿੰਨਾ ਪਾਣੀ ਸੀ, ਹਰਜੋਤ ਬੈਂਸ ਨੇ ਦੱਸਿਆ ਹੈ ਕਿ ਕਿੰਨਾ ਪਾਣੀ ਛੱਡਣਾ ਸੀ। ਕਹਿੰਦੇ ਚਾਰ ਹਜ਼ਾਰ ਕਿਊਸਿਕ ਹੋਰ ਛੱਡ ਦਿਓ। ਚਾਰ ਹਜ਼ਾਰ ਕਿਊਸਿਕ, ਉਹ ਤਾਂ ਛੋਟੀ ਜਿਹੀ ਖੱਡ ਤੋਂ ਡੇਢ ਲੱਖ ਕਿਊਸਿਕ ਪਾਣੀ ਆ ਜਾਂਦਾ ਹੈ। ਉਸ ਪਾਣੀ ਨਾਲ ਤੁਸੀਂ ਹੜ੍ਹ ਰੋਕ ਲਵੋਗੇ? ਇੱਕ ਉਹ ਪ੍ਰਧਾਨ ਜੀ ਕਹੀ ਜਾਂਦੇ ਹਨ, ਇਆਲੀ ਹੁਰਾਂ ਦੀ ਪਾਰਟੀ ਦੇ ਐਕਸ ਪ੍ਰਧਾਨ ਕਹਿ ਲਵੋ, ਹੁਣ ਤਾਂ ਅਲੱਗ ਅਲੱਗ ਹੋ ਗਿਆ ਹੈ, ਉਹ ਕਹੀ ਜਾਂਦੇ ਹਨ ਕਿ ਮੈਨੂੰ ਮੁੱਖ ਮੰਤਰੀ ਬਣ ਲੈਣ ਦਿਓ, ਮੈਂ ਰਾਵੀ ਅਤੇ ਬਿਆਸ ਦੇ ਆਲੇ-ਦੁਆਲੇ ਵੱਡੀਆਂ ਵੱਡੀਆਂ ਕੰਕਰੀਟ ਦੀਆਂ ਕੰਧਾਂ ਕਰ ਦੇਵਾਂਗਾ। ਤੁਹਾਡੇ ਕੋਲੋਂ ਗਲੀਆਂ-ਨਾਲੀਆਂ ਬਣਾਈਆਂ ਨਹੀਂ ਗਈਆਂ, ਹੁਣ ਇਹ ਦਰਿਆਵਾਂ ਨਾਲ ਮੱਥਾ ਲਾਉਣਗੇ। ਯਾਰ, ਕਿਉਂ ਤੁਸੀਂ ਲੋਕਾਂ ਨੂੰ ਕਮਲਾ ਸਮਝਦੇ ਹੋ, ਕੀ ਲੋਕਾਂ ਨੂੰ ਸਾਰਾ ਕੁਝ ਪਤਾ ਨਹੀਂ ਹੈ? ਹੁਣ ਤੁਸੀਂ ਥੱਬਿਆਂ ਦੇ ਥੱਬੇ ਪੈਸਿਆਂ ਦੇ ਵੰਡੀ ਜਾਂਦੇ ਹੋ। ਉਹ ਪੈਸਾ ਕਿੱਥੋਂ ਆਇਆ, ਲੋਕਾਂ ਨੂੰ ਸਾਰਾ ਪਤਾ ਹੈ। ਚੁੱਕ ਬਈ ਸਰਪੰਚ, ਬਾਅਦ ਵਿੱਚ ਪਤਾ ਲੱਗਦਾ ਹੈ ਕਿ ਸਰਪੰਚ ਨੂੰ ਗੱਡੀ ਵਿੱਚ ਬਿਠਾ ਲੈਂਦੇ ਹਨ ਅਤੇ ਕਹਿੰਦੇ ਹਨ ਲਿਆ ਬਈ ਸਰਪੰਚ (ਟਰੇਜ਼ਰੀ ਬੈਂਚਿਜ਼ ਵੱਲੋਂ

---

** Expunged as ordered by the Hon'ble Speaker.

ਹਾਸਾ)। ਇਸ ਨੂੰ ਰੀਸਾਈਕਲ ਕਹਿੰਦੇ ਹਨ। ਗੱਡੀ ਵਿੱਚੋਂ ਉਸ ਤੋਂ ਪੈਸੇ ਲੈ ਲਏ, ਚਲ ਅਗਾਂਹ ਵਾਲਾ ਸਰਪੰਚ ਦੱਸ ਕਿ ਕਿਹੜਾ ਹੈ। ਉਹ ਲਾਲ ਪੱਗ ਵਾਲਾ ਹੈ ਜੀ। ਉਹ ਲਾਲ ਪੱਗ ਵਾਲਾ-ਆ ਲੈ ਚੁੱਕ ਓਏ। ਫੋਟੋ ਹੋ ਗਈ। ਹਾਂ ਜੀ, ਫਿਰ ਪਿਛਲੀ ਗੱਡੀ ਵਿੱਚ ਬਿਠਾ ਲਵੋ। ਅਗਾਂਹ ਜਾ ਕੇ ਕਹਿੰਦੇ ਲਿਆ ਬਈ ਫੜਾ ਹੁਣ। ਯਾਰ, ਕੀ ਤੁਸੀਂ ਲੋਕਾਂ ਨਾਲ ਮਜ਼ਾਕ ਕਰਦੇ ਹੋ? ਤੁਹਾਡਾ ਕੋਈ ਵਿਜ਼ਨ ਹੈ? ਬਸ ਜਿਹੜਾ ਆਉਂਦਾ ਹੈ, ਉਹ ਕਹਿੰਦਾ ਹੈ ਕਿ ਸਾਡੀ ਵਾਰੀ ਆ ਲੈਣ ਦਿਓ, ਭਗਵੰਤ ਮਾਨ ਦੇ ਗਲ ਵਿੱਚ ਰੱਸਾ ਪਾ ਕੇ ਖਿੱਚਾਂਗੇ। ਇਨ੍ਹਾਂ ਲਈ ਪੰਜਾਬ ਦਾ ਸਭ ਤੋਂ ਵੱਡਾ ਮੁੱਦਾ ਇਹ ਹੈ। ਜਿਹੜਾ ਆਉਂਦਾ ਹੈ ਮੈਨੂੰ ਗਾਲ੍ਹਾਂ ਕੱਢਣ ਲੱਗ ਜਾਂਦਾ ਹੈ। ਯੁੱਧ ਨਸ਼ਿਆਂ ਵਿਰੁੱਧ ਚਲ ਰਿਹਾ ਹੈ। ਪਹਿਲਾਂ ਕਹਿੰਦੇ ਕਿ ਵੱਡੀਆਂ ਮੱਛੀਆਂ ਨਹੀਂ ਫੜਦੇ, ਹੁਣ ਜਦੋਂ ਵੱਡਾ ਮੱਛ ਫੜ ਲਿਆ ਤਾਂ ਸਾਰੇ ਹੀ ਉਸ ਦੇ ਹੱਕ ਵਿੱਚ ਆ ਗਏ ਕਿ ਇਹ ਤਾਂ ਲੋਕਤੰਤਰ ਦਾ ਘਾਣ ਹੈ, ਇਹ ਤਾਂ ਮਾਨਵੀ ਅਧਿਕਾਰਾਂ ਦੀ ਉਲੰਘਣਾ ਹੈ। ਅੱਛਾ, ਉਹੀ ਇਕੱਲਾ ਮਾਨਵ ਰਹਿ ਗਿਆ ਹੈ, ਅਸੀਂ ਤਾਂ ਫਿਰ ਡੰਗਰ ਹੀ ਹਾਂ। ਕੀ ਉਹੀ ਇੱਕ ਮਾਨਵ ਹੈ? ਪਹਿਲਾਂ ਲਾਲ ਪੱਗ ਬੰਨ ਕੇ ਬਾਬੇ ਬਕਾਲੇ ਰੱਖੜ-ਪੁੰਨਿਆਂ ਦੇ ਮੇਲੇ ਵਿੱਚ ਕੀ ਕਹਿੰਦੇ ਸੀ, ਸੀ.ਆਈ.ਏ. ਤਰਨ ਤਾਰਨ ਵਿੱਚ ਘੜੀਸ ਕੇ ਲੈ ਕੇ ਜਾਣਗੇ। ਮੈਨੂੰ ਕੱਪੜੇ ਵੀ ਯਾਦ ਹਨ ਕਿ ਕਿਹੜੇ ਪਾਏ ਸਨ (ਟਰੇਜ਼ਰੀ ਬੈਂਚਿਜ਼ ਵੱਲੋਂ ਹਾਸਾ)। ਮੁੱਕਰਨ ਤੋਂ ਪਹਿਲਾਂ ਥੋੜ੍ਹਾ ਦੇਖ ਲਿਆ ਕਰੋ। ਜਦੋਂ ਤੁਸੀਂ ਯੂ. ਟਿਊਬ ਵਿੱਚ ਵੀਡੀਓ ਪਾਉਂਦੇ ਹੋ ਤਾਂ ਆਪਣਾ ਨਾਂ ਪਾ ਕੇ ਤਿੰਨ ਡੰਡੇ ਰਾਈਟ ਸਾਈਡ ਤੇ ਹੁੰਦੇ ਹਨ, ਉਸ ਤੇ ਸਰਚ ਕਰੋ ਤਾਂ ਉੱਥੇ ਫਿਲਟਰ ਆ ਜਾਂਦਾ ਹੈ। ਉੱਥੇ ਭਾਵੇਂ today ਪਾ ਲਵੋ ਜਾਂ ਇੱਕ ਸਾਲ ਪਹਿਲਾਂ ਦਾ ਪਾ ਲਵੋ, ਤੁਹਾਡੇ ਭਾਸ਼ਣ ਆ ਜਾਣਗੇ, ਤੁਸੀਂ ਸੁਣ ਕੇ ਭਾਸ਼ਣ ਦੇ ਦਿਓ। ਆਪ ਹੀ ਆਪਣੇ ਵਿਰੁੱਧ ਬੋਲ ਲੈਂਦੇ ਹੋ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ।)

**ਮਾਣਯੋਗ ਸਪੀਕਰ**: ਬਾਜਵਾ ਜੀ, ਜਦੋਂ ਲੀਡਰ ਆਫ ਦਿ ਹਾਊਸ ਬੋਲ ਰਹੇ ਹੋਣ ਤਾਂ ਡਿਸਟਰਬ ਨਾ ਕਰਿਆ ਕਰੋ। Let him complete. (ਵਿਘਨ)(ਸ਼ੋਰ)

**ਮੁੱਖ ਮੰਤਰੀ**: ਇਹ ਕਹਿੰਦੇ ਹਨ ਕਿ ਮੁੱਖ ਮੰਤਰੀ ਰਿਲੀਫ ਫੰਡ ਵਿੱਚ ਪੈਸੇ ਕਿਉਂ ਨਹੀਂ ਲੈਂਦੇ, ਦੂਜਾ ਠੱਗੀ ਵਾਲਾ ਫੰਡ ਬਣਾ ਲਿਆ ਹੈ। ਜਨਾਬ ਜੀ, ਤੁਸੀਂ ਕਹਿੰਦੇ ਹੋ ਕਿ ਮੈਂ ਪੰਜ ਮੁੱਖ ਮੰਤਰੀਆਂ ਨਾਲ ਕੰਮ ਕੀਤਾ ਹੈ। ਬਸ, ਇਹੀ ਤੁਹਾਡਾ ਦੁੱਖ ਹੈ, ਇਸੇ ਗੱਲ ਵਿੱਚ ਤੁਹਾਡਾ ਬਹੁਤ ਸਾਰਾ ਦੁੱਖ ਛੁਪਿਆ ਹੋਇਆ ਹੈ ਕਿ ਉਨ੍ਹਾਂ ਨਾਲ ਕੰਮ ਕੀਤਾ ਹੈ ਪਰ ਆਪ ਨਹੀਂ ਬਣਿਆ। ਇਹੀ ਦੁੱਖ ਹੈ ਕਿ ਨਾਲ ਕੰਮ ਕੀਤਾ ਹੈ, ਬਸ ਥੋੜ੍ਹਾ ਜਿਹਾ ਫਰਕ ਰਹਿ ਜਾਂਦਾ ਹੈ। ਇਨ੍ਹਾਂ ਦੀ ਆਪਣੀ ਇੰਟਰਵਿਊ ਹੈ ਕਿ ਅਸੀਂ ਫਸਲ ਵਾਹੀ, ਅਸੀਂ ਖਾਦ ਪਾਉਂਦੇ ਰਹਿ ਗਏ, ਫਸਲ ਪਾਲੀ ਪਰ ਵੱਢ ਕੇ ਕੋਈ ਹੋਰ ਲੈ ਗਿਆ। ਇਹ ਸਾਡੇ ਨਾਲ ਮੁਜ਼ਾਰਿਆਂ ਵਾਲੀ ਗੱਲ ਹੋਈ ਹੈ। ਪਾਲੀ ਉਹ ਗਿਆ, ਵੱਢ ਕੇ ਕੋਈ ਹੋਰ ਲੈ ਗਿਆ। ਇਹ ਇੱਕ ਵਾਰ ਬੋਲਣ ਤੋਂ ਬਾਅਦ ਆਪਣੀ ਗੱਲ ਵੀ ਨਹੀਂ ਸੁਣਦੇ। ਇਸ ਤੋਂ ਬਾਅਦ ਕੀ ਹੋਇਆ ਕਿ ਸੀ.ਐਮ. ਫੰਡ ਰੈਗੂਲਰ ਫੰਡ ਹੈ, ਉਸ ਵਿੱਚ ਸੀ.ਐਸ.ਆਰ. ਦਾ ਪੈਸਾ ਨਹੀਂ ਆ ਸਕਦਾ। ਐਮ.ਪੀ. ਆਊਟ ਆਫ ਕੰਸਟੀਚੂਐਂਸੀ ਸਿਰਫ 20 ਲੱਖ ਰੁਪਿਆ ਦੇ ਸਕਦਾ ਹੈ। ਜਿਹੜੀ ਸੁਸਾਇਟੀ ਅਸੀਂ ਬਣਾਈ ਹੈ, ਇਹ ਵੀ ਵਿੱਤ ਮੰਤਰਾਲੇ ਦੇ ਅੰਡਰ ਹੈ। ਇਸ ਦਾ ਲਿੰਕ ਹੈ, rangla.punjab.gov.in, 'gov.in' is used for Government, ਇਹ ਗੌਰਮਿੰਟ ਦਾ ਹੁੰਦਾ ਹੈ। ਇਹ ਗੌਰਮਿੰਟ ਦੀ ਪਰਮਿਸ਼ਨ ਤੋਂ ਬਿਨਾਂ ਕੋਈ ਨਹੀਂ ਲਗਾ ਸਕਦਾ। ਤੁਹਾਨੂੰ ਆਰ.ਟੀ.ਆਈ. ਪਾਉਣ ਦੀ ਲੋੜ ਹੀ ਨਹੀਂ ਪੈਣੀ। ਅਸੀਂ ਹਰ ਰੋਜ਼ ਦੱਸ ਦਿਆਂਗੇ ਕਿ ਇਸ ਵਿੱਚ ਕਿੰਨੇ ਪੈਸੇ ਆ ਗਏ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਬਿਨਾਂ ਇਜਾਜ਼ਤ ਤੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਣਯੋਗ ਸਪੀਕਰ :** ਲੀਡਰ ਆਫ ਦਿ ਹਾਊਸ ਬੋਲ ਰਹੇ ਹਨ, ਉਨ੍ਹਾਂ ਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਓ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿੰਨੇ ਹਰ ਰੋਜ਼ ਪੈਸੇ ਆਉਂਦੇ ਹਨ, ਉਹ ਅਸੀਂ ਅੱਪਡੇਟ ਕਰ ਰਹੇ ਹਾਂ। ਅਸੀਂ ਚੈੱਕ ਲੈ ਰਹੇ ਹਾਂ। ਉਸ ਫੰਡ ਦਾ ਚੇਅਰਮੈਨ ਮੁੱਖ ਮੰਤਰੀ ਹੈ। ਕੋਈ ਪੱਥਰ ਦਿਲ ਜਾਂ ਚਿੱਟੇ ਖ਼ੂਨ ਵਾਲਾ ਅਫਸਰ ਹੋਵੇਗਾ ਜਾਂ ਪਾਲੀਟੀਸ਼ਨ ਹੋਵੇਗਾ, ਜਿਹੜਾ ਉਸ ਪੁੰਨ-ਦਾਨ ਦੇ ਪੈਸੇ ਵਿਚੋਂ ਇੱਕ ਰੁਪਿਆ ਖਾਏਗਾ (ਥੰਪਿੰਗ)। ਇੱਕ ਰੁਪਿਆ ਵੀ ਇੱਧਰ-ਉੱਧਰ ਨਹੀਂ ਹੋਣ ਦਿੰਦੇ। ਹਰੇਕ ਨੂੰ ਆਪਣੇ ਵਰਗਾ ਨਾ ਸਮਝਿਆ ਕਰੋ। ਸਾਉਣ ਦੇ ਅੰਨ੍ਹੇ ਨੂੰ ਸਾਰਾ ਹਰਾ-ਹਰਾ ਹੀ ਨਜ਼ਰ ਆਉਂਦਾ ਹੈ। ਚੋਰ ਨੂੰ ਸਾਰੀ ਦੁਨੀਆ ਚੋਰ ਲੱਗਦੀ ਹੈ ਅਤੇ ਸਾਧ ਨੂੰ ਸਾਰੀ ਦੁਨੀਆ ਸਾਧ ਲੱਗਦੀ ਹੈ। ਹਾਲੇ ਤੱਕ ਤੁਹਾਡੇ ਪੁੱਟੇ ਰਾਸ ਨਹੀਂ ਆਏ। ਸਪੀਕਰ ਸਾਹਿਬ, ਇਹ ਚਿੱਠੀਆਂ ਪਈਆਂ ਹਨ, ਇਨ੍ਹਾਂ ਨਾਲ ਵੀ ਹਿਸਾਬ ਕਰ ਲੈਂਦੇ ਹਾਂ। ਅਸੀਂ ਚਿੱਠੀਆਂ ਪਾਈਆਂ ਹਨ ਕਿ ਪਾਣੀ ਲੈ ਲਓ। ਹਰਿਆਣਾ ਦੀ ਚਿੱਠੀ ਆਈ ਹੈ। ਮੇਰੇ ਕੋਲ ਹਸਪਤਾਲ ਵਿੱਚ ਵੀ ਉਨ੍ਹਾਂ ਦੇ ਮੁੱਖ ਮੰਤਰੀ ਆਏ ਸਨ ਤੇ ਪੁੱਛਿਆ ਕਿ ਪੰਜਾਬ ਦੀ ਸਹਾਇਤਾ ਹਰਿਆਣਾ ਕਿਵੇਂ ਕਰ ਸਕਦਾ ਹੈ, ਮੈਂ ਕਿਹਾ, ਜੀ ਪਾਣੀ ਲੈ ਲਓ। ਤੁਸੀਂ ਪਾਣੀ ਵਾਸਤੇ ਲੜਦੇ ਹੁੰਦੇ ਹੋ। ਕਹਿੰਦੇ, ਉਹ ਤਾਂ ਨਹੀਂ ਹੋਣਾ। ਕੀ ਸਾਨੂੰ ਡੁੱਬਣ ਵਾਸਤੇ ਰੱਖਿਆ ਹੋਇਆ ਹੈ? ਹਰਿਆਣਾ ਇਰੀਗੇਸ਼ਨ ਐਂਡ ਵਾਟਰ ਰਿਸੋਰਸਿਜ਼ ਡਿਪਾਰਟਮੈਂਟ ਦੀ ਚਿੱਠੀ ਆਈ ਹੈ ਜੀ। ਅਸੀਂ ਉਨ੍ਹਾਂ ਨੂੰ ਮਿਤੀ 29.8.2025 ਨੂੰ ਲਿਖੀ ਸੀ। ਉਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਸਾਡਾ ਬੀ.ਐਮ.ਐਲ. 2000 ਕਿਊਸਿਕ ਕਰ ਦਿਓ, ਘਟਾ ਦਿਓ। ਹੁਣ 8500 ਕਿਊਸਿਕ ਜਾਂਦਾ ਹੈ, ਉਸ ਨੂੰ 2000 ਕਿਊਸਿਕ ਕਰ ਦਿਓ। ਨਰਵਾਣਾ ਬ੍ਰਾਂਚ ਦਾ ਜ਼ੀਰੋ ਕਰ ਦਿਓ। ਜਿਸ ਵੇਲੇ ਅਸੀਂ ਹੜ੍ਹਾਂ ਨਾਲ ਮਰ ਰਹੇ ਹਾਂ, ਉਸ ਵੇਲੇ ਹਰਿਆਣਾ ਲਿਖ ਰਿਹਾ ਹੈ ਕਿ ਸਾਨੂੰ ਪਾਣੀ ਨਹੀਂ ਚਾਹੀਦਾ। ਜਦੋਂ ਅਗਲੀਆਂ ਗਰਮੀਆਂ ਵਿੱਚ ਉਹ ਗੱਲ ਕਰਨਗੇ ਤਾਂ ਮੈਂ ਉਨ੍ਹਾਂ ਨੂੰ ਇਹ ਚਿੱਠੀ ਦਿਖਾਵਾਂਗਾ। ਤੁਸੀਂ ਕਹਿੰਦੇ ਹੋ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਉਥੇ ਡੈਮ ਤੇ ਜਾ ਵੜਿਆ, ਇੱਥੇ ਇਹ ਨਹੀਂ ਕੀਤਾ। ਸਾਨੂੰ ਵੀ ਹੁਣ ਪੌਣੇ ਚਾਰ ਸਾਲ ਦਾ ਤਜਰਬਾ ਹੋ ਗਿਆ ਹੈ, ਕੋਈ ਅਜਿਹੀ ਗੱਲ ਨਹੀਂ ਹੈ (ਥੰਪਿੰਗ)। ਸਿਰਫ ਦੋ ਤਿੰਨ ਮੁੱਖ ਮੰਤਰੀ ਹੀ ਹਨ, ਜਿਨ੍ਹਾਂ ਨੇ ਪੰਜ ਸਾਲ ਕੱਟੇ ਹਨ (ਥੰਪਿੰਗ)। ਨਹੀਂ ਤਾਂ ਕੋਈ 11 ਮਹੀਨੇ, ਕੋਈ 18 ਮਹੀਨੇ, ਕੋਈ 8 ਮਹੀਨੇ, ਕੋਈ 2 ਮਹੀਨੇ, ਅਜਿਹੇ ਮੁੱਖ ਮੰਤਰੀ ਵੀ ਹਨ ਪਰ ਟਰਮ ਤਾਂ ਇੱਕ ਗਿਣੀ ਜਾਂਦੀ ਹੈ। ਅਸੀਂ ਵੀ ਇਹੀ ਕੰਮ ਕਰਦੇ ਹਾਂ, ਕੋਈ ਗੈਸ ਵੈਲਡਿੰਗ ਨਹੀਂ ਕਰਦੇ। ਤੁਸੀਂ ਤਾਂ ਸਾਨੂੰ ਮੈਟੀਰੀਅਲ, ਜਮੂਰੇ, ਪਤਾ ਨਹੀਂ ਕੀ-ਕੀ ਲਫਜ਼ ਬੋਲਦੇ ਰਹੇ ਹੋ। ਬੋਲਦੇ ਰਹੋ, ਤੁਹਾਡੀ ਆਪਣੀ ਜ਼ੁਬਾਨ ਗੰਦੀ ਹੁੰਦੀ ਹੈ, ਅਸੀਂ ਕੀ ਕਰੀਏ। ਅੱਜ ਵੀ ਇੱਥੇ ਕਿਹਾ ਗਿਆ ਕਿ ਪੈਸਾ ਇਨ੍ਹਾਂ ਨੂੰ ਨਾ ਦੇ ਦਿਓ। ਉਹੀ ਗੱਲ ਹੈ, ਤੁਸੀਂ ਪਹਿਲਾਂ ਅੰਦਾਜ਼ਾ ਨਹੀਂ ਲਗਾਇਆ ਕਿ ਇੰਨੀਆਂ ਸੀਟਾਂ ਆ ਜਾਣਗੀਆਂ, ਉਦੋਂ ਤੁਸੀਂ ਆਪਣੇ ਰੌਂ ਵਿੱਚ ਰਹੇ ਅਤੇ ਜਦੋਂ ਆ ਗਈਆਂ ਤਾਂ ਤਿੰਨ ਸਾਲ ਤੋਂ ਲੱਗੇ ਹੋਏ ਹੋ, ਕਦੇ ਕੇਜਰੀਵਾਲ ਨੂੰ ਗਾਲ੍ਹਾਂ ਕੱਢ ਲਓ, ਮੈਨੂੰ ਕੱਢ ਲਓ, ਜਿਹੜਾ ਮੂਹਰੇ ਆ ਗਿਆ, ਉਸ ਨੂੰ ਗਾਲ੍ਹਾਂ ਕੱਢ ਲਓ। ਸਾਡਾ ਤਾਂ ਇਹੀ ਮੈਟੀਰੀਅਲ ਹੈ, ਇਹੀ ਆਪੇ ਹੌਲ਼ੀ ਹੌਲ਼ੀ ਬੋਲਣਾ ਸਿੱਖ ਜਾਣਗੇ। ਕੋਈ ਜਮਾਂਦਰੂ ਕਲਾਕਾਰ ਨਹੀਂ ਹੁੰਦਾ, ਹੌਲ਼ੀ ਹੌਲ਼ੀ ਹੀ ਚੀਜ਼ਾਂ ਸਿੱਖਦੇ ਹਨ। ਤੁਸੀਂ ਵੀ ਤਾਂ ਹੌਲ਼ੀ ਹੌਲ਼ੀ ਰਾਜਨੀਤੀ ਵਿੱਚ ਆਏ ਹੋਵੋਗੇ। ਹਾਰੇ ਵੀ ਹੋ, ਜਿੱਤੇ ਵੀ ਹੋ। ਅਸੀਂ ਵੀ ਹਾਰੇ ਹੋਏ ਹਾਂ। ਪਹਿਲੀ ਇਲੈਕਸ਼ਨ ਮੈਂ ਲਹਿਰੇਗਾਗੇ ਤੋਂ ਹਾਰਿਆ ਸੀ। ਲਹਿਰੇਗਾਗੇ ਤੋਂ ਮੈਨੂੰ ਇੱਕ ਗੱਲ ਯਾਦ ਆ ਗਈ ਹੈ। ਉਥੇ ਤੋਂ ਲਹਿਰੇਗਾਗੇ ਵਾਲੀ ਮੈਡਮ ਤਿੰਨ ਕੁ ਮਹੀਨਿਆਂ ਲਈ ਮੁੱਖ ਮੰਤਰੀ ਬਣੇ ਸੀ, ਉਹ ਦੋ-ਤਿੰਨ ਵਾਰ ਸੀਟ ਜਿੱਤੇ ਸੀ, ਉਨ੍ਹਾਂ ਤੋਂ ਬਾਅਦ ਸਰਦਾਰ ਹਰਚਰਨ ਸਿੰਘ ਬਰਾੜ ਮੁੱਖ ਮੰਤਰੀ ਬਣ ਗਏ ਸੀ। ਲਹਿਰੇਗਾਗੇ ਹਲਕੇ ਨੂੰ ਇਹ ਮੌਕਾ ਮਿਲ ਗਿਆ ਸੀ ਕਿ ਇੱਥੇ ਤੋਂ ਮੁੱਖ ਮੰਤਰੀ ਬਣ ਗਏ ਹਨ। ਉਦੋਂ ਮੌਕੇ ਦੇ ਇੰਜੀਨੀਅਰ

ਘੱਗਰ ਦਰਿਆ ਬਾਰੇ ਇੱਕ ਪ੍ਰੋਜੈਕਟ ਉਨ੍ਹਾਂ ਕੋਲ ਲੈ ਕੇ ਗਏ ਕਿ ਜੇਕਰ ਘੱਗਰ ਦੇ ਉੱਤੇ ਆਪਾਂ ਡੈਮ ਬਣਾ ਲਈਏ ਤਾਂ ਘੱਗਰ ਦੇ ਪਾਣੀ ਨੂੰ ਕੰਟਰੋਲ ਕਰ ਸਕਦੇ ਹਾਂ, ਹਰ ਸਾਲ ਇਸ ਦਾ ਪਾਣੀ ਮਾਰ ਕਰਦਾ ਹੈ। ਉਹ ਕਾਂਗਰਸ ਪਾਰਟੀ ਤੋਂ ਮੁੱਖ ਮੰਤਰੀ ਸੀ। ਕਾਂਗਰਸ ਪਾਰਟੀ ਦੀ ਸੋਚ ਵੇਖੋ, ਉਹ ਕਹਿੰਦੇ ਕਿ ਨਾਂਹ-ਨਾਂਹ, ਉਨ੍ਹਾਂ ਨੇ ਘੱਗਰ ’ਤੇ ਡੈਮ ਬਣਵਾਉਣ ਤੋਂ ਇਨਕਾਰ ਕਰ ਦਿੱਤਾ ਕਿ ਜੇਕਰ ਇੱਥੇ ਡੈਮ ਬਣ ਗਿਆ, ਘੱਗਰ ਦਰਿਆ ਦਾ ਪਾਣੀ ਕੰਟਰੋਲ ਵਿੱਚ ਆ ਗਿਆ ਤਾਂ ਮੂਨਕ ਅਤੇ ਮਕਰੋੜ ਸਾਹਿਬ ਏਰੀਏ ਦੇ ਪਿੰਡ, ਮੂਨਕ ਤੋਂ ਟੋਹਾਣਾ ਤੱਕ ਦੇ ਪਿੰਡ ਅਤੇ ਘੱਗਰ ਦਰਿਆ ਦੇ ਆਲੇ ਦੁਆਲੇ ਪੈਂਦੇ ਅਤੇ ਹੜ੍ਹਾਂ ਦੀ ਮਾਰ ਹੇਠ ਆਉਂਦੇ ਇਹ ਪਿੰਡ ਨਹੀਂ ਡੁੱਬਦੇ। ਉਹ ਕਹਿੰਦੀ ਕਿ ਜੇਕਰ ਇਹ ਪਿੰਡ ਹੜ੍ਹਾਂ ਵਿੱਚ ਨਾ ਡੁੱਬੇ ਤਾਂ ਮੇਰੇ ਕੋਲ ਫਿਰ ਮਿੰਨਤਾਂ ਕਰਨ ਕੌਣ ਆਵੇਗਾ ਕਿ ਬਚਾ ਲਵੋ ਜੀ। How dare you? ਕਿ ਤੁਸੀਂ ਮੁੱਦਾ ਖੜ੍ਹਾ ਹੀ ਰੱਖਣਾ ਹੈ, ਉਨ੍ਹਾਂ ਨੇ ਡੈਮ ਬਣਵਾਉਣ ਤੋਂ ਜਵਾਬ ਦੇ ਦਿੱਤਾ ਜੀ। ਜਦੋਂ ਕਿ ਉਹ ਡੈਮ ਬਣਵਾਉਣ ਦੀ ਮਨਜ਼ੂਰੀ ਦੇ ਸਕਦੇ ਸੀ ਕਿਉਂਕਿ ਉਹ ਫੁੱਲ ਟਾਈਮ ਮੁੱਖ ਮੰਤਰੀ ਸੀ, ਉਹ ਉਦੋਂ ਕੋਈ ਡਿਪਟੀ ਸੀ.ਐਮ. ਨਹੀਂ ਸੀ। ਉਨ੍ਹਾਂ ਨੇ ਫੁੱਲ ਟਾਈਮ ਮੁੱਖ ਮੰਤਰੀ ਹੁੰਦਿਆਂ ਵੀ ਘੱਗਰ ’ਤੇ ਡੈਮ ਨਹੀਂ ਬਣਵਾਇਆ ਪ੍ਰੰਤੂ ਉਨ੍ਹਾਂ ਹਰਿਆਣੇ ਵਾਲਿਆਂ ਨੇ ਬਣਾ ਲਿਆ, ਉਨ੍ਹਾਂ ਨੂੰ ਇਜਾਜ਼ਤ ਦੇ ਦਿੱਤੀ, ਉਨ੍ਹਾਂ ਨੇ ਕੁਸ਼ੱਲਿਆ ਡੈਮ ਬਣਾ ਲਿਆ। ਕੁਸ਼ੱਲਿਆ ਕਾਹਦਾ ਡੈਮ ਹੈ ਜੀ? ਡੈਮ ਤਾਂ ਉਹ ਹੁੰਦਾ ਹੈ ਕਿ ਉਸ ਵਿੱਚ ਪਾਣੀ ਭਰ ਲਵੋ, ਜੇ ਉਤੋਂ ਇਨ-ਫਲੋਅ ਘੱਟ ਗਿਆ ਤਾਂ ਹੌਲ਼ੀ ਹੌਲ਼ੀ ਪਾਣੀ ਛੱਡ ਦਿਉ, ਫਿਰ ਡੈਮ ਕਹਿ ਸਕਦੇ ਹਾਂ। ਉਹ ਤਾਂ ਸਿੱਧਾ ਹੀ ਪਾਣੀ ਛੱਡ ਦਿੰਦੇ ਹਨ, ਫਿਰ ਉਹ ਕਾਹਦਾ ਡੈਮ ਹੈ ਜੀ? ਅੱਛਾ, ਜਿਹੜਾ ਘੱਗਰ ਹੈ, ਉਹ ਮਕਰੋੜ ਸਾਹਿਬ ਕੋਲ ਜਾ ਕੇ ਥੋੜ੍ਹਾ ਜਿਹਾ ਤੰਗ ਹੋ ਜਾਂਦਾ ਹੈ ਅਤੇ ਫਿਰ ਅੱਗੇ ਜਾ ਕੇ ਜਾਖਲ ਤੱਕ ਅਗਾਂਹ ਲੰਘ ਜਾਂਦਾ ਹੈ। ਉਸ ਨੂੰ ਚੌੜਾ ਕਰਨਾ ਸੀ, ਉਥੋਂ ਆਪਣੇ ਪੰਜਾਬ ਵਾਲੇ ਪਾਸੇ ਤੋਂ ਚੌੜਾ ਕਰਨਾ ਸੀ, ਕਾਂਗਰਸ ਪਾਰਟੀ ਵਾਲੇ ਉਸ ਵਾਸਤੇ ਇਜਾਜ਼ਤ ਲੈਣ ਲਈ ਹਰਿਆਣੇ ਕੋਲ ਜਾ ਵੜ੍ਹੇ ਅਤੇ ਕਹਿੰਦੇ ਕਿ ਐਨ.ਓ.ਸੀ. ਦਿਉ ਜੀ, ਅਸੀਂ ਘੱਗਰ ਚੌੜਾ ਕਰਨਾ ਹੈ। ਉਹ ਕੇਸ ਦੱਬ ਕੇ ਬਹਿ ਗਏ ਅਤੇ ਮਾਮਲਾ ਸੁਪਰੀਮ ਕੋਰਟ ਤੱਕ ਚਲਾ ਗਿਆ। ਉਨ੍ਹਾਂ ਤੋਂ ਇਜਾਜ਼ਤ ਲੈਣ ਦੀ ਕੀ ਲੋੜ ਸੀ? ਕੀ ਉਨ੍ਹਾਂ ਨੇ ਆਪਣੇ ਤੋਂ ਹਾਂਸੀ-ਬੁਟਾਣੇ ਵਾਸਤੇ ਅਤੇ ਕੁਸ਼ੱਲਿਆ ਡੈਮ ਬਣਾਉਣ ਵਾਸਤੇ ਇਜਾਜ਼ਤ ਲਈ ਸੀ? ਉਨ੍ਹਾਂ ਨੇ ਸਾਡੇ ਤੋਂ ਇਜਾਜ਼ਤ ਨਹੀਂ ਲਈ ਸੀ। ਇਨ੍ਹਾਂ ਨੇ ਐਵੇਂ ਜਾ ਕੇ ਛੇੜ ਦਿੱਤਾ, ਜਿਵੇਂ ਕਹਾਵਤ ਹੈ ਕਿ ਦੇਖੀਂ ਕਮਲਿਆ, ਅੱਗ ਨਾ ਲਗਾ ਦੇਵੀਂ, ਉਹ ਕਹਿੰਦਾ ਕਿ ਸ਼ੁਕਰ ਹੈ, ਯਾਦ ਕਰਵਾ ਦਿੱਤੀ। ਉਨ੍ਹਾਂ ਨੇ ਸਾਰਾ ਕੁਝ ਦੱਬ ਲਿਆ ਜੀ ਅਤੇ ਮਾਮਲਾ ਸੁਪਰੀਮ ਕੋਰਟ ਤੱਕ ਚਲਿਆ ਗਿਆ। ਹੁਣ ਘੱਗਰ ਉਥੋਂ ਇਵੇਂ ਹੀ ਹੈ। ਹੁਣ ਅਸੀਂ ਸੁਪਰੀਮ ਕੋਰਟ ਵਿੱਚ ਜਾ ਕੇ ਕੇਸ ਲੜਾਂਗੇ ਜੀ, ਅਸੀਂ ਲੜਾਂਗੇ। ਅਸੀਂ ਉਥੇ ਗਏ ਹੋਏ ਹਾਂ ਕਿ ਇਜਾਜ਼ਤ ਦਿਉ ਜੀ। ਸੋ, ਇਸ ਕਰਕੇ ਇਹ ਹਵਾਈ ਗੱਲਾਂ ਬਹੁਤ ਕਰਦੇ ਹਨ।

ਇਹ ਰਾਜਸਥਾਨ ਦੀ ਚਿੱਠੀ ਪਈ ਹੈ ਜੀ (ਕਾਗਜ਼ਾਤ ਦਿਖਾਉਂਦੇ ਹੋਏ), ਰਾਜਸਥਾਨ ਵਾਲੇ ਕਹਿੰਦੇ ਕਿ ਅਸੀਂ ਪਾਣੀ ਨਹੀਂ ਲੈਣਾ। ਇਹ ਹੈ ਜੀ: ਗੌਰਮਿੰਟ ਆਫ ਰਾਜਸਥਾਨ, ਆਫਿਸ ਆਫ ਚੀਫ਼ ਇੰਜੀਨੀਅਰ, ਵਾਟਰ ਰਿਸੋਰਸ (ਨਾਰਥ), ਹਨੂੰਮਾਨਗੜ੍ਹ। ਇਹ ਉਨ੍ਹਾਂ ਦੀ ਚਿੱਠੀ ਹੈ, ਉਹ ਕਹਿੰਦੇ ਕਿ ਸਾਨੂੰ ਵੀ ਹੁਣ ਪਾਣੀ ਨਹੀਂ ਚਾਹੀਦਾ। ਕਰ ਲਵੋ, ਉਨ੍ਹਾਂ ਦਾ ਕੀ ਕਰੋਗੇ? ਪਾਣੀ ਵਿੱਚ ਡੁੱਬਣ ਵਾਸਤੇ ਪੰਜਾਬ ਰੱਖਿਆ ਹੋਇਆ ਹੈ। ਜਦੋਂ ਸਾਨੂੰ ਪੰਜਾਬ ਵਿੱਚ ਪਾਣੀ ਦੀ ਲੋੜ ਹੁੰਦੀ ਹੈ, ਉਦੋਂ ਉਹ ਦੂਜੇ ਰਾਜਾਂ ਵਾਲੇ ਕਹਿੰਦੇ ਹਨ ਕਿ ਸਾਨੂੰ ਪਾਣੀ ਦਿਉ, ਸਾਨੂੰ ਦਿਉ, ਇਹ ਤਾਂ ਸਾਡਾ ਪਾਣੀ ਹੈ, ਇਸ ’ਤੇ ਸਾਡਾ ਹੱਕ ਹੈ, ਅਸੀਂ ਇਸ ਵਾਸਤੇ ਕੋਰਟ ਵਿੱਚ ਜਾਵਾਂਗੇ, ਬੀ.ਬੀ.ਐਮ.ਬੀ. ਕੋਲ ਜਾਵਾਂਗੇ, ਫਲਾਣੇ ਕੋਲ ਜਾਵਾਂਗੇ। ਜਨਾਬ, ਆਪਾਂ ਇਨ੍ਹਾਂ ਗੱਲਾਂ ਉੱਤੇ ਡਿਬੇਟ ਕਰਨੀ ਹੈ। ਇਹ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਬੈਂਚਿਜ਼ ਵੱਲ ਇਸ਼ਾਰਾ) ਕਰੀ ਜਾਂਦੇ ਹਨ ਕਿ ਇਸ ਨੇ ਆਹ ਕਰ ਦਿੱਤਾ, ਇਸ ਨੇ ਉਹ ਕਿਉਂ ਨਹੀਂ ਕੀਤਾ, ਇਸ ਨੇ ਆਹ ਖੱਡ ਕਿਉਂ

ਨਹੀਂ ਖੋਲ੍ਹੀ, ਇਸ ਨੇ ਆਹ ਫੱਟਾ ਚੁੱਕ ਦਿੱਤਾ, ਇਸ ਨੇ ਉਹ ਕਿਉਂ ਨਹੀਂ ਚੁੱਕਿਆ। ਮਤਲਬ, ਮੈਂ ਹੈਰਾਨ ਹਾਂ ਕਿ ਜਿਸ ਲੈਵਲ ਉੱਤੇ ਡਿਬੇਟ ਚਲੀ ਗਈ ਹੈ, ਇਸ ਲੈਵਲ ਉੱਤੇ ਬੜੇ ਐਕਸਪੀਰੀਐਂਸਡ, ਸੀਜ਼ਨਡ ਜਿਹੜੇ ਪਾਲੀਟੀਸ਼ੀਨਜ਼ ਹਨ, ਉਹ ਪੰਜਾਬ ਦਾ ਦਰਦ ਨਹੀਂ ਸਮਝ ਰਹੇ। ਸਾਨੂੰ ਇਹੀ ਦੁੱਖ ਹੈ ਕਿ ਜ਼ਖ਼ਮ ਕਿਤੇ ਹੋਰ ਦੁੱਖਦਾ ਹੈ ਪ੍ਰੰਤੂ ਇਹ ਮੱਲ੍ਹਮ ਕਿਤੇ ਹੋਰ ਲਗਾਈ ਜਾਂਦੇ ਹਨ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਹਰ ਗੱਲ ਵਿੱਚ ਵੋਟਾਂ ਨਾ ਗਿਣੋ। ਵੋਟਾਂ ਗਿਣਨ ਵਾਸਤੇ ਬਹੁਤ ਟਾਈਮ ਪਿਆ ਹੈ, ਤੁਸੀਂ ਬੜੀ ਰਾਜਨੀਤੀ ਕਰ ਲਈ ਹੈ। ਤੁਸੀਂ ਲੋਕਾਂ ਕੋਲ ਜਾਂਦੇ ਜਾਂਦੇ ਥੱਕ ਜਾਵੋਗੇ, ਇੰਨਾ ਟਾਈਮ ਪਿਆ ਹੈ ਪਰ ਘੱਟੋ-ਘੱਟ ਇਸ ਟਾਈਮ ਨੂੰ ਤਾਂ ਵੋਟਾਂ ਦਾ ਮੌਕਾ ਨਾ ਸਮਝੋ। ਜਿਹੜਾ ਆਉਂਦਾ ਹੈ, ਕਹਿੰਦੇ ਹਨ ਕਿ ਬਸ ਸਾਡੀ ਵਾਰੀ ਆ ਲੈਣ ਦਿਉ, ਦੂਜਾ ਕਹਿੰਦਾ ਹੈ ਕਿ ਸਾਡੀ ਵਾਰੀ ਆ ਲੈਣ ਦਿਉ, ਤੀਜਾ ਕਹਿੰਦਾ ਹੈ ਕਿ ਸਾਡੀ ਵਾਰੀ ਆ ਲੈਣ ਦਿਉ। ਕੀ ਇਹ ਪੰਜਾਬ ਕੋਈ ਟਰੱਕ ਹੈ ਕਿ ਹੁਣ ਇਸ ਨੂੰ ਇੰਨੇ ਕਿਲੋਮੀਟਰ ਮੈਂ ਚਲਾਵਾਂਗਾ, ਫਿਰ ਦੂਜਾ ਚਲਾਵੇਗਾ? ਇਹ ਕਹਿੰਦੇ ਹਨ ਕਿ ਅਸੀਂ ਪਹਿਲਾਂ ਵਾਲੇ ਡਰਾਈਵਰਾਂ ਨੂੰ ਦੇਖਿਓ ਕਿ ਕਿਵੇਂ ਲਾਹ ਕੇ ਧੱਕਾ ਦੇ ਦੇਵਾਂਗੇ, ਇਨ੍ਹਾਂ ਨਾਲ ਹੁੰਦਾ ਕੀ ਹੈ। ਕਮਾਲ ਹੈ ਜੀ? ਜਨਾਬ, ਅਸੀਂ ਇਨ੍ਹਾਂ ਪੌਣੇ ਚਾਰ ਸਾਲਾਂ ਵਿੱਚ ਕੀ ਨੁਕਸਾਨ ਕਰ ਦਿੱਤਾ ਹੈ? ਅਸੀਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ, ਅੱਜ ਤੱਕ ਉਹ ਯੁੱਧ ਜਾਰੀ ਹੈ, ਇਹ ਨਹੀਂ ਹੈ ਕਿ ਉਹ ਯੁੱਧ ਖਤਮ ਹੋ ਜਾਵੇਗਾ। ਠੀਕ ਹੈ ਜੀ? ਅਸੀਂ ਪੰਜਾਬ ਵਿੱਚ ਟੇਲਾਂ ਤੱਕ ਪਾਣੀ ਪਹੁੰਚਾ ਦਿੱਤਾ ਹੈ ਜੀ। ਪਿਛਲੇ 40-40 ਸਾਲ ਤੱਕ ਉਥੋਂ ਦੇ ਲੋਕਾਂ ਨੇ ਪਾਣੀ ਨਹੀਂ ਦੇਖਿਆ ਸੀ, ਜਿੱਥੇ ਅਸੀਂ ਮੋਘੇ ਲਗਾਏ ਹਨ। ਜਦੋਂ ਅਸੀਂ ਓਥ (oath) ਲਈ ਸੀ, ਉਦੋਂ ਲੋਕ 21% ਪਾਣੀ ਵਰਤ ਰਹੇ ਸੀ। ਅੱਜ ਸਾਢੇ ਤਿੰਨ ਸਾਲਾਂ ਵਿੱਚ ਉਹ 65% ਤੱਕ ਪਾਣੀ ਵਰਤ ਰਹੇ ਹਨ, ਅੱਜ 65% ਤੱਕ ਕੱਸੀਆਂ ਦਾ ਪਾਣੀ ਖੇਤਾਂ ਵਿੱਚ ਜਾ ਰਿਹਾ ਹੈ (ਥੰਪਿੰਗ)। ਠੀਕ ਹੈ, ਹੁਣ 5000 ਏਕੜ ਦਾ ਨੁਕਸਾਨ ਹੋ ਗਿਆ ਹੈ। ਹੜ੍ਹਾਂ ਕਰਕੇ ਤਕਰੀਬਨ 2000 ਪਿੰਡਾਂ ਨੂੰ ਨੁਕਸਾਨ ਹੋਇਆ ਹੈ ਪ੍ਰੰਤੂ ਅਜੇ ਵੀ ਪੰਜਾਬ ਦੇ ਬਾਕੀ 11,000 ਪਿੰਡ ਤਾਂ ਸਹੀ ਵੱਸ ਰਹੇ ਹਨ। ਹੁਣ ਝੋਨੇ ਦੀ ਫਸਲ ਆ ਜਾਵੇਗੀ। ਹੁਣ ਤੱਕ 47,000 ਮੀਟ੍ਰਿਕ ਟਨ ਝੋਨਾ ਆ ਗਿਆ ਹੈ ਜੀ। ਸੋ, ਸਾਡੇ 1 ਲੱਖ 75 ਹਜ਼ਾਰ ਮੀਟ੍ਰਿਕ ਟਨ ਝੋਨੇ ਦਾ ਟਾਰਗੈੱਟ ਹੈ, ਅਸੀਂ ਉਹ ਪੂਰਾ ਕਰ ਲਵਾਂਗੇ।

ਅਸੀਂ ਸੜਕ ਸੁਰੱਖਿਆ ਫੋਰਸ ਬਣਾਈ ਹੈ ਪਰ ਕੀ ਕਦੇ ਇਨ੍ਹਾਂ ਨੇ ਉਸ ਬਾਰੇ ਗੱਲ ਕੀਤੀ ਹੈ ਕਿ ਸਾਡੀ ਸਰਕਾਰ ਨੇ ਸੜਕ ਸੁਰੱਖਿਆ ਫੋਰਸ ਬਣਾਈ ਹੈ, ਜਿਸ ਕਰਕੇ ਸੜਕਾਂ ਉਤੇ ਆਨ ਸਪਾਟ ਹੋਣ ਵਾਲੀਆਂ 48% ਮੌਤਾਂ ਘੱਟ ਗਈਆਂ ਹਨ। ਜਿਹੜਾ ਐਕਸੀਡੈਂਟ ਹੈ, ਉਹ ਇਹ ਨਹੀਂ ਦੇਖਦਾ ਕਿ ਜਿਹੜਾ ਬੰਦਾ ਵਹੀਕਲ ਦੇ ਅੰਦਰ ਬੈਠਾ ਹੈ, ਉਹ ਕੀ ਕੰਮ ਕਰਦਾ ਹੈ, ਕੀ ਉਹ ਵਪਾਰੀ ਹੈ, ਸਟੂਡੈਂਟ ਹੈ, ਕਿਸਾਨ ਹੈ ਜਾਂ ਕੋਈ ਪਾਲੀਟੀਸ਼ੀਅਨ ਹੈ। ਮੈਂ ਰਾਜਨੇਤਾ ਗਿਣਾ ਦਿੰਦਾ ਹਾਂ ਜੋ ਐਕਸੀਡੈਂਟਾਂ ਵਿੱਚ ਖਤਮ ਹੋਏ ਹਨ। ਗਿਆਨੀ ਜ਼ੈਲ ਸਿੰਘ, ਸਾਡੇ ਪੂਰਵ ਰਾਸ਼ਟਰਪਤੀ ਜੀ, ਸਾਹਿਬ ਸਿੰਘ ਵਰਮਾ, ਉਹ ਦਿੱਲੀ ਦੇ ਮੁੱਖ ਮੰਤਰੀ ਸੀ, ਮਾਧਵ ਰਾਓ ਸਿੰਧੀਆ, ਰਾਜੇਸ਼ ਪਾਇਲਟ ਇਹ ਤੁਹਾਡੇ ਕਾਂਗਰਸ ਦੇ ਬੜੇ ਵੱਡੇ ਲੀਡਰ ਸੀ। ਐਕਸੀਡੈਂਟ ਇਹ ਨਹੀਂ ਵੇਖਦਾ ਹੈ ਕਿ ਕੌਣ ਹੈ। ਸੜਕ ਸੁਰੱਖਿਆ ਫੋਰਸ ਬਣਾਉਣ ਨਾਲ 48% ਮੌਤਾਂ ਘਟੀਆਂ ਹਨ, 16 ਕਰੋੜ ਰੁਪਿਆ ਕੈਸ਼, 7 ਕਿੱਲੋ ਦੇ ਕਰੀਬ ਸੋਨੇ ਦੇ ਗਹਿਣੇ ਵਾਪਸ ਕੀਤੇ ਹਨ। ਜਿਹੜੇ ਗੱਡੀਆਂ ਵਿਚੋਂ ਮਿਲੇ ਸੀ, ਜਿਹੜੀਆਂ ਗੱਡੀਆਂ ਦੇ ਐਕਸੀਡੈਂਟ ਹੋਏ ਹਨ। ਉਸ ਵੇਲੇ ਥੋੜ੍ਹਾ ਕੋਈ ਪਰਸ ਜਾਂ ਗਹਿਣੇ ਵੇਖਦਾ ਹੈ, ਉਸ ਵੇਲੇ ਤਾਂ ਜਾਨ ਬਚਾਉਣ ਦੀ ਹੁੰਦੀ ਹੈ। ਕੀ ਇਸ ਬਾਰੇ ਕਦੇ ਗੱਲ ਕੀਤੀ ਹੈ ਕਿਉਂਕਿ ਚੰਗਾ ਕੰਮ ਹੈ। ਚੰਗੇ ਕੰਮ ਦੀ ਤਾਰੀਫ਼ ਕਰਨ ਨਾਲ ਇਨ੍ਹਾਂ ਦੇ ਅਲਰਜੀ ਹੋ ਜਾਂਦੀ ਹੋਣੀ ਜਾਂ ਜੀਭ ਉਤੇ ਛਾਲੇ ਹੋ ਜਾਂਦੇ ਹੋਣੇ, ਚੰਗੇ ਕੰਮ ਦੀ ਤਾਰੀਫ਼ ਕਰ ਦਿਓ, ਕੋਈ ਗੱਲ ਨਹੀਂ, ਜਿਸ ਦਿਨ ਇਨ੍ਹਾਂ ਨੇ ਚੰਗਾ ਕੰਮ ਕੀਤਾ, ਅਸੀਂ ਵੀ ਤਾਰੀਫ਼ ਕਰ ਦਿਆਂਗੇ ਕਿ ਹਾਂ ਬਈ, ਚੰਗਾ ਕੰਮ ਕੀਤਾ ਹੈ। ਲੋਕਾਂ ਨੇ ਸਾਨੂੰ ਲੜਨ ਥੋੜ੍ਹਾ ਭੇਜਿਆ ਹੈ? ਲੋਕਾਂ ਨੇ ਸਾਨੂੰ ਡਿਬੇਟ ਕਰਨ ਲਈ ਭੇਜਿਆ ਹੈ। ਹੈਲਦੀ ਡਿਬੇਟ ਵਿੱਚੋਂ

ਕੁਝ ਚੰਗਾ ਨਿਕਲੇਗਾ। ਫਿਰ ਅਸੀਂ 55,000 ਬੰਦਿਆਂ ਨੂੰ ਨੌਕਰੀਆਂ ਦਿੱਤੀਆਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿਸੇ ਦਾ ਇੱਕ ਰੁਪਿਆ ਵੀ ਲੱਗਿਆ ਹੋਵੇ, ਕਿਸੇ ਨੇ ਰਿਸ਼ਵਤ ਦਿੱਤੀ ਹੋਵੇ, ਕਿਸੇ ਐਮ.ਐਲ.ਏ. ਦੀ ਸਿਫ਼ਾਰਸ਼ ਹੋਈ ਹੋਵੇ? ਇਹ ਕਹਿੰਦੇ ਨੌਕਰੀਆਂ ਦਿੱਤੀਆਂ ਹੀ ਨਹੀਂ, ਲਿਸਟ ਦਿਖਾਓ, ਮੈਂ ਲਿਸਟ ਦਿਖਾ ਦਿੰਦਾ ਹਾਂ। ਉਨ੍ਹਾਂ ਦੇ ਘਰਾਂ ਵਿੱਚ ਜਾ ਆਇਓ। ਕਿਸੇ ਨੇ ਪਟਵਾਰੀ ਦੀ ਨੌਕਰੀ ਛੱਡ ਕੇ ਡੀ.ਐਸ.ਪੀ. ਦੀ ਨੌਕਰੀ ਲੈ ਲਈ। ਮਤਲਬ ਇਕੋ ਬੰਦੇ ਨੂੰ ਦੋ-ਦੋ ਨੌਕਰੀਆਂ ਮਿਲ ਗਈਆਂ। ਕੀ ਇਨ੍ਹਾਂ ਦੇ ਵੇਲੇ ਕਿਸੇ ਨੂੰ ਨੌਕਰੀ ਮਿਲਦੀ ਸੀ? ਘਰ-ਘਰ ਨੌਕਰੀ ਦਾ ਨਾਅਰਾ ਲਗਾ ਕੇ ਸਾਰਾ ਪੰਜਾਬ ਰੰਗ ਦਿੱਤਾ। ਕੀ ਘਰ-ਘਰ ਨੌਕਰੀ ਦੇ ਦਿੱਤੀ? ਹੱਥ ਵਿੱਚ ਗੁਟਕਾ ਸਾਹਿਬ ਫੜ੍ਹ ਕੇ ਕਹਿੰਦੇ ਸੀ ਕਿ ਤਿੰਨ ਮਹੀਨਿਆਂ ਵਿੱਚ ਨਸ਼ੇ ਦਾ ਅਤੇ ਨਸ਼ਾ ਵੇਚਣ ਵਾਲਿਆਂ ਦਾ ਲੱਕ ਤੋੜ ਦਿਆਂਗੇ, ਕੀ ਲੱਕ ਤੋੜ ਦਿੱਤਾ ਸੀ, ਕਹਿੰਦੇ ਹਾਂ ਤੋੜ ਦਿੱਤਾ। ਕਿਸ ਦਾ ਲੱਕ ਤੋੜ ਦਿੱਤਾ? ਉਵੇਂ ਉਵੇਂ ਹੀ ਸਾਰਾ ਕੁਝ ਚੱਲੀ ਗਿਆ। ਕੁਦਰਤ ਜੇਕਰ ਤੁਹਾਨੂੰ ਕੋਈ ਦਾਤ ਬਖਸ਼ੇ ਜਾਂ ਮਿਹਰ ਕਰੇ ਤਾਂ ਉਸ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ। ਇਹ ਤਾਂ ਘਰਾਂ ਵਿੱਚ ਵੜੇ ਹੀ ਨਹੀਂ। ਸੀ.ਐਮ. ਹਾਊਸ ਵਿੱਚ ਵੜੇ ਹੀ ਨਹੀਂ। ਕੋਈ ਸਿਸਵਾਂ ਰਹਿੰਦਾ ਰਿਹਾ, ਕੋਈ ਆਪਣੀਆਂ ਕੋਠੀਆਂ ਵਿੱਚ, ਕੋਈ ਸੁੱਖ ਵਿਲਾਸ ਵਿੱਚ ਰਹਿੰਦਾ ਰਿਹਾ, ਇਹ ਸਰਕਾਰੀ ਘਰਾਂ ਵਿੱਚ ਤਾਂ ਵੜੇ ਹੀ ਨਹੀਂ ਕਿਉਂਕਿ ਕਹਿੰਦੇ ਇਹ ਤਾਂ ਸਰਵੈਂਟ ਕੁਆਰਟਰ ਲੱਗਦੇ ਹਨ, ਇਨ੍ਹਾਂ ਤੋਂ ਵੱਡੇ ਬਣਾਵਾਂਗੇ। ਫਿਰ ਰੱਬ ਕਹਿੰਦਾ ਠੀਕ ਹੈ, ਬਣਾ ਲਓ, ਇੱਥੇ ਨਹੀਂ ਆਉਣ ਦਿੰਦਾ, ਹੁਣ ਉਸੇ ਘਰ ਵਿੱਚ ਆਉਣ ਨੂੰ ਤਰਸੀ ਜਾਂਦੇ ਹਨ। ਜੇਕਰ ਕੁਦਰਤ ਨਾਲ ਖਿਲਵਾੜ ਕਰੋਗੇ ਤੇ ਰੱਬ ਨੂੰ ਟੱਬ ਸਮਝੋਗੇ ਤਾਂ ਫਿਰ ਇਸ ਤਰ੍ਹਾਂ ਹੀ ਹੁੰਦਾ ਹੈ। ਇਹ ਸਾਰੀਆਂ ਮਾਧੋਪੁਰ ਵਾਲੀਆਂ ਮੀਟਿੰਗਾਂ ਦੀ ਲਿਸਟ, ਡੈਮਾਂ ਦੀ ਲਿਸਟ, ਖੱਡਾਂ ਦੀ ਲਿਸਟ ਸਾਰੀ ਮੇਰੇ ਕੋਲ ਪਈ ਹੈ ਪਰ ਘੱਟੋ-ਘੱਟ ਇਹ ਨਾ ਕਰੋ ਕਿ ਇਹ ਤਾਂ ਪਹਿਲ ਕਰ ਗਏ। ਕੋਈ ਕਹਿੰਦਾ ਕਿ ਤੁਹਾਡਾ ਪਹਿਲਾਂ ਵਾਲਾ ਮਤਾ ਵੀ ਪਿਆ ਹੈ, ਤੁਹਾਡੇ ਮਤੇ ਉੱਥੇ ਪਹੁੰਚਦੇ ਹੀ ਨਹੀਂ ਹੋਣੇ। ਫਿਰ ਕੀ ਤੁਹਾਡਾ ਪਾਣੀ ਵਾਲਾ ਮਤਾ, ਐਸ.ਵਾਈ.ਐਲ. ਵਾਲਾ ਮਤਾ ਉੱਥੇ ਪਹੁੰਚ ਗਿਆ ਸੀ? ਘੱਟੋ-ਘੱਟ ਵਿਰੋਧ ਤਾਂ ਜਤਾਈਏ, ਘੱਟੋ-ਘੱਟ ਇਸ ਮੁਕੱਦਸ ਹਾਊਸ ਦੇ ਰਿਕਾਰਡ ਤੇ ਤਾਂ ਸਾਡਾ ਵਿਰੋਧ ਜਾਵੇ। ਜੇਕਰ ਹੁਣ ਬੋਲਾਂਗੇ ਹੀ ਨਹੀਂ ਫਿਰ ਕੀ ਬਣੇਗਾ?

ਅੱਜ ਕੱਲ੍ਹ ਅਸੀਂ ਬਹੁਤ ਰਵਾਇਤੀ ਹੋ ਗਏ,
ਵਿਰੋਧ ਕਰਨਾ ਭੁੱਲ ਗਏ,
ਜਾਂ ਚੁੱਪ ਹੋ ਗਏ ਜਾਂ ਹਮਾਇਤੀ ਹੋ ਗਏ।

ਚੁੱਪ ਹੋਣਾ ਵੀ ਤਾਂ ਅੱਧੀ ਹਮਾਇਤ ਹੀ ਹੁੰਦੀ ਹੈ। ਵਿਰੋਧ ਕਰੋ ਕਿ ਗਲਤ ਗੱਲ ਹੈ ਪਰ ਇਹ ਨਹੀਂ ਕਰਦੇ ਕਿਉਂਕਿ ਇਹ ਕਿਸੇ ਨਾ ਕਿਸੇ ਗੱਲੋਂ ਕਾਣੇ ਹਨ। ਇਸ ਲਈ ਬੋਲਦੇ ਹੀ ਨਹੀਂ। ਇਨ੍ਹਾਂ ਵਿਚੋਂ ਕਿਸੇ ਨੂੰ ਬੀ.ਜੇ.ਪੀ. ਦੇ ਵਿਰੁੱਧ ਬੁਲਾਓ, ਮੈਂ ਰੋਜ਼ ਬੋਲਦਾ ਹਾਂ ਕਿ ਜਿੱਥੇ 140 ਕਰੋੜ ਲੋਕ ਰਹਿੰਦੇ ਹਨ, ਤੁਸੀਂ ਉੱਥੇ ਰਹੋ, ਪਤਾ ਨਹੀਂ ਕਿਹੜੇ ਕਿਹੜੇ ਮੁਲਕਾਂ ਵਿੱਚ ਜਾਂਦੇ ਹੋ, ਮਗਨੇਸ਼ੀਆ, ਟਕਨੇਸ਼ੀਆ, ਪਪੂਆਪੁਨੂੰਆਂ, ਟਪੂਆਪੁਨੂੰਆਂ ਵਗੈਰਾ ਵਗੈਰਾ। ਜਿੱਥੇ ਤੁਹਾਡੇ ਲੋਕ ਗਰੀਬੀ ਨਾਲ ਅਤੇ ਬੇਰੁਜ਼ਗਾਰੀ ਨਾਲ ਮਰ ਰਹੇ ਹਨ, ਉੱਥੇ ਕਿਉਂ ਨਹੀਂ ਰਹਿੰਦੇ?

**ਸਰਦਾਰ ਪਰਗਟ ਸਿੰਘ ਪੋਆਰ (ਬਿਨਾਂ ਮਾਈਕ ਤੋਂ):** ਮੈਂ ਤਾਂ ਕਹਿੰਦਾ ਹਾਂ ਕਿ ਆਪਾਂ ਚੱਲੀਏ, ਦਿੱਲੀ ਨੂੰ ਚੱਲੋ ਤਾਂ ਸਹੀ। ਦੇਖੀਏ ਕਿਹੜਾ ਨਹੀਂ ਜਾਂਦਾ?

**ਮੁੱਖ ਮੰਤਰੀ:** ਉਹ ਟਾਈਮ ਵੀ ਆ ਜਾਵੇਗਾ ਜੀ, ਮੈਂ ਕਰਦਾਂ ਗੱਲ, ਆਉਣ ਵਾਲੇ ਦਿਨਾਂ ਵਿੱਚ।

**ਸਰਦਾਰ ਪਰਗਟ ਸਿੰਘ ਪੋਆਰ (ਬਿਨਾਂ ਮਾਈਕ ਤੋਂ):** ਫਿਰ ਪਤਾ ਲੱਗੇਗਾ ਕਿ ਕਿਹੜਾ ਨਹੀਂ ਜਾਂਦਾ?

**ਮੁੱਖ ਮੰਤਰੀ :** ਪਤਾ ਲੱਗ ਜਾਵੇਗਾ, ਹਾਂ ਜੀ, ਦੇਖ ਲਵਾਂਗੇ, ਬਿਲਕੁਲ ਸਹੀ, ਪਤਾ ਲੱਗ ਜਾਵੇਗਾ। ਤੁਸੀਂ ਤਾਂ ਖੈਰ ਪਰਗਟ ਜੀ, ਪਹਿਲਾਂ ਵੀ ਕਹਿ ਦਿੱਤਾ ਸੀ ਕਿ ਅੱਧੇ ਬੇਅਦਬੀ ਦੇ ਹੱਕ ਵਿੱਚ ਸੀ, ਅੱਧੇ ਵਿਰੋਧ ਦੇ ਵਿੱਚ ਸੀ। ਤੁਸੀਂ ਤਾਂ ਪਹਿਲਾਂ ਵੀ ਕਹਿ ਦਿੱਤਾ ਸੀ। ਤੁਸੀਂ ਤਾਂ ਗੋਲ ਕਰ ਜਾਂਦੇ ਹੋ, ਜਦੋਂ ਵੀ ਸਮਾਂ ਮਿਲੇ। ਤੁਹਾਡੇ ਗੋਲਾਂ ਉਤੇ ਮੈਨੂੰ ਕੋਈ ਸ਼ੱਕ ਨਹੀਂ ਹੈ। ਸੋ, ਇਸ ਕਰਕੇ ਇਹ ਤਾਂ ਸਿਰਫ਼ ਇੱਕ ਮੌਕਾ ਭਾਲਦੇ ਹਨ ਕਿ ਵਿਧਾਨ ਸਭਾ ਸੈਸ਼ਨ ਆ ਗਿਆ, ਜਾਣ ਸਾਰ ਬੋਲਾਂਗੇ, ਬੁੜਕ ਬੁੜਕ ਪੈਂਦੇ ਹਨ। ਕੋਈ ਬੋਲ ਰਿਹਾ ਹੈ ਤਾਂ ਅੱਧਾ ਸਮਾਂ ਉਸ ਵਿਚੋਂ ਲੈਣਾ ਹੈ। ਮੰਤਰੀ ਬੋਲ ਰਿਹਾ ਹੈ ਤਾਂ ਵਿੱਚ ਟੋਕਣਾ ਹੈ। ਤੁਸੀਂ ਬੋਲ ਲਓ, ਟਾਈਮ ਮਿਲੇਗਾ, ਕਿੰਨਾ ਟਾਈਮ ਮਿਲਣਾ ਹੈ, ਪੁੱਛ ਲਓ, ਤੁਹਾਡੇ ਵਿਪ੍ਹ ਨੂੰ ਦੱਸ ਦਿਓ ਕਿ ਕਿੰਨੇ ਬੁਲਾਰੇ ਹਨ, ਅਸੀਂ ਟਾਈਮ ਦੇਣ ਨੂੰ ਤਿਆਰ ਹਾਂ। ਅਸੀਂ ਤਾਂ ਕਿਸੇ ਨੂੰ ਵੀ ਮਨ੍ਹਾ ਨਹੀਂ ਕਰਦੇ। ਸਾਡੇ ਰਾਣਾ ਜੀ ਆਜ਼ਾਦ ਉਮੀਦਵਾਰ ਹਨ, 10 ਮਿੰਟ ਬੋਲ ਲਏ, ਡਾਕਟਰ ਨਛੱਤਰ ਪਾਲ ਜੀ ਵੀ ਬੋਲ ਲਏ, ਕੋਈ ਗੱਲ ਨਹੀਂ ਜੇ ਗਿਣਤੀ ਵਿੱਚ ਇੱਕ ਹਨ। ਮੈਂ ਵੀ ਇੱਕ ਰਿਹਾ ਸੀ। ਮੈਨੂੰ ਦਰਦ ਪਤਾ ਹੈ, ਸਾਲ 2019 ਵਿੱਚ ਮੈਂ ਵੀ ਇਕੱਲਾ ਹੀ ਐਮ.ਪੀ. ਸੀ। ਮੈਂ ਸੋਚਦਾ ਸੀ ਕਿ ਮੈਂ 15 ਲੱਖ ਲੋਕਾਂ ਨੂੰ ਰਿਪ੍ਰੇਜ਼ੈਂਟ ਕਰਦਾ ਹਾਂ, ਕੋਈ ਗੱਲ ਨਹੀਂ ਜੇ ਇਕੱਲਾ ਹਾਂ। ਕਿੰਨੇ ਲੋਕਾਂ ਨੂੰ ਬੰਦਾ ਰਿਪ੍ਰੇਜ਼ੈਂਟ ਕਰਦਾ ਹੈ, ਉਹ ਗਿਣਿਆ ਜਾਣਾ ਚਾਹੀਦਾ ਹੈ। ਅਸੀਂ ਇਸ ਗੱਲ ਦੀ ਇੱਜ਼ਤ ਕਰਦੇ ਹਾਂ ਕਿ ਵਿਧਾਨ ਸਭਾ ਵਿੱਚ ਬੋਲੋ, ਆਪਣੀ ਤਾਂ ਉਨ੍ਹਾਂ ਨਾਲ ਲੜਾਈ ਸਾਂਝੀ ਹੈ। ਤੁਸੀਂ ਵੀ ਤਾਂ ਉਨ੍ਹਾਂ (ਸੈਂਟਰ ਸਰਕਾਰ) ਤੋਂ ਹੀ ਪੀੜ੍ਹਤ ਹੋ। ਹਰ ਰੋਜ਼ ਵੋਟਾਂ ਦਾ ਦੇਖੋ ਕੀ ਕਰੀ ਜਾਂਦੇ ਹਨ, ਇੰਨੀਆਂ ਕੱਟ ਦਿੱਤੀਆਂ, ਇੰਨੀਆਂ ਐਡ ਕਰ ਦਿੱਤੀਆਂ, ਉਹ ਤਾਂ ਜਨਤਾ ਹੀ ਆਪਣੀ ਬਣਾਉਣ ਲੱਗੇ ਹੋਏ ਹਨ। ਉਹ ਤਾਂ ਕਹਿੰਦੇ ਹਨ ਕਿ ਇਸ ਪਬਲਿਕ ਦੀ ਸਾਨੂੰ ਲੋੜ ਨਹੀਂ ਹੈ। ਅਸੀਂ ਤਾਂ ਆਪਣੀ ਪਬਲਿਕ ਬਣਾਵਾਂਗੇ। One nation one election ਕਹਿਣ ਵਾਲੇ ਹਰਿਆਣਾ ਤੇ ਮਹਾਰਾਸ਼ਟਰ ਵਿੱਚ ਇੱਕੋ ਦਿਨ ਵੋਟਾਂ ਕਿਉਂ ਨਹੀਂ ਪੁਆਉਂਦੇ? ਕਦੇ ਸੋਚਿਆ ਹੈ ਕਿ ਦੇਸ਼ ਨਾਲ ਕੀ ਹੋਈ ਜਾਂਦਾ ਹੈ? ਹਰ ਵਕਤ ਭਗਵੰਤ ਮਾਨ ਦੇ ਨੁਕਸ ਕੱਢਣ ਤੇ ਹੀ ਲੱਗੇ ਰਹਿੰਦੇ ਹੋ। ਹਰਿਆਣਾ ਦੇ ਵਿੱਚ ਕੋਈ ਮੁਕੇਸ਼ ਅਗਰਵਾਲ ਹੈ, ਉਸ ਦੀ ਹਰਿਆਣਾ ਦੇ ਵਿੱਚ ਵੀ ਵੋਟ ਹੈ, ਉਸ ਦੀ ਮਹਾਰਾਸ਼ਟਰ ਦੇ ਵਿੱਚ ਵੀ ਵੋਟ ਹੈ ਅਤੇ ਉਸ ਦੀ ਯੂ.ਪੀ. ਦੇ ਵਿੱਚ ਵੀ ਵੋਟ ਹੈ। ਹਰਿਆਣਾ ਵਿੱਚ ਵੋਟਾਂ ਪੁਆ ਕੇ ਚਾਰ ਦਿਨਾਂ ਬਾਅਦ ਉਸ ਨੂੰ ਮਹਾਰਾਸ਼ਟਰ ਲੈ ਜਾਂਦੇ ਹਨ, ਫਿਰ ਉਸ ਦੀ ਮਹਾਰਾਸ਼ਟਰ ਵਿੱਚ ਵੋਟ ਪੁਆਉਂਦੇ ਹਨ। ਫਿਰ ਉਨ੍ਹਾਂ ਨੂੰ ਜਿੱਥੇ ਵੋਟਾਂ ਹੁੰਦੀਆਂ ਹਨ, ਉਥੇ ਲੈ ਜਾਂਦੇ ਹਨ। ਦੋ ਸਟੇਟਾਂ ਵਿੱਚ ਇੱਕ ਦਿਨ ਤਾਂ ਵੋਟਾਂ ਕਰਵਾ ਨਹੀਂ ਸਕਦੇ, ਸਾਰੇ ਦੇਸ਼ ਵਿੱਚ ਇੱਕ ਦਿਨ ਵੋਟਾਂ ਕਰਵਾਉਣ ਨੂੰ ਕਹਿੰਦੇ ਹਨ। ਇਸ ਗੱਲ ਨੂੰ ਸਮਝੋ। ਇਹ ਤਾਂ ਈ.ਵੀ.ਐਮ. ਹੈਕਿੰਗ ਤੋਂ ਵੀ ਉੱਪਰ ਵਾਲੀ ਗੱਲ ਹੈ। ਇਹ ਤਾਂ ਆਪਣੀ ਹੀ ਡਿਜੀਟਲ ਜਨਤਾ ਬਣਾਉਣ ਲੱਗੇ ਹੋਏ ਹਨ। ਜਿਨ੍ਹਾਂ ਦੇ ਨਾਂ ਤੇ ਵੋਟਾਂ ਬਣ ਗਈਆਂ, ਉਹ ਬੰਦੇ ਮੌਜੂਦ ਹੀ ਨਹੀਂ ਹਨ। ਸ਼੍ਰੀ ਰਾਹੁਲ ਗਾਂਧੀ ਨੇ ਰੌਲਾ ਪਾਇਆ ਹੈ, ਬੜੀ ਅੱਛੀ ਗੱਲ ਹੈ। ਅਸੀਂ ਸਾਥ ਦਿੱਤਾ ਹੈ। ਅਸੀਂ ਤਾਂ ਆਪ ਕਹਿੰਦੇ ਹਾਂ ਕਿ ਦਿੱਲੀ ਦੇ ਵਿੱਚ ਬੜੀ ਵਾਰ ਇਲੈਕਸ਼ਨ ਕਮਿਸ਼ਨ ਨੂੰ ਮਿਲੇ ਹਾਂ ਕਿ ਦਿੱਲੀ ਵਿੱਚ ਵੋਟਾਂ ਕੱਟੀ ਜਾਂਦੇ ਹਨ। ਸਾਡੇ ਰਾਜ ਸਭਾ ਦੇ ਐਮ.ਪੀ ਸੰਜੇ ਸਿੰਘ ਦੀ ਧਰਮ ਪਤਨੀ ਦੀ ਵੀ ਵੋਟ ਕੱਟ ਦਿੱਤੀ। ਜਦੋਂ ਬਾਅਦ ਵਿੱਚ ਰੌਲਾ ਪਿਆ ਉਦੋਂ ਵੋਟ ਬਣਾਈ। ਉਨ੍ਹਾਂ ਨੂੰ ਤੱਤੇ ਭਾਅ ਵਿੱਚ ਪਤਾ ਨਹੀਂ ਲੱਗਿਆ, ਵੋਟ ਕੱਟ ਦਿੱਤੀ, ਬਈ ਇਹ ਨਵੀਂ ਦਿੱਲੀ ਦਾ ਏਰੀਆ ਪੈਂਦਾ ਹੈ, ਚਲੋ ਕੱਟ ਦਿਉ। ਜੇ ਰੌਲਾ ਪਾਵਾਂਗੇ ਤਾਂ ਕਿਤੇ ਡੈਮੋਕਰੇਸੀ ਬਚੇਗੀ। ਅਸੀਂ ਕਿਹੜੀ ਡੈਮੋਕਰੇਸੀ ਦੀ ਗੱਲ ਕਰਦੇ ਹਾਂ? ਆਪਣੀ ਆਲੇ-ਦੁਆਲੇ ਕਿਸੇ ਗੁਆਂਢੀ ਮੁਲਕ ਨਾਲ ਨਹੀਂ ਬਣਦੀ। ਸ਼੍ਰੀਲੰਕਾ ਨਾਲ ਆਪਣੀ ਨਹੀਂ ਬਣਦੀ, ਬੰਗਲਾ ਦੇਸ਼ ਨਾਲ ਆਪਣੀ ਨਹੀਂ ਬਣਦੀ, ਨੇਪਾਲ ਨਾਲ ਆਪਣੀ ਨਹੀਂ ਬਣਦੀ, ਪਾਕਿਸਤਾਨ ਨਾਲ ਆਪਣੀ ਨਹੀਂ ਬਣਦੀ, ਚਾਈਨਾ ਨਾਲ ਆਪਣੀ ਨਹੀਂ ਬਣਦੀ। ਇੱਕ ਮੁਲਕ ਵੀ ਆਪਰੇਸ਼ਨ ਸਿੰਧੂਰ

ਵੇਲੇ ਸਾਡੇ ਨਾਲ ਨਹੀਂ ਖੜ੍ਹਿਆ। ਇੱਕ ਵੀ ਮੁਲਕ ਦੱਸ ਦਿਉ ਜਿਹੜਾ ਖੜ੍ਹਿਆ ਸੀ। ਫਿਰ ਕਾਹਦੇ ਵਾਸਤੇ ਸਾਡੇ ਪ੍ਰਧਾਨ ਮੰਤਰੀ ਸਾਹਿਬ ਧਰਤੀ ਦੇ ਗੇੜੇ ਕੱਢੀ ਜਾਂਦੇ ਹਨ? ਜਦੋਂ ਕਰੋਨਾ ਆ ਗਿਆ ਤਾਂ ਦੋ ਸਾਲ ਰੁਕਣਾ ਪੈ ਗਿਆ। ਨਹੀਂ ਤਾਂ ਹੁਣ ਨੂੰ ਧਰਤੀ ਦਾ ਪੰਜਵਾਂ ਗੇੜਾ ਹੁੰਦਾ। ਉੱਪਰੋਂ ਥੱਲੇ ਹੀ ਦੇਖ ਲੈਂਦੇ ਹਨ ਕਿ ਕਿਹੜਾ ਮੁਲਕ ਹੈ, ਕਹਿੰਦੇ ਹਨ ਕਿ ਹਾਲੇ ਦੋ ਘੰਟੇ ਹਨ, ਨੀਚੇ ਲਾਹ ਲਵੋ। ਸਾਨੂੰ ਕੋਈ ਵਿਦੇਸ਼ੀ ਪਾਲਿਸੀ ਪੁੱਛਣ ਦਾ ਹੱਕ ਨਹੀਂ ਹੈ ਕਿ ਵਿਦੇਸ਼ ਨੀਤੀ ਕੀ ਹੈ? ਸਾਡੇ ਬਹੁਤ ਸਾਰੇ ਲੋਕ ਵਿਦੇਸ਼ਾਂ ਵਿੱਚ ਵੱਸਦੇ ਹਨ, ਉਹ ਸਾਨੂੰ ਪੁੱਛਦੇ ਹਨ ਕਿ ਕੀ ਕੋਈ ਐਨ.ਆਰ.ਆਈਜ਼. ਬਾਰੇ ਨੀਤੀ ਹੈ ਤਾਂ ਦੱਸੋ। ਟੋਰਾਂਟੋ, ਵੈਨਕੂਵਰ, ਲੰਡਨ, ਆਸਟ੍ਰੇਲੀਆ ਵਿੱਚ ਕਿੰਨਾ ਅਨਰੈਸਟ ਹੋਇਆ ਪਿਆ ਹੈ, ਉੱਥੇ anti-immigration ਦੇ ਇੰਨੇ ਪ੍ਰਦਰਸ਼ਨ ਚੱਲ ਰਹੇ ਹਨ, ਕੀ ਕੋਈ ਹੁਣ ਬੋਲ ਰਿਹਾ ਹੈ? ਕੱਲ੍ਹ 73 ਸਾਲਾਂ ਦੀ ਦਾਦੀ ਨੂੰ ਬੇੜੀਆਂ ਲਗਾ ਕੇ 172 ਬੰਦਿਆਂ ਦੇ ਨਾਲ ਕੱਢ ਦਿੱਤਾ ਗਿਆ। ਕੀ ਕੋਈ ਹੁਣ ਬੋਲ ਰਿਹਾ ਹੈ? My friend Donald Trump, ਕਿਹੜਾ friend? ਸਾਰੇ ਟੈਰਿਫ ਉਸ ਨੇ ਵਧਾ ਦਿੱਤੇ। ਪਾਕਿਸਤਾਨ ਨੂੰ ਬਰਾਬਰ ਦਾ ਮੁਲਕ ਕਹਿੰਦਾ। ਇਨ੍ਹਾਂ ਗੱਲਾਂ ਬਾਰੇ ਸੋਚੀਏ। ਹਰ ਵਕਤ ਆਪਸ ਵਿੱਚ ਲੜੀ ਜਾਂਦੇ ਹਾਂ। ਉਹ ਸੋਚਦੇ ਹਨ ਕਿ ਠੀਕ ਹੈ, ਲੜੀ ਜਾਓ, ਸਾਨੂੰ ਕੀ ਹੈ। ਵਧੀਆ ਗੱਲ ਹੈ, ਲੜੀ ਜਾਓ। ਜਿਹੜੀ ਪੁਲਿਸ ਵੀ ਹੁੰਦੀ ਹੈ, ਉਹ ਵੀ ਗੈਂਗਵਾਰ ਨੂੰ ਨਹੀਂ ਹਟਾਉਂਦੀਆਂ। ਉਹ ਕਹਿੰਦੇ ਹਨ ਕਿ ਆਪੇ ਹੀ ਮਰ ਜਾਣ ਦਿਉ। ਆਪਾਂ ਕਿਉਂ ਵਿੱਚ ਪਈਏ? ਗੈਂਗਵਾਰ ਵਿੱਚ ਦੋ ਇੱਕ ਦੇ ਮਰ ਗਏ, ਦੋ ਦੂਜੇ ਦੇ ਮਰ ਗਏ, ਦੁਸ਼ਮਣੀ ਪੱਕੀ ਹੋ ਜਾਂਦੀ ਹੈ, ਅਗਲੀ ਵਾਰ ਤਿੰਨ ਇੱਕ ਦੇ ਮਰ ਗਏ, ਤਿੰਨ ਦੂਜੇ ਦੇ ਮਰ ਗਏ। ਇਸ ਤਰ੍ਹਾਂ ਸਾਰੇ ਖਤਮ ਹੋ ਜਾਂਦੇ ਹਨ। ਮੁਗਲ ਕਿਵੇਂ ਖਤਮ ਹੋਏ ਸੀ, ਆਪਸ ਵਿੱਚ ਹੀ ਲੜ ਕੇ ਖਤਮ ਹੋਏ ਸੀ। ਕੀ ਕੋਈ ਉਨ੍ਹਾਂ ਦਾ ਵਿਰੋਧੀ ਸੀ? ਆਪਾਂ ਵਿਜ਼ਨ ਰੱਖ ਕੇ ਚੱਲੀਏ, ਤੁਹਾਡੇ ਤਜਰਬੇ ਦੀ ਲੋੜ ਹੈ। ਉਹ ਅਲੱਗ ਗੱਲ ਹੈ ਕਿ ਤਜਰਬਾ ਹੋਰ ਪਾਸੇ ਨੂੰ ਜ਼ਿਆਦਾ ਹੈ ਪਰ ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਚੰਗੇ ਬੰਦੇ ਵੀ ਹਨ। ਕੋਈ ਪਾਰਟੀਆਂ ਮਾੜੀਆਂ ਨਹੀਂ ਹੁੰਦੀਆਂ ਹਨ। ਬੰਦੇ ਵਿੱਚ ਆ ਜਾਂਦੇ ਹਨ, ਫਿਰ ਚਲੇ ਵੀ ਜਾਂਦੇ ਹਨ, ਕੋਈ ਗੱਲ ਨਹੀਂ। ਤੁਸੀਂ ਇੱਕ ਰਾਏ ਤਾਂ ਬਣਾਉ।

ਇੱਥੇ ਪਰਵਾਸੀ ਪੰਜਾਬੀਆਂ ਦਾ ਮੁੱਦਾ ਉੱਠਿਆ। ਬੜੀ ਬੇਰਹਿਮੀ ਨਾਲ ਗੈਰ-ਮਨੁੱਖੀ ਤਰੀਕੇ ਨਾਲ ਬੱਚੇ ਦਾ ਕਤਲ ਕੀਤਾ ਗਿਆ ਹੈ। ਕਰੀਮੀਨਲ ਦੀ ਕੋਈ ਜਾਤ ਨਹੀਂ ਹੁੰਦੀ, ਕੋਈ ਦੇਸ਼ ਨਹੀਂ, ਕੋਈ ਪ੍ਰਦੇਸ ਨਹੀਂ ਹੁੰਦਾ। ਅਪਰਾਧੀ ਤਾਂ ਅਪਰਾਧੀ ਹੁੰਦਾ ਹੈ, ਉਨ੍ਹਾਂ ਨੂੰ ਸਖਤ ਤੋਂ ਸਖਤ ਸਜ਼ਾ ਮਿਲੇਗੀ, ਫਾਸਟ ਟਰੈਕ ਤੇ ਜਾ ਕੇ ਸਜ਼ਾ ਮਿਲੇਗੀ। ਤੁਹਾਡੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਆਪਣੇ ਅੱਜ ਆਏ ਨਹੀਂ ਹਨ, ਉਹ ਕਹਿੰਦੇ ਹਨ ਕਿ ਇਨ੍ਹਾਂ ਨੂੰ ਕੱਢੋ। ਯਾਰ, ਆਪਣੇ ਬਾਹਰ ਕਲਕੱਤੇ, ਛੱਤੀਸਗੜ੍ਹ, ਮਹਾਰਾਸ਼ਟਰ ਵਿੱਚ ਕਿੰਨੇ ਬੰਦੇ ਹਨ, ਉਨ੍ਹਾਂ ਦੇ ਉੱਥੇ ਵੱਡੇ ਵੱਡੇ ਟਰੱਕਾਂ ਦੇ ਬਿਜ਼ਨਸ ਹਨ। ਯੂ.ਪੀ. ਸਾਰਾ ਪੰਜਾਬੀਆਂ ਨਾਲ ਭਰਿਆ ਪਿਆ ਹੈ। ਉਨ੍ਹਾਂ ਦਾ ਕੀ ਕਰਾਂਗੇ? ਫਿਰ ਉਹ ਉਨ੍ਹਾਂ ਦੇ ਟਰੱਕਾਂ ਨੂੰ ਅੱਗ ਲਗਾਉਣ ਲੱਗ ਜਾਣਗੇ। ਹਾਂ, ਕੋਈ ਲਾਅ ਐਂਡ ਆਰਡਰ ਨੂੰ ਹੱਥ ਵਿੱਚ ਲੈਂਦਾ ਹੈ ਤਾਂ ਅਸੀਂ ਬਿਲਕੁਲ ਨਹੀਂ ਬਖਸ਼ਾਂਗੇ। ਅਸੀਂ ਨਹੀਂ ਦੇਖਾਂਗੇ ਕਿ ਕਿੱਥੇ ਦਾ ਹੈ। ਤੁਹਾਡੇ ਵਾਲਾ ਉਹ ਬੰਦਾ ਕਹੀ ਜਾਂਦਾ ਹੈ ਕਿ ਇਨ੍ਹਾਂ ਨੂੰ ਕੱਢੋ। ਬਿਹਾਰ ਵਿੱਚ ਵੋਟਾਂ ਹਨ, ਤੁਹਾਡਾ ਪ੍ਰਧਾਨ ਬਿਹਾਰ ਜਾ ਕੇ ਕਹੀ ਜਾਂਦਾ ਹੈ ਕਿ ਸਾਡੇ ਇਨ੍ਹਾਂ ਬਿਨਾਂ ਸਰਦਾ ਹੀ ਨਹੀਂ ਹੈ। ਤੁਸੀਂ ਇੱਕ ਰਾਇ ਤਾਂ ਬਣਾ ਲਵੋ। ਉਹ ਕਹਿੰਦਾ ਹੈ ਕਿ ਭੇਜੋ। ਤੁਹਾਡਾ ਕਿਸਾਨ ਪ੍ਰਧਾਨ ਕਹਿੰਦਾ ਹੈ ਕਿ ਇਨ੍ਹਾਂ ਨੂੰ ਕੱਢੋ। ਐਤਕੀਂ ਲੱਗਦਾ ਹੁਣ ਆਪ ਜੀਰੀ ਲਗਾਊਗਾ। ਸੋ, ਇਹ ਨਹੀਂ ਹੁੰਦਾ ਕਿ ਤੁਸੀਂ ਵਹਿਣ ਵਿੱਚ ਵਹਿ ਕੇ ਕੁਝ ਕਰ ਦਿਉ। ਮੈਂ ਕਹਿੰਦਾ ਹਾਂ ਕਿ ਜੋ ਵੀ ਕੋਈ ਗਲਤ ਕਰੇਗਾ, ਅਸੀਂ ਲਾਅ ਐਂਡ ਆਰਡਰ ਮੇਨਟੇਨ ਕਰਾਂਗੇ। ਅਸੀਂ ਕੋਈ ਸ਼ੂਟਰ ਹਰਿਆਣਾ ਤੋਂ ਵੀ ਫੜ੍ਹ ਕੇ ਲਿਆਂਦੇ ਹਾਂ, ਮੱਧ ਪ੍ਰਦੇਸ਼ ਤੋਂ ਵੀ ਫੜ੍ਹ ਕੇ ਲਿਆਂਦੇ ਹਾਂ। ਅਸੀਂ ਅਰਮੇਨੀਆ ਤੋਂ ਬੰਦੇ ਫੜ੍ਹੇ ਹਨ, ਯੂ.ਏ.ਈ. ਤੋਂ ਰੈੱਡ ਕਾਰਨਰ ਨੋਟਿਸ ਜਾਰੀ ਕਰਕੇ ਬੰਦੇ ਫੜ੍ਹ ਕੇ ਲਿਆਏ ਹਾਂ। ਪੰਜਾਬ ਨੂੰ ਵਰਦਾਨ ਹੈ ਅਤੇ ਪੰਜਾਬ ਦੁਬਾਰਾ ਉਠ ਖੜ੍ਹਾ ਹੋਵੇਗਾ ਬਸ਼ਰਤੇ ਕਿ ਪੰਜਾਬ ਦੇ ਵਿੱਚ ਰਹਿਣ ਵਾਲੇ ਆਪਣੇ ਕੋਈ ਅੜਿੱਕਾ ਨਾ ਲਗਾਉਣ। ਪੰਜਾਬ ਨੂੰ ਚਾਹੇ ਮਹਾਰਾਜਾ ਰਣਜੀਤ

ਸਿੰਘ ਦੇ ਵੇਲੇ ਤੋਂ ਦੇਖ ਲਵੋ, ਜਦੋਂ ਵੀ ਪੰਜਾਬ ਹਾਰਿਆ ਹੈ ਤਾਂ ਆਪਣੇ ਬੰਦਿਆਂ ਦੀ ਵਜ੍ਹਾ ਕਰਕੇ ਹਾਰਿਆ ਹੈ। ਜਿਹੜੇ ਗੱਦਾਰ ਵਿੱਚੋਂ ਨਿਕਲਦੇ ਹਨ, ਜਿਹੜਾ ਚਿੱਟਾ ਖ਼ੂਨ ਨਿਕਲਦਾ ਹੈ, ਉਨ੍ਹਾਂ ਕਰਕੇ ਹਾਰਿਆ ਹੈ। ਅੰਗਰੇਜ਼ਾਂ ਨੇ ਇਹੋ ਕੀਤਾ ਸੀ। ਮਹਾਰਾਜਾ ਦਲੀਪ ਸਿੰਘ, ਮਹਾਰਾਣੀ ਜਿੰਦਾ ਨੂੰ ਕਿੱਧਰ ਲੈ ਗਏ ਸਨ? ਆਪਣਿਆਂ ਨੇ ਹੀ ਚੁਗਲੀਆਂ ਕਰਕੇ ਪਹਿਲਾਂ ਯੂ.ਕੇ. ਭੇਜ ਦਿੱਤਾ, ਮੁੜ ਕੇ ਖਤਮ ਕਰ ਦਿੱਤਾ, ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਹੀ ਖਤਮ ਕਰ ਦਿੱਤੀਆਂ। ਇਸ ਕਰਕੇ ਹਿਸਟਰੀ ਤੋਂ ਹੀ ਸਿੱਖਿਆ ਲੈ ਲਈਏ। ਪੰਜਾਬ ਤੇ ਸੰਕਟ ਆਇਆ ਹੈ, ਕੋਈ ਗੱਲ ਨਹੀਂ। ਪੰਜਾਬ ਬਹੁਤ ਵਾਰੀ ਡਿੱਗਿਆ ਹੈ ਪਰ ਪੰਜਾਬ ਬਹੁਤ ਵਾਰੀ ਉਠਿਆ ਵੀ ਹੈ। ਪੰਜਾਬੀ ਐਸੇ ਜਜ਼ਬੇ ਵਾਲੇ ਬੰਦੇ ਹਨ, ਐਸੀ ਕੌਮ ਹੈ ਕਿ ਜਦੋਂ ਇਕੱਠੇ ਹੋ ਜਾਣ ਤਾਂ ਵੱਡੇ ਤੋਂ ਵੱਡਾ ਸੰਕਟ ਵੀ ਛੋਟਾ ਲੱਗਣ ਲੱਗ ਜਾਂਦਾ ਹੈ। ਕੁਦਰਤੀ ਆਫਤਾਂ ਪੰਜਾਬੀਆਂ ਦੇ ਏਕੇ ਮੂਹਰੇ ਗੋਡੇ ਟੇਕ ਦਿੰਦੀਆਂ ਹਨ। ਇਹ ਅੱਜ ਤੋਂ ਨਹੀਂ ਬਲਕਿ ਬਹੁਤ ਚਿਰ ਪਹਿਲਾਂ ਤੋਂ ਹੈ। ਸਾਰਾਗੜ੍ਹੀ ਵਿੱਚ ਕਿੰਨੇ ਸਿੰਘ ਸਨ? ਕੇਵਲ 21 ਸਨ। ਦੇਖ ਲਵੋ ਅੱਜ ਅੰਗਰੇਜ਼ ਵੀ ਕਹਿੰਦੇ ਹਨ ਕਿ ਲੜਾਈ ਤਾਂ ਇਹ ਹੋਈ ਹੈ। ਜਿੱਥੇ ਰਾਜਸਥਾਨ ਵਾਲੇ ਬਾਰਡਰ ਤੇ ਟੈਂਕ ਖੜ੍ਹਿਆ ਹੈ, ਲੌਂਗੇਵਾਲ ਵਿਖੇ ਕੁਲਦੀਪ ਚਾਂਦਪੁਰੀ ਨੇ ਕੀ ਕੀਤਾ? ਉਹ ਕਿੰਨੇ ਜਣੇ ਸਨ? ਹਵਾਈ ਫੌਜ ਆਉਣ ਤੱਕ ਡੇਢ ਦਿਨ ਕੱਟਣਾ ਸੀ, ਅੱਧਾ ਦਿਨ ਸੀ ਤੇ ਇੱਕ ਰਾਤ ਸੀ, ਉਹ ਕੱਟ ਗਏ। ਉਨ੍ਹਾਂ ਨੂੰ ਕਿਹਾ ਗਿਆ ਕਿ ਤੁਸੀਂ ਭੱਜ ਸਕਦੇ ਹੋ ਪਰ ਉਹ ਕਹਿੰਦੇ ਕਿ ਨਹੀਂ, ਅਸੀਂ ਨਹੀਂ ਜਾਂਦੇ, ਅਸੀਂ ਤਾਂ ਇੱਥੇ ਹੀ ਖੜ੍ਹਾਂਗੇ। ਉਥੇ ਹੁਣ ਟੈਂਕ ਖੜ੍ਹਾ ਹੈ। ਸਾਡੇ ਗੁਰੂ ਜੀ ਸਵਾ ਲੱਖ ਨਾਲ ਇੱਕ ਲੜਾਉਂਦੇ ਰਹੇ ਹਨ, ਸਾਡੇ ਗੁਰੂ ਜੀ ਚਿੜੀਆਂ ਤੋਂ ਬਾਜ ਤੁੜਾਉਂਦੇ ਰਹੇ ਹਨ । ਸੋ, ਇਸ ਕਰਕੇ ਕਿਸੇ ਤੇ, ਆਪਣਿਆਂ ਤੇ ਸ਼ੱਕ ਨਾ ਕਰੋ। ਜਿਵੇਂ ਤੁਸੀਂ ਕਹਿੰਦੇ ਹੋ ਕਿ ਇਨ੍ਹਾਂ ਨੂੰ ਪੈਸੇ ਨਾ ਦਿਉ, ਇਹ ਤਾਂ ਐਵੇਂ ਕਰ ਦੇਣਗੇ, ਅਸੀਂ ਐਵੇਂ ਵਾਲੇ ਨਹੀਂ ਹਾਂ, ਜਨਾਬ। ਪੈਸੇ ਕਮਾਉਣ ਵਾਲੇ ਕੰਮ ਤਾਂ ਛੱਡ ਕੇ ਆਏ ਹਾਂ। ਵੈਨਕੂਵਰ, ਟੋਰਾਂਟੋ, ਕੈਲਗਰੀ, ਐਡਮਿੰਟਨ, ਮੈਲਬੋਰਨ ਅਤੇ ਸਿਡਨੀ ਵਾਲੇ ਅੱਜ ਵੀ ਕਹਿੰਦੇ ਹਨ ਕਿ ਤੁਹਾਡੇ ਸ਼ੋਆਂ ਨੂੰ ਮਿੱਸ ਕਰਦੇ ਹਾਂ। ਜਿੰਨੇ ਮਰਜ਼ੀ ਪੈਸੇ ਲੈ ਲਵੀਂ। ਮੈਂ ਕਿਹਾ ਕਿ ਨਾ, ਹੁਣ ਪੈਸੇ ਨਹੀਂ। ਜਦੋਂ ਰੱਬ ਨੇ ਡਿਊਟੀ ਹੀ ਲਗਾ ਦਿੱਤੀ ਤਾਂ ਪੈਸਿਆਂ ਦੀ ਗੱਲ ਨਹੀਂ (ਥੰਪਿੰਗ)। ਹੁਣ ਅਗਲਾ ਕਿਨਾਰਾ ਹੀ ਦਿਖਦਾ ਹੈ, ਹੁਣ ਪਿਛਲਾ ਨਹੀਂ ਦੇਖਣਾ ਹੈ। ਸੋ, ਪੈਸਾ-ਪੂਸਾ ਸਭ ਇੱਥੇ ਹੀ ਰਹਿ ਜਾਣਾ ਹੈ। ਇੱਥੇ ਵੱਡੇ ਵੱਡੇ ਧਨਾਢ ਆਏ ਹਨ। ਬਾਅਦ ਵਿੱਚ ਉਨ੍ਹਾਂ ਦੇ ਚਾਚੇ-ਤਾਏ, ਜਵਾਈ ਤੇ ਪਤਾ ਨਹੀਂ ਕੌਣ ਕੌਣ ਉਨ੍ਹਾਂ ਦੇ ਪੈਸੇ ਖਾਂਦਾ ਹੈ। ਕੋਈ ਨਾਲ ਥੋੜ੍ਹੀ ਲੈ ਕੇ ਜਾਂਦਾ ਹੈ। ਗੱਲ ਬੱਸ ਇਹ ਹੈ ਕਿ ਜੇ ਚਾਰ ਕੰਮ ਚੰਗੇ ਕਰ ਜਾਉਗੇ ਤਾਂ ਲੋਕ ਯਾਦ ਰੱਖ ਲੈਣਗੇ ਨਹੀਂ ਤਾਂ ਇੱਥੇ ਦੁਨੀਆ ਆਉਂਦੀ ਰਹੀ ਹੈ, ਜਾਂਦੀ ਰਹੀ ਹੈ। ਸੋ, ਅੱਜ ਪੰਜਾਬ ਸੰਕਟ ਵਿੱਚ ਹੈ ਅਤੇ ਜਦੋਂ ਵੀ ਦੇਸ਼ ਸੰਕਟ ਵਿੱਚ ਆਇਆ ਹੈ ਤਾਂ ਪੰਜਾਬ ਮੂਹਰੇ ਖੜ੍ਹਾ ਹੈ। ਅਜ਼ਾਦੀ ਵੇਲੇ 90% ਕੁਰਬਾਨੀਆਂ ਪੰਜਾਬੀਆਂ ਦੀਆਂ ਸਨ। ਅੰਡੇਮਾਨ-ਨਿਕੋਬਾਰ ਜਾ ਕੇ ਦੇਖ ਲਵੋ, ਜਿਸ ਨੂੰ ਕਾਲਾ ਪਾਣੀ ਕਹਿੰਦੇ ਸਨ, ਉਥੇ ਨਾਂ ਲਿਖੇ ਹੋਏ ਹਨ, ਉਥੇ 90% ਨਾਂ ਪੰਜਾਬੀਆਂ ਦੇ ਹਨ। ਦੇਸ਼ ਪਸ਼ੂਆਂ ਵਾਲੀ ਕਣਕ ਖਾਂਦਾ ਸੀ ਅਤੇ ਬਾਹਰੋਂ ਮੰਗਵਾਉਂਦਾ ਸੀ। ਹਰੀ ਕ੍ਰਾਂਤੀ ਦਾ ਸੁਨੇਹਾ ਦਿੱਤਾ, ਧਰਤੀ ਖਰਾਬ ਕਰ ਲਈ, ਪਾਣੀ 600 ਫੁੱਟ ਤੇ ਲੈ ਗਏ ਪਰ ਦੇਸ਼ ਦੇ ਅਨਾਜ ਦੇ ਭੰਡਾਰ ਭਰ ਦਿੱਤੇ। ਵਾਹ ਬਈ ਵਾਹ, ਪੰਜਾਬ, ਪੰਜਾਬ, ਪੰਜਾਬ। ਜਦੋਂ ਪੰਜਾਬ ਤੇ ਸੰਕਟ ਆਉਂਦਾ ਹੈ ਤਾਂ ਕਹਿੰਦੇ आपको पैसे तो नहीं मिलेंगे। नहीं नहीं नहीं, आप अपना करो, हमारे पास तो इतने ही हैं। ਕਮਾਲ ਹੈ। ਉਦੋਂ ਸਾਡੇ ਨਾਲ ਦੇਸ਼ ਕਿਉਂ ਨਹੀਂ ਖੜ੍ਹਦਾ? ਅੱਜ ਵੀ ਉਸ ਅਜ਼ਾਦੀ ਨੂੰ ਕਾਇਮ ਰੱਖਣ ਵਾਸਤੇ ਕਾਰਗਿਲ ਤੋਂ ਲੈ ਕੇ ਜੈਸਲਮੇਰ ਤੱਕ ਵੀ ਸਾਡੇ ਪੰਜਾਬੀ ਹੀ ਖੜ੍ਹੇ ਹਨ। ਪਹਿਲੀ ਗੋਲੀ ਸਾਡੀ ਹਿੱਕ ਤੇ ਵੱਜੇ? ਜਿਹੜੇ ਪਠਾਨਕੋਟ, ਦੀਨਾਨਗਰ ਆਏ ਸਨ, ਉਹ ਕਿਤੇ ਇੱਥੇ ਆਏ ਸਨ? ਉਨ੍ਹਾਂ ਨੇ ਦਿੱਲੀ ਜਾਣਾ ਸੀ। ਇੱਥੇ ਅਸੀਂ ਰੋਕੇ ਹਨ ਅਤੇ ਸਾਡੇ ਪੁਲਿਸ ਵਾਲੇ ਸ਼ਹੀਦ ਹੋ ਗਏ, ਸਾਡੇ ਸਿਵਲਿਅਨ ਵਾਲੇ ਵੀ ਸ਼ਹੀਦ ਹੋ ਗਏ ਹਨ। ਸਾਡੇ ਤੇ ਉਸ ਦਾ ਸਾਢੇ ਸੱਤ ਕਰੋੜ ਰੁਪਏ ਦਾ ਖਰਚਾ ਪਾ ਦਿੱਤਾ। ਮੈਂ ਉਸ ਸਮੇਂ ਐਮ.ਪੀ. ਸੀ। ਉਨ੍ਹਾਂ ਨੇ, ਸੈਂਟਰ ਸਰਕਾਰ ਨੇ ਸਾਡੇ ਤੇ ਪੈਰਾ ਮਿਲਟਰੀ ਦਾ ਖਰਚਾ ਪਾ ਦਿੱਤਾ, ਉਹ ਕਹਿੰਦੇ ਕਿ ਅਸੀਂ ਉੱਥੇ ਮਿਲਟਰੀ ਭੇਜੀ ਸੀ। ਮੈਂ ਕੇਂਦਰੀ ਮੰਤਰੀ,

ਸ਼੍ਰੀ ਰਾਜਨਾਥ ਜੀ ਕੋਲ ਗਿਆ ਤੇ ਨਾਲ ਸਰਦਾਰ ਸਾਧੂ ਸਿੰਘ ਜੀ ਨੂੰ ਲੈ ਗਿਆ ਤੇ ਮੈਂ ਕਿਹਾ ਕਿ ਸਾਡੇ ਐਮ.ਪੀ. ਲੈੱਡ ਫੰਡ ਵਿੱਚੋਂ ਕੱਟ ਲਓ। ਕੀ ਤੁਸੀਂ ਸਾਨੂੰ ਫੌਜ ਕਿਰਾਏ ਤੇ ਦਿੰਦੇ ਹੋ? ਕੀ ਅਸੀਂ ਦੇਸ਼ ਦਾ ਹਿੱਸਾ ਨਹੀਂ ਹਾਂ? ਤੁਸੀਂ ਸਾਨੂੰ ਫੌਜ ਕਿਰਾਏ ਉਤੇ ਦੇ ਰਹੇ ਹੋ ਅਤੇ ਫੌਜ ਵਿੱਚ ਤਾਂ ਸਾਡੇ ਹੀ ਮੁੰਡੇ ਹਨ। ਮੈਂ ਉਨ੍ਹਾਂ ਨੂੰ ਕਿਹਾ ਕਿ ਸਾਢੇ ਸੱਤ ਕਰੋੜ ਰੁਪਏ ਮੇਰੇ ਐਮ.ਪੀ. ਲੈੱਡ ਵਿੱਚੋਂ ਕੱਟ ਲਓ ਤਾਂ ਕਹਿੰਦੇ ਕਿ ਨਹੀਂ, आप बाहर जाकर मत बताना, हम इस को waive off कर देते हैं। ਮੈਂ ਕਿਹਾ ਜੀ ਕਿ ਉਹ ਤਾਂ ਦਿੱਲੀ ਵਾਸਤੇ ਆਉਂਦੇ ਹਨ, ਅਸੀਂ ਤਾਂ ਉਨ੍ਹਾਂ ਨੂੰ ਰੋਕਦੇ ਹਾਂ। ਫਿਰ ਜੇ ਅੱਗੇ ਤੋਂ ਤੁਸੀਂ ਪੈਸੇ ਲਿਆ ਕਰੋਗੇ ਤਾਂ ਅਸੀਂ ਵੀ ਕਹਿ ਦਿਆ ਕਰਾਂਗੇ ਕਿ ਲੰਘ ਜਾਓ, ਸਾਡੇ ਕੋਲ ਤਾਂ ਪੈਸੇ ਨਹੀਂ ਹਨ, ਤੁਸੀਂ ਲੰਘ ਜਾਓ, ਤੁਹਾਨੂੰ ਆਪੇ ਹੀ ਦਿੱਲੀ ਰੋਕ ਲੈਣਗੇ। ਅਸੀਂ ਨਾਲੇ ਮਰੀਏ ਤੇ ਨਾਲੇ ਪੈਸੇ ਵੀ ਭਰੀਏ। ਇਹੀ ਭਾਖੜਾ ਡੈਮ ਤੇ ਪੌਂਗ ਡੈਮ ਦਾ ਹੈ। ਉੱਥੇ ਸੀ.ਆਈ.ਐਸ.ਐਫ. ਲਗਾ ਦਿੱਤੀ, ਚਲੋ, ਕੋਈ ਨਹੀਂ ਲਗਾ ਦਿੱਤੀ ਪਰ ਮੂਹਰੇ ਤਾਂ ਪੰਜਾਬ ਪੁਲਿਸ ਹੀ ਹੈ। ਤੁਸੀਂ ਕਿਵੇਂ ਧੱਕੇ ਨਾਲ ਸਾਡਾ ਪਾਣੀ ਲੈ ਜਾਓਗੇ? ਚੇਅਰਮੈਨ ਆਪ ਫੱਟੇ ਖੋਲ੍ਹਣ ਉੱਤੇ ਲੱਗਾ ਰੱਖਿਆ ਹੈ। ਕਮਾਲ ਹੈ ਯਾਰ। ਕੀ ਚੇਅਰਮੈਨ ਦਾ ਇਹ ਕੰਮ ਹੁੰਦਾ ਹੈ ਕਿ ਮੈਂ ਅੱਜ ਫੱਟਾ ਖੋਲ੍ਹਣ ਜਾਵਾਂਗਾ? ਤਾਂ ਹੀ ਫਿਰ ਮੁੱਖ ਮੰਤਰੀ ਨੂੰ ਜਾਣਾ ਪੈਂਦਾ ਹੈ ਕਿ ਚੱਲ ਆ ਜਾ ਫਿਰ ਉੱਥੇ। ਇਸ ਕਰਕੇ ਸਾਡੀ ਕੋਈ ਗਲਤ ਇੰਟੈਂਸ਼ਨ ਨਹੀਂ ਹੈ, ਸਾਡੇ ਦਿਲ ਵਿੱਚ ਕੋਈ ਖੋਟ ਨਹੀਂ ਹੈ, ਸਾਡੀਆਂ ਨੀਅਤਾਂ ਸਾਫ ਹਨ। ਪੰਜਾਬ ਕੋਲ ਇਸ ਵਕਤ ਸਭ ਤੋਂ ਵਧੀਆ ਮੌਕਾ ਹੈ। ਟਰੰਪ ਨੇ ਉੱਥੇ ਵੀਜ਼ਾ ਇੱਕ ਲੱਖ ਡਾਲਰ ਦਾ ਕਰ ਦਿੱਤਾ ਹੈ, ਹੁਣ ਉੱਥੇ ਕੋਈ ਨਹੀਂ ਜਾਵੇਗਾ, ਕੰਪਨੀਆਂ ਇੱਧਰ ਆਉਣਗੀਆਂ, ਸਾਡੇ ਕੋਲ ਇੰਜੀਨੀਅਰਜ਼ ਹਨ। ਹੁਣ ਬੜਾ ਵਧੀਆ ਮੌਕਾ ਹੈ ਕਿ ਅਸੀਂ ਮੁਹਾਲੀ ਨੂੰ ਆਈ.ਟੀ. ਹੱਬ ਬਣਾ ਲਈਏ। ਲੁਧਿਆਣੇ ਵਿੱਚ ਹੁਣ ਮੈਂ 29 ਤਰੀਕ ਨੂੰ ਸ਼ਾਮ ਨੂੰ ਸੈਸ਼ਨ ਤੋਂ ਬਾਅਦ ਜਾ ਰਿਹਾ ਹਾਂ। 29-30 ਤਰੀਕ ਨੂੰ ਦਿੱਲੀ ਤੇ ਗੁੜਗਾਉਂ ਵਿੱਚ ਇੰਡਸਟ੍ਰੀਲਿਸਟਾਂ ਨਾਲ ਮਿਲਦੇ ਹਾਂ, eye contact ਕਰਾਂਗੇ ਤਾਂ ਉਹ ਆ ਜਾਣਗੇ। ਟਾਟਾ ਵੀ ਆ ਗਿਆ ਹੈ, ਸਨਾਤਨ ਟੈਕਸਟਾਈਲ ਆ ਗਈ ਹੈ, ਗੋਦਰੇਜ ਆ ਗਈ ਹੈ, ਕਾਰਗਿਲ ਵਾਲੇ ਆ ਗਏ ਹਨ ਤੇ ਰਾਜਪੁਰਾ ਵਿੱਚ ਜੇ.ਐਸ.ਡਬਲਿਊ. ਆ ਗਿਆ ਹੈ, ਡੇਢ ਲੱਖ ਕਰੋੜ ਰੁਪਏ ਦੀ ਇਨਵੈਸਟਮੈਂਟ ਆ ਗਈ ਹੈ। ਮੈਂ ਕੋਈ ਐਮ.ਓ.ਯੂ. ਨਹੀਂ ਕਹਿੰਦਾ ਹਾਂ ਕਿ ਪੰਜ ਲੱਖ ਕਰੋੜ ਰੁਪਏ ਦੇ ਐਮ.ਓ.ਯੂ. ਕੀਤੇ ਹਨ, ਮੁੜ ਕੇ ਤਾਂ ਕੋਈ ਨਹੀਂ ਆਉਂਦਾ ਹੈ, ਐਮ.ਓ.ਯੂ. ਤਾਂ ਐਮ.ਓ.ਯੂ. ਹੀ ਰਹਿ ਜਾਂਦਾ ਹੈ। ਪਹਿਲਾਂ ਵੀ ਅਕਾਲੀ ਦਲ ਨੇ ਮੁਹਾਲੀ ਵਿੱਚ ਇਨਵੈਸਟ ਪੰਜਾਬ ਦਾ ਐਮ.ਓ.ਯੂ. ਕੀਤਾ ਸੀ। ਦੁਬਈ ਤੋਂ ਖਜੂਰਾਂ ਲਿਆ ਕੇ ਲਗਾ ਲਈਆਂ ਸੀ ਤੇ ਨਾਲ ਦੀਪਮਾਲਾ ਕਰ ਦਿੱਤੀ ਸੀ ਕਿ ਵੱਡੇ ਵੱਡੇ ਇਨਵੈਸਟਰਜ਼ ਆਉਣਗੇ ਤੇ ਉਨ੍ਹਾਂ ਨੂੰ ਪੰਜਾਬ ਦਾ ਮਾਹੌਲ ਚੰਗਾ ਲੱਗੇ। ਪੰਜ ਲੱਖ ਕਰੋੜ ਦੇ ਐਮ.ਓ.ਯੂ. ਹੋ ਗਏ ਪਰ ਆਇਆ ਕੋਈ ਨਹੀਂ। ਮੈਂ ਉਦੋਂ ਇਸ ਲਾਈਨ ਵਿੱਚ ਨਹੀਂ ਸੀ, ਮੈਂ ਜਦੋਂ ਤਿੰਨ ਕੁ ਮਹੀਨਿਆਂ ਬਾਅਦ ਬਾਦਲ ਪਿੰਡ ਕੋਲੋਂ ਲੰਘਿਆ ਤਾਂ ਉੱਥੇ ਇਨ੍ਹਾਂ ਦੇ ਘਰ ਮੂਹਰੇ ਖਜੂਰਾਂ ਲੱਗੀਆਂ ਹੋਈਆਂ ਸੀ। ਮੈਂ ਕਿਹਾ ਜੀ ਕਿ ਇਹ ਕਿਹੋ ਜਿਹੀ ਮਿੱਟੀ ਆ ਗਈ ਜਿਹੜੀ ਖਜੂਰਾਂ ਪੈਦਾ ਕਰ ਰਹੀ ਹੈ? ਬਾਦਲ ਪਿੰਡ ਦੇ, ਲੰਬੀ ਪਿੰਡ ਦੇ, ਨਰੂਆਣੇ ਪਿੰਡ ਵਿੱਚ ਤਾਂ ਟਿੱਬੇ ਹਨ ਤਾਂ ਕਹਿੰਦੇ ਕਿ ਇਹ ਖਜੂਰਾਂ ਇੱਥੇ ਨਹੀਂ ਹੋਈਆਂ ਹਨ, ਇਹ ਤਾਂ ਦੁਬਈ ਵਾਲੀਆਂ ਖਜੂਰਾਂ ਹਨ ਜਿਹੜੀਆਂ ਪਹਿਲਾਂ ਮੁਹਾਲੀ ਲੱਗੀਆਂ ਸੀ, ਹੁਣ ਇੱਥੇ ਆ ਗਈਆਂ ਹਨ। ਇਹ ਤਾਂ ਖਜੂਰਾਂ ਹੀ ਪੁੱਟ ਕੇ ਲੈ ਗਏ। ਦੱਸੋ, ਹੱਦ ਹੈ ਯਾਰ। ਕੀ ਅਸੀਂ ਇਨਵੈਸਟ ਪੰਜਾਬ ਵਿੱਚੋਂ ਇਨਵੈਸਟ ਖਜੂਰ ਖੱਟਿਆ ਹੈ? ਫਿਰ ਇਹ ਕਿਵੇਂ ਸੀਟਾਂ ਭਾਲਦੇ ਹਨ? ਜਿਹੜੇ ਪਾਸੇ ਮੈਂ ਦੇਖਦਾ ਹਾਂ ਤਾਂ ਕਹਿੰਦੇ ਹਨ ਕਿ ਸਾਰਾ ਕੰਮ ਬਾਦਲ ਸਾਹਿਬ ਨੇ ਕੀਤਾ ਹੋਇਆ ਹੈ, ਇੱਧਰ ਵੀ ਦੇਖਦਾ ਹਾਂ, ਉੱਧਰ ਵੀ ਦੇਖਦਾ ਹਾਂ ਤਾਂ ਸਾਰੇ ਕੰਮ ਬਾਦਲ ਸਾਹਿਬ ਨੇ ਕੀਤੇ ਹੋਏ ਹਨ। ਮੈਂ ਕਿਹਾ ਕਿ ਜਦੋਂ ਬਰਗਾੜੀ ਵੱਲੋਂ ਲੰਘਦੇ ਹੋ ਤਾਂ ਕੀ ਦੇਖਦੇ ਹੋ, ਜਦੋਂ ਕੋਟਕਪੂਰੇ ਵੱਲੋਂ ਲੰਘਦੇ ਹੋ ਤਾਂ ਕੀ ਆਪਣੇ ਆਲੇ-ਦੁਆਲੇ ਦੇਖਦੇ ਹੋ ਕਿ ਕੀ ਕੀਤਾ ਹੋਇਆ ਹੈ? ਬਹਿਬਲ ਕਲਾਂ ਵੱਲੋਂ ਲੰਘਦੇ ਹੋ ਤਾਂ ਕੀ ਦੇਖਦੇ ਹੋ ਕਿ ਗੋਲੀ ਬਾਦਲ ਸਾਹਿਬ ਨੇ ਚਲਵਾਈ ਸੀ, ਉਦੋਂ ਤੁਸੀਂ ਅੱਖਾਂ ਮੀਚ ਲੈਂਦੇ ਹੋ, ਉਦੋਂ ਨੀਂਦ ਆ ਜਾਂਦੀ ਹੋਣੀ। ਕਬੂਤਰਾਂ ਦੇ ਅੱਖਾਂ ਮੀਚਣ ਨਾਲ

ਬਿੱਲੀਆਂ ਨਹੀਂ ਭੱਜਦੀਆਂ। ਸੱਚਾਈ ਦਾ ਸਾਹਮਣਾ ਕਰੋ, ਸਮੱਸਿਆਵਾਂ ਦਾ ਸਾਹਮਣਾ ਕਰੋ। ਨੈਲਸਨ ਮੰਡੇਲਾ ਨੂੰ ਕਿਸੇ ਨੇ ਪੁੱਛਿਆ ਕਿ ਲੋਕ ਲੀਡਰ ਕਿਸ ਨੂੰ ਮੰਨਦੇ ਹਨ ਤਾਂ ਉਹ ਕਹਿੰਦੇ ਕਿ ਜਦੋਂ ਕੌਮ ਤੇ ਖੁਸ਼ੀ ਦਾ ਮੌਕਾ ਹੋਵੇ ਤਾਂ ਕੌਮ ਨੂੰ ਅੱਗੇ ਕਰੋ ਤੇ ਆਪ ਪਿੱਛੇ ਹੋ ਜਾਓ, Let them enjoy, ਕੌਮ ਨੂੰ enjoy ਕਰ ਲੈਣ ਦਿਓ। ਜਦੋਂ ਕੌਮ ਤੇ ਕੋਈ ਭੀੜ ਪੈ ਜਾਵੇ ਜਾਂ ਕੋਈ ਸੰਕਟ ਆ ਜਾਵੇ ਤਾਂ ਆਪ ਮੂਹਰੇ ਲੱਗੋ ਤੇ ਕੌਮ ਨੂੰ ਕਹੋ ਕਿ ਪਿੱਛੇ ਆ ਜਾਓ, ਆਪਾਂ ਇਸ ਸਮੱਸਿਆ ਦਾ ਸਾਹਮਣਾ ਕਰਾਂਗੇ ਤਾਂ ਲੋਕ ਲੀਡਰ ਮੰਨਦੇ ਹਨ (ਥੰਪਿੰਗ)। ਨਹੀਂ ਤਾਂ ਉਲਟਾ ਕਰਦੇ ਹਨ, ਖੁਸ਼ੀ ਵੇਲੇ ਆਪ ਨੱਚਣ ਲੱਗ ਪੈਂਦੇ ਹਨ ਤੇ ਲੋਕਾਂ ਨੂੰ ਵੜਨ ਨਹੀਂ ਦਿੰਦੇ ਹਨ। ਜਦੋਂ ਕੋਈ ਭੀੜ ਆ ਜਾਂਦੀ ਹੈ ਤਾਂ ਕਹਿੰਦੇ ਹਨ ਕਿ ਪੰਜਾਬੀਓ, ਕੁਰਬਾਨੀ ਵਾਸਤੇ ਤਿਆਰ ਰਹੋ, ਕੁਰਬਾਨੀਆਂ ਅਸੀਂ ਦੇਈਏ। ਉਦੋਂ ਇੰਨੇ ਬੋਰਡ ਲੱਗ ਜਾਂਦੇ ਹਨ। ਐਸ.ਵਾਈ.ਐਲ. ਦੇ ਪੈਸਿਆਂ ਨਾਲ ਗੁੜਗਾਉਂ ਵਿੱਚ ਹੋਟਲ ਆਪ ਪਾ ਲਏ ਤੇ ਵੋਟਾਂ ਨੇੜੇ ਆ ਕੇ ਕਹਿ ਦਿੰਦੇ ਹਨ ਕਿ ਪੰਜਾਬੀਓ, ਕੁਰਬਾਨੀਆਂ ਵਾਸਤੇ ਤਿਆਰ ਰਹੋ। ਸਾਨੂੰ ਉਸ ਹੋਟਲ ਵਿੱਚ ਕਮਰਾ ਨਹੀਂ ਮਿਲਦਾ ਹੈ ਤੇ ਸਾਨੂੰ ਕੁਰਬਾਨੀਆਂ ਵਾਸਤੇ ਰੱਖਿਆ ਹੋਇਆ ਹੈ। ਸੋ, ਇਹ ਲੋਕ ਸਮਝ ਗਏ ਹਨ, ਨਵੀਂ ਪੀੜ੍ਹੀ ਆ ਗਈ ਹੈ, ਵੋਟਾਂ ਦੀ ਵੀ ਪੀੜ੍ਹੀ ਬਦਲ ਗਈ ਹੈ। ਪਹਿਲਾਂ ਲਾਣੇਦਾਰ ਦੇ ਕਹਿਣ ਤੇ ਇੱਕੋ ਘਰ ਦੀਆਂ 25 ਦੀਆਂ 25 ਵੋਟਾਂ ਇੱਕੋ ਥਾਂ ਤੇ ਪੈ ਜਾਂਦੀਆਂ ਸੀ, ਹੁਣ ਲਾਣੇਦਾਰ ਦੀ ਕੋਈ ਨਹੀਂ ਚਲਦੀ ਹੈ। ਹੁਣ ਤਾਂ ਕਹਿੰਦੇ ਹਨ ਕਿ ਬਾਪੂ ਤੂੰ ਆਪਣਾ ਦੇਖ ਲੈ, ਅਸੀਂ ਤਾਂ ਆਪਣਾ ਫੈਸਲਾ ਕਰ ਲਿਆ। ਹਰ ਘਰ ਵਿੱਚੋਂ ਤਿੰਨ-ਤਿੰਨ, ਚਾਰ-ਚਾਰ ਗਰੁੱਪਾਂ ਨੂੰ ਵੋਟਾਂ ਪੈਂਦੀਆਂ ਹਨ। ਜਿਹੜਾ ਬੇਬੇ ਨੂੰ ਮਨਾ ਗਿਆ, ਬੇਬੇ ਉਸਨੂੰ ਵੋਟ ਪਾ ਗਈ, ਜਿਹੜਾ ਭੈਣ ਨੂੰ ਮਨਾ ਗਿਆ, ਭੈਣ ਉਸ ਨੂੰ ਪਾ ਗਈ, ਯੰਗ ਜੈਨਰੇਸ਼ਨ ਕੁਝ ਹੋਰ ਸੋਚਦੀ ਹੈ। ਇਸ ਕਰਕੇ ਯੂਥ ਦੀ ਰਿਸਪੈਕਟ ਕਰਨੀ ਸਿੱਖ ਲਈਏ ਨਹੀਂ ਤਾਂ ਨੇਪਾਲ ਵਾਲਿਆਂ ਨੂੰ ਪੁੱਛ ਲਓ। ਉਹ ਦੱਬੀ ਗਏ, ਦੱਬੀ ਗਏ ਤੇ ਫਿਰ ਇੱਕ ਦਿਨ ਤਾਂ ਫੁਹਾਰਾ ਫੁੱਟਦਾ ਹੈ। ਆਹ ਦੇਖ ਲਓ ਲੱਦਾਖ ਵਿੱਚ ਕੀ ਹੋਇਆ ਹੈ, ਦੇਖ ਲਓ ਪਟਨਾ ਵਿੱਚ ਕੀ ਚੱਲ ਰਿਹਾ ਹੈ, ਦੇਖ ਲਓ ਉੱਤਰਾਖੰਡ ਵਿੱਚ ਪੇਪਰ ਲੀਕ ਹੋਇਆ ਹੈ ਤਾਂ ਕੀ ਹਾਲ ਹੋਇਆ ਹੈ। ਸੋ, ਲੋਕਾਂ ਦੇ ਜਜ਼ਬਾਤਾਂ ਨੂੰ ਸਮਝੋ, ਯੂਥ ਕੁਝ ਕਰਨਾ ਚਾਹੁੰਦਾ ਹੈ। ਤੁਸੀਂ ਉਨ੍ਹਾਂ ਦੇ ਮੌਕੇ ਨਾ ਖੋਹਵੋ, ਤੁਸੀਂ ਉਨ੍ਹਾਂ ਨੂੰ ਉੱਡਣ ਦਿਉ, ਉਨ੍ਹਾਂ ਨੂੰ ਆਲ੍ਹਣਿਆਂ ਵਿੱਚੋਂ ਕਿਉਂ ਬੰਦ ਕਰ ਰੱਖਿਆ ਹੈ, ਉਨ੍ਹਾਂ ਨੂੰ ਉੱਡ ਲੈਣ ਦਿਉ ਕਿਉਂਕਿ ਜਿੰਨੇ ਜਜ਼ਬਾਤ ਦੱਬੋਗੇ, ਉੱਨੇ ਵੱਧਦੇ ਹਨ, ਉਹ ਫਿਰ ਲਾਵੇ ਵਾਂਗ ਫੱਟਦੇ ਹਨ। ਸੋ, ਇਸ ਕਰਕੇ ਆਓ ਅਸੀਂ ਸਾਰੇ ਰਲ ਕੇ ਪੰਜਾਬ ਨੂੰ ਦੁਬਾਰਾ ਪੰਜਾਬ ਬਣਾਈਏ। ਐਵੇਂ ਅਫਸਰਾਂ ਨੂੰ ਨਾ ਕਹੀ ਜਾਇਆ ਕਰੋ ਕਿ ਸਸਪੈਂਡ ਕਰੋ ਜੀ, ਇਸ ਤੋਂ ਅਸਤੀਫਾ ਲਵੋ ਜੀ। ਜਨਾਬ ਤੁਹਾਡੇ ਵੇਲੇ ਵੀ ਉਹੀ ਅਫਸਰ ਸੀ। ਤੁਸੀਂ ਤਾਂ ਉਹ ਐਜੂਕੇਸ਼ਨ ਸੈਕਟਰੀ ਲਗਾਏ ਹੋਏ ਸੀ। ਮਾਸਟਰਾਂ ਨੂੰ ਪੁੱਛ ਕੇ ਦੇਖੋ, ਉਹੀ ਕ੍ਰਿਸ਼ਨ ਕੁਮਾਰ ਹੈ, ਜਿਸ ਨੇ ਬਿਲਕੁਲ ਜਮਾ ਹੀ ਲੀਹ ਉਤੇ ਕੰਮ ਕਰ ਦਿੱਤਾ ਸੀ। ਜਿਸ ਦਿਨ ਬਦਲੀ ਹੋਈ ਸੀ, ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਸਨ ਕਿਉਂਕਿ discipline ਸੀ, ਇਵੇਂ ਨਾ ਕਰੋ ਕਿ ਤੁਸੀਂ ਅਫਸਰਾਂ ਦੇ ਦਿਲ ਤੋੜ ਦਿਉ। ਸਾਡੇ ਨਾਲ ਜਿੰਨੇ ਮਰਜ਼ੀ ਸਵਾਲ ਕਰ ਲਵੋ।

2019 ਦੇ ਹੜ੍ਹਾਂ ਅੰਦਰ ਪੂਰਾ ਜਲੰਧਰ ਡੁੱਬ ਗਿਆ ਸੀ। ਕੀ ਕਿਸੇ ਜੱਜ ਤੋਂ ਉਸ ਦੀ ਇਨਕੁਆਰੀ ਕਰਵਾਈ ਸੀ? ਉਹ ਤਾਂ ਆਪ ਹੀ ਜੱਜ ਬਣੇ ਹੋਏ ਸੀ। ਸੋ, ਫਲੱਡ ਕੰਟਰੋਲ ਦੀ ਮੀਟਿੰਗ ਅਸੀਂ ਮਿਤੀ 21.4.2025 ਨੂੰ ਕਰ ਲਈ ਸੀ ਅਤੇ ਮਿਤੀ 4.4.2025 ਨੂੰ ਤਾਂ ਚਿੱਠੀ ਲਿਖੀ ਸੀ। ਸੋ, 7 ਲੱਖ ਕਿਊਸਿਕ ਪਾਣੀ ਰਣਜੀਤ ਸਾਗਰ ਵਿੱਚੋਂ ਕਿੱਥੋਂ ਛੱਡਿਆ ਗਿਆ ਹੈ? ਮੈਨੂੰ ਦੱਸੋ। ਮੇਰੇ ਪਾਸ ਪੂਰਾ ਰਿਕਾਰਡ ਹੈ ਜੀ, 2 ਲੱਖ 15 ਹਜ਼ਾਰ ਕਿਊਸਿਕ ਛੱਡਿਆ ਗਿਆ ਹੈ। ਮਾਧੋਪੁਰ ਗੇਟ 27 ਅਗਸਤ, 2025 ਨੂੰ ਟੁੱਟਿਆ ਕਹਿ ਲਵੋ ਜਾਂ ਖੁੱਲ੍ਹਿਆ ਕਹਿ ਲਵੋ, ਜਦ ਕਿ ਗੁਰਦਾਸਪੁਰ ਵਿੱਚ 26 ਅਗਸਤ ਨੂੰ ਪਾਣੀ ਆ ਗਿਆ ਸੀ, ਉੱਥੇ ਪਹੁੰਚਣ ਲਈ 35 ਘੰਟੇ ਲੱਗਦੇ ਹਨ, ਪਾਣੀ ਤਾਂ ਗੁਰਦਾਸਪੁਰ ਵਿੱਚ ਡੇਰਾ ਬਾਬਾ ਨਾਨਕ ਵਾਲੇ ਪਾਸੇ

ਪਹਿਲਾਂ ਹੀ ਆ ਗਿਆ ਸੀ। ਸੋ, ਕੀ ਉੱਤਰਾਖੰਡ ਵਿੱਚ ਵੀ ਇਸ ਦੇ ਕਰਕੇ ਆ ਗਿਆ ਹੈ? ਹਿਮਾਚਲ ਪ੍ਰਦੇਸ਼, ਜੰਮੂ ਵਿੱਚ ਵੀ ਨੁਕਸਾਨ ਹੋਇਆ ਹੈ, ਇਸ ਵਾਰੀ ਰਾਜਸਥਾਨ ਵਿੱਚ ਜਿੱਥੇ ਕਦੇ ਪਾਣੀ ਨਹੀਂ ਆਇਆ ਸੀ, ਜੈਸਲਮੇਰ ਟਿੱਬੇ ਹਨ, ਉੱਥੇ ਪਾਣੀ ਆ ਗਿਆ ਜੀ। ਕੀ ਉਸ ਲਈ ਵੀ ਆਪਾਂ ਹੀ ਕਸੂਰਵਾਰ ਹਾਂ? ਇਹ ਕੁਦਰਤੀ ਆਫਤ ਹੈ, ਆਪਾਂ ਇਕੱਠੇ ਹੋ ਕੇ ਕੱਲ੍ਹ ਨੂੰ ਜਿਵੇਂ ਸਰਦਾਰ ਪਰਗਟ ਸਿੰਘ ਜੀ ਨੇ ਕਿਹਾ ਹੈ ਅਤੇ ਸਾਡੇ ਕੁਝ ਹੋਰ ਵੀ ਇੱਥੇ ਸੀਨੀਅਰ ਵਿਧਾਇਕ ਸਾਹਿਬਾਨ ਨੇ ਵੀ ਗੱਲ ਕੀਤੀ ਹੈ। ਮੈਂ ਆਪ ਇਸ ਗੱਲ ਦੇ ਹੱਕ ਵਿੱਚ ਹਾਂ ਕਿ ਅਸੀਂ ਤਾਂ ਪਰਗਟ ਜੀ ਹਿੱਕ ਵਿੱਚ ਵੱਜਣ ਵਾਲੇ ਹਾਂ, ਅਸੀਂ ਕਾਗਜ਼ਾਂ ਵਾਲੇ ਘੱਟ ਹਾਂ। ਅਸੀਂ ਹਿੱਕ ਵਿੱਚ ਵੱਜ ਕੇ ਤਾਂ ਆਏ ਹਾਂ, ਤੁਹਾਡੀਆਂ ਹਿੱਕਾਂ ਵਿੱਚ ਵੱਜੇ ਹਾਂ ਤਾਂ ਇੱਥੇ ਆਏ ਹਾਂ, ਨਹੀਂ ਤਾਂ ਕੀ ਤੁਸੀਂ ਸਾਨੂੰ ਇੱਥੇ ਆਉਣ ਦਿੰਦੇ ਸੀ ? (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜਿੱਥੇ ਮਰਜ਼ੀ ਕਹਿ ਦਿਉ, ਅਸੀਂ ਕਿਸੇ ਤੋਂ ਨਹੀਂ ਡਰਦੇ, ਕਿਸੇ ਤੋਂ ਕਾਣੇ ਨਹੀਂ, ਸਾਨੂੰ ਕੋਈ ਈ.ਡੀ. ਦਾ ਡਰ ਨਹੀਂ ਹੈ, ਕੋਈ ਸੀ.ਬੀ.ਆਈ. ਜਾਂ ਐਨ.ਆਈ.ਏ. ਦਾ ਕੋਈ ਡਰ ਨਹੀਂ ਹੈ, ਅਸੀਂ ਕੋਈ ਗਲਤ ਕੰਮ ਨਹੀਂ ਕੀਤਾ ਹੈ। ਠੀਕ ਹੈ, ਸਾਡਾ ਤਾਂ ਪ੍ਰਧਾਨ ਵੀ ਜੇਲ੍ਹ ਕੱਟ ਆਇਆ, ਸ੍ਰੀ ਮਨੀਸ਼ ਸਿਸੋਦੀਆ ਵੀ ਕੱਟ ਆਇਆ, ਸ੍ਰੀ ਸੰਜੇ ਸਿੰਘ ਅਤੇ ਸ੍ਰੀ ਸਤਿੰਦਰ ਜੈਨ ਵੀ ਜੇਲ੍ਹ ਕੱਟ ਆਇਆ। ਸਾਨੂੰ ਕਰ ਦੇਣਗੇ, ਕਿਹੜੀ ਗੱਲ ਹੈ? ਕੋਈ ਗੱਲ ਨਹੀਂ, ਦੇਸ਼ ਵਾਸਤੇ, ਲੋਕ ਉਵੇਂ ਹੀ ਬਣਾਈ ਬੈਠੇ ਹਨ ਕਿ ਮੈਂ 16 ਸਾਲ ਜੇਲ੍ਹ ਕੱਟੀ ਹੈ, ਜੇ ਉਨ੍ਹਾਂ ਦੇ ਪੰਜ-ਪੰਜ ਦਿਨ ਵੀ ਗਿਣ ਲਈਏ ਤਾਂ ਉਨ੍ਹਾਂ ਦੀ 16 ਸਾਲ ਨਹੀਂ ਬਣਦੀ। ਸੋ, ਇਸ ਕਰਕੇ ਮੈਂ ਪਹਿਲਾਂ ਪਿਆਰ ਨਾਲ ਟਾਈਮ ਲੈ ਰਿਹਾ ਹਾਂ। ਇੱਕ ਦੋ ਹੋਰ ਈ-ਮੇਲਜ਼ ਕਰ ਲੈਂਦੇ ਹਾਂ। ਉਸ ਤੋਂ ਬਾਅਦ ਈ-ਮੇਲਜ਼ ਕੱਢ ਕੇ ਲੈ ਜਾਵਾਂਗੇ। ਫਿਰ ਸੈਵਨ ਆਰ.ਸੀ.ਐਰ. ਤੇ ਚੱਲਾਂਗੇ, ਹੁਣ ਤਾਂ ਨਾਮ ਵੀ ਪਤਾ ਨਹੀਂ ਕੀ ਰੱਖ ਦਿੱਤਾ ਹੈ, ਸਾਰੀਆਂ ਚੀਜ਼ਾਂ ਦਾ ਨਾਮ ਹੀ ਬਦਲੀ ਜਾਂਦੇ ਹਨ। ਉੱਥੇ ਚੱਲਾਂਗੇ, ਤੁਸੀਂ ਵੀ ਆ ਜਾਇਓ।

**ਮਾਲ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ) (ਬੈਠੇ-ਬੈਠੇ) :** ਜਦੋਂ ਮੋਦੀ ਜੀ ਗੁਰਦਾਸਪੁਰ ਆਏ ਸਨ, ਉੱਥੇ ਸਾਰੇ ਕਾਂਗਰਸੀ ਖੜ੍ਹੇ ਸੀ, ਜੇ ਇਹ ਉੱਥੇ ਚਲੇ ਗਏ ਤਾਂ ਉੱਥੇ ਹੀ ਰਹਿ ਜਾਣਗੇ।

**ਮੁੱਖ ਮੰਤਰੀ :** ਨਹੀਂ, ਉਹ ਤਾਂ ਬੀ.ਜੇ.ਪੀ. ਵਿੱਚ ਹਨ, ਉਹ ਕਾਂਗਰਸੀ ਹੋਰ ਹਨ। ਇੱਥੇ ਦੋ ਕਾਂਗਰਸ ਹਨ, ਇੱਕ ਤਾਂ ਕਾਂਗਰਸ ਹੈ, ਇੱਕ ਕਾਂਗਰਸ -ਬੀ.ਜੇ.ਪੀ. ਹੈ। ਬੰਦੇ ਇਨ੍ਹਾਂ ਦੇ ਹੀ ਹਨ। ਜੇ ਮੈਂ ਸਾਲ 2017 ਤੋਂ 2022 ਦਾ ਹਿਸਾਬ ਲੈਣਾ ਹੋਵੇ। ਦੱਸੋ, ਮੈਂ ਹਿਸਾਬ ਕਿਸ ਤੋਂ ਲਵਾਂ ਜੀ? ਦੇਖੋ, ਅਮਰੀਕਾ ਵਿੱਚ ਨਵੰਬਰ ਦੇ ਪਹਿਲੇ ਸੋਮਵਾਰ ਨੂੰ ਚਾਰ ਸਾਲਾਂ ਬਾਅਦ ਵੋਟਾਂ ਪੈਂਦੀਆਂ ਹਨ। ਇਹ ਡੇਟ ਫਿਕਸਡ ਹੈ। ਨਵੰਬਰ ਦਾ ਪਹਿਲਾ ਸੋਮਵਾਰ ਇੱਕ, ਦੋ, ਤਿੰਨ, ਚਾਰ ਜਾਂ ਪੰਜ ਤਾਰੀਖ ਨੂੰ ਵੀ ਆ ਸਕਦਾ ਹੈ, ਉਥੇ ਚੁਣਿਆ ਹੋਇਆ ਪ੍ਰੈਜ਼ੀਡੈਂਟ 20 ਜਨਵਰੀ ਨੂੰ Oath ਲੈਂਦਾ ਹੈ। ਲਗਭਗ ਸਾਰਾ ਨਵੰਬਰ, ਦਸੰਬਰ ਅਤੇ ਅੱਧਾ ਜਨਵਰੀ ਮਤਲਬ ਦੋ ਮਹੀਨੇ ਤੋਂ ਜ਼ਿਆਦਾ ਸਮਾਂ ਲੱਗ ਜਾਂਦਾ ਹੈ ਕਿਉਂਕਿ ਵ੍ਹਾਈਟ ਹਾਊਸ ਦੇ ਅਫਸਰ ਅਤੇ ਬਿਊਰੋਕ੍ਰੇਸੀ ਚੇਂਜ ਹੋਣੀ ਹੁੰਦੀ ਹੈ। ਉਹ ਸਾਰਾ ਦੱਸਦੇ ਹਨ ਕਿ ਇੱਥੋਂ ਇਹ ਹੈ, ਜਿਵੇਂ ਡਾਕਟਰ ਆ ਕੇ ਫਾਈਲ ਚੁੱਕਦੇ ਹਨ ਕਿ ਕਿਹੜਾ ਟੀਕਾ ਕਿੰਨੇ ਵਜੇ ਲੱਗਿਆ ਹੈ ਅਤੇ ਕਿਹੜੀ ਦਵਾਈ ਕਿੰਨੇ ਵਜੇ ਦਿੱਤੀ ਹੈ। ਉਹ ਵੀ ਲਿਖ ਜਾਂਦਾ ਹੈ ਅਤੇ ਅਗਲਾ ਡਾਕਟਰ ਆ ਕੇ ਦੇਖ ਲੈਂਦਾ ਹੈ। ਉਹ ਸੱਤਾ ਟਰਾਂਸਫਰ ਦਾ ਸਿਸਟਮ ਡੇਢ-ਦੋ ਮਹੀਨੇ ਵਿੱਚ ਦੱਸਦੇ ਹਨ, ਇਸ ਲਈ ਢਾਈ ਮਹੀਨੇ ਲੱਗ ਜਾਂਦੇ ਹਨ। 20 ਜਨਵਰੀ ਨੂੰ Oath ਚੁੱਕਦੇ ਹਨ। ਉਹੀ ਗੱਲ ਮੈਂ ਇੱਥੇ ਕਹਿੰਦਾ ਹਾਂ ਕਿ ਘੱਟੋ-ਘੱਟ ਜੇ ਮੈਂ ਸਾਲ 2017 ਤੋਂ 2022 ਦਾ ਹਿਸਾਬ ਲੈਣਾ ਹੋਵੇ ਕਿ ਇਹ ਕਿੱਥੇ ਕੀ ਕਰ ਗਏ, ਕਿਹੜੀ ਖੱਡ ਨੂੰ ਕਿੱਧਰ ਨੂੰ ਪਾ ਗਏ, ਇਹ ਡੈਮ ਦਾ ਕਿਸ ਤਰ੍ਹਾਂ ਕਰ ਦਿੱਤਾ ਹੈ, ਕੋਈ ਹਿਸਾਬ ਦੇਣ ਵਾਲਾ ਹੀ ਨਹੀਂ ਹੈ। ਸਾਰੇ ਜਿੰਦਾ ਲਗਾ ਕੇ ਤੁਰ ਗਏ। ਤੁਹਾਡਾ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਮੁੱਖ ਮੰਤਰੀ ਬੀ.ਜੇ.ਪੀ. ਵਿੱਚ ਚਲਾ ਗਿਆ, ਤੁਹਾਡਾ ਪ੍ਰਧਾਨ ਅਤੇ ਵਿੱਤ ਮੰਤਰੀ ਵੀ ਬੀ.ਜੇ.ਪੀ. ਵਿੱਚ ਚਲਾ ਗਿਆ। ਅਸੀਂ ਹਿਸਾਬ ਕਿਸ ਤੋਂ ਲਈਏ?

ਜਿੰਦਾ ਲਗਾ ਕੇ ਤੁਰ ਗਏ, ਘਰ ਖਾਲੀ ਹੈ, ਤੁਸੀਂ ਉਦੋਂ ਘਰ ਨਹੀਂ ਸੀ, ਤੁਸੀਂ ਦਿੱਲੀ ਮੇਰੇ ਕੋਲ ਸੀ। ਤੁਹਾਡੇ ਤੋਂ ਹਿਸਾਬ ਕਿਵੇਂ ਲਈਏ? ਅਸੀਂ ਕੁੰਡਾ ਖੜਕਾਈ ਜਾਂਦੇ ਹਾਂ, ਉਹ ਕਹਿੰਦੇ ਕੋਈ ਨਹੀਂ ਹੈ। ਗਵਾਂਢੀ ਦੱਸਦੇ ਹਨ ਕਿ ਉਹ ਟਰੱਕ ਭਰ ਕੇ ਚਲੇ ਗਏ ਹਨ, ਉਹ ਰਾਤੋ-ਰਾਤ ਨਿਕਲ ਗਏ ਹਨ ਜਿਵੇਂ ਪਾਲੀ ਬ੍ਰਾਹਮਣ ਕੁਲਧਾਰਾ ਤੋਂ ਨਿਕਲੇ ਸਨ। ਉਹ 85 ਪਿੰਡ ਇਕੱਠੇ ਹੀ ਜੈਸਲਮੇਰ ਵਿੱਚੋਂ ਨਿਕਲ ਗਏ ਸਨ, ਉਨ੍ਹਾਂ ਨੇ ਜਾ ਕੇ ਪਾਲੀ ਸ਼ਹਿਰ ਵਸਾਇਆ ਸੀ। ਉਹ ਜੈਸਲਮੇਰ ਰਾਜੇ ਦਾ ਇੱਕ ਦੀਵਾਨ ਸੀ, ਮੰਤਰੀ ਸੀ, ਉਸ ਤੋਂ ਤੰਗ ਸਨ। ਉਹ ਐਵੇਂ ਭੱਜੇ ਹਨ, ਜਿਨ੍ਹਾਂ ਦੇ ਆਪਣੇ ਦਿਲ ਵਿੱਚ ਪਾਲਾ ਹੈ, ਚੋਰ ਦੇ ਦਿਲ ਵਿੱਚ ਪਾਲਾ ਹੁੰਦਾ ਹੈ, ਉਸ ਨੂੰ ਡਰ ਹੁੰਦਾ ਹੈ। ਉਹ ਘਰ ਪਿਆ ਹੁੰਦਾ ਹੈ, ਜੇਕਰ ਉਸ ਦੇ ਘਰ ਦੇ ਮੂਹਰੇ ਜਾਂ ਪਿੱਛੇ ਦੀ ਐਂਬੂਲੈਂਸ ਵੀ ਲੰਘ ਜਾਵੇ ਤਾਂ ਉਹ ਗੁਆਂਢੀਆਂ ਦੇ ਘਰੇ ਛਾਲ ਮਾਰ ਜਾਂਦਾ ਹੈ। ਇੱਥੇ ਵੀ ਤੁਹਾਡੇ ਵਿੱਚ ਇੱਕ ਹੈ, ਉਹ ਅੱਜ ਆਇਆ ਨਹੀਂ, ਕਹਿੰਦਾ ਮੈਨੂੰ ਅੱਜ ਚੁੱਕਣਗੇ। ਸਾਨੂੰ ਚੁੱਕਣ ਦੀ ਕੀ ਲੋੜ ਹੈ? ਐਵੇਂ ਕੀ ਅਸੀਂ ਚੁੱਕਦੇ ਫਿਰਦੇ ਹਾਂ? ਸਾਨੂੰ ਹੋਰ ਕੰਮ ਵੀ ਹਨ। ਅਸੀਂ ਇਹੀ ਕੰਮ ਤੇ ਥੋੜ੍ਹਾ ਹਾਂ। ਜੇਕਰ ਕੋਈ ਗਲਤ ਕੰਮ ਕਰੇਗਾ ਤਾਂ ਪੁਲਿਸ ਆਵੇਗੀ ਅਤੇ ਕਾਨੂੰਨ ਆਪਣੇ ਹਿਸਾਬ ਨਾਲ ਕਾਰਵਾਈ ਕਰੇਗਾ। ਜ਼ਮਾਨਤਾਂ ਵੀ ਮਿਲੀਆਂ ਹਨ, ਬਰੀ ਵੀ ਹੋਏ ਹਨ। ਇਸ ਵਿੱਚ ਕਿਹੜੀ ਗੱਲ ਹੈ। ਜੇਕਰ ਤੁਸੀਂ ਸੱਚੇ ਹੋ ਤਾਂ ਬਰੀ ਹੋ ਜਾਵੋਗੇ। ਇਸ ਵਿੱਚ ਬਦਲਾਖੋਰੀ ਵਾਲੀ ਕੋਈ ਗੱਲ ਨਹੀਂ ਹੈ। ਅਸੀਂ ਬਦਲਾਖੋਰੀ ਵਾਲੇ ਨਹੀਂ ਹਾਂ। ਅਸੀਂ ਸੀਜ਼ਨਲ ਪਾਲੀਟੀਸ਼ਨ ਨਹੀਂ ਹਾਂ। ਸਾਡੇ ਮਾਂ-ਪਿਓ ਜਾਂ ਦਾਦੇ-ਪੜਦਾਦੇ ਕੋਈ ਲੁੱਟ ਵਿੱਚ ਸ਼ਾਮਿਲ ਨਹੀਂ ਰਹੇ ਹਨ। ਤੁਹਾਨੂੰ ਜ਼ਿਆਦਾ ਇਸ ਕਰਕੇ ਕਹਿੰਦਾ ਹੈ ਕਿ ਤੁਸੀਂ ਇਨ੍ਹਾਂ ਦੇ ਅਹਿਸਾਨ ਦਾ ਸ਼ਿਕਾਰ ਹੋ। ਮੈਂ ਕਿਹਾ ਕਿ ਅਹਿਸਾਨ ਦਾ ਸ਼ਿਕਾਰ ਕੀ ਹੁੰਦਾ ਹੈ। ਅਸੀਂ ਵੀ ਕੰਮ ਸਿੱਖਾਂਗੇ ਪਰ ਇਹ ਸਾਡੇ ਮਨ ਵਿੱਚ ਨਹੀਂ ਕਿ ਇਹੀ ਕੰਮ ਕਰਨਾ ਹੈ। ਜਿਸ ਦਿਨ ਲੋਕਾਂ ਨੇ ਕਹਿ ਦਿੱਤਾ ਕਿ ਤੇਰੇ ਨਾਲੋਂ ਵਧੀਆ ਸਾਨੂੰ ਲੱਭ ਗਿਆ ਤਾਂ ਅਸੀਂ ਕਹਾਂਗੇ ਕਿ ਭਾਈ ਉਨ੍ਹਾਂ ਨੂੰ ਵੋਟਾਂ ਪਾ ਦਿਓ। ਕੋਈ ਗੱਲ ਨਹੀਂ ਹੈ। ਅਸੀਂ ਚਿਪਕ ਕੇ ਨਹੀਂ ਬੈਠਦੇ। ਇਸ ਤੋਂ ਇਲਾਵਾ ਵੈਰਾਇਟੀ ਤਾਂ ਤੁਹਾਡੇ ਵਿੱਚ ਵੀ ਹੈ। ਤੁਹਾਡੇ ਵਿੱਚ ਹਾਕੀ ਦਾ ਕਪਤਾਨ ਬੈਠਾ ਹੈ। ਤੁਹਾਡੇ ਵਿੱਚ ਯੂ.ਪੀ. ਤੋਂ ਆ ਕੇ ਬਹੁਤ ਵੱਡਾ ਇੰਪਾਇਰ ਖੜ੍ਹਾ ਕਰਨ ਵਾਲੇ ਰਾਣਾ ਗੁਰਜੀਤ ਜੀ ਬੈਠੇ ਹਨ। ਤੁਹਾਡੇ ਵਿੱਚ ਵਕੀਲ ਹਨ ਅਤੇ ਸਾਡੇ ਵਿੱਚ ਵੀ ਡਾਕਟਰ ਅਤੇ ਵਕੀਲ ਹਨ। ਸਾਡੇ ਕੋਲ ਆਮ ਪੱਤਰਕਾਰ ਬੈਠੇ ਹਨ। ਬਿਲਾਸਪੁਰ ਜੀ, ਨਿਹਾਲ ਸਿੰਘ ਵਾਲਾ ਤੋਂ ਅਜੀਤ ਦੇ ਪੱਤਰਕਾਰ ਸਨ। ਕੁਲਵੰਤ ਸਿੰਘ ਪੰਡੋਰੀ ਜੀ ਆਮ ਲੋਕਾਂ ਵਿੱਚ ਰਹਿੰਦੇ ਰਹੇ ਹਨ ਅਤੇ ਇਹ ਵੀ ਪੱਤਰਕਾਰੀ ਕਰਦੇ ਰਹੇ ਹਨ। ਸਾਡੇ ਕੋਲ ਵੀ ਬਹੁਤ ਸਾਰੇ ਹਨ ਪਰ ਇਹ ਨਾ ਕਹੋ ਕਿ ਸਾਡੇ ਵਾਲੇ ਤਾਂ ਜਮੂਰੇ ਹਨ ਜਾਂ ਮੈਟੀਰੀਅਲ ਹਨ। ਸਾਡੇ ਵਾਲੇ ਵੀ ਬੰਦੇ ਹਨ। ਠੀਕ ਹੈ, ਮੋਬਾਈਲ ਠੀਕ ਕਰਦੇ ਸਨ, ਹੁਣ ਦਿਮਾਗ ਠੀਕ ਕਰਨ ਲੱਗ ਪਏ ਹਨ। ਇਸ ਵਿੱਚ ਕਿਹੜੀ ਗੱਲ ਹੈ। Jealousy ਨਾ ਕਰਿਆ ਕਰੋ, ਖ਼ੂਨ ਕਾਲਾ ਹੋ ਜਾਵੇਗਾ, ਫਾਇਦਾ ਕੋਈ ਨਹੀਂ ਹੈ। ਸੋ, ਮੈਂ ਇਹੀ ਕਹਾਂਗਾ ਕਿ ਆ ਜਾਓ, ਸਾਰੇ ਇਕੱਠੇ ਹੋ ਕੇ ਪੰਜਾਬ ਨੂੰ ਇਸ ਸੰਕਟ ਵਿੱਚੋਂ ਕੱਢੀਏ। ਇਤਿਹਾਸ ਯਾਦ ਰੱਖੇਗਾ ਅਤੇ ਤੁਹਾਡਾ ਯੋਗਦਾਨ ਵੀ ਯਾਦ ਰਹੇਗਾ ਕਿ ਉਸ ਸਮੇਂ ਆਪੋਜ਼ੀਸ਼ਨ ਵਿੱਚ ਕੌਣ ਸੀ। ਜਿਨ੍ਹਾਂ ਨੇ ਹੈਲਪ ਕੀਤੀ, ਉਸ ਸਮੇਂ ਕੌਣ ਸੀ, ਇਹ ਸਾਰਾ ਰਿਕਾਰਡ ਤੇ ਜਾਵੇਗਾ। ਜਿਨ੍ਹਾਂ ਨੇ ਰੋੜੇ ਅੜਾਏ, ਟੰਗਾਂ ਅੜਾਈਆਂ, ਉਹ ਕੌਣ ਸਨ। ਇਹ ਸਭ ਵੀ ਯਾਦ ਰਹੇਗਾ। ਬ੍ਰਿਟਿਸ਼ ਫੌਜ ਵਿੱਚ ਬਹੁਤ ਸਾਰੇ ਭਾਰਤੀ ਸਨ। ਕੁਝ ਭਾਰਤੀਆਂ ਦੀ ਹੈਲਪ ਕਰਦੇ ਸਨ ਅਤੇ ਕੁਝ ਜ਼ੁਲਮ ਵੀ ਕਰਦੇ ਸਨ। ਜ਼ੁਲਮ ਵਾਲਿਆਂ ਨੂੰ ਕੋਈ ਨਹੀਂ ਜਾਣਦਾ। ਜਿਸ ਨੇ ਰਾਜਗੁਰੂ ਨੂੰ ਕੋਲਾ ਲਿਆ ਕੇ ਦਿੱਤਾ ਸੀ, ਉਸ ਨੂੰ ਸਾਰੇ ਜਾਣਦੇ ਹਨ। ਰਾਜਗੁਰੂ ਨੇ ਫਾਂਸੀ ਤੋਂ ਅੱਧਾ ਘੰਟਾ ਪਹਿਲਾ ਕੋਲਾ ਮੰਗਵਾਇਆ ਸੀ, ਉਸ ਨੇ ਕੁਝ ਲਿਖਣਾ ਸੀ। ਰਾਜਗੁਰੂ ਜੀ ਪੂਨਾ ਤੋਂ ਸਨ, ਉਹ ਜਾਂਦੇ ਸਮੇਂ ਹਿੰਦੀ ਵਿੱਚ ਲਿਖ ਕੇ ਗਏ ਸਨ:

हम भी जी सकते थे चुप रहकर

हमें भी माँ बाप ने पाला था दुख सहकर

ਇੰਨੀ ਚੀਜ਼ ਲਿਖੀ ਅਤੇ ਅੱਧੇ ਘੰਟੇ ਬਾਅਦ ਫਾਂਸੀ ਹੋ ਗਈ ਸੀ। ਥੋੜ੍ਹਾ-ਬਹੁਤ ਉਨ੍ਹਾਂ ਦੀ ਆਤਮਾ ਦਾ ਖਿਆਲ ਹੀ ਕਰ ਲਈਏ। ਉਨ੍ਹਾਂ ਦੀ ਆਤਮਾ ਕਿਸ ਤਰ੍ਹਾਂ ਤੜਫਦੀ ਹੋਵੇਗੀ ਕਿ ਅਸੀਂ ਇਸ ਵਾਸਤੇ ਦੇਸ਼ ਅਜ਼ਾਦ ਕਰਵਾਇਆ ਸੀ ਕਿ ਆਪਸ ਵਿੱਚ ਕਾਵਾਂ-ਰੌਲੀ ਪਾਉਣਗੇ, ਆਪਸ ਵਿੱਚ ਲੜਨਗੇ। ਮੈਂ ਓਏ, ਮੈਂ ਓਏ ਕਰਨਗੇ, ਤੂੰ ਓਏ, ਤੂੰ ਓਏ ਕਰਨਗੇ। ਸੋ, ਸ਼ਹੀਦਾਂ ਦੀ ਆਤਮਾ ਨੂੰ ਧਿਆਨ ਵਿੱਚ ਰੱਖ ਲਈਏ, ਗੁਰੂ ਸਾਹਿਬਾਨਾਂ ਦੀਆਂ ਪ੍ਰੇਰਨਾਵਾਂ ਨੂੰ ਧਿਆਨ ਵਿੱਚ ਰੱਖ ਲਈਏ ਅਤੇ ਪੀਰਾਂ-ਫਕੀਰਾਂ ਦੀਆਂ ਸਿੱਖਿਆਵਾਂ ਨੂੰ ਧਿਆਨ ਵਿੱਚ ਰੱਖ ਲਈਏ ਕਿਉਂਕਿ ਇਹ ਬਰਕਤ ਵਾਲੀ ਧਰਤੀ ਹੈ। ਇੱਥੇ ਆ ਕੇ ਕੋਈ ਭੁੱਖਾ ਨਹੀਂ ਮਰਦਾ ਹੈ। ਤੁਸੀਂ ਆਪਣੇ ਯਾਰਾਂ-ਦੋਸਤਾਂ ਨਾਲ ਮਿਲ ਕੇ ਮਦਦ ਕਰੋ। ਤੁਸੀਂ ਸਾਨੂੰ ਕੰਟੈਕਟ ਨੰਬਰ ਨਾ ਦਿਓ, ਤੁਸੀਂ ਡਾਇਰੈਕਟ ਮਦਦ ਕਰੋ। ਤੁਸੀਂ ਸਾਨੂੰ ਪੁੱਛ ਲਵੋ ਕਿ ਕਿੱਥੇ ਕੀ-ਕੀ ਚਾਹੀਦਾ ਹੈ। ਕੰਬਲ ਕਿੱਥੇ ਚਾਹੀਦੇ ਹਨ, ਮੱਛਰਦਾਨੀਆਂ ਕਿੱਥੇ ਚਾਹੀਦੀਆਂ ਹਨ। ਜਿਹੜੀਆਂ ਸਿਲੇਬਸ ਦੀਆਂ ਕਿਤਾਬਾਂ ਹਨ, ਉਹ ਕਿੱਥੇ ਚਾਹੀਦੀਆਂ ਹਨ। ਟਰੈਕਟਰ ਕਿੱਥੇ ਚਾਹੀਦੇ ਹਨ, ਅਸੀਂ ਤੁਹਾਨੂੰ ਦੱਸ ਦੇਵਾਂਗੇ। ਤੁਸੀਂ ਆਪ ਡਾਇਰੈਕਟ ਕਰੋ। ਅਸੀਂ ਤੁਹਾਨੂੰ ਐਪਰੀਸ਼ੀਏਟ ਕਰਾਂਗੇ। ਮੈਨੂੰ ਉਮੀਦ ਹੈ। ਚਲੋ, ਕੋਈ ਗੱਲ ਨਹੀਂ ਹੈ। ਹਿਊਮਨ ਨੇਚਰ ਹੈ, ਗਲਤੀਆਂ ਸਾਰਿਆਂ ਤੋਂ ਹੋ ਜਾਂਦੀਆਂ ਹਨ। ਅੱਜ ਚੰਗਾ ਲੱਗਿਆ ਕਿ ਤੁਸੀਂ ਸਾਰਾ ਦਿਨ ਬੈਠੇ ਹੋ। ਸ਼ਾਮ ਦੇ 6.30 ਵੱਜ ਗਏ ਹਨ। ਸਾਰਾ ਦਿਨ ਤੁਸੀਂ ਡਿਬੇਟ ਵਿੱਚ ਆਪ ਹਿੱਸਾ ਲਿਆ ਅਤੇ ਸਾਰਿਆਂ ਨੂੰ ਸੁਣਿਆ ਵੀ ਹੈ। ਤੁਹਾਡਾ ਆਪੋਜ਼ੀਸ਼ਨ ਦਾ ਰੋਲ ਹੈ, ਅਸੀਂ ਹੈਲਦੀ ਕ੍ਰਿਟੀਸਿਜ਼ਮ ਨੂੰ ਐਕਸੈੱਪਟ ਕਰਾਂਗੇ। ਕੋਈ ਕਮੀ ਹੈ, ਉਹ ਦੱਸ ਦਿਓ। ਇੱਕ-ਦੂਜੇ ਦੀਆਂ ਕਮੀਆਂ ਕੱਢਣ ਦੀ ਬਜਾਏ ਇਸ ਸਮੇਂ ਸਾਨੂੰ ਸਾਰਿਆਂ ਨੂੰ ਹੱਥ ਨਾਲ ਹੱਥ ਮਿਲਾ ਕੇ ਅੱਗੇ ਆਉਣਾ ਚਾਹੀਦਾ ਹੈ। ਆਪਾਂ ਕਿਸੇ ਨਾ ਕਿਸੇ ਤਰੀਕੇ ਪਾਵਰਫੁੱਲ ਰਹੇ ਹਾਂ। ਕੋਈ ਨਾ ਕੋਈ ਅਫਸਰ ਕਿਸੇ ਨਾ ਕਿਸੇ ਨੂੰ ਜ਼ਰੂਰ ਜਾਣਦਾ ਹੈ, ਕਿਸੇ ਨਾ ਕਿਸੇ ਦੇ ਇਨਫਲੂਐਂਸ ਵਿੱਚ ਅਫਸਰ ਹੁੰਦਾ ਹੈ। ਤੁਹਾਡੇ ਕੋਲ ਜਿੰਨੀਆਂ ਪਾਵਰਾਂ ਹਨ, ਉਨ੍ਹਾਂ ਨੂੰ ਪੰਜਾਬ ਲਈ ਇਸਤੇਮਾਲ ਕਰੋ। ਭਾਵੇਂ ਉਹ ਅਫਸਰ ਸੈਂਟਰ ਸਰਕਾਰ ਵਿੱਚ ਡੈਪੂਟੇਸ਼ਨ ਤੇ ਚਲੇ ਗਏ ਹਨ ਜਾਂ ਬਦਲੀਆਂ ਹੋ ਗਈਆਂ ਹਨ, ਉਹ ਸੈਕਟਰੀ ਲੈਵਲ ਤੇ ਪਹੁੰਚ ਗਏ ਹਨ, ਉਨ੍ਹਾਂ ਨਾਲ ਜਿਹੜੇ ਆਪਣੇ ਸਬੰਧ ਹਨ, ਉਨ੍ਹਾਂ ਦਾ ਫਾਇਦਾ ਉਠਾਈਏ। ਪੰਜਾਬ ਵਾਸਤੇ ਕਿਤੋਂ ਵੀ ਕੁਝ ਹੋ ਸਕਦਾ ਹੈ, ਉਹ ਜ਼ਰੂਰ ਕਰੀਏ ਕਿਉਂਕਿ ਬੂੰਦ-ਬੂੰਦ ਨਾਲ ਸਮੁੰਦਰ ਭਰਦਾ ਹੈ। ਕਿਤੋਂ ਵੀ ਕੋਈ ਸਹਾਇਤਾ ਆਉਂਦੀ ਹੈ, ਕੋਈ ਲਿਮੀਟੇਸ਼ਨ ਨਹੀਂ ਹੈ, ਨਾ ਤਾਂ ਮਿਨੀਮਮ ਦੀ ਹੈ ਅਤੇ ਨਾ ਹੀ ਮੈਕਸੀਮਮ ਦੀ ਹੈ। ਜਿਹੜਾ ਜਿੰਨੇ ਕੁ ਜੋਗਾ ਹੈ, ਉਹ ਸਾਨੂੰ ਦੇ ਦੇਵੇ, ਅਸੀਂ ਸਿੱਧਾ ਪਹੁੰਚਾ ਦੇਵਾਂਗੇ। ਜੇਕਰ ਉਹ ਆਪ ਸਿੱਧਾ ਪਹੁੰਚਾਉਣਾ ਚਾਹੁੰਦੇ ਹਨ ਤਾਂ ਉਹ ਆਪ ਸਿੱਧਾ ਪਹੁੰਚਾ ਦੇਣ। ਇਸ ਤਰ੍ਹਾਂ ਦਾ ਕੋਈ ਲਾਲਚ ਨਹੀਂ ਕਿ ਇੱਥੇ ਪੈਸੇ ਪਾਓ ਜਾਂ ਉੱਥੇ ਪੈਸੇ ਪਾਓ। ਇਸ ਕੰਮ ਵਿੱਚ ਤਾਂ ਅਸੀਂ ਇਹੀ ਕਹਿੰਦੇ ਹਾਂ ਕਿ ਇਸ ਕੰਮ ਵਿੱਚ ਜਿੰਨਾ ਕਿਸੇ ਦੀ ਮਦਦ ਲਈ ਕੋਈ ਪਹੁੰਚਾਉਂਦਾ ਹੈ, ਉਹ ਪੰਜਾਬ ਲਈ ਉੰਨਾ ਹੀ ਘੱਟ ਹੈ। ਅਸੀਂ ਉੰਨੀ ਛੇਤੀ ਰੀਹੈਬ ਹੋਵਾਂਗੇ। ਉੰਨੀਆਂ ਕਣਕਾਂ ਬੀਜਣਗੀਆਂ, ਇਸ ਪੰਜਾਬ ਵਿੱਚ ਦੁਬਾਰਾ ਗਿੱਧੇ ਭੰਗੜੇ, ਕੁਸ਼ਤੀਆਂ-ਕਬੱਡੀਆਂ ਫਿਰ ਹੋਣਗੀਆਂ ਕਿਉਂਕਿ ਪੰਜਾਬ ਦੀ ਧਰਤੀ ਨੂੰ ਬਰਕਤ ਹੈ (ਥੰਪਿੰਗ)। ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

ਤੁਸੀਂ ਸਭ ਨੇ ਸਾਥ ਦਿੱਤਾ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਬੋਲਣ ਲਈ ਖੁੱਲ੍ਹਾ ਸਮਾਂ ਦਿੱਤਾ। ਮੈਨੂੰ ਉਮੀਦ ਹੈ ਕਿ ਭਾਰਤ ਹੈ ਵਾਂਗ ਮੁੰਦਰੀ ਵਿੱਚ ਨਗ ਪੰਜਾਬ ਦਾ। ਨਗ ਵਿੱਚ ਥੋੜ੍ਹਾ ਜਿਹਾ ਫਿੱਕਾਪਣ ਆਇਆ ਹੈ ਪਰ ਨਗ ਜਲਦੀ ਚਮਕੇਗਾ ਔਰ ਐਸਾ ਚਮਕੇਗਾ ਕਿ ਮੁੰਦਰੀ ਨਗ ਕਰਕੇ ਪਹਿਚਾਣੀ ਜਾਵੇਗੀ। ਭਾਰਤ ਮੁੰਦਰੀ ਹੈ ਅਤੇ ਨਗ ਪੰਜਾਬ ਹੈ। ਇਸ ਨੂੰ ਚਮਕਾਵਾਂਗੇ ਅਤੇ ਜਦੋਂ ਪੰਜਾਬ ਨੰਬਰ ਵੰਨ ਸੂਬਾ ਬਣੇਗਾ ਤਾਂ ਹੀ ਦੇਸ਼ ਨੰਬਰ ਵੰਨ ਬਣੇਗਾ। ਫਿਰ ਵਿਸ਼ਵ ਗੁਰੂ ਬਾਰੇ ਸੋਚ ਲਵੋ। ਸਪੀਕਰ ਸਾਹਿਬ, ਮੈਂ ਸੈਂਟਰ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਸਬਰ ਦਾ ਵਾਰ ਵਾਰ ਇਮਤਿਹਾਨ ਨਾ ਲਵੋ। ਇਸ ਕਰਕੇ ਪੰਜਾਬ ਦੀ ਜਿੰਨੀ ਮਦਦ ਕੀਤੀ ਜਾ ਸਕਦੀ ਹੈ, ਉੰਨੀ

ਮਦਦ ਕਰ ਲਵੋ। ਅਸੀਂ ਪੰਜਾਬੀ ਹਾਂ, ਪਿਆਰ ਨਾਲ ਭਾਵੇਂ ਜਾਨ ਵੀ ਲੈ ਲਓ ਪਰ ਜੇਕਰ ਸਾਡੀ ਬਾਂਹ ਮਰੋੜੋਗੇ ਤਾਂ ਅਸੀਂ ਰਿਐਕਟ ਕਰਦੇ ਹਾਂ ਅਤੇ ਡਬਲ ਰਿਐਕਟ ਕਰਦੇ ਹਾਂ। ਇਹ ਸਾਡੇ ਸੁਭਾਅ ਵਿੱਚ ਸ਼ਾਮਲ ਹੈ। ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ :** ਹੁਣ, ਸਦਨ, ਸੋਮਵਾਰ, ਮਿਤੀ 29 ਸਤੰਬਰ, 2025 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੁੰਦਾ ਹੈ।

*6.36 ਵਜੇ ਸ਼ਾਮ।) (ਇਸ *ਸਮੇਂ ਸਦਨ, ਸੋਮਵਾਰ, ਮਿਤੀ 29 ਸਤੰਬਰ, 2025 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।)

---

## APPENDIX

## BULLETINS (PUNJABI & ENGLISH)

**16ਵੀਂ ਪੰਜਾਬ ਵਿਧਾਨ ਸਭਾ** **ਪੰਜਾਬ ਵਿਧਾਨ ਸਭਾ**

**ਨੌਵਾਂ ਸਮਾਗਮ, 2025** **ਬੁਲੇਟਿਨ ਨੰ: 06**

**ਸ਼ੁੱਕਰਵਾਰ 26 ਸਤੰਬਰ, 2025**

(11.00 ਵਜੇ ਪੂਰਵ ਦੁਪਹਿਰ ਤੋਂ 06.36 ਵਜੇ ਸ਼ਾਮ ਤੱਕ)

1. **ਅਕਾਲ ਚਲਾਣਿਆਂ ਦਾ ਵਰਣਨ:-**

   1. ਸਰਦਾਰ ਹਰਮੇਲ ਸਿੰਘ ਟੌਹੜਾ,ਸਾਬਕਾ ਮੰਤਰੀ;
   2. ਸ਼੍ਰੀ ਰਘੁਬੀਰ ਸਿੰਘ, ਸਾਬਕਾ ਵਿਧਾਇਕ;
   3. ਸ਼ਹੀਦ ਭਾਨੂੰ ਪ੍ਰਤਾਪ ਸਿੰਘ ਮਨਕੋਟੀਆ, ਲੈਫਟੀਨੈਂਟ ਕਰਨਲ;
   4. ਸ਼ਹੀਦ ਦਲਜੀਤ ਸਿੰਘ, ਏ.ਐਲ.ਡੀ;
   5. ਸ਼ਹੀਦ ਰਿੰਕੂ ਸਿੰਘ, ਲਾਂਸ ਨਾਇਕ;
   6. ਸ਼ਹੀਦ ਪ੍ਰਿਤਪਾਲ ਸਿੰਘ, ਲਾਂਸ ਨਾਇਕ;
   7. ਸ਼ਹੀਦ ਹਰਮਿੰਦਰ ਸਿੰਘ, ਸਿਪਾਹੀ;
   8. ਸ਼੍ਰੀ ਜਸਵਿੰਦਰ ਸਿੰਘ ਭੱਲਾ, ਅਦਾਕਾਰ ਅਤੇ ਕਾਮੇਡੀਅਨ;
   9. ਸ਼੍ਰੀ ਚਰਨਜੀਤ ਅਹੂਜਾ, ਸੰਗੀਤਕਾਰ; ਅਤੇ
   10. ਪੰਜਾਬ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਦੌਰਾਨ ਆਪਣੀ ਜਾਨ ਗਵਾਉਣ ਵਾਲੇ 59 ਨਾਗਰਿਕ।

ਮਾਣਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਸ਼ਖਸੀਅਤਾਂ ਦੇ ਜੀਵਨ ਅਤੇ ਯੋਗਦਾਨ ਬਾਰੇ ਸਦਨ ਵਿੱਚ ਵਰਣਨ ਕੀਤਾ ਗਿਆ ਅਤੇ ਸਦਨ ਵੱਲੋਂ ਇਨ੍ਹਾਂ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।

ਇਸ ਤੋਂ ਇਲਾਵਾ ਮਾਣਯੋਗ ਸਪੀਕਰ ਸਾਹਿਬ ਵੱਲੋਂ ਮੌਜੂਦਾ ਵਿਧਾਇਕ ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਜੀ ਦੇ ਭਰਾਤਾ ਸ਼੍ਰੀ ਰਾਮ ਪ੍ਰਸ਼ਾਦ ਸ਼ਰਮਾ ਜੀ ਦੇ ਮਿਤੀ 28 ਅਗਸਤ 2025 ਨੂੰ ਸਦੀਵੀ ਵਿਛੋੜਾ ਦੇ ਜਾਣ ਤੇ ਉਨ੍ਹਾਂ ਨੂੰ ਵੀ ਅੱਜ ਦੇ ਸ਼ੋਕ ਪ੍ਰਸਤਾਵਾਂ ਵਾਲੀ ਸੂਚੀ ਵਿੱਚ ਸ਼ਾਮਿਲ ਕਰ ਲਿਆ ਗਿਆ।

ਮਾਣਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਸਾਰੀਆਂ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਖੜ੍ਹੇ ਹੋ ਕੇ ਮੌਨ ਧਾਰਨ ਕੀਤਾ।

**2. ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ**

ਵਿੱਤ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: 2 ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 12 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

**3. ਬਹਿਸ**

**3 (1) "ਪੰਜਾਬ ਦਾ ਪੁਨਰਵਾਸ" ਤੇ ਬਹਿਸ**

ਸ੍ਰੀ ਬਰਿੰਦਰ ਕੁਮਾਰ ਗੋਇਲ, ਜਲ ਸਰੋਤ ਮੰਤਰੀ ਨੇ "ਪੰਜਾਬ ਦਾ ਪੁਨਰਵਾਸ" ਤੇ ਹੋਈ ਬਹਿਸ ਵਿਚ ਹਿੱਸਾ ਲਿਆ ਅਤੇ ਉਹ 33 ਮਿੰਟ ਲਈ ਬੋਲੇ।

**3 (2) ਸਰਕਾਰੀ ਮਤਾ**

ਸ੍ਰੀ ਬਰਿੰਦਰ ਕੁਮਾਰ ਗੋਇਲ, ਜਲ ਸੋਰਤ ਮੰਤਰੀ ਵੱਲੋਂ ਹੇਠ ਲਿਖਿਆ ਸਰਕਾਰੀ ਮਤਾ ਪੇਸ਼ ਕੀਤਾ ਗਿਆ:-

ਜਦੋਂ ਕਿ, ਪੰਜਾਬ ਰਾਜ ਭਿਆਨਕ ਹੜ੍ਹਾਂ ਨਾਲ ਤਬਾਹ ਹੋ ਗਿਆ ਹੈ, ਜਿਸਨੂੰ 1988 ਦੇ ਹੜ੍ਹਾਂ ਤੋਂ ਬਾਅਦ ਸੱਭ ਤੋਂ ਭਿਆਨਕ ਅਤੇ ਸੱਭ ਤੋਂ ਵਿਨਾਸ਼ਕਾਰੀ ਹੜ੍ਹ ਮੰਨਿਆ ਜਾਂਦਾ ਹੈ, ਜਿਸ ਨੇ ਇਤਿਹਾਸਕ ਤੌਰ 'ਤੇ 34 ਲੱਖ ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਕੀਤਾ ਸੀ;

ਅਤੇ ਜਿੱਥੇ, ਮੌਜੂਦਾ ਆਫ਼ਤ ਨੇ ਸੁਤੰਤਰ ਭਾਰਤ ਵਿੱਚ ਪਿਛਲੀਆਂ ਵੱਡੀਆ ਹੜ੍ਹਾਂ ਦੀਆਂ ਘਟਨਾਵਾਂ, ਜਿਵੇਂ ਕਿ 1955 ਅਤੇ 1978 ਵਿੱਚ ਹੋਈਆਂ, ਨੂੰ ਵੱਡੇ ਪੈਮਾਨੇ ਅਤੇ ਤਬਾਹੀ ਦੇ ਮਾਮਲੇ ਵਿੱਚ ਪਛਾੜ ਦਿੱਤਾ ਹੈ, ਜਿਸ ਨਾਲ 20 ਲੱਖ ਤੋਂ ਵੱਧ ਲੋਕਾਂ ਦਾ ਕਈ ਤਰ੍ਹਾਂ ਨਾਲ ਨੁਕਸਾਨ ਹੋਇਆ, ਲਗਭਗ 5 ਲੱਖ ਏਕੜ ਵਿੱਚ ਫਸਲਾਂ ਤਬਾਹ ਹੋ ਗਈਆਂ, ਪਸ਼ੂਧਨ ਨੂੰ ਬਹੁਤ ਨੁਕਸਾਨ ਹੋਇਆ, ਅਤੇ ਨਿੱਜੀ ਤੇ ਜਨਤਕ ਬੁਨਿਆਦੀ ਢਾਂਚੇ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਿਆ;

ਅਤੇ ਜਿੱਥੇ, ਪੰਜਾਬ ਦੇ ਮੁੱਖ ਮੰਤਰੀ ਨੇ ਇੱਕ ਵਿਆਪਕ ਮੁਲਾਂਕਣ ਤੋਂ ਬਾਅਦ, ਇਸ ਬੇਮਿਸਾਲ ਸੰਕਟ ਦਾ ਸਾਹਮਣਾ ਕਰਨ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ

ਕੇਂਦਰ ਸਰਕਾਰ ਤੋਂ ਰਸਮੀ ਤੌਰ 'ਤੇ ਘੱਟੋ-ਘੱਟ 20,000 ਕਰੋੜ ਰੁਪਏ ਦੇ ਇੱਕ ਵਿਸ਼ੇਸ਼ ਅਤੇ ਮਹੱਤਵਪੂਰਨ ਵਿੱਤੀ ਰਾਹਤ ਪੈਕੇਜ ਦੀ ਮੰਗ ਕੀਤੀ;

ਅਤੇ ਜਿੱਥੇ, ਰਾਜ ਸਰਕਾਰ ਨੇ ਡੂੰਘੇ ਦੁੱਖ ਨਾਲ, ਇਸ ਸਦਨ ਅਤੇ ਪੰਜਾਬ ਦੇ ਲੋਕਾਂ ਨੂੰ ਸੂਚਿਤ ਕਰਨਾ ਚਾਹਿਆ ਹੈ ਕਿ 1,600 ਕਰੋੜ ਰੁਪਏ ਦੇ ਐਲਾਨੇ ਗਏ ਮਾਮੂਲੀ ਪੈਕੇਜ ਦਾ ਇੱਕ ਹਿੱਸਾ ਤੱਕ ਵੀ ਅਜੇ ਤੱਕ ਰਾਜ ਦੇ ਖਜ਼ਾਨੇ ਵਿੱਚ ਤਬਦੀਲ ਨਹੀਂ ਕੀਤਾ ਗਿਆ ਹੈ, ਜਿਸ ਨਾਲ ਰਾਜ ਨੂੰ, ਇਸਦੇ ਤੁਰੰਤ ਅਤੇ ਵਿਆਪਕ ਯਤਨਾਂ ਦੇ ਬਾਵਜੂਦ, ਮੁੱਖ ਤੌਰ 'ਤੇ ਆਪਣੇ ਹੀ ਸੀਮਤ ਸਰੋਤਾਂ ਨਾਲ ਇਸ ਆਫ਼ਤ ਨਾਲ ਲੜਨ ਲਈ ਛੱਡ ਦਿੱਤਾ ਗਿਆ ਹੈ;

ਅਤੇ ਜਿੱਥੇ, ਪ੍ਰਧਾਨ ਮੰਤਰੀ ਦਫ਼ਤਰ ਨੇ ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀ ਵੱਲੋਂ ਮੀਟਿੰਗ ਲਈ ਵਾਰ-ਵਾਰ ਕੀਤੀ ਗਈ ਬੇਨਤੀ ਦਾ ਜਵਾਬ ਨਹੀਂ ਦਿੱਤਾ, ਅਤੇ ਚੁਣਿੰਦੇ ਵਿਅਕਤੀਆਂ ਤੱਕ ਗੱਲਬਾਤ ਸੀਮਤ ਕਰਕੇ, ਪੰਜਾਬ ਨੂੰ ਆਪਣੇ ਮੁੱਖ ਮੰਤਰੀ ਰਾਹੀਂ ਸਹੀ ਅਤੇ ਵਿਆਪਕ ਪ੍ਰਤੀਨਿਧਤਾ ਕਰਨ ਤੋਂ ਰੋਕਿਆ;

ਹੁਣ, ਇਸ ਲਈ, ਇਹ ਸਦਨ ਮਤਾ ਪਕਾਉਂਦਾ ਹੈ ਕਿ

1. ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਦਹਾਕਿਆ ਵਿੱਚ ਪੰਜਾਬ ਨੂੰ ਦਰਪੇਸ਼ ਸਭ ਤੋਂ ਭਿਆਨਕ ਹੜ੍ਹਾਂ ਦੇ ਪੈਮਾਨੇ ਦੇ ਅਨੁਸਾਰ ਇੱਕ ਵਿਸ਼ੇਸ਼ ਵਿੱਤੀ ਪੈਕੇਜ ਨੂੰ ਮਨਜ਼ੂਰੀ ਦੇਣ ਵਿੱਚ ਪ੍ਰਤੀਕਿਰਿਆ ਦੀ ਘਾਟ ਅਤੇ ਅਸਫਲਤਾ ਦੀ ਸਪਸ਼ਟ ਤੌਰ 'ਤੇ ਨਿੰਦਾ ਕਰਦਾ ਹੈ।

2. ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀ ਵੱਲੋਂ ਮੀਟਿੰਗ ਲਈ ਵਾਰ-ਵਾਰ ਕੀਤੀ ਗਈ ਬੇਨਤੀ ਦਾ ਜਵਾਬ ਨਾ ਦੇਣ, ਜਿਸ ਨਾਲ ਰਾਜ ਦੇ ਲੋਕਾਂ ਦਾ ਅਪਮਾਨ ਹੋਇਆ ਹੈ, ਅਤੇ ਰਾਜ ਨੂੰ ਆਫ਼ਤ ਦੇ ਪੂਰੇ ਪੈਮਾਨੇ ਦੀ ਸਹੀ ਅਤੇ ਵਿਆਪਕ ਪ੍ਰਤੀਨਿਧਤਾ ਕਰਨ ਤੋਂ ਰੋਕਿਆ ਗਿਆ, ਲਈ ਪ੍ਰਧਾਨ ਮੰਤਰੀ ਦਫ਼ਤਰ ਦੀ ਸਖ਼ਤ ਨਿੰਦਾ ਦਰਜ ਕਰਦਾ ਹੈ।

3. 1,600 ਕਰੋੜ ਰੁਪਏ ਦੇ ਟੋਕਨ ਰਾਹਤ ਪੈਕੇਜ ਦੇ ਐਲਾਨ 'ਤੇ ਆਪਣੀ ਡੂੰਘੀ ਨਿਰਾਸ਼ਾ ਪ੍ਰਗਟ ਕਰਦਾ ਹੈ, ਜੋ ਕਿ ਪੂਰੀ ਰਿਕਵਰੀ ਲਈ 20,000 ਕਰੋੜ ਰੁਪਏ ਤੋਂ ਵੱਧ ਦੀ ਰਾਜ ਦੀ ਅਸਲ ਮੰਗ ਦਾ ਇੱਕ ਬੇਰਹਿਮ ਮਜ਼ਾਕ ਹੈ।

੪. ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਉਦਾਸੀਨਤਾ ਵਿਰੁੱਧ ਆਪਣਾ ਸਖ਼ਤ ਵਿਰੋਧ ਦਰਜ ਕਰਦਾ ਹੈ ਜਿਸ ਦੇ ਨਤੀਜੇ ਵਜੋਂ ਐਲਾਨੇ ਗਏ ਟੋਕਨ ਫੰਡਾਂ ਵੀ ਪ੍ਰਾਪਤ ਨਹੀਂ ਹੋਏ, ਜਿਸ ਨਾਲ ਰਾਜ ਸਰਕਾਰ ਦੇ ਚੱਲ ਰਹੇ ਰਾਹਤ ਅਤੇ ਪੁਨਰਵਾਸ ਕਾਰਜਾਂ ਦੀ ਗਤੀ ਗੰਭੀਰ ਤੌਰ 'ਤੇ ਪ੍ਰਭਾਵਤ ਹੋਈ ਹੈ।

5. ਕੇਂਦਰ ਸਰਕਾਰ ਨੂੰ ਇਸ ਆਫ਼ਤ ਦੀ ਗੰਭੀਰਤਾ ਨੂੰ ਸਵੀਕਾਰ ਕਰਨ, ਮੁਲਾਂਕਣ ਕੀਤੇ ਗਏ ਨੁਕਸਾਨਾਂ 'ਤੇ ਮੁੜ ਵਿਚਾਰ ਕਰਨ, ਅਤੇ ਕਿਸਾਨਾਂ ਦੀ ਸਹਾਇਤਾ, ਤਬਾਹ ਹੋਏ ਬੁਨਿਆਦੀ ਢਾਂਚੇ ਦੇ ਮੁੜ ਨਿਰਮਾਣ ਅਤੇ ਪੰਜਾਬ ਦੇ ਲੋਕਾਂ ਦੀ ਰੋਜ਼ੀ-ਰੋਟੀ ਨੂੰ ਬਹਾਲ ਕਰਨ ਲਈ ਘੱਟੋ-ਘੱਟ 20,000 ਕਰੋੜ ਰੁਪਏ ਦੇ ਇੱਕ ਵਿਆਪਕ ਅਤੇ ਮਹੱਤਵਪੂਰਨ ਤੌਰ 'ਤੇ ਵਧੇ ਹੋਏ ਵਿਸ਼ੇਸ਼ ਵਿੱਤੀ ਪੈਕੇਜ ਨੂੰ ਤੁਰੰਤ ਮਨਜ਼ੂਰੀ ਦੇਣ ਦੀ ਮੰਗ ਕਰਦਾ ਹੈ, ਅਤੇ ਪੰਜਾਬ ਰਾਜ ਨੂੰ ਐਲਾਨੀ ਗਈ 1,600 ਕਰੋੜ ਰੁਪਏ ਦੀ ਪੂਰੀ ਵਿੱਤੀ ਸਹਾਇਤਾ ਤੁਰੰਤ ਅਤੇ ਪੂਰੀ ਤਰ੍ਹਾਂ ਰਾਜ ਦੇ ਖਜਾਨੇ ਵਿੱਚ ਭੇਜਣ ਦੀ ਮੰਗ ਕਰਦਾ ਹੈ।

ਇਹ ਵੀ ਫੈਸਲਾ ਕਰਦਾ ਹੈ ਕਿ ਇਸ ਮਤੇ ਦੀ ਇੱਕ ਕਾਪੀ, ਪੰਜਾਬ ਵਿਧਾਨ ਸਭਾ ਦੁਆਰਾ ਅਪਣਾਏ ਜਾਣ ਤੋਂ ਬਾਅਦ, ਅਧਿਕਾਰਤ ਤੌਰ 'ਤੇ ਮਾਣਯੋਗ ਪ੍ਰਧਾਨ ਮੰਤਰੀ, ਮਾਣਯੋਗ ਕੇਂਦਰੀ ਗ੍ਰਹਿ ਮੰਤਰੀ ਅਤੇ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਨੂੰ ਉਨ੍ਹਾਂ ਦੀ ਤੁਰੰਤ ਅਤੇ ਫੈਸਲਾਕੁੰਨ ਕਾਰਵਾਈ ਲਈ ਭੇਜੀ ਜਾਵੇਗੀ।"

ਇਸ ਉਪਰੰਤ ਨਿਮਨਲਿਖਤ ਮੈਂਬਰ ਸਾਹਿਬਾਨ ਅਤੇ ਮੰਤਰੀ ਸਾਹਿਬਾਨ ਨੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ | 21 ਮਿੰਟ |
| 2. | ਸ਼੍ਰੀ ਬਰਿੰਦਰ ਕੁਮਾਰ ਗੋਇਲ, ਜਲ ਸਰੋਤ ਮੰਤਰੀ | 06 ਮਿੰਟ |
| 3. | ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਆਮ ਆਦਮੀ ਪਾਰਟੀ | 17 ਮਿੰਟ |
| 4. | ਸ਼੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ), ਆਮ ਆਦਮੀ ਪਾਰਟੀ | 06 ਮਿੰਟ |
| 5. | ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਆਮ ਆਦਮੀ ਪਾਰਟੀ | 08 ਮਿੰਟ |
| 6. | ਸਰਦਾਰ ਹਰਜੋਤ ਸਿੰਘ ਬੈਂਸ, ਉਚੇਰੀ ਸਿੱਖਿਆ ਮੰਤਰੀ | 17 ਮਿੰਟ |
| 7. | ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ | 28 ਮਿੰਟ |
| 8. | ਸ਼੍ਰੀਮਤੀ ਅਰੁਨਾ ਚੌਧਰੀ, ਇੰਡੀਅਨ ਨੈਸ਼ਨਲ ਕਾਂਗਰਸ | 06 ਮਿੰਟ |
| 9. | ਸਰਦਾਰ ਬਰਿੰਦਰਮੀਤ ਸਿੰਘ ਪਾਹੜਾ, ਇੰਡੀਅਨ ਨੈਸ਼ਨਲ ਕਾਂਗਰਸ | 09 ਮਿੰਟ |

| | |
|---|---|
| 10. ਸਰਦਾਰ ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ | 06 ਮਿੰਟ |
| 11. ਡਾ. ਅਮਨਦੀਪ ਕੌਰ ਅਰੋੜਾ, ਆਮ ਆਦਮੀ ਪਾਰਟੀ | 05 ਮਿੰਟ |
| 12. ਸ਼੍ਰੀ ਨਰਿੰਦਰਪਾਲ ਸਿੰਘ ਸਵਨਾ, ਆਮ ਆਦਮੀ ਪਾਰਟੀ | 07 ਮਿੰਟ |
| 13. ਸ਼੍ਰੀ ਜਗਦੀਪ ਕੰਬੋਜ ਗੋਲਡੀ, ਆਮ ਆਦਮੀ ਪਾਰਟੀ | 06 ਮਿੰਟ |
| 14. ਸਰਦਾਰ ਰੁਪਿੰਦਰ ਸਿੰਘ, ਆਮ ਆਦਮੀ ਪਾਰਟੀ | 04 ਮਿੰਟ |
| 15. ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ, ਆਮ ਆਦਮੀ ਪਾਰਟੀ | 06 ਮਿੰਟ |
| 16. ਸਰਦਾਰ ਮਨਪ੍ਰੀਤ ਸਿੰਘ ਇਆਲੀ, ਸ਼੍ਰੋਮਣੀ ਅਕਾਲੀ ਦਲ | 07 ਮਿੰਟ |
| 17. ਡਾ. ਚਰਨਜੀਤ ਸਿੰਘ, ਆਮ ਆਦਮੀ ਪਾਰਟੀ | 06 ਮਿੰਟ |
| 18. ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ | 05 ਮਿੰਟ |
| 19. ਸਰਦਾਰ ਲਾਲਜੀਤ ਸਿੰਘ ਭੁੱਲਰ, ਟਰਾਂਸਪੋਰਟ ਮੰਤਰੀ | 13 ਮਿੰਟ |
| 20. ਰਾਣਾ ਇੰਦਰ ਪ੍ਰਤਾਪ ਸਿੰਘ, ਅਜ਼ਾਦ ਮੈਂਬਰ | 09 ਮਿੰਟ |
| 21. ਸਰਦਾਰ ਕੁਲਵੰਤ ਸਿੰਘ ਪੰਡੋਰੀ, ਆਮ ਆਦਮੀ ਪਾਰਟੀ | 04 ਮਿੰਟ |

ਬਹਿਸ ਵਿਚ ਭਾਗ ਲੈਂਦੇ ਹੋਏ ਮਾਣਯੋਗ ਮੁੱਖ ਮੰਤਰੀ 01 ਘੰਟਾ 08 ਮਿੰਟ ਲਈ ਬੋਲੇ। ਜਿਸ ਉਪਰੰਤ, ਇਹ ਬਹਿਸ ਦਿਨ ਸੋਮਵਾਰ ਮਿਤੀ 29.09.2025 ਤੱਕ ਸਥੱਗਿਤ ਹੋ ਗਈ।

**4. <u>ਟ੍ਰੈਜ਼ਰੀ ਬੈਂਚਿਜ਼ ਦੇ ਮੈਂਬਰਜ਼ ਅਤੇ ਮੰਤਰੀਆਂ ਦੁਆਰਾ ਸਦਨ ਦੇ ਵੈੱਲ ਵਿੱਚ ਆ ਕੇ ਕੇਂਦਰ ਸਰਕਾਰ ਦੁਆਰਾ ਪੰਜਾਬ ਦੇ ਹੜ੍ਹ ਪੀੜ੍ਹਤਾਂ ਲਈ ਨਿਗੁਣੀ ਰਾਸ਼ੀ ਸਹਾਇਤਾ ਵਜੋਂ ਐਲਾਨੇ ਜਾਣ ਦੇ ਰੋਸ ਵਿੱਚ, ਨਾਹਰੇ ਲਗਾਉਣ ਉਪਰੰਤ ਹਾਊਸ ਦਾ ਸਥੱਗਿਤ ਹੋਣਾ।</u>**

ਮਾਣਯੋਗ ਮੁੱਖ ਮੰਤਰੀ ਨੂੰ ਛੱਡ ਕੇ, ਟਰੇਜ਼ਰੀ ਬੈਂਚਿਜ਼ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਮੰਤਰੀ ਕੇਂਦਰ ਸਰਕਾਰ ਵਿਰੋਧੀ ਸਲੋਗਨ ਲਿਖੀਆਂ ਤਖਤੀਆਂ ਆਪਣੇ ਹੱਥਾਂ ਵਿੱਚ ਫੜ ਕੇ, ਕੇਂਦਰ ਸਰਕਾਰ ਵਿਰੋਧੀ ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ਚੇਅਰ ਦੀ ਆਗਿਆ ਅਨੁਸਾਰ ਨਾਅਰੇ ਰਿਕਾਰਡ ਨਹੀਂ ਕੀਤੇ ਗਏ। ਮਾਣਯੋਗ ਸਪੀਕਰ ਸਾਹਿਬ ਵੱਲੋਂ ਵਾਰ-ਵਾਰ ਉਨ੍ਹਾਂ ਨੂੰ ਆਪਣੀਆਂ–ਆਪਣੀਆਂ ਸੀਟਾਂ ਤੇ ਜਾਣ ਲਈ ਕਿਹਾ ਗਿਆ। ਪਰ ਸ਼ੋਰ ਸ਼ਰਾਬਾ ਹੋਣ ਕਾਰਨ ਸਦਨ ਦੀ ਕਾਰਵਾਈ ਨੂੰ 20 ਮਿੰਟਾਂ ਲਈ ਮੁਲਤਵੀ ਕੀਤਾ ਗਿਆ।

**5. <u>ਮਾਣਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ</u>**

ਮਾਣਯੋਗ ਸਪੀਕਰ ਵੱਲੋਂ ਲੋਕਤੰਤਰ ਦੀ ਸਭ ਤੋਂ ਮੁੱਢਲੀ ਇਕਾਈ ਹਲਕਾ ਕੋਟਕਪੂਰਾ ਦੀਆਂ ਪੰਚਾਇਤਾਂ ਦੇ ਸਰਪੰਚ ਅਤੇ ਕੁਝ ਸਕੂਲੀ ਬੱਚਿਆਂ ਦੇ ਸਦਨ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ 'ਜੀ ਆਇਆਂ' ਆਖਿਆ ਗਿਆ

**6. <u>ਸਦਨ ਦਾ ਸਮਾਂ ਵਧਾਉਣਾ</u>**

ਮਾਣਯੋਗ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਨਾਲ ਸਦਨ ਦੀ ਬੈਠਕ **ਦੀ** ਅੱਜ **ਦੀ** ਕਾਰਜਸੂਚੀ ਵਿੱਚ ਦਰਜ ਕੰਮ-ਕਾਰ ਦੇ ਖਤਮ ਹੋਣ ਤੱਕ ਵਧਾਇਆ ਗਿਆ।

**7. ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ**

ਮਾਣਯੋਗ ਸਪੀਕਰ ਵੱਲੋਂ ਸਦਨ ਦੀ ਬੈਠਕ 11.09 ਵਜੇ ਪੂਰਵ ਦੁਪਹਿਰ ਤੋਂ 12.00 ਵਜੇ ਦੁਪਹਿਰ ਤੱਕ, 02.07 ਵਜੇ ਬਾਅਦ ਦੁਪਹਿਰ ਤੋਂ 03.00 ਵਜੇ ਬਾਅਦ ਦੁਪਹਿਰ ਤੱਕ ਅਤੇ 03.32 ਬਾਅਦ ਦੁਪਹਿਰ ਤੋਂ 03.52 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤੀ ਗਈ

ਇਸ ਉਪਰੰਤ ਸਦਨ ਸੋਮਵਾਰ, ਮਿਤੀ 29 ਸਤੰਬਰ, 2025 ਦੇ 11.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।

ਚੰਡੀਗੜ੍ਹ ਰਾਮ ਲੋਕ ਖਟਾਣਾ,
26 ਸਤੰਬਰ, 2025 ਸਕੱਤਰ

**16th PUNJAB VIDHAN SABHA**
**9th SESSION, 2025**

**PUNJAB VIDHAN SABHA**
**BULLETIN No. 6**

**Friday, the 26th September, 2025**

**(From 11.00 A.M to 06.36 P.M.)**

1. **Obituary References:**

    1. Sardar Harmail Singh Tohra, Ex-Minister;
    2. Shri Raghubir Singh, Ex-MLA;
    3. Martyr Bhanu Pratap Singh Mankotia, Lt. Colonel;
    4. Martyr Daljit Singh, A.L.D.;
    5. Martyr Rinku Singh, Lance Naik;
    6. Martyr Pritpal Singh, Lance Naik;
    7. Martyr Harminder Singh, Sepoy;
    8. Shri Jaswinder Singh Bhalla, Actor and Comedian;
    9. Shri Charanjit Ahuja, Music Composer; and
    10. 59 civilians who lost their lives during recent floods in Punjab.

The Hon'ble Speaker mentioned about life and contribution of the aforesaid personalities in the House and the House paid tributes to these personalities.

Apart from this, the Hon'ble Speaker also included Shri Ram Prasad Sharma brother of Shri Ashwani Kumar Sharma, sitting M.L.A. who passed away on 28th August, 2025 in today's list of obituary references.

The Hon'ble Speaker informed the House that condolence messages would be sent to the bereaved families.

The House stood in silence for two minutes as a mark of respect in memory of the departed souls.

2. **Papers to be laid on the Table**

The Finance Minister laid papers on the table of the House as mentioned at Sr.No. 1 to 12 shown under item no. 2 in today's list of business.

3. **Discussion**

**3 (1) Discussion on ''Rehabilitation of Punjab''**

Shri Barinder Kumar Goyal, Water Resources Minister took part in the discussion on ''Rehabilitation of Punjab'' and spoke for 33 minutes.

**3.(2) <u>Official Resolution</u>**

Shri Barinder Kumar Goyal, Water Resources Minister moved the following official resolution: -

''WHEREAS, the State of Punjab has been ravaged by catastrophic floods, widely regarded as the worst and most destructive deluge since the 1988 floods which historically impacted over 34 lakh people;

AND WHEREAS, the current disaster has surpassed previous major flood events in independent India, such as those in 1955 and 1978, in terms of sheer scale and devastation, causing loss to over 20 lakh people in many ways, destroying crops on nearly 5 lakh acres, numerous loss to livestock, and irreparable damage to both private and public infrastructure;

AND WHEREAS, the Chief Minister of Punjab, after a comprehensive assessment, formally demanded a special and substantial financial relief package of at least Rs 20,000 Crore from the Union Government, led by the Bharatiya Janata Party (BJP), to meet this unprecedented crisis;

AND WHEREAS, the State Government, with deep regret, must inform this House and the people of Punjab that even a part of the meagre announced package of Rs 1,600 Crore has not yet been transferred to the State Treasury;

AND WHEREAS, the Prime Minister's Office has not responded to the elected Chief Minister of Punjab's repeated request for a meeting, and by limiting interaction to selected individuals, has prevented Punjab from making a proper and comprehensive representation through its Chief Minister;

NOW, THEREFORE, BE IT RESOLVED that this House—the Punjab Vidhan Sabha:

1. Categorically Condemns the lack of response and the failure of the BJP-led Union Government to sanction a special financial package commensurate with the scale of the worst floods faced by Punjab in decades.
2. Records its strongest condemnation of the Prime Minister's Office for not responding to the elected Chief Minister of Punjab's repeated request for a meeting, thereby insulting the people of the state, and preventing the state from making a proper and comprehensive representation of the full scale of the disaster.

3. Expresses its profound dismay at the announcement of a token relief package of Rs 1,600 Crore, which is a cruel mockery of the State's genuine demand of over Rs 20,000 Crore for a full recovery.
4. Records its strong protest against the BJP led Union Government's apathy that has resulted in the non-disbursement of the announced token funds, thereby critically crippling the speed of the State Government's ongoing relief and rehabilitation operations.
5. Urgently calls upon the Union Government to acknowledge the gravity of this disaster, revisit the assessed damages, and sanction a comprehensive and substantially enhanced special financial package of not less than Rs 20,000 Crore to support the farmers, rebuild the ruined infrastructure, and restore the livelihoods of the people of Punjab, and demands the immediate and full transfer of the entire announced financial assistance of Rs 1,600 Crore to the State of Punjab.

BE IT FURTHER RESOLVED that a copy of this Resolution, after its adoption by the Punjab Vidhan Sabha, shall be officially transmitted to the Hon'ble Prime Minister, the Hon'ble Union Home Minister, and the Ministry of Finance, Government of India, for their immediate and decisive action.''

Thereafter, the following Members and Ministers took part in the discussion and spoke for the time as mentioned against their names: -

| | | |
|---|---|---|
| 1. | Sardar Partap Singh Bajwa, Leader of Opposition | 21 minutes |
| 2. | Shri Barinder Kumar Goyal, Water Resources Minister | 06 minutes |
| 3. | Sardar Kuldeep Singh Dhaliwal, Aam Aadmi Party | 17 minutes |
| 4. | Shri Amansher Singh(Shery Kalsi), Aam Aadmi Party | 06 minutes |
| 5. | Smt. Inderjit Kaur Mann, Aam Aadmi Party | 08 minutes |
| 6. | Sardar Harjot Singh Bains, Higher Education Minister | 17 minutes |
| 7. | Sardar Harpal Singh Cheema, Finance Minister | 28 minutes |
| 8. | Smt. Aruna Chaudhary, Indian National Congress | 06 minutes |
| 9. | Sardar Barindermeet Singh Pahra, Indian National Congress | 09 minutes |

| | | |
|---|---|---|
| 10. | Sardar Pargat Singh Powar, Indian National Congress | 06 minutes |
| 11. | Dr. Amandeep Kaur Arora, Aam Aadmi Party | 05 minutes |
| 12. | Shri Narinder Pal Singh Sawna, Aam Aadmi Party | 07 minutes |
| 13. | Shri Jagdeep Kamboj Goldy, Aam Aadmi Party | 06 minutes |
| 14. | Sardar Rupinder Singh, Aam Aadmi Party | 04 minutes |
| 15. | Sardar Devinderjeet Singh Laddi Dhos, Aam Aadmi Party | 06 minutes |
| 16. | Sardar Manpreet Singh Ayali, Shiromani Akali Dal | 07 minutes |
| 17. | Dr. Charanjit Singh, Aam Aadmi Party | 06 minutes |
| 18. | Dr. Nachhatar Pal, Bahujan Samaj Party | 05 minutes |
| 19. | Sardar Laljit Singh Bhullar, Transport Minister | 13 minutes |
| 20. | Rana Inder Partap Singh, Independent Member | 09 minutes |
| 21. | Sardar Kulwant Singh Pandori, Aam Aadmi Party | 04 minutes |

While taking part in the discussion, the Hon'ble Chief Minister spoke for 01 hour 08 minutes. Thereafter, this discussion was adjourned till Monday dated 29.09.2025.

**4. Adjournment of the House after the Members of the Treasury Benches and Ministers stormed in the well of the House and raised slogans in protest against the meagre financial assistance announced by the Central Government for the flood victims of Punjab.**

The Members and Ministers present in the House from the Treasury Benches, except the Hon'ble Chief Minister stormed in the well of the House carrying placards in their hands with anti-Centre Government slogans and raised slogans against the Centre Government. The slogans were not recorded as per the order of the Chair. The Hon'ble Speaker repeatedly asked them to return to their respective seats. However, due to pandemonium, the proceedings of the House were adjourned for 20 minutes.

**5. Welcome Announcement by the Hon'ble Speaker**

The Hon'ble Speaker informed the House about the presence of Sarpanches of the Panchayats from the Constituency Kotkapura which is the most basic unit of democracy alongwith some school children and welcomed them on behalf of the entire House.

**6. Extension of Time of the House**

The Hon'ble Speaker, with the consent of the House, extended the time of sitting of the House till the completion of the business mentioned in today's list of business.

**7. Adjournment of the House for short period**

The Hon'ble Speaker adjourned the sitting of the House from 11.09 A.M to 12:00 P.M, 02:07 P.M to 03:00 P.M and from 03:32 P.M to 03:52 P.M.

The House, then adjourned till 11:00 A.M on Monday, the 29th September,2025.

**CHANDIGARH:** **RAM LOK KHATANA**
**THE 26th September, 2025** **SECRETARY**

© 2025

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਕਰਵਾਈ ਗਈ।